Thinking Real Estate?
BUYERS we'll find the right home for you. We have a common goal: Making you a homeowner.
SELLERS we know your local markets
Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd., Schaumburg, IL 60193
COLDWELL BANKER
Residential Brokerage

BIG BAZAAR
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
*Chat House is OPEN 7 Days *New meat shop is open now, next to big bazaar
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

Buying/Selling *in Michigan*
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150, Plymouth, MI 48170
Call: 734-751-4455 Raj Shergill
rajsshergill@yahoo.com *Associate Broker*

Twentieth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 47, November 23, 2019 20451 N. Plum Grove Rd., Palatine, IL 60074 Ph:847-359-0746, Fax:847-705-9388

# ਕਰਤਾਰਪੁਰ ਲਾਂਘਾ: ਭਾਰਤੀ ਸਖਤੀ ਅੱਗੇ ਬੇਵੱਸ ਹੋਏ ਸ਼ਰਧਾਲੂ

## ਗੁੰਝਲਦਾਰ ਰਜਿਸਟਰੇਸ਼ਨ ਪ੍ਰਕ੍ਰਿਆ ਨਾਲ ਪ੍ਰੇਸ਼ਾਨੀਆਂ ਵਧੀਆਂ



**ਡੇਰਾ ਬਾਬਾ ਨਾਨਕ:** ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਣ ਦੇ ਬਾਵਜੂਦ ਪਾਕਿਸਤਾਨ ਸਥਿਤ ਬਾਬੇ ਨਾਨਕ ਦੀ ਕਰਮਭੂਮੀ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਕਰਨ ਵਿਚ ਡਾਹੇ ਜਾ ਰਹੇ ਅੜਿੱਕਿਆਂ ਤੋਂ ਸਿੱਖ ਸ਼ਰਧਾਲੂ ਡਾਢੇ ਨਿਰਾਸ਼ ਹਨ। ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਭਾਰਤ ਦੇ ਕੋਨੇ-ਕੋਨੇ ਤੋਂ ਹਜ਼ਾਰਾਂ ਸ਼ਰਧਾਲੂ ਡੇਰਾ ਬਾਬਾ ਨਾਨਕ ਪੁੱਜ ਰਹੇ ਹਨ ਪਰ ਭਾਰਤ ਸਰਕਾਰ ਦੀ ਬਦਨੀਤੀ ਅਤੇ ਗੁੰਝਲਦਾਰ ਪ੍ਰਕਿਰਿਆ ਉਨ੍ਹਾਂ ਦਾ ਰਾਹ ਰੋਕ ਲੈਂਦੀ ਹੈ।

ਵੱਡੀ ਗਿਣਤੀ ਸ਼ਰਧਾਲੂ ਇਥੇ ਦੂਰਬੀਨ ਨਾਲ ਹੀ ਦਰਸ਼ਨ ਕਰਕੇ ਵਾਪਸ ਮੁੜ ਜਾਂਦੇ ਹਨ। ਇਹੀ ਕਾਰਨ ਹੈ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਆਸ ਮੁਤਾਬਕ ਨਜ਼ਰ ਨਹੀਂ ਆ ਰਹੀ। ਡੇਰਾ ਬਾਬਾ ਨਾਨਕ ਵਾਲੇ ਪਾਸਿਉਂ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਖੁੱਲ੍ਹੇ ਲਾਂਘੇ ਦੇ ਮੁਕਾਬਲੇ ਪਾਕਿਸਤਾਨ ਵਾਲੇ ਪਾਸੇ ਤੋਂ ਵੀਜ਼ਾ ਲਗਾ ਕੇ ਆਏ ਵਿਦੇਸ਼ੀ ਸਿੱਖਾਂ ਦੀ ਗਿਣਤੀ ਵਧ ਰਹੀ ਹੈ। ਡੇਰਾ ਬਾਬਾ ਨਾਨਕ ਵਾਲੇ ਪਾਸਿਉਂ ਰੋਜ਼ਾਨਾ 400 ਦੇ ਕਰੀਬ ਸ਼ਰਧਾਲੂ ਦਰਸ਼ਨਾਂ ਲਈ ਜਾ ਰਹੇ ਹਨ, ਜਦ ਕਿ ਪਾਕਿਸਤਾਨ ਵਾਲੇ ਪਾਸੇ ਤੋਂ ਵੀਜ਼ਾ ਲਗਾ ਕੇ ਹਰ ਰੋਜ਼ ਹਜ਼ਾਰਾਂ ਦੀ ਗਿਣਤੀ 'ਚ ਵਿਦੇਸ਼ਾਂ ਤੋਂ ਸਿੱਖ ਦਰਸ਼ਨਾਂ ਲਈ ਪਹੁੰਚ ਰਹੇ ਹਨ।

ਕਰਤਾਰਪੁਰ ਲਾਂਘੇ ਦੇ 9 ਨਵੰਬਰ ਨੂੰ ਰਸਮੀ ਉਦਘਾਟਨ ਤੋਂ ਬਾਅਦ ਹੁਣ ਤੱਕ ਗੁਰਦੁਆਰਾ ਸਾਹਿਬ ਨਤਮਸਤਕ ਹੋਣ ਜਾਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਸਿਰਫ 4.7 ਫੀਸਦੀ ਹੀ ਰਹੀ ਹੈ। ਦੋਵਾਂ ਦੇਸ਼ਾਂ ਵਿਚ ਰੋਜ਼ਾਨਾ 5 ਹਜ਼ਾਰ ਸ਼ਰਧਾਲੂ ਭੇਜਣ ਲਈ ਸਮਝੌਤਾ ਹੋਇਆ ਸੀ ਪਰ 9 ਨਵੰਬਰ ਨੂੰ 562 ਦੇ ਕਰੀਬ ਵਿਸ਼ੇਸ਼ ਸ਼ਰਧਾਲੂਆਂ ਦੇ ਜਥੇ ਨੂੰ ਛੱਡ ਕੇ, ਦੂਸਰੇ ਦਿਨ 239, ਤੀਸਰੇ ਤੇ ਗੁਰਪੁਰਬ ਵਾਲੇ ਦਿਨ 532, ਚੌਥੇ ਦਿਨ 272 ਤੇ ਪੰਜਵੇਂ ਦਿਨ 241 ਸ਼ਰਧਾਲੂ ਹੀ ਪਾਕਿਸਤਾਨ ਦਰਸ਼ਨਾਂ ਲਈ ਗਏ ਹਨ। ਜੇ ਪਾਕਿਸਤਾਨ ਰਵਾਨਾ ਹੋਏ ਸ਼ਰਧਾਲੂਆਂ ਦੀ ਗਿਣਤੀ ਵੱਲ ਨਜ਼ਰ ਮਾਰੀਏ ਤਾਂ ਇਹ ਸਿਰਫ 4.7 ਫੀਸਦੀ ਹੀ ਬਣਦੀ ਹੈ। ਇਸ ਦਾ ਮੁੱਖ ਕਾਰਨ ਭਾਰਤ ਵਾਲੇ ਪਾਸੇ ਵਰਤੀ ਜਾ ਰਹੀ ਸਖਤੀ ਹੈ।

ਵੱਡੀ ਗਿਣਤੀ ਸ਼ਰਧਾਲੂ ਨਿਰਾਸ਼ ਹਨ ਤੇ ਭਾਰਤ ਸਰਕਾਰ ਨੂੰ ਕੋਸ ਰਹੇ ਹਨ। ਸ਼ਰਧਾਲੂਆਂ ਦੀ ਖੱਜਲ ਖੁਆਰੀ ਦਾ ਵੱਡਾ ਕਾਰਨ ਜਾਗਰੂਕਤਾ ਦੀ ਘਾਟ ਹੈ। ਪੇਂਡੂ ਇਲਾਕਿਆਂ ਤੋਂ ਆਈ ਵੱਡੀ ਗਿਣਤੀ ਸੰਗਤ ਬਿਨਾ ਆਨਲਾਈਨ ਰਜਿਸਟਰੇਸ਼ਨ ਤੋਂ ਹੀ ਪਾਕਿਸਤਾਨ ਜਾਣ ਲਈ ਇਥੇ ਪੁੱਜ ਰਹੀ ਹੈ। ਜ਼ਿਆਦਾਤਰ ਸ਼ਰਧਾਲੂਆਂ ਕੋਲ ਪਾਸਪੋਰਟ ਹੀ ਨਹੀਂ ਹਨ। ਯਾਦ ਰਹੇ ਕਿ ਪਾਕਿਸਤਾਨ ਅਤੇ ਭਾਰਤ ਵਿਚ ਹੋਏ ਸਮਝੌਤੇ ਮੁਤਾਬਕ ਭਾਰਤੀ ਸ਼ਰਧਾਲੂਆਂ ਕੋਲ ਪਾਸਪੋਰਟ ਹੋਣਾ ਜ਼ਰੂਰੀ ਹੈ ਹਾਲਾਂਕਿ ਇਸ ਉਤੇ ਵੀਜ਼ਾ ਲਵਾਉਣ ਦੀ ਲੋੜ ਨਹੀਂ। ਪਾਕਿਸਤਾਨ ਨੇ ਭਾਵੇਂ ਖੁੱਲ੍ਹਦਿਲੀ ਦਿਖਾਉਂਦੇ ਹੋਏ ਬਾਅਦ ਵਿਚ ਇਹ ਐਲਾਨ ਕਰ ਦਿੱਤਾ ਸੀ ਕਿ ਕੋਈ ਵੀ ਪਛਾਣ ਪੱਤਰ ਨਾਲ ਸ਼ਰਧਾਲੂ ਦਰਸ਼ਨ ਕਰ ਸਕਦੇ ਹਨ ਪਰ ਭਾਰਤ ਇਸ ਗੱਲ ਲਈ ਰਾਜ਼ੀ ਨਹੀਂ ਹੋਇਆ। ਇਸ ਤੋਂ ਇਲਾਵਾ ਅਪਲਾਈ ਕਰਨ ਤੋਂ ਬਾਅਦ ਪੁਲਿਸ ਵੱਲੋਂ ਕੀਤੀ ਜਾਂਦੀ ਪੁਣਛਾਣ ਤੋਂ ਵੀ ਸ਼ਰਧਾਲੂ ਨਿਰਾਸ਼ ਤੇ ਡਰੇ ਹੋਏ ਹਨ। ਪੁਲਿਸ ਮੁਲਾਜ਼ਮ ਸ਼ਰਧਾਲੂ ਦੇ ਘਰ ਪਹੁੰਚ ਕੇ ਉਸ ਤੋਂ ਪੁੱਛਗਿੱਛ ਕਰਦੇ ਹਨ।

ਸ਼ਰਧਾਲੂਆਂ ਨੂੰ ਆਨਲਾਈਨ ਫਾਰਮ ਭਰਨ ਦੀ ਸਹੂਲਤ ਤਾਂ ਦਿੱਤੀ ਗਈ ਹੈ ਪਰ ਪ੍ਰਕਿਰਿਆ ਇੰਨੀ ਗੁੰਝਲਦਾਰ ਬਣਾ ਦਿੱਤੀ ਗਈ ਹੈ ਕਿ ਇਸ ਨੂੰ ਪਾਰ ਕਰਨਾ ਸੌਖਾ ਨਹੀਂ ਹੈ। ਇਸ ਵਿਚ ਸਭ ਤੋਂ ਔਖਾ ਕੰਮ ਤਸਵੀਰ ਤੇ ਪਾਸਪੋਰਟ ਦੇ ਪਹਿਲੇ ਤੇ ਆਖਰੀ ਪੰਨੇ ਦੀਆਂ ਫਾਈਲਾਂ ਬਣਾ ਕੇ ਉਸ ਨੂੰ ਆਨਲਾਈਨ ਕਰਨਾ ਹੈ। ਇਸ ਔਖੀ ਪ੍ਰਕਿਰਿਆ

*(ਬਾਕੀ ਸਫਾ 6 ਉਤੇ)*

## ਕਰਤਾਰਪੁਰ ਜਾਣ ਲਈ ਇਸ ਤਰ੍ਹਾਂ ਕਰੋ ਅਪਲਾਈ

ਯਾਤਰੀ ਸਿਰਫ ਆਨਲਾਈਨ ਰਜਿਸਟਰੇਸ਼ਨ ਕਰਵਾ ਸਕਦੇ ਹਨ। ਅਜਿਹਾ ਕਰਨ ਲਈ ਉਹ ਜਾਂ ਤਾਂ ਭਾਰਤ ਦੇ ਨਾਗਰਿਕ ਹੋਣੇ ਚਾਹੀਦੇ ਹਨ ਜਾਂ ਉਨ੍ਹਾਂ ਕੋਲ ਓਵਰਸੀਜ਼ ਸਿਟੀਜ਼ਨ ਆਫ ਇੰਡੀਆ (ਓ.ਸੀ.ਆਈ.) ਕਾਰਡ ਹੋਣੇ ਚਾਹੀਦੇ ਹਨ। ਕਰਤਾਰਪੁਰ ਸਾਹਿਬ ਦੀ ਯਾਤਰਾ ਕਰਨ ਵਾਲੇ ਸ਼ਰਧਾਲੂਆਂ ਨੂੰ ਸਭ ਤੋਂ ਪਹਿਲਾਂ ਭਾਰਤ ਸਰਕਾਰ ਦੇ ਪੋਰਟਲ prakashpurb550.mha.gov.in/kpr ਉਤੇ ਰਜਿਸਟਰ ਕਰਨਾ ਹੋਵੇਗਾ। ਯਾਤਰਾ ਤੋਂ ਚਾਰ ਦਿਨ ਪਹਿਲਾਂ ਯਾਤਰੀਆਂ ਨੂੰ ਯਾਤਰਾ ਦੀ ਸੂਚਨਾ ਮਿਲੇਗੀ। ਯਾਤਰਾ ਬਿਨਾ ਵੀਜ਼ੇ ਤੋਂ ਹੋਵੇਗੀ ਪਰ ਇਸ ਲਈ ਇਸ ਆਨਲਾਈਨ ਪੋਰਟਲ ਤੋਂ ਯਾਤਰਾ ਦਾ ਪਰਮਿਟ ਲੈਣਾ ਜ਼ਰੂਰੀ ਹੋਵੇਗਾ। ਯਾਤਰਾ ਦੇ ਆਨਲਾਈਨ ਬਿਨੈ-ਪੱਤਰ ਜਮ੍ਹਾ ਕਰਾਉਣ ਲਈ ਮੋਬਾਈਲ ਨੰਬਰ ਜ਼ਰੂਰੀ ਹੈ। ਆਨਲਾਈਨ ਬਿਨੈ-ਪੱਤਰ ਜਮ੍ਹਾ ਕਰਾਉਣ ਲਈ ਈ-ਮੇਲ ਆਈ.ਡੀ. ਜ਼ਰੂਰੀ ਨਹੀਂ ਹੈ। ਹਾਲਾਂਕਿ ਜੇ ਆਨਲਾਈਨ ਵੇਰਵੇ ਜਮ੍ਹਾਂ ਕਰਦੇ ਸਮੇਂ ਈ-ਮੇਲ ਆਈ.ਡੀ. ਮੁਹੱਈਆ ਕਰੋਗੇ ਤਾਂ ਇਲੈਕਟਰਾਨਿਕ ਟਰੈਵਲ ਆਥੋਰਾਈਜੇਸ਼ਨ (ਈ.ਟੀ.ਏ.) ਨੂੰ ਈ-ਮੇਲ 'ਚ ਅਟੈਚਮੈਂਟ ਦੇ ਤੌਰ 'ਤੇ ਹਾਸਲ ਕੀਤਾ ਜਾ ਸਕਦਾ ਹੈ। ਬਦਲ ਦੇ ਤੌਰ 'ਤੇ ਮੋਬਾਇਲ ਸੰਦੇਸ਼ ਵਿਚ ਦਿੱਤੇ ਲਿੰਕ ਤੋਂ ਈ.ਟੀ.ਏ. ਡਾਊਨਲੋਡ ਕੀਤਾ ਜਾ ਸਕਦਾ ਹੈ। ਭਾਰਤ ਵਲੋਂ ਇਹ ਯਾਤਰਾ ਮੁਫਤ ਹੈ ਪਰ ਪਾਕਿਸਤਾਨ ਵਲੋਂ ਪ੍ਰਤੀ ਯਾਤਰੀ 20 ਡਾਲਰ (1400 ਰੁਪਏ) ਫੀਸ ਲਈ ਜਾਵੇਗੀ। ਪਾਸਪੋਰਟ ਨੂੰ ਸਿਰਫ ਪਛਾਣ ਪੱਤਰ ਵਜੋਂ ਵਰਤਿਆ ਜਾਵੇਗਾ।

India Palace Restaurant
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550
Amber Indian Restaurant
*Restaurant-Fine Indian Cuisine*
12510 N. Meridian St., Carmel, IN
Ph: 317-580-0828
We do private party's & catering at your home or business.
*Call, Lakhvir S. Johal*
*Ph: 317-709-7800*
www.indianpalaceindy.com
www.AmberIndianRestaurantCarmel.com

WorldWide Travel, Inc
ਅੱਜ ਹੀ ਕਾਲ ਕਰੋ
24 ਘੰਟੇ ਐਮਰਜੈਂਸੀ ਸੇਵਾ
ਦਿੱਲੀ $895
ਟੈਕਸ ਸਮੇਤ
734 838 9998
Fare shown above is for departure from Jan 15th, 2020 and subject to availability, other conditions apply. Please call for more details

ੴ ਸਤਿ ਸ੍ਰੀ ਅਕਾਲ
Regal Jewels
Ph: 773-262-4377
www.Regaljewels.Com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ
Diamonds
ਡਾਇਮੰਡ
22kt Gold
22kt ਸੋਨਾ
24kt Gold
24kt ਸੋਨਾ
Rajveer S. Gill
847-907-1525
2625 W. Devon Ave.
Chicago, IL 60659
E-mail: regaljewelsinc@gmail.com

Tel.: 317-426-5410
Ext 311 or 340

XPressCargo

Cell : 317-701-4230
Fax : 317-308-6424

Pay Every Week
Single upto 42 Cent + Team Upto 50 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ


Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

# ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ॥



ਜਥੇਦਾਰ ਖਾਲਸਾ ਸਵਰਗਵਾਸੀ ਸੱਜਣ ਸਿੰਘ ਗਿੱਲ



ਸਵਰਗਵਾਸੀ ਸੁਖਦੇਵ ਸਿੰਘ ਗਿੱਲ



ਸਵਰਗਵਾਸੀ ਬੀਬੀ ਜੀ ਨਸੀਬ ਕੌਰ ਗਿੱਲ




ਤਲਵਿੰਦਰ ਸਿੰਘ ਗਿੱਲ

"ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ॥" ਦੇ ਵਾਕ ਅਨੁਸਾਰ ਉਸ ਅਕਾਲ ਪੁਰਖ ਦੀ ਮਿਹਰ ਸਦਕਾ ਸਵਰਗਵਾਸੀ ਸੱਜਣ ਸਿੰਘ ਗਿੱਲ ਜੀ ਦੇ ਗਿੱਲ ਪਰਿਵਾਰ ਸਵਰਗਵਾਸੀ ਬੀਬੀ ਬਚਨ ਕੌਰ ਗਿੱਲ, ਸਵਰਗਵਾਸੀ ਸੁਖਦੇਵ ਸਿੰਘ ਗਿੱਲ, ਸਵਰਗਵਾਸੀ ਬੀਬੀ ਜੀ ਨਸੀਬ ਕੌਰ ਗਿੱਲ ਹੋਰਾਂ ਦੇ ਆਸ਼ੀਰਵਾਦ ਸਦਕਾ ਸ. ਤਲਵਿੰਦਰ ਸਿੰਘ ਗਿੱਲ ਤੇ ਬੀਬੀ ਅਨੂਪ ਕੌਰ ਗਿੱਲ ਦੇ ਪੋਤਰੇ ਅਤੇ ਸੁਖਦੇਵ ਸਿੰਘ ਗਿੱਲ ਤੇ ਬੀਬੀ ਹਰਪ੍ਰੀਤ ਕੌਰ ਗਿੱਲ ਦੇ ਪੁੱਤਰ ਏਕਨੂਰ ਸੱਜਣ ਸਿੰਘ ਗਿੱਲ ਦੇ ਪਹਿਲੇ ਜਨਮ ਦਿਨ ਦੀਆਂ ਮੁਬਾਰਕਾਂ!

## ਜਨਮ ਦਿਨ ਮੁਬਾਰਕ!

Happy & Healthy Birthday.
We all love you.
God bless everyone.



God gave us the biggest gift in the world. Thanks God!

**Sukhdev Singh Gill (Gill Plaza, Belgium, Wisconsin)**

# ਕਰਤਾਰਪੁਰ ਲਾਂਘਾ ਫੀਸ 'ਤੇ ਸ਼੍ਰੋਮਣੀ ਕਮੇਟੀ ਤੇ ਕੈਪਟਨ ਮਿਹਣੋ-ਮਿਹਣੀ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਤਾਰਪੁਰ ਲਾਂਘੇ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੀ ਸੰਗਤ ਦੀ ਗਿਣਤੀ ਘੱਟ ਹੋਣ ਦੀਆਂ ਰਿਪੋਰਟਾਂ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗਰੀਬ ਸ਼ਰਧਾਲੂਆਂ, ਘੱਟੋ-ਘੱਟ ਪੀਲੇ ਕਾਰਡ ਧਾਰਕਾਂ ਦੀ ਪ੍ਰਤੀ ਯਾਤਰੀ 20 ਡਾਲਰ ਫੀਸ ਆਪਣੇ ਖਜ਼ਾਨੇ ਵਿਚੋਂ ਭਰਨ ਲਈ ਆਖਿਆ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਦਿੱਤੇ ਬਿਆਨ 'ਤੇ ਪਲਟਵਾਰ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਪੀਲੇ ਕਾਰਡ ਧਾਰਕਾਂ ਦੀ 20 ਅਮਰੀਕੀ ਡਾਲਰ ਦੀ ਫੀਸ ਦਾ ਭੁਗਤਾਨ ਪੰਜਾਬ ਸਰਕਾਰ ਵੱਲੋਂ ਕੀਤਾ ਜਾਣਾ ਚਾਹੀਦਾ ਹੈ। ਸ੍ਰੀ ਲੌਂਗੋਵਾਲ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਆਪਣੇ ਫਰਜ਼ਾਂ ਤੋਂ ਭਲੀਭਾਂਤ ਜਾਣੂ ਹੈ। ਉਨ੍ਹਾਂ ਕਿਹਾ ਕਿ ਜਿਥੋਂ ਤੱਕ ਪੀਲੇ ਕਾਰਡ ਧਾਰਕਾਂ ਦੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਜਾਣ ਲਈ ਲੋੜੀਂਦੀ 20 ਡਾਲਰ ਫੀਸ ਦੇ ਭੁਗਤਾਨ ਦਾ ਸਵਾਲ ਹੈ, ਇਸ ਦਾ ਭੁਗਤਾਨ ਪੰਜਾਬ ਸਰਕਾਰ ਨੂੰ ਕਰਨਾ ਚਾਹੀਦਾ ਹੈ। ਸਰਕਾਰ ਕੋਲ ਸ਼੍ਰੋਮਣੀ ਕਮੇਟੀ ਨਾਲੋਂ ਕਈ ਗੁਣਾ ਵਧੇਰੇ ਵਿੱਤੀ ਸਾਧਨ ਹਨ।



ਸ਼ਰਧਾਲੂਆਂ ਵਿਚ ਦੁਬਿਧਾ ਦੀਆਂ ਰਿਪੋਰਟਾਂ ਸਬੰਧੀ ਮੁੱਖ ਮੰਤਰੀ ਨੇ ਭਾਰਤ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਨੂੰ ਕਰਤਾਰਪੁਰ ਲਾਂਘੇ ਰਾਹੀਂ ਜਾਣ ਵਾਲੀ ਸੰਗਤ ਲਈ ਪਾਸਪੋਰਟ ਦੀ ਸ਼ਰਤ ਖਤਮ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਪਾਸਪੋਰਟ ਦੀ ਬਜਾਏ ਸ਼ਨਾਖਤ ਦੇ ਸਬੂਤ ਵਜੋਂ ਆਧਾਰ ਕਾਰਡ, ਡਰਾਈਵਿੰਗ ਲਾਇਸੈਂਸ ਆਦਿ ਦਸਤਾਵੇਜ਼ਾਂ ਨੂੰ ਪ੍ਰਵਾਨ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਬਦਲਵੇਂ ਦਸਤਾਵੇਜ਼ਾਂ ਦੀ ਵਿਧੀ ਨੂੰ ਅਪਨਾਇਆ ਜਾ ਸਕਦਾ ਹੈ ਕਿਉਂਕਿ ਕਿਸੇ ਵੀ ਤਰ੍ਹਾਂ ਪਾਸਪੋਰਟ 'ਤੇ ਵੀਜ਼ੇ ਦੀ ਮੋਹਰ ਦੀ ਲੋੜ ਨਹੀਂ ਹੈ।

ਉਧਰ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਉਹ ਦੋਵੇਂ ਦੇਸ਼ਾਂ ਵਿਚਕਾਰ ਸਹੀਬੰਦ ਹੋਏ ਐਮ.ਓ.ਯੂ. ਵਿਚ ਸੋਧ ਕਰਨ ਲਈ ਪਾਕਿਸਤਾਨ ਨੂੰ ਬੇਨਤੀ ਕਰਨ ਅਤੇ ਇਸ ਸਮਝੌਤੇ ਵਿਚੋਂ ਉਸ ਸ਼ਰਤ ਨੂੰ ਹਟਾ ਦੇਣ, ਜਿਹੜੀ ਕਰਤਾਰਪੁਰ ਲਾਂਘੇ ਦਾ ਇਸਤੇਮਾਲ ਕਰਨ ਵਾਲੇ ਸ਼ਰਧਾਲੂਆਂ ਕੋਲ ਪਾਸਪੋਰਟ ਹੋਣਾ ਲਾਜ਼ਮੀ ਬਣਾਉਂਦੀ ਹੈ। ਇਸ ਤੋਂ ਇਲਾਵਾ ਉਹ ਜਾਂਚ-ਪੜਤਾਲ ਅਤੇ ਦਸਤਾਵੇਜ਼ਾਂ ਦੀ ਪ੍ਰਕਿਰਿਆ ਨੂੰ ਸੌਖੀ ਬਣਾਉਣ ਲਈ ਵੀ ਲੋੜੀਂਦੇ ਕਦਮ ਚੁੱਕਣ।

ਪ੍ਰਧਾਨ ਮੰਤਰੀ ਨੂੰ ਲਿਖੀ ਚਿੱਠੀ ਵਿਚ ਸ੍ਰੀ ਬਾਦਲ ਨੇ ਕਿਹਾ ਕਿ ਲੱਖਾਂ ਸ਼ਰਧਾਲੂ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣਾ ਚਾਹੁੰਦੇ ਹਨ, ਪਰ ਉਨ੍ਹਾਂ ਲਈ ਦਸਤਾਵੇਜ਼ਾਂ ਦੀ ਜਾਂਚ ਦੀ ਪੇਚੀਦਾ ਪ੍ਰਕਿਰਿਆ ਅਤੇ ਪਾਸਪੋਰਟ ਦੀ ਲਾਜ਼ਮੀ ਸ਼ਰਤ ਵੱਡਾ ਅੜਿੱਕਾ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਪਾਸਪੋਰਟ ਨਾ ਹੋਣ ਕਾਰਨ ਰੋਜ਼ਾਨਾ ਸਿਰਫ ਸੈਂਕੜਿਆਂ ਦੀ ਗਿਣਤੀ ਵਿਚ ਹੀ ਸ਼ਰਧਾਲੂ ਇਸ ਤੀਰਥ ਅਸਥਾਨ ਦੀ ਯਾਤਰਾ ਲਈ ਜਾ ਰਹੇ ਹਨ। ਅਕਾਲੀ ਦਲ ਪ੍ਰਧਾਨ ਨੇ ਕਿਹਾ ਕਿ ਪੇਂਡੂ ਖੇਤਰਾਂ ਦੇ ਲੋਕ ਖਾਸ ਕਰ ਕੇ ਬਜ਼ੁਰਗ ਕੋਲ ਪਾਸਪੋਰਟ ਨਹੀਂ ਹੈ। ਸ੍ਰੀ ਬਾਦਲ ਨੇ ਇਹ ਵੀ ਬੇਨਤੀ ਕੀਤੀ ਕਿ ਸ਼ਰਧਾਲੂਆਂ ਨੂੰ ਪਛਾਣ ਪੱਤਰ ਵਜੋਂ ਪਾਸਪੋਰਟਾਂ ਦੀ ਬਜਾਏ ਆਧਾਰ ਕਾਰਡ ਵਰਗੇ ਸਬੂਤ ਲਿਜਾਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ।

### ਸ਼੍ਰੋਮਣੀ ਕਮੇਟੀ ਵੱਲੋਂ ਕਾਊਂਟਰ ਖੋਲ੍ਹਣ ਦੀ ਪੇਸ਼ਕਸ਼

**ਅੰਮ੍ਰਿਤਸਰ:** ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨਾਂ ਲਈ ਜਾਣ ਦੇ ਇੱਛੁਕ ਸ਼ਰਧਾਲੂਆਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਿਆਂ ਵਿਚ ਕਾਊਂਟਰ ਖੋਲ੍ਹਣ ਦੀ ਪੇਸ਼ਕਸ਼ ਰੱਖੀ ਹੈ।

ਭਾਰਤ ਤੇ ਪਾਕਿਸਤਾਨ ਸਰਕਾਰ ਵੱਲੋਂ 9 ਨਵੰਬਰ ਨੂੰ ਕਰਤਾਰਪੁਰ ਲਾਂਘਾ ਸ਼ਰਧਾਲੂਆਂ ਲਈ ਖੋਲ੍ਹ ਦਿੱਤਾ ਗਿਆ ਹੈ। ਇਹ ਲਾਂਘਾ ਖੁੱਲ੍ਹਣ ਮਗਰੋਂ ਸਿੱਖ ਸ਼ਰਧਾਲੂਆਂ ਦੇ ਜਥੇ ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨਾਂ ਲਈ ਜਾ ਰਹੇ ਹਨ ਪਰ ਸ਼ਰਧਾਲੂਆਂ ਦੀ ਗਿਣਤੀ ਘੱਟ ਹੈ, ਜਿਸ ਦਾ ਵੱਡਾ ਕਾਰਨ ਗੁਰਦੁਆਰਾ ਕਰਤਾਰਪੁਰ ਜਾਣ ਲਈ ਬਣਾਈ ਗਈ ਗੁੰਝਲਦਾਰ ਪ੍ਰਕਿਰਿਆ ਹੈ। ਫਿਲਹਾਲ ਸ਼ਰਧਾਲੂਆਂ ਨੂੰ ਇਸ ਸਬੰਧੀ ਫਾਰਮ ਭਰਨ ਵਿਚ ਵੀ ਮੁਸ਼ਕਲ ਪੇਸ਼ ਆ ਰਹੀ ਹੈ ਅਤੇ ਇਸ ਸਬੰਧੀ ਵਿਭਾਗ ਵੱਲੋਂ ਭੇਜੀ ਗਈ ਜਾਣਕਾਰੀ ਪ੍ਰਾਪਤ ਕਰਨਾ ਵੀ ਔਖਾ ਹੋਇਆ ਪਿਆ ਹੈ। ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਵਿਚਾਲੇ ਹਰ ਰੋਜ਼ ਕਰੀਬ ਪੰਜ ਹਜ਼ਾਰ ਸ਼ਰਧਾਲੂਆਂ ਨੂੰ ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨਾਂ ਲਈ ਭੇਜਣ ਦਾ ਸਮਝੌਤਾ ਹੋਇਆ ਹੈ।

## ਸ਼ਰਧਾਲੂਆਂ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖ ਰਹੀਆਂ ਨੇ ਖੁਫੀਆ ਏਜੰਸੀਆਂ

**ਅੰਮ੍ਰਿਤਸਰ:** ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਾ ਨਨਕਾਣਾ ਸਾਹਿਬ ਅਤੇ ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨਾਂ ਲਈ ਗਏ ਸਿੱਖ ਸ਼ਰਧਾਲੂਆਂ ਦੇ ਜਥੇ ਵਿਚੋਂ ਦੋ ਜਣਿਆਂ ਕੋਲੋਂ ਅਟਾਰੀ ਸਰਹੱਦ ਉਤੇ ਕਸਟਮ ਵਿਭਾਗ ਵੱਲੋਂ ਅਫੀਮ ਅਤੇ ਭੁੱਕੀ ਬਰਾਮਦ ਹੋਣ ਤੋਂ ਬਾਅਦ ਸੁਰੱਖਿਆ ਤੇ ਖੁਫੀਆ ਏਜੰਸੀਆਂ ਨੂੰ ਖਦਸ਼ਾ ਹੈ ਕਿ ਪਾਕਿਸਤਾਨ ਦੀ ਆਈ.ਐਸ.ਆਈ. ਏਜੰਸੀ ਵੱਲੋਂ ਹੁਣ ਤਸਕਰੀ ਲਈ ਜਥਿਆਂ ਰਾਹੀਂ ਜਾਂਦੇ ਸ਼ਰਧਾਲੂਆਂ ਨੂੰ ਵਰਤਿਆ ਜਾ ਸਕਦਾ ਹੈ।

ਜ਼ਿਕਰਯੋਗ ਹੈ ਕਿ ਇਹ ਸ਼ਰਧਾਲੂ ਅਟਾਰੀ ਸਰਹੱਦ ਰਸਤੇ ਵਾਪਸ ਪਰਤੇ ਸਨ। ਕਸਟਮ ਵਿਭਾਗ ਨੇ ਕੀਤੀ ਜਾਂਚ ਦੌਰਾਨ ਇਨ੍ਹਾਂ ਕੋਲੋਂ ਕੁਝ ਸ਼ੱਕੀ ਸਾਮਾਨ ਬਰਾਮਦ ਕੀਤਾ ਸੀ। ਕਸਟਮ ਵਿਭਾਗ ਨੂੰ ਸ਼ੱਕ ਸੀ ਕਿ ਇਹ ਨਸ਼ੀਲਾ ਪਦਾਰਥ ਅਫੀਮ ਹੈ ਪਰ ਸ਼ਰਧਾਲੂਆਂ ਵੱਲੋਂ ਦਾਅਵਾ ਕੀਤਾ ਜਾ ਰਿਹਾ ਸੀ ਕਿ ਉਹ ਪਾਕਿਸਤਾਨ ਤੋਂ ਸ਼ਿਲਾਜੀਤ ਲੈ ਕੇ ਆਏ ਹਨ। ਕਸਟਮ ਵਿਭਾਗ ਨੇ ਜਾਂਚ ਮਗਰੋਂ ਦਾਅਵਾ ਕੀਤਾ ਕਿ ਇਹ ਪਦਾਰਥ ਅਫੀਮ ਹੈ। ਕਸਟਮ ਵਿਭਾਗ ਨੇ ਦੋਵਾਂ ਨੂੰ ਗ੍ਰਿਫਤਾਰ ਕਰ ਕੇ ਕੇਸ ਦਰਜ ਕਰ ਲਿਆ ਹੈ। ਕਸਟਮ ਵਿਭਾਗ ਨੇ ਦਾਅਵਾ ਕੀਤਾ ਕਿ ਇਹ ਲਗਭਗ 700 ਗ੍ਰਾਮ ਅਫੀਮ ਤੇ 290 ਗ੍ਰਾਮ ਭੁੱਕੀ ਹੈ। ਇਸ ਤੋਂ ਇਲਾਵਾ ਇਕ ਡਾਇਰੀ ਵੀ ਬਰਾਮਦ ਕੀਤੀ ਹੈ, ਜਿਸ ਵਿਚ ਪਾਕਿਸਤਾਨੀ ਫੋਨ ਨੰਬਰ ਹੋਣ ਦਾ ਦਾਅਵਾ ਕੀਤਾ ਗਿਆ ਹੈ। ਇਸ ਘਟਨਾ ਤੋਂ ਬਾਅਦ ਖੁਫੀਆ ਏਜੰਸੀਆਂ ਦੇ ਕੰਨ ਖੜ੍ਹੇ ਹੋ ਗਏ ਹਨ।

ਸਰਹੱਦ ਉਤੇ ਤਾਇਨਾਤ ਖੁਫੀਆ ਤੇ ਸੁਰੱਖਿਆ ਏਜੰਸੀਆਂ ਇਸ ਨੂੰ ਪਾਕਿਸਤਾਨੀ ਏਜੰਸੀ ਆਈ.ਐਸ.ਆਈ. ਦੀ ਕਾਰਵਾਈ ਮੰਨ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਦੀ ਇਸ ਖੁਫੀਆ ਏਜੰਸੀ ਵੱਲੋਂ ਵੱਖ-ਵੱਖ ਢੰਗ ਤਰੀਕਿਆਂ ਨਾਲ ਭਾਰਤ ਵਿਚ ਨਸ਼ੀਲੇ ਪਦਾਰਥਾਂ, ਜਾਅਲੀ ਕਰੰਸੀ ਤੇ ਹਥਿਆਰਾਂ ਦੀ ਤਸਕਰੀ ਕੀਤੀ ਜਾਂਦੀ ਰਹੀ ਹੈ, ਹੁਣ ਉਸ ਵੱਲੋਂ ਜਥੇ ਰਾਹੀਂ ਜਾਂਦੇ ਸ਼ਰਧਾਲੂਆਂ ਦੀ ਵਰਤੋਂ ਕੀਤੀ ਗਈ ਹੈ। ਇੰਟਰਨੈਸ਼ਨਲ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਦੇ ਆਗੂ ਹਰਪਾਲ ਸਿੰਘ ਭੁੱਲਰ ਨੇ ਇਸ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਮੰਨਿਆ ਕਿ ਇਹ ਦੋਵੇਂ ਵਿਅਕਤੀ ਉਨ੍ਹਾਂ ਦੀ ਜਥੇਬੰਦੀ ਵੱਲੋਂ ਸ਼ਰਧਾਲੂ ਵਜੋਂ ਮੱਥਾ ਟੇਕਣ ਲਈ ਗਏ ਸਨ। ਇਹ ਦੋਵੇਂ ਫਾਜ਼ਿਲਕਾ ਦੇ ਪਿੰਡ ਭੁਰਤਖੇੜਾ ਨਾਲ ਸਬੰਧਤ ਹਨ। ਉਨ੍ਹਾਂ ਆਖਿਆ ਕਿ ਇਹ ਜਥੇ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਜਾਪਦੀ ਹੈ। ਉਨ੍ਹਾਂ ਆਖਿਆ ਕਿ ਇਸ ਦੀ ਗੰਭੀਰਤਾ ਨਾਲ ਜਾਂਚ ਹੋਣੀ ਚਾਹੀਦੀ ਹੈ ਅਤੇ ਸੱਚਾਈ ਸਾਹਮਣੇ ਆਉਣੀ ਚਾਹੀਦੀ ਹੈ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਆਖਿਆ ਕਿ ਦੋ ਜਣਿਆਂ ਕੋਲੋਂ ਪਾਕਿਸਤਾਨ ਤੋਂ ਪਰਤਦਿਆਂ ਅਫੀਮ ਅਤੇ ਭੁੱਕੀ ਫੜੇ ਜਾਣ ਨਾਲ ਗੁਰਦੁਆਰਾ ਕਰਤਾਰਪੁਰ ਲਾਂਘੇ ਦੀ ਆਵਾਜਾਈ ਉਤੇ ਕੋਈ ਅਸਰ ਨਹੀਂ ਹੋਵੇਗਾ।

## ਲੁਧਿਆਣਾ ਦੇ ਡੇਅਰੀ ਮਾਲਕ ਨੇ ਜਿੱਤਿਆ ਦੀਵਾਲੀ ਬੰਪਰ

**ਚੰਡੀਗੜ੍ਹ:** ਪੰਜਾਬ ਰਾਜ ਮਾਂ ਲਕਸ਼ਮੀ ਦੀਵਾਲੀ ਪੂਜਾ ਬੰਪਰ-2019 ਨੇ ਲੁਧਿਆਣਾ ਦੇ ਇਕ ਛੋਟੇ ਜਿਹੇ ਡੇਅਰੀ ਫਾਰਮ ਦੇ ਮਾਲਕ ਅਮਨਦੀਪ ਸਿੰਘ ਦੀ ਜ਼ਿੰਦਗੀ ਰੌਸ਼ਨ ਕਰ ਦਿੱਤੀ ਹੈ। ਅਮਨਦੀਪ ਸਿੰਘ ਨੇ 2.50 ਕਰੋੜ ਰੁਪਏ ਦਾ ਪਹਿਲਾ ਇਨਾਮ ਜਿੱਤਿਆ ਹੈ। ਉਸ ਨੇ ਕਿਹਾ ਕਿ ਉਹ ਇਨਾਮੀ ਰਾਸ਼ੀ ਨਾਲ ਧੰਦੇ ਦਾ ਵਿਸਥਾਰ ਕਰਨਾ ਚਾਹੁੰਦਾ ਹੈ ਤੇ ਬਚੀ ਰਕਮ ਬੱਚਿਆਂ ਦੀ ਪੜ੍ਹਾਈ ਉਤੇ ਖਰਚ ਕਰੇਗਾ। ਇਨਾਮੀ ਰਾਸ਼ੀ ਲੈਣ ਲਈ ਵਿਭਾਗ ਕੋਲ ਦਸਤਾਵੇਜ਼ ਜਮ੍ਹਾਂ ਕਰਵਾ ਦਿੱਤੇ ਹਨ ਅਤੇ ਅਧਿਕਾਰੀਆਂ ਨੇ ਉਸ ਨੂੰ ਇਨਾਮੀ ਰਾਸ਼ੀ ਜਲਦ ਜਾਰੀ ਕਰਨ ਦਾ ਭਰੋਸਾ ਦਿੱਤਾ ਹੈ।

## ਚੀਫ ਜਸਟਿਸ ਦਾ ਦਫਤਰ ਆਰ.ਟੀ.ਆਈ. ਦੇ ਘੇਰੇ ਹੇਠ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਇਕ ਅਹਿਮ ਫੈਸਲੇ ਵਿਚ ਸਾਫ ਕਰ ਦਿੱਤਾ ਕਿ ਭਾਰਤ ਦੇ ਚੀਫ ਜਸਟਿਸ ਦਾ ਦਫਤਰ ਜਨਤਕ ਅਥਾਰਿਟੀ ਹੈ, ਜੋ ਸੂਚਨਾ ਦੇ ਅਧਿਕਾਰ (ਆਰ.ਟੀ.ਆਈ.) ਐਕਟ ਦੇ ਘੇਰੇ ਵਿਚ ਆਉਂਦਾ ਹੈ। ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਸਾਲ 2010 ਵਿਚ ਦਿੱਲੀ ਹਾਈ ਕੋਰਟ ਵੱਲੋਂ ਸੁਣਾਏ ਫੈਸਲੇ ਨੂੰ ਬਰਕਰਾਰ ਰੱਖਦਿਆਂ ਸੁਪਰੀਮ ਕੋਰਟ ਦੇ ਸਕੱਤਰ ਜਨਰਲ ਅਤੇ ਸਿਖਰਲੀ ਅਦਾਲਤ ਦੇ ਕੇਂਦਰੀ ਲੋਕ ਸੂਚਨਾ ਅਧਿਕਾਰੀ ਵੱਲੋਂ ਦਾਇਰ ਤਿੰਨ ਅਪੀਲਾਂ ਨੂੰ ਖਾਰਜ ਕਰ ਦਿੱਤਾ।

ਸਿਖਰਲੀ ਅਦਾਲਤ ਨੇ ਹਾਲਾਂਕਿ ਖਬਰਦਾਰ ਕੀਤਾ ਕਿ ਆਰ.ਟੀ.ਆਈ. ਨੂੰ ਕਿਸੇ ਉਤੇ ਨਿਗਰਾਨੀ ਰੱਖਣ ਦੇ ਸੰਦ ਵਜੋਂ ਨਹੀਂ ਵਰਤਿਆ ਜਾ ਸਕਦਾ। ਸੁਪਰੀਮ ਕੋਰਟ ਨੇ ਫੈਸਲੇ ਵਿਚ ਕਿਹਾ ਕਿ ਜਿਥੇ ਪਾਰਦਰਸ਼ਤਾ ਦੀ ਗੱਲ ਹੋਵੇ, ਉਥੇ ਨਿਆਇਕ ਆਜ਼ਾਦੀ ਦਾ ਖਿਆਲ ਜ਼ਰੂਰ ਰੱਖਿਆ ਜਾਵੇ। ਜਸਟਿਸ ਐਨ.ਵੀ.ਰਾਮੰਨਾ, ਡੀ.ਵਾਈ. ਚੰਦਰਚੂੜ, ਦੀਪਕ ਗੁਪਤਾ ਤੇ ਸੰਜੀਵ ਖੰਨਾ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਕਿਹਾ ਕਿ ਆਰ.ਟੀ.ਆਈ. ਤਹਿਤ ਮੰਗੀ ਸੂਚਨਾ ਵਿਚ




ਕੌਲਿਜੀਅਮ (ਸੁਪਰੀਮ ਕੋਰਟ ਦੇ ਸੀਨੀਅਰ ਜੱਜਾਂ ਦਾ ਸਮੂਹ) ਵੱਲੋਂ ਨਿਯੁਕਤੀ ਲਈ ਸਿਫਾਰਸ਼ ਕੀਤੇ ਜੱਜਾਂ ਦੇ ਨਾਂਵਾਂ ਦਾ ਹੀ ਖੁਲਾਸਾ ਕੀਤਾ ਜਾ ਸਕਦਾ ਹੈ। ਨਿਯੁਕਤੀ ਲਈ ਕਾਰਨ ਨਹੀਂ ਦੱਸੇ ਜਾਣਗੇ। ਸਿਖਰਲੀ ਅਦਾਲਤ ਨੇ ਫੈਸਲੇ ਵਿਚ ਕਿਹਾ ਕਿ ਨਿੱਜਤਾ ਦਾ ਅਧਿਕਾਰ ਅਹਿਮ ਪਹਿਲੂ ਹੈ ਤੇ ਚੀਫ ਜਸਟਿਸ ਦੇ ਦਫਤਰ 'ਚੋਂ ਕੋਈ ਵੀ ਜਾਣਕਾਰੀ ਦੇਣ ਬਾਬਤ ਫੈਸਲਾ ਕਰਨ ਮੌਕੇ ਨਿੱਜਤਾ ਦੇ ਅਧਿਕਾਰ ਤੇ ਪਾਰਦਰਸ਼ਤਾ ਵਿਚ ਲੋੜੀਂਦਾ ਸਮਤੋਲ ਜ਼ਰੂਰ ਬਣਾਇਆ ਜਾਵੇ।

ਵੱਖਰਾ ਫੈਸਲਾ ਲਿਖਣ ਵਾਲੇ ਜਸਟਿਸ ਚੰਦਰਚੂੜ ਨੇ ਕਿਹਾ ਕਿ ਜੱਜ, ਜੋ ਸੰਵਿਧਾਨ ਅਹੁਦੇ ਦਾ ਆਨੰਦ ਮਾਣਦੇ ਹਨ ਤੇ ਸਰਕਾਰੀ ਫਰਜ਼ ਨਿਭਾਉਂਦੇ ਹਨ, ਲਿਹਾਜ਼ਾ ਜੁਡੀਸ਼ਰੀ ਨੂੰ ਉਕਾ ਹੀ ਅਲੱਗ-ਥਲੱਗ ਨਹੀਂ ਰੱਖਿਆ ਜਾ ਸਕਦਾ। ਚੇਤੇ ਰਹੇ ਕਿ ਹਾਈ ਕੋਰਟ ਨੇ 10 ਜਨਵਰੀ 2010 ਨੂੰ ਸੁਣਾਏ ਇਕ ਫੈਸਲੇ ਵਿਚ ਕਿਹਾ ਸੀ ਕਿ ਸੀ.ਜੇ.ਆਈ. ਦਫਤਰ ਆਰ.ਟੀ.ਆਈ. ਕਾਨੂੰਨ ਦੇ ਘੇਰੇ ਵਿਚ ਆਉਂਦਾ ਹੈ।

ਹਾਈ ਕੋਰਟ ਨੇ ਉਦੋਂ ਕਿਹਾ ਸੀ ਕਿ ਨਿਆਇਕ ਆਜ਼ਾਦੀ ਕਿਸੇ ਜੱਜ ਦਾ ਵਿਸ਼ੇਸ਼ ਅਧਿਕਾਰ ਨਹੀਂ, ਬਲਕਿ ਉਸ ਨੂੰ ਸੌਂਪੀ ਜ਼ਿੰਮੇਵਾਰੀ ਹੈ। 88 ਸਫਿਆਂ ਦਾ ਇਹ ਫੈਸਲਾ ਤਤਕਾਲੀਨ ਸੀ.ਜੇ.ਆਈ. ਕੇ.ਜੀ.ਬਾਲਾਕ੍ਰਿਸ਼ਨਨ ਲਈ ਵੱਡਾ ਝਟਕਾ ਸੀ। ਬਾਲਾਕ੍ਰਿਸ਼ਨਨ ਨੇ ਜੱਜਾਂ ਨਾਲ ਸਬੰਧਤ ਜਾਣਕਾਰੀ ਨੂੰ ਆਰ.ਟੀ.ਆਈ. ਦੇ ਘੇਰੇ ਵਿਚ ਲਿਆਉਣ ਦਾ ਵਿਰੋਧ ਕੀਤਾ ਸੀ।

## ਏਅਰਟੈਲ ਨੂੰ 23000 ਕਰੋੜ ਦਾ ਘਾਟਾ

**ਨਵੀਂ ਦਿੱਲੀ:** ਟੈਲੀਕਾਮ ਅਪਰੇਟਰ ਭਾਰਤੀ ਏਅਰਟੈਲ ਨੂੰ 30 ਸਤੰਬਰ ਨੂੰ ਖਤਮ ਹੋਈ ਦੂਜੀ ਤਿਮਾਹੀ ਵਿਚ 23,045 ਕਰੋੜ ਰੁਪਏ ਦਾ ਘਾਟਾ ਪਿਆ ਹੈ। ਨਿੱਜੀ ਖੇਤਰ ਦੀ ਇਸ ਟੈਲੀਕਾਮ ਕੰਪਨੀ ਨੇ ਪਿਛਲੇ ਸਾਲ ਇਸੇ ਅਰਸੇ ਦੌਰਾਨ 118.8 ਕਰੋੜ ਰੁਪਏ ਦਾ ਖਾਲਸ ਮੁਨਾਫਾ ਦਰਜ ਕੀਤਾ ਸੀ। ਉਂਜ ਇਸ ਘਾਟੇ ਦੀ ਮੁੱਖ ਵਜ੍ਹਾ ਸੁਪਰੀਮ ਕੋਰਟ ਦਾ ਉਹ ਫੈਸਲਾ ਹੈ, ਜਿਸ ਤਹਿਤ ਕਾਨੂੰਨੀ ਦੇਣਦਾਰੀਆਂ ਨੂੰ ਖਤਮ ਕਰਨ ਲਈ ਆਖਿਆ ਗਿਆ ਸੀ।

ਸਿਖਰਲੀ ਅਦਾਲਤ ਦੇ ਇਸ ਫੈਸਲੇ ਮਗਰੋਂ ਕੰਪਨੀ ਨੂੰ 28,450 ਕਰੋੜ ਰੁਪਏ ਦਾ ਅੰਡਰਾ ਪ੍ਰਬੰਧ ਕਰਨਾ ਪਿਆ। ਸੁਨੀਲ ਮਿੱਤਲ ਦੀ ਅਗਵਾਈ ਵਾਲੀ ਕੰਪਨੀ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਉਪਰੋਕਤ ਫੈਸਲੇ, ਜਿਸ ਵਿਚ ਸਰਕਾਰ ਦੇ ਟੈਲੀਕਾਮ ਕੰਪਨੀਆਂ ਦੇ ਮਾਲੀਏ ਦਾ ਹਿਸਾਬ ਲਾਉਣ ਦੇ ਢੰਗ ਤਰੀਕੇ ਨੂੰ ਬਹਾਲ ਰੱਖਿਆ ਗਿਆ ਸੀ, ਨਾਲ ਕੰਪਨੀ ਉਤੇ ਦੇਣਦਾਰੀਆਂ ਦਾ ਬੋਝ ਵਧ ਗਿਆ ਹੈ।

## ਆਸਟਰੇਲੀਆ ਦੇ ਸਾਬਕਾ ਪ੍ਰਧਾਨ ਮੰਤਰੀ ਦਰਬਾਰ ਸਾਹਿਬ ਨਤਮਸਤਕ

**ਅੰਮ੍ਰਿਤਸਰ:** ਆਸਟਰੇਲੀਆ ਦੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਐਬਟ ਦਰਬਾਰ ਸਾਹਿਬ ਨਤਮਸਤਕ ਹੋਏ। ਟੋਨੀ ਐਬਟ ਨੇ ਦਰਬਾਰ ਸਾਹਿਬ ਮੱਥਾ ਟੇਕਿਆ ਤੇ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਅਤੇ ਬਰਤਨ ਵੀ ਸਾਫ ਕੀਤੇ। ਇਸ ਮੌਕੇ ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਦਰਬਾਰ ਸਾਹਿਬ ਨਤਮਸਤਕ ਹੋਣ ਦੀ ਉਨ੍ਹਾਂ ਦੀ ਇੱਛਾ ਅੱਜ ਪੂਰੀ ਹੋਈ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ ਅਤੇ ਸੂਚਨਾ ਅਧਿਕਾਰੀ ਜਸਵਿੰਦਰ ਸਿੰਘ ਜੱਸੀ ਨੇ ਉਨ੍ਹਾਂ ਨੂੰ ਸਿਰੋਪਾਉ ਭੇਟ ਕੀਤਾ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਪੁਰਬ ਮੌਕੇ ਉਨ੍ਹਾਂ ਨੂੰ ਇਥੇ ਆਉਣ 'ਤੇ ਜੋ ਸਿੱਖ ਭਾਈਚਾਰੇ ਨੇ ਮਾਣ ਸਤਿਕਾਰ ਦਿੱਤਾ ਹੈ, ਇਸ ਲਈ ਉਹ ਸਿੱਖਾਂ ਦੇ ਧੰਨਵਾਦੀ ਹਨ। ਉਨ੍ਹਾਂ ਕਿਹਾ ਕਿ ਉਹ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਪੂਰੀ ਮਨੁੱਖਤਾ ਲਈ ਹੈ। ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਦਰਬਾਰ ਸਾਹਿਬ ਆ ਕੇ ਮਨ ਨੂੰ ਸ਼ਾਂਤੀ ਮਹਿਸੂਸ ਹੋਈ ਹੈ।



ਇਸ ਮੌਕੇ ਉਨ੍ਹਾਂ ਕਿਹਾ ਕਿ ਜੇ ਆਸਟਰੇਲੀਆ ਤੇ ਭਾਰਤ ਆਪਸ ਵਿਚ ਸਹਿਯੋਗ ਕਰਨ ਤਾਂ ਆਸਟਰੇਲੀਆ ਦੇ ਕੁਦਰਤੀ ਸਾਧਨ ਭਾਰਤ ਲਈ ਲਾਹੇਵੰਦ ਸਾਬਤ ਹੋ ਸਕਦੇ ਹਨ। ਇਥੇ ਅਕਾਲੀ ਦਲ ਦੇ ਟਰੇਡ ਐਂਡ ਇੰਡਸਟਰੀ ਵਿੰਗ ਦੇ ਆਗੂ ਰਜਿੰਦਰ ਸਿੰਘ ਮਰਵਾਹਾ ਦੀ ਅਗਵਾਈ ਵਿਚ ਮਿਲੇ ਵਪਾਰੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਜਦੋਂ ਉਹ ਪ੍ਰਧਾਨ ਮੰਤਰੀ ਸਨ ਤਾਂ ਉਨ੍ਹਾਂ ਨੇ ਕੁਦਰਤੀ ਸਾਧਨ, ਤਕਨਾਲੋਜੀ ਦੇ ਸਹਿਯੋਗ ਲਈ ਭਾਰਤ ਨਾਲ ਸਬੰਧ ਕਾਇਮ ਕੀਤੇ ਸਨ ਤੇ ਦੋਵਾਂ ਦੇਸ਼ਾਂ ਨੇ ਇਸ ਵਿਚ ਆਪਸੀ ਸਹਿਯੋਗ ਦਿੱਤਾ ਸੀ। ਉਨ੍ਹਾਂ ਕਿਹਾ ਕਿ ਮੌਜੂਦਾ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਅਗਲੇ ਕੁਝ ਦਿਨਾਂ ਵਿਚ ਭਾਰਤ ਦਾ ਦੌਰਾ ਕਰ ਰਹੇ ਹਨ। ਉਮੀਦ ਹੈ ਕਿ ਇਸ ਦੌਰੇ ਨਾਲ ਦੋਵਾਂ ਮੁਲਕਾਂ ਲਈ ਚੰਗੇ ਉਪਰਾਲੇ ਹੋਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਸਬੰਧਾਂ ਨਾਲ ਭਾਰਤ ਦੀ ਸਥਿਤੀ ਹੋਰ ਵੀ ਮਜ਼ਬੂਤ ਹੋਵੇਗੀ।

ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਆਸਟਰੇਲੀਆ ਵਿਚ ਵੀ ਵੱਖ-ਵੱਖ ਥਾਈਂ ਸਮਾਗਮ ਕਰਵਾਏ ਗਏ ਹਨ। ਉਹ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਬਹੁਤ ਮਾਣ ਅਤੇ ਸਤਿਕਾਰ ਦਿੰਦੇ ਹਨ ਕਿਉਂਕਿ ਗੁਰੂ ਸਾਹਿਬ ਦਾ ਉਪਦੇਸ਼ ਪੂਰੀ ਮਨੁੱਖਤਾ ਲਈ ਹੈ। ਇਸ ਮੌਕੇ ਰਜਿੰਦਰ ਸਿੰਘ ਮਰਵਾਹਾ ਨੇ ਸ੍ਰੀ ਐਬਟ ਕੋਲ ਇੱਛਾ ਜ਼ਾਹਿਰ ਕੀਤੀ ਕਿ ਭਾਰਤੀ ਵਪਾਰੀ ਉਥੇ ਵਪਾਰ ਵਿਚ ਪੈਸਾ ਲਾਉਣ ਦੇ ਚਾਹਵਾਨ ਹਨ, ਉਨ੍ਹਾਂ ਨੂੰ ਸਹਿਯੋਗ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਜਿਹੜੇ ਪੰਜਾਬੀ ਬੱਚੇ ਆਸਟਰੇਲੀਆ ਜਾ ਰਹੇ ਹਨ, ਉਨ੍ਹਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਜਾਵੇ। ਸ੍ਰੀ ਟੋਨੀ ਐਬਟ ਨੇ ਇਸ ਉਤੇ ਹਾਂ-ਪੱਖੀ ਹੁੰਗਾਰਾ ਭਰਿਆ। ਉਨ੍ਹਾਂ ਕਿਹਾ ਕਿ ਆਸਟਰੇਲੀਆ ਭਾਰਤੀ ਵਪਾਰੀਆਂ ਨੂੰ ਜੀ ਆਇਆਂ ਕਹਿੰਦਾ ਹੈ।

# ਲੋਕ ਰੋਹ ਦੀ ਜਿੱਤ: ਕਿਸਾਨ ਆਗੂ ਮਨਜੀਤ ਧਨੇਰ ਰਿਹਾ

**ਚੰਡੀਗੜ੍ਹ:** ਬਰਨਾਲਾ ਜੇਲ੍ਹ ਪ੍ਰਸ਼ਾਸਨ ਨੇ ਖੱਬੇ ਪੱਖੀ ਕਿਸਾਨ ਆਗੂ ਮਨਜੀਤ ਸਿੰਘ ਧਨੇਰ ਨੂੰ ਰਿਹਾਅ ਕਰ ਦਿੱਤਾ ਹੈ। ਰਾਜਪਾਲ ਵੀ.ਪੀ.ਸਿੰਘ ਬਦਨੌਰ ਦੀ ਰਸਮੀ ਪ੍ਰਵਾਨਗੀ ਮਗਰੋਂ ਜੇਲ੍ਹ ਪ੍ਰਸ਼ਾਸਨ ਨੇ ਧਨੇਰ ਦੀ ਰਿਹਾਈ ਸਬੰਧੀ ਹੁਕਮ ਜਾਰੀ ਕੀਤੇ।



ਧਨੇਰ ਪਿਛਲੇ ਤਕਰੀਬਨ ਡੇਢ ਮਹੀਨੇ ਤੋਂ ਬਰਨਾਲਾ ਦੀ ਸਬ ਜੇਲ੍ਹ ਵਿਚ ਬੰਦ ਸੀ ਤੇ ਖੱਬੇ ਪੱਖੀ ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਨੇ ਬਰਨਾਲਾ ਜੇਲ੍ਹ ਦੇ ਸਾਹਮਣੇ ਪੱਕਾ ਮੋਰਚਾ ਲਾ ਕੇ ਧਨੇਰ ਦੀ ਰਿਹਾਈ ਲਈ ਸੰਘਰਸ਼ ਭਖਾਇਆ ਹੋਇਆ ਸੀ। ਇਸ ਨਾਲ ਸਰਕਾਰ ਦੀ ਹਾਲਤ ਕਸੂਤੀ ਬਣੀ ਹੋਈ ਸੀ। ਰਾਜਪਾਲ ਦੇ ਫੈਸਲੇ ਤੋਂ ਬਾਅਦ ਸਰਕਾਰ ਨੂੰ ਵੀ ਸੁਖ ਦਾ ਸਾਹ ਆਇਆ ਹੈ।

ਬਰਨਾਲਾ ਦੀਆਂ ਕਚਹਿਰੀਆਂ ਵਿਚ 3 ਮਾਰਚ 2001 ਨੂੰ ਦਲੀਪ ਸਿੰਘ ਨਾਮੀ ਵਿਅਕਤੀ ਦੇ ਹੋਏ ਕਤਲ ਦੇ ਮਾਮਲੇ ਵਿਚ ਮਨਜੀਤ ਸਿੰਘ ਧਨੇਰ, ਨਰਾਇਣ ਦੱਤ ਅਤੇ ਮਾਸਟਰ ਪ੍ਰੇਮ ਕੁਮਾਰ ਨੂੰ ਪੁਲਿਸ ਵੱਲੋਂ ਨਾਮਜ਼ਦ ਕੀਤਾ ਗਿਆ ਸੀ। ਬਰਨਾਲਾ ਦੀ ਸੈਸ਼ਨ ਕੋਰਟ ਵੱਲੋਂ ਉਕਤ ਤਿੰਨਾਂ ਆਗੂਆਂ ਨੂੰ ਸਜ਼ਾ ਸੁਣਾਈ ਗਈ ਸੀ।

ਕਿਰਨਜੀਤ ਕੌਰ ਐਕਸ਼ਨ ਕਮੇਟੀ ਦੇ ਉਕਤ ਤਿੰਨੋਂ ਮੋਹਰੀ ਆਗੂਆਂ ਦੇ ਮਾਮਲੇ ਦਾ ਰੋਚਕ ਪਹਿਲੂ ਇਹ ਵੀ ਹੈ ਕਿ ਪੰਜਾਬ ਸਰਕਾਰ ਦੀ ਸਿਫਾਰਸ਼ ਉਤੇ ਰਾਜਪਾਲ ਵੱਲੋਂ ਸਾਲ 2008 ਵਿਚ ਨਰਾਇਣ ਦੱਤ, ਮਨਜੀਤ ਧਨੇਰ ਅਤੇ ਮਾਸਟਰ ਪ੍ਰੇਮ ਕੁਮਾਰ ਦੀ ਸਜ਼ਾ ਮੁਆਫ ਕਰ ਦਿੱਤੀ ਗਈ ਸੀ ਪਰ ਹਾਈ ਕੋਰਟ ਨੇ ਰਾਜਪਾਲ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਸੀ। ਹਾਈ ਕੋਰਟ ਦੇ ਫੈਸਲੇ ਕਾਰਨ ਹੀ ਮਨਜੀਤ ਸਿੰਘ ਧਨੇਰ ਦੀਆਂ ਮੁਸ਼ਕਲਾਂ ਵਧ ਗਈਆਂ ਸਨ ਤੇ ਐਕਸ਼ਨ ਕਮੇਟੀ ਵੱਲੋਂ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਸੀ। ਐਕਸ਼ਨ ਕਮੇਟੀ ਨੇ ਹਾਈ ਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਵੀ ਚੁਣੌਤੀ ਦਿੱਤੀ ਪਰ ਉਥੋਂ ਵੀ ਨਿਰਾਸ਼ਾ ਹੀ ਪੱਲੇ ਪਈ ਸੀ। ਸੁਪਰੀਮ ਕੋਰਟ ਨੇ 3 ਸਤੰਬਰ ਨੂੰ ਮਨਜੀਤ ਸਿੰਘ ਧਨੇਰ ਦੀ ਅਪੀਲ ਖਾਰਜ ਕਰਦਿਆਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸੁਣਾਈ ਉਮਰ ਕੈਦ ਦੀ ਸਜ਼ਾ ਬਹਾਲ ਰੱਖੀ ਸੀ।

ਜ਼ਿਕਰਯੋਗ ਹੈ ਕਿ ਬਰਨਾਲਾ ਜ਼ਿਲ੍ਹੇ ਦੇ ਪਿੰਡ ਮਹਿਲ ਕਲਾਂ ਦੇ ਅਧਿਆਪਕ ਦਰਸ਼ਨ ਸਿੰਘ ਦੀ ਧੀ ਕਿਰਨਜੀਤ ਕੌਰ ਨੂੰ 29 ਜੁਲਾਈ 1997 ਨੂੰ ਕਾਲਜ ਤੋਂ ਵਾਪਸ ਪਰਤਦਿਆਂ ਅਗਵਾ ਕਰ ਕੇ ਸਮੂਹਿਕ ਬਲਾਤਕਾਰ ਕਰਨ ਤੋਂ ਬਾਅਦ ਕਤਲ ਕਰ ਕੇ ਲਾਸ਼ ਨੂੰ ਖੇਤਾਂ ਵਿਚ ਦੱਬ ਦਿੱਤਾ ਗਿਆ ਸੀ। ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਮਹਿਲ ਕਲਾਂ ਦੇ ਚਰਚਿਤ ਪਰਿਵਾਰ ਨਾਲ ਸਬੰਧਤ 'ਕਾਕਿਆਂ' ਉਪਰ ਅਗਵਾ, ਕਤਲ ਅਤੇ ਬਲਾਤਕਾਰ ਦੇ ਦੋਸ਼ ਲੱਗੇ। ਐਕਸ਼ਨ ਕਮੇਟੀ ਦੀ ਅਗਵਾਈ ਹੇਠ ਚੱਲੇ ਸੰਘਰਸ਼ ਦੀ ਬਦੌਲਤ ਹੀ ਕਿਰਨਜੀਤ ਦੇ ਅਸਲ ਦੋਸ਼ੀਆਂ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਸੀ।

ਉਧਰ, ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਕਿਸਾਨ ਆਗੂ ਮਨਜੀਤ ਸਿੰਘ ਧਨੇਰ ਦੀ ਸਜ਼ਾ ਮੁਆਫੀ ਨੂੰ ਲੋਕਾਂ ਦੇ ਇਕਜੁੱਟ ਸੰਘਰਸ਼ ਦੀ ਜਿੱਤ ਕਰਾਰ ਦਿੱਤਾ ਹੈ। ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ, ਬਰਨਾਲਾ ਤੋਂ ਵਿਧਾਇਕ ਮੀਤ ਹੇਅਰ, ਮਹਿਲ ਕਲਾਂ ਤੋਂ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਅਤੇ ਸੂਬਾ ਜਨਰਲ ਸਕੱਤਰ ਮਾਸਟਰ ਪ੍ਰੇਮ ਕੁਮਾਰ ਨੇ ਕਿਹਾ ਕਿ ਲੋਕਾਂ ਦੇ ਸੰਘਰਸ਼ ਅਤੇ ਸੱਚ ਦੀ ਜਿੱਤ ਹੋਈ ਹੈ। ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸੱਚ ਅਤੇ ਇਨਸਾਫ ਲਈ ਸੂਬੇ ਦੇ ਲੋਕਾਂ ਅਤੇ ਖਾਸਕਰ ਕਿਸਾਨਾਂ ਦਾ ਇਮਤਿਹਾਨ ਲੈਣ ਦੀ ਥਾਂ ਸੂਬਾ ਸਰਕਾਰ ਨੂੰ ਇਹ ਫੈਸਲਾ ਪਹਿਲਾਂ ਹੀ ਲੈ ਲੈਣਾ ਚਾਹੀਦਾ ਸੀ।

## ਰਾਮ ਰਹੀਮ ਦੀ ਦੋ ਕੇਸਾਂ 'ਚ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ

**ਪੰਚਕੂਲਾ:** ਸੀ.ਬੀ.ਆਈ. ਅਦਾਲਤ ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੋ ਵੱਖ-ਵੱਖ ਮਾਮਲਿਆਂ ਵਿਚ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਹੋਇਆ। ਡੇਰੇ ਵਿਚ 400 ਸਾਧੂਆਂ ਨੂੰ ਨਿਪੁੰਸਕ ਬਣਾਏ ਜਾਣ ਦੇ ਮਾਮਲੇ ਵਿਚ ਸੀ.ਬੀ.ਆਈ. ਅਦਾਲਤ ਵਿਚ ਸੁਣਵਾਈ ਹੋਈ।

ਡੇਰਾ ਮੁਖੀ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਹੋਇਆ ਜਦਕਿ ਇਸ ਮਾਮਲੇ ਨਾਲ ਜੁੜੇ ਦੋ ਮੁਲਜ਼ਮ ਪੰਕਜ ਗਰਗ ਅਤੇ ਐਮ.ਪੀ. ਸਿੰਘ ਪ੍ਰਤੱਖ ਰੂਪ 'ਚ ਕੋਰਟ ਵਿਚ ਪੇਸ਼ ਹੋਏ। ਸੀ. ਬੀ. ਆਈ. ਵੱਲੋਂ ਹਾਈ ਕੋਰਟ ਵਿਚ ਦਾਖਲ ਪਟੀਸ਼ਨ ਉਤੇ ਫੈਸਲਾ ਵਿਚਾਰ ਅਧੀਨ ਹੋਣ ਕਾਰਨ ਇਸ ਮਾਮਲੇ ਬਾਰੇ ਕੋਈ ਕਾਰਵਾਈ ਨਹੀਂ ਹੋਈ। ਸੀ. ਬੀ. ਆਈ. ਅਦਾਲਤ ਵਿਚ ਇਸ ਮਾਮਲੇ ਬਾਰੇ ਅਗਲੀ ਸੁਣਵਾਈ 18 ਦਸੰਬਰ ਨੂੰ ਹੋਵੇਗੀ। ਰਣਜੀਤ ਸਿੰਘ ਹੱਤਿਆ ਕਾਂਡ ਨਾਲ ਜੁੜੇ ਇਕ ਹੋਰ ਮਾਮਲੇ ਵਿਚ ਸੀ.ਬੀ.ਆਈ. ਅਦਾਲਤ ਵਿਚ ਸੁਣਵਾਈ ਹੋਈ। ਇਸ ਕੇਸ ਵਿਚ ਵੀ ਡੇਰਾ ਮੁਖੀ ਅਤੇ ਇਕ ਹੋਰ ਮੁਲਜ਼ਮ ਕ੍ਰਿਸ਼ਨ ਲਾਲ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਹੋਏ ਜਦਕਿ ਦੋ ਹੋਰ ਮੁਲਜ਼ਮ ਪ੍ਰਤੱਖ ਰੂਪ 'ਚ ਸ਼ਾਮਲ ਹੋਏ। ਇਸ ਕੇਸ ਬਾਰੇ 30 ਨਵੰਬਰ ਨੂੰ ਅੰਤਿਮ ਬਹਿਸ ਹੋਵੇਗੀ।

# ਆਈ.ਜੀ. ਉਮਰਾਨੰਗਲ ਦੀਆਂ ਦਰਖਾਸਤਾਂ ਖਾਰਜ

**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਸਬੰਧੀ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਵੱਲੋਂ ਵਿਸ਼ੇਸ਼ ਜਾਂਚ ਟੀਮ ਖਿਲਾਫ ਕਾਰਵਾਈ ਦੀ ਮੰਗ ਸਬੰਧੀ ਦਿੱਤੀਆਂ ਦਰਖਾਸਤਾਂ ਨੂੰ ਅਦਾਲਤ ਨੇ ਖਾਰਜ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ ਕੋਟਕਪੂਰਾ ਗੋਲੀ ਕਾਂਡ ਸਬੰਧੀ ਅਦਾਲਤ ਵਿਚ ਦੋਸ਼ ਪੱਤਰ ਪੇਸ਼ ਕੀਤੇ ਜਾਣ ਤੋਂ ਬਾਅਦ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਨੇ ਵਿਸ਼ੇਸ਼ ਜਾਂਚ ਟੀਮ ਦੀ ਜਾਂਚ ਪ੍ਰਕਿਰਿਆ ਉਤੇ ਸਵਾਲ ਉਠਾਉਂਦਿਆਂ ਅਦਾਲਤ ਵਿਚ ਲਿਖਤੀ ਦਰਖਾਸਤ ਦੇ ਕੇ ਜਾਂਚ ਟੀਮ ਖਿਲਾਫ ਕਾਰਵਾਈ ਦੀ ਮੰਗ ਕੀਤੀ ਸੀ।



ਇਸ ਤੋਂ ਇਲਾਵਾ ਉਮਰਾਨੰਗਲ ਨੇ ਅਦਾਲਤ ਰਾਹੀਂ ਜਾਂਚ ਟੀਮ ਤੋਂ ਕੁਝ ਦਸਤਾਵੇਜ਼ਾਂ ਦੀ ਵੀ ਮੰਗ ਕੀਤੀ ਸੀ। ਸੈਸ਼ਨ ਜੱਜ ਹਰਪਾਲ ਸਿੰਘ ਨੇ ਇਨ੍ਹਾਂ ਦਰਖਾਸਤਾਂ ਉਤੇ ਬਹਿਸ ਸੁਣੀ। ਵਿਸ਼ੇਸ਼ ਜਾਂਚ ਟੀਮ ਵੱਲੋਂ ਪੇਸ਼ ਹੋਏ ਜ਼ਿਲ੍ਹਾ ਅਟਾਰਨੀ ਰਜਨੀਸ਼ ਗੋਇਲ ਨੇ ਕਿਹਾ ਕਿ ਜਾਂਚ ਟੀਮ ਨੇ ਨਿਰਪੱਖ ਅਤੇ ਕਾਨੂੰਨੀ ਤਰੀਕੇ ਨਾਲ ਪੜਤਾਲ ਕੀਤੀ ਹੈ ਅਤੇ ਹਾਲ ਦੀ ਘੜੀ ਮੁਲਜ਼ਮ ਵਜੋਂ ਨਾਮਜ਼ਦ ਹੋਏ ਪੁਲਿਸ ਅਧਿਕਾਰੀਆਂ ਨੂੰ ਪੁਲਿਸ ਦੀ ਜਾਂਚ ਰਿਪੋਰਟ ਉਪਰ ਇਤਰਾਜ਼ ਕਰਨ ਦਾ ਅਧਿਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਜਾਂਚ ਟੀਮ ਮੁਕੰਮਲ ਰਿਕਾਰਡ ਪਹਿਲਾਂ ਹੀ ਅਦਾਲਤ ਸਾਹਮਣੇ ਪੇਸ਼ ਕਰ ਚੁੱਕੀ ਹੈ ਅਤੇ ਕਾਨੂੰਨ ਮੁਤਾਬਕ ਇਸ ਦੀਆਂ ਨਕਲਾਂ ਇਸ ਮਾਮਲੇ ਵਿਚ ਨਾਮਜ਼ਦ ਮੁਲਜ਼ਮਾਂ ਨੂੰ ਹੀ ਦਿੱਤੀਆਂ ਗਈਆਂ ਹਨ।

ਬਹਿਸ ਮੁਕੰਮਲ ਹੋਣ ਤੋਂ ਬਾਅਦ ਅਦਾਲਤ ਨੇ ਪੁਲਿਸ ਅਧਿਕਾਰੀਆਂ ਦੀਆਂ ਇਨ੍ਹਾਂ ਦਰਖਾਸਤਾਂ ਨੂੰ ਖਾਰਜ ਕਰ ਦਿੱਤਾ। ਅਦਾਲਤ 29 ਨਵੰਬਰ ਨੂੰ ਦੋਸ਼ ਆਇਦ ਕਰਨ ਦੇ ਮੁੱਦੇ ਉਤੇ ਵਿਸ਼ੇਸ਼ ਜਾਂਚ ਟੀਮ, ਪੰਜਾਬ ਸਰਕਾਰ ਅਤੇ ਇਸ ਮਾਮਲੇ ਵਿਚ ਨਾਮਜ਼ਦ ਪੁਲਿਸ ਅਧਿਕਾਰੀਆਂ ਦਾ ਪੱਖ ਸੁਣੇਗੀ। ਕੋਟਕਪੂਰਾ ਗੋਲੀ ਕਾਂਡ ਵਿਚ ਆਈ.ਜੀ. ਉਮਰਾਨੰਗਲ, ਮਨਤਾਰ ਸਿੰਘ ਬਰਾੜ, ਚਰਨਜੀਤ ਸ਼ਰਮਾ, ਇੰਸਪੈਕਟਰ ਗੁਰਦੀਪ ਸਿੰਘ ਪੰਧੇਰ, ਐਸ.ਪੀ. ਬਲਜੀਤ ਸਿੰਘ ਸਿੱਧੂ ਅਤੇ ਐਸ.ਪੀ. ਪਰਮਜੀਤ ਸਿੰਘ ਦੋਸ਼ੀ ਵਜੋਂ ਨਾਮਜ਼ਦ ਕੀਤੇ ਗਏ ਹਨ।

# ਕਿਸਾਨਾਂ ਦੇ ਕਰੋੜਾਂ ਰੁਪਏ ਦੱਬੀ ਬੈਠੀਆਂ ਨੇ ਖੰਡ ਮਿੱਲਾਂ

**ਚੰਡੀਗੜ੍ਹ:** ਪੰਜਾਬ ਵਿਚਲੀਆਂ 9 ਸਹਿਕਾਰੀ ਤੇ 7 ਨਿੱਜੀ ਖੰਡ ਮਿੱਲਾਂ ਵੱਲੋਂ ਅਗਲੇ ਕੁਝ ਦਿਨਾਂ ਤੱਕ ਪਿੜਾਈ ਸੀਜ਼ਨ ਸ਼ੁਰੂ ਕੀਤਾ ਜਾ ਰਿਹਾ ਹੈ ਪਰ ਇਨ੍ਹਾਂ ਮਿੱਲਾਂ ਵੱਲ ਕਿਸਾਨਾਂ ਦਾ ਪਿਛਲੇ ਸੀਜ਼ਨ ਦਾ ਕਰੋੜਾਂ ਰੁਪਏ ਦੇ ਗੰਨੇ ਦੀ ਅਦਾਇਗੀ ਦਾ ਬਕਾਇਆ ਅਜੇ ਵੀ ਬਾਕੀ ਹੈ, ਜਿਸ ਨੂੰ ਲੈਣ ਲਈ ਕਿਸਾਨ ਕਈ ਵਾਰ ਧਰਨੇ ਮੁਜ਼ਾਹਰੇ ਤੇ ਆਵਾਜਾਈ ਰੋਕਣ ਵਰਗੇ ਫੈਸਲੇ ਲੈ ਚੁੱਕੇ ਹਨ।

ਇਸ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਨਾ ਤਾਂ ਸਹਿਕਾਰੀ ਮਿੱਲਾਂ ਵੱਲ ਫਸੀ ਬਕਾਇਆ ਰਾਸ਼ੀ ਜਾਰੀ ਕੀਤੀ ਗਈ ਤੇ ਨਾ ਹੀ ਨਿੱਜੀ ਖੰਡ ਮਿੱਲਾਂ ਉਤੇ ਅਦਾਇਗੀ ਕਰਵਾਉਣ ਲਈ ਕੋਈ ਦਬਾਅ ਬਣਾਇਆ ਗਿਆ। ਜੇਕਰ ਇਨ੍ਹਾਂ ਬਕਾਇਆ ਪੈਸਿਆਂ ਦੀ ਗੱਲ ਕਰੀਏ ਤਾਂ ਇਕੱਲਾ ਸਹਿਕਾਰੀ ਖੰਡ ਮਿੱਲਾਂ ਵੱਲ ਕਿਸਾਨਾਂ ਦਾ ਲਗਭਗ 185 ਕਰੋੜ ਰੁਪਏ ਬਕਾਇਆ ਅਜੇ ਖੜ੍ਹਾ ਹੈ। ਇਸੇ ਤਰ੍ਹਾਂ ਲਗਭਗ 225 ਕਰੋੜ ਰੁਪਏ ਨਿੱਜੀ ਖੰਡ ਮਿੱਲਾਂ ਵੀ ਕਿਸਾਨਾਂ ਦੇ ਦੱਬੀ ਬੈਠੀਆਂ ਹਨ। ਇਥੋਂ ਤੱਕ ਕਿ ਕੁਝ ਸਹਿਕਾਰੀ ਖੰਡ ਮਿੱਲਾਂ ਵੱਲ 17-18 ਗੰਨੇ ਦੇ ਸੀਜ਼ਨ ਦਾ ਕਰੋੜਾਂ ਦਾ ਬਕਾਇਆ ਵੀ ਅੱਜ ਤੱਕ ਕਿਸਾਨਾਂ ਨੂੰ ਜਾਰੀ ਨਹੀਂ ਕੀਤਾ ਗਿਆ। ਜਾਣਕਾਰੀ ਮੁਤਾਬਕ 25 ਰੁਪਏ ਪ੍ਰਤੀ ਕੁਇੰਟਲ ਜਿਹੜੇ ਸਰਕਾਰ ਵੱਲੋਂ ਦਿੱਤੇ ਜਾਣੇ ਹਨ, ਇਕ ਨਿੱਜੀ ਖੰਡ ਮਿੱਲ ਵੱਲ ਕਰੋੜਾਂ ਦਾ ਅਜਿਹਾ ਬਕਾਇਆ ਵੀ ਅਜੇ ਬਾਕੀ ਹੈ।

ਇਹੀ ਕਾਰਨ ਹੈ ਕਿ ਕਣਕ, ਝੋਨੇ ਦੇ ਬਦਲ ਵਜੋਂ ਕਿਸਾਨਾਂ ਵੱਲੋਂ ਸ਼ੁਰੂ ਕੀਤੀ ਗੰਨੇ ਦੀ ਖੇਤੀ ਵੀ ਸਮੇਂ ਸਿਰ ਅਦਾਇਗੀ ਨਾ ਹੋਣ ਕਾਰਨ ਤੇ ਮਿੱਲਾਂ ਵੱਲੋਂ ਕੀਤੀ ਜਾਂਦੀ ਖੱਜਲ ਖੁਆਰੀ ਕਾਰਨ ਇਸ ਸਾਲ 30 ਫੀਸਦੀ ਘੱਟ ਗਈ ਹੈ। ਮਿੱਲਾਂ ਵੱਲੋਂ ਅਦਾਇਗੀ ਨਾ ਕਰਨ ਕਰਕੇ ਗੰਨਾ ਕਿਸਾਨਾਂ ਦੀ ਆਰਥਿਕ ਹਾਲਤ ਇੰਨੀ ਪਤਲੀ ਹੋ ਚੁੱਕੀ ਹੈ ਕਿ ਕਿਸਾਨ ਹੋਰ ਫਸਲਾਂ ਬੀਜਣ ਤੇ ਸਾਂਭ-ਸੰਭਾਲ ਦੇ ਵੀ ਅਸਮਰਥ ਹੁੰਦੇ ਜਾ ਰਹੇ ਹਨ। ਗੁਰਦਾਸਪੁਰ ਦਾ ਸਰਹੱਦੀ ਖੇਤਰ ਜਿਥੇ ਜ਼ਿਆਦਾਤਰ ਗੰਨੇ ਦੀ ਖੇਤੀ ਉਤੇ ਹੀ ਕਿਸਾਨ ਨਿਰਭਰ ਹਨ।

# ਮਾਲਵਿੰਦਰ ਤੇ ਸ਼ਿਵਇੰਦਰ ਸਿੰਘ ਅਦਾਲਤੀ ਤੌਹੀਨ ਦੇ ਦੋਸ਼ੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਰੈਨਬੈਕਸੀ ਦੇ ਸਾਬਕਾ ਪ੍ਰਮੋਟਰ ਮਾਲਵਿੰਦਰ ਸਿੰਘ ਤੇ ਸ਼ਿਵਇੰਦਰ ਸਿੰਘ ਨੂੰ ਅਦਾਲਤੀ ਹੁਕਮਾਂ ਦੀ ਉਲੰਘਣਾ ਕਰਨ ਦਾ ਦੋਸ਼ੀ ਪਾਇਆ। ਅਦਾਲਤ ਨੇ ਇਨ੍ਹਾਂ ਦੋਹਾਂ ਨੂੰ ਫੋਰਟਿਸ ਹੈਲਥਕੇਅਰ ਲਿਮਿਟਡ ਵਿਚ ਉਨ੍ਹਾਂ ਦੇ ਕੰਟਰੋਲ ਵਾਲੇ ਸ਼ੇਅਰ ਨਾ ਵੇਚਣ ਲਈ ਕਿਹਾ ਸੀ ਪਰ ਉਨ੍ਹਾਂ ਨੇ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਦਿਆਂ ਆਪਣੇ ਸ਼ੇਅਰ ਮਲੇਸ਼ੀਆ ਦੀ ਇਕ ਕੰਪਨੀ ਨੂੰ ਵੇਚ ਦਿੱਤੇ।




ਇਸ ਤੋਂ ਪਹਿਲਾਂ ਸਿਖਰਲੀ ਅਦਾਲਤ ਨੇ ਦੋਵੇਂ ਭਰਾਵਾਂ ਨੂੰ ਉਨ੍ਹਾਂ ਦੀ ਯੋਜਨਾ ਬਾਰੇ ਪੁੱਛਿਆ ਸੀ ਕਿ ਉਹ ਸਿੰਗਾਪੁਰ ਦੇ ਟ੍ਰਿਬਿਊਨਲ ਵੱਲੋਂ ਦਵਾਈਆਂ ਬਣਾਉਣ ਵਾਲੀ ਜਪਾਨੀ ਕੰਪਨੀ ਦਾਇਚੀ ਸੈਂਕਿਓ ਦੇ ਹੱਕ ਵਿਚ ਸੁਣਾਏ ਗਏ ਫੈਸਲੇ ਤਹਿਤ 3500 ਕਰੋੜ ਰੁਪਏ ਦਾ ਭੁਗਤਾਨ ਕਿਵੇਂ ਕਰਨਗੇ। ਚੀਫ ਜਸਟਿਸ ਰੰਜਨ ਗੋਗੋਈ ਤੇ ਜਸਟਿਸ ਦੀਪਕ ਗੁਪਤਾ ਦੇ ਬੈਂਚ ਨੇ ਦੋਵੇਂ ਭਰਾਵਾਂ ਨੂੰ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਦਾ ਦੋਸ਼ੀ ਪਾਇਆ ਅਤੇ ਕਿਹਾ ਕਿ ਉਨ੍ਹਾਂ ਨੇ ਇਸ ਅਦਾਲਤ ਵੱਲੋਂ ਪਹਿਲਾਂ ਸੁਣਾਏ ਗਏ ਹੁਕਮਾਂ ਦੀ ਉਲੰਘਣਾ ਕੀਤੀ ਹੈ ਜਿਸ ਤਹਿਤ ਉਨ੍ਹਾਂ ਨੂੰ ਫੋਰਟਿਸ ਸਮੂਹ 'ਚ ਉਨ੍ਹਾਂ ਦੇ ਕੰਟਰੋਲ ਵਾਲੇ ਸ਼ੇਅਰ ਮਲੇਸ਼ੀਆ ਦੀ ਕੰਪਨੀ ਆਈ.ਐਚ.ਐਚ. ਹੈਲਥਕੇਅਰ ਨੂੰ ਨਾ ਵੇਚਣ ਲਈ ਕਿਹਾ ਗਿਆ ਸੀ। ਬੈਂਚ ਨੇ ਕਿਹਾ ਕਿ ਸਜ਼ਾ ਸੁਣਾਏ ਜਾਣ ਵੇਲੇ ਸਿੰਘ ਭਰਾਵਾਂ ਦਾ ਪੱਖ ਸੁਣਿਆ ਜਾਵੇਗਾ।

ਜ਼ਿਕਰਯੋਗ ਹੈ ਕਿ ਜਪਾਨੀ ਕੰਪਨੀ ਦਾਇਚੀ ਸੈਂਕਿਓ ਨੇ ਮਾਲਵਿੰਦਰ ਸਿੰਘ ਤੇ ਸ਼ਿਵਇੰਦਰ ਸਿੰਘ ਖਿਲਾਫ ਹੁਕਮਾਂ ਦੀ ਉਲੰਘਣਾ ਦੇ ਦੋਸ਼ ਹੇਠ ਪਟੀਸ਼ਨ ਦਾਇਰ ਕਰ ਕੇ ਦੋਸ਼ ਲਾਇਆ ਸੀ ਕਿ ਸਿੰਗਾਪੁਰ ਦੇ ਟ੍ਰਿਬਿਊਨਲ ਵੱਲੋਂ ਉਨ੍ਹਾਂ ਦੇ ਹੱਕ 'ਚ ਸੁਣਾਇਆ ਗਿਆ ਫੈਸਲਾ ਹੁਣ ਸੰਕਟ 'ਚ ਹੈ ਕਿਉਂਕਿ ਸਿੰਘ ਭਰਾਵਾਂ ਨੇ ਅਦਾਲਤੀ ਰੋਕ ਦੇ ਬਾਵਜੂਦ ਫੋਰਟਿਸ ਸਮੂਹ 'ਚ ਉਨ੍ਹਾਂ ਦੇ ਕੰਟਰੋਲ ਵਾਲੇ ਮਲੇਸ਼ੀਆ ਦੀ ਫਰਮ ਨੂੰ ਵੇਚ ਦਿੱਤੇ ਹਨ।

## ਸਿਰਸਾ ਵੱਲੋਂ ਸਰਨਾ ਅਤੇ ਜੀ. ਕੇ. ਖਿਲਾਫ ਅਕਾਲ ਤਖਤ ਨੂੰ ਸ਼ਿਕਾਇਤ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਨਗਰ ਕੀਰਤਨ 'ਚ ਝਾਕੀਆਂ ਦੇ ਮੁੱਦੇ ਨੂੰ ਲੈ ਕੇ ਹੋਏ ਵਿਵਾਦ ਸਬੰਧੀ ਮਾਮਲੇ 'ਚ ਅਕਾਲ ਤਖਤ ਨੂੰ ਸ਼ਿਕਾਇਤ ਕਰ ਕੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਤੇ ਹਰਵਿੰਦਰ ਸਿੰਘ ਸਰਨਾ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ।

ਸਿਰਸਾ ਨੇ ਆਪਣੀ ਸ਼ਿਕਾਇਤ 'ਚ ਕਿਹਾ ਕਿ ਸਰਨਾ ਤੇ ਜੀ.ਕੇ. ਨੇ ਰਲ ਕੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਨਾਮ ਜਪੋ, ਕਿਰਤ ਕਰੋ, ਵੰਡ ਛਕੋ ਦਾ ਸੁਨੇਹਾ ਦਿੰਦੀ ਝਾਕੀ 'ਚ ਨਾਮ ਜਪ ਰਹੇ ਗੁਰਸਿੱਖ ਨੂੰ ਗੁਰੂ ਨਾਨਕ ਸਾਹਿਬ ਦੱਸ ਕੇ ਗੁਰੂ ਸਾਹਿਬ ਬਾਰੇ ਕੂੜ ਪ੍ਰਚਾਰ ਕਰਨ ਦਾ ਘੋਰ ਅਪਰਾਧ ਕੀਤਾ ਹੈ, ਜੋ ਕਿਸੇ ਵੀ ਸਿੱਖ ਨੂੰ ਬਰਦਾਸ਼ਤ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਇਨ੍ਹਾਂ ਨੇ ਦਿੱਲੀ ਕਮੇਟੀ ਦੇ ਅਕਸ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ, ਇਸ ਲਈ ਇਨ੍ਹਾਂ ਖਿਲਾਫ ਢੁਕਵੀਂ ਕਾਰਵਾਈ ਕੀਤੀ ਜਾਵੇ।

# ਨੌਜਵਾਨ ਨੇ ਹਵਾਲਾਤ 'ਚ ਫਾਹਾ ਲਿਆ

**ਮੋਗਾ:** ਥਾਣਾ ਸਿਟੀ ਦੀ ਹਵਾਲਾਤ ਵਿਚ ਬੰਦ ਨੌਜਵਾਨ ਫਿਲਿਪ ਮਸੀਹ ਉਰਫ ਨਿੱਕੂ ਨੇ ਫਾਹਾ ਲੈ ਲਿਆ। ਇਹ ਪੂਰੀ ਘਟਨਾ ਥਾਣੇ ਵਿਚ ਲੱਗੇ ਸੀ.ਸੀ.ਟੀ.ਵੀ. ਕੈਮਰੇ ਵਿਚ ਕੈਦ ਹੋ ਗਈ ਹੈ। ਮੋਗਾ ਦੇ ਸੂਰਜ ਨਗਰ ਵਾਸੀ ਫਿਲਿਪ ਨੂੰ ਪੁਲਿਸ ਦੇ ਸੀਨੀਅਰ ਅਧਿਕਾਰੀ ਦੇ ਪਿਤਾ ਦੀ ਮਾਲਕੀ ਵਾਲੀ ਗੈਸ ਏਜੰਸੀ ਵਿਚੋਂ ਨਕਦੀ ਅਤੇ ਮੋਬਾਈਲ ਚੋਰੀ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਸੀ।

ਨੌਜਵਾਨ ਨੇ ਕੰਬਲ ਕੱਟ ਕੇ ਲਾਕਅਪ ਦੀਆਂ ਸਲਾਖਾਂ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ। ਹਵਾਲਾਤ ਵਿਚ ਹਫੜਾ-ਦਫੜੀ ਦਾ ਮਾਹੌਲ ਬਣਨ ਦਾ ਲਾਭ ਉਠਾਉਂਦਿਆਂ ਉਥੇ ਬੰਦ ਇਕ ਹੋਰ ਮੁਲਜ਼ਮ ਫਰਾਰ ਹੋ ਗਿਆ। ਮ੍ਰਿਤਕ ਨੌਜਵਾਨ ਦੀ ਮਾਂ ਨੇ ਦੋਸ਼ ਲਾਇਆ ਕਿ ਪੁਲਿਸ ਨੇ ਪੁੱਤਰ ਨੂੰ ਰੋਟੀ ਦੇਣ ਲਈ ਇਕ ਹਜ਼ਾਰ ਰੁਪਏ ਦੀ ਮੰਗ ਕੀਤੀ ਸੀ। ਉਧਰ ਪੁਲਿਸ ਅਧਿਕਾਰੀ ਸੀ. ਸੀ. ਟੀ.ਵੀ. ਕੈਮਰੇ ਦੀ ਫੁਟੇਜ ਦਿਖਾ ਕੇ ਆਪਣੇ ਬੇਕਸੂਰ ਹੋਣ ਦਾ ਦਾਅਵਾ ਕਰ ਰਹੇ ਹਨ। ਸੀ.ਸੀ.ਟੀ.ਵੀ. ਦੀ ਫੁਟੇਜ ਮੁਤਾਬਕ ਖੁਦਕੁਸ਼ੀ ਦੀ ਘਟਨਾ ਸਵੇਰੇ 4.35 ਵਜੇ ਵਾਪਰੀ ਹੈ।

ਚੀਫ ਜੁਡੀਸ਼ਲ ਮੈਜਿਸਟਰੇਟ ਅਮਨਦੀਪ ਕੌਰ ਚਾਹਲ ਨੇ ਵੀ ਹਵਾਲਾਤ ਦਾ ਮੌਕਾ ਮੁਆਇਨਾ ਕੀਤਾ ਅਤੇ ਘਟਨਾ ਸਮੇਂ ਡਿਊਟੀ ਉਤੇ ਤਾਇਨਾਤ ਪੁਲਿਸ ਮੁਲਾਜ਼ਮਾਂ ਤੋਂ ਪੁੱਛ-ਪੜਤਾਲ ਕਰਕੇ ਉਨ੍ਹਾਂ ਦੇ ਬਿਆਨ ਦਰਜ ਕੀਤੇ। ਪੁਲਿਸ ਮੁਤਾਬਕ ਸਥਾਨਕ ਹਰਗੋਬਿੰਦ ਗੈਸ ਏਜੰਸੀ ਵਿਚ ਇਸ ਵਰ੍ਹੇ ਪਹਿਲੀ ਜੂਨ ਨੂੰ ਚੋਰੀ ਹੋ ਗਈ ਸੀ। ਥਾਣਾ ਸਿਟੀ ਪੁਲਿਸ ਨੇ 2 ਸਤੰਬਰ ਨੂੰ ਗੈਸ ਏਜੰਸੀ ਮਾਲਕ ਹਜ਼ੂਰਾ ਸਿੰਘ ਦੀ ਸ਼ਿਕਾਇਤ ਉਤੇ ਅਣਪਛਾਤੇ ਮੁਲਜ਼ਮਾਂ ਖਿਲਾਫ 16 ਹਜ਼ਾਰ ਦੀ ਨਕਦੀ ਤੇ ਦੋ ਮੋਬਾਈਲ ਫੋਨ ਚੋਰੀ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਸੀ। ਬਾਅਦ ਵਿਚ ਪੁਲਿਸ ਨੇ ਨਿੱਕੂ ਨੂੰ ਨਾਮਜ਼ਦ ਕਰਕੇ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਸੀ।

## ਹਾਦਸੇ ਵਿਚ ਪੰਜਾਬੀ ਨੌਜਵਾਨ ਦੀ ਮੌਤ

**ਨਡਾਲਾ:** ਕੈਲੀਫੋਰਨੀਆ 'ਚ ਸੜਕ ਹਾਦਸੇ ਵਿਚ ਪਿੰਡ ਮਿਰਜ਼ਾਪੁਰ ਵਾਸੀ ਨੌਜਵਾਨ ਸ਼ਰਨਜੀਤ ਸਿੰਘ (21) ਪੁੱਤਰ ਜਸਵਿੰਦਰ ਸਿੰਘ ਦੀ ਮੌਤ ਹੋ ਗਈ ਹੈ। ਉਹ ਟਰਾਲੇ 'ਤੇ ਸਾਮਾਨ ਲੈ ਕੇ ਆਪਣੇ ਸਾਥੀ ਨਾਲ ਮੈਕਸੀਕੋ ਜਾ ਰਿਹਾ ਸੀ ਤਾਂ ਅੱਗੇ ਜਾ ਰਹੇ ਟਰਾਲੇ ਨਾਲ ਉਨ੍ਹਾਂ ਦਾ ਟਰਾਲਾ ਟਕਰਾ ਗਿਆ।

ਟਰਾਲੇ ਨੂੰ ਨਡਾਲਾ ਨਿਵਾਸੀ ਨੌਜਵਾਨ ਚਲਾ ਰਿਹਾ ਸੀ, ਜਦਕਿ ਸ਼ਰਨਜੀਤ ਸਿੰਘ ਦੂਜੇ ਪਾਸੇ ਸੁੱਤਾ ਪਿਆ ਸੀ। ਟੱਕਰ ਇੰਨੀ ਜ਼ਬਰਦਸਤ ਸੀ ਕਿ ਟਰਾਲਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਤੇ ਸ਼ਰਨਜੀਤ ਦੀ ਮੌਤ ਹੋ ਗਈ। ਉਸ ਦੇ ਪਿਤਾ ਜਸਵਿੰਦਰ ਸਿੰਘ ਨੇ ਦੱਸਿਆ ਕਿ 4 ਸਾਲ ਪਹਿਲਾਂ ਉਨ੍ਹਾਂ ਨੇ ਆਪਣੇ ਇਕਲੌਤੇ ਪੁੱਤਰ ਨੂੰ 48 ਲੱਖ ਖਰਚ ਕੇ ਅਮਰੀਕਾ ਭੇਜਿਆ ਸੀ। ਉਹ ਵਿਕਸਟੀਲ ਸਿਟੀ ਵਿਚ ਰਹਿੰਦਾ ਸੀ। ਸ਼ਰਨਜੀਤ ਨੇ ਦੋ ਕੁ ਮਹੀਨੇ ਪਿਛੋਂ ਭੈਣ ਦੇ ਵਿਆਹ 'ਤੇ ਪੰਜਾਬ ਆਉਣਾ ਸੀ।

# ਚੰਡੀਗੜ੍ਹ-ਧਰਮਸ਼ਾਲਾ ਹਵਾਈ ਉਡਾਣ ਸ਼ੁਰੂ

**ਮੁਹਾਲੀ:** ਹਵਾਈ ਯਾਤਰੀਆਂ ਨੂੰ ਇੰਟਰਨੈਸ਼ਨਲ ਏਅਰਪੋਰਟ ਅਥਾਰਟੀ ਵੱਲੋਂ ਵਿੰਟਰ ਸੀਜ਼ਨ ਦਾ ਤੋਹਫਾ ਦਿੰਦਿਆਂ ਚੰਡੀਗੜ੍ਹ-ਧਰਮਸ਼ਾਲਾ ਉਡਾਣ ਸ਼ੁਰੂ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇੰਟਰਨੈਸ਼ਨਲ ਏਅਰਪੋਰਟ ਦੇ ਪੀ.ਆਰ.ਓ. ਪ੍ਰਿੰਸੀ ਨੇ ਦੱਸਿਆ ਕਿ ਇਹ ਉਡਾਣ ਏਅਰ ਇੰਡੀਆ ਏਅਰਲਾਈਨਜ਼ ਵੱਲੋਂ ਸ਼ੁਰੂ ਕੀਤੀ ਗਈ ਹੈ, ਜੋ ਕਿ ਸਵੇਰੇ 9.15 ਵਜੇ ਧਰਮਸ਼ਾਲਾ ਤੋਂ ਚੰਡੀਗੜ੍ਹ ਪਹੁੰਚੇਗੀ ਤੇ ਚੰਡੀਗੜ੍ਹ ਤੋਂ ਧਰਮਸ਼ਾਲਾ ਲਈ 9.40 ਵਜੇ ਉਡਾਣ ਭਰੇਗੀ। ਉਨ੍ਹਾਂ ਦੱਸਿਆ ਕਿ ਇਸ ਉਡਾਣ ਦਾ ਕਿਰਾਇਆ 1698 ਰੁਪਏ ਤੋਂ ਸ਼ੁਰੂ ਹੋਵੇਗਾ ਤੇ ਇਹ ਉਡਾਣ ਹਫਤੇ ਵਿਚ 6 ਦਿਨ ਚੱਲੇਗੀ ਅਤੇ ਐਤਵਾਰ ਨੂੰ ਬੰਦ ਰਹੇਗੀ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜਸਟਿਸ ਬੋਬੜੇ ਨੇ ਭਾਰਤ ਦੇ 47ਵੇਂ ਚੀਫ ਜਸਟਿਸ ਵਜੋਂ ਹਲਫ ਲਿਆ

**ਨਵੀਂ ਦਿੱਲੀ:** ਇਤਿਹਾਸਕ ਅਯੁੱਧਿਆ ਫੈਸਲਾ ਸੁਣਾਉਣ ਵਾਲੀ ਸੰਵਿਧਾਨਕ ਬੈਂਚ 'ਚ ਸ਼ੁਮਾਰ ਜਸਟਿਸ ਸ਼ਰਦ ਅਰਵਿੰਦ ਬੋਬੜੇ (63) ਨੂੰ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਮੁਲਕ ਦੇ 47ਵੇਂ ਚੀਫ ਜਸਟਿਸ ਵਜੋਂ ਹਲਫ ਦਿਵਾਇਆ। ਜਸਟਿਸ ਰੰਜਨ ਗੋਗੋਈ ਦੇ ਸੇਵਾਮੁਕਤ ਹੋਣ ਮਗਰੋਂ ਜਸਟਿਸ ਬੋਬੜੇ ਸੁਪਰੀਮ ਕੋਰਟ ਦੇ ਨਵੇਂ ਚੀਫ ਜਸਟਿਸ ਬਣੇ ਹਨ।

ਰਾਸ਼ਟਰਪਤੀ ਭਵਨ ਦੇ ਦਰਬਾਰ ਹਾਲ 'ਚ ਹੋਏ ਸੰਖੇਪ ਸਮਾਗਮ ਦੌਰਾਨ ਉਨ੍ਹਾਂ ਅੰਗਰੇਜ਼ੀ 'ਚ ਹਲਫ ਲਿਆ। ਜਸਟਿਸ ਬੋਬੜੇ 17 ਮਹੀਨਿਆਂ ਤੱਕ ਚੀਫ ਜਸਟਿਸ ਦੇ ਅਹੁਦੇ 'ਤੇ ਤਾਇਨਾਤ ਰਹਿਣਗੇ ਅਤੇ ਉਹ 23 ਅਪਰੈਲ 2021 ਨੂੰ ਸੇਵਾਮੁਕਤ ਹੋਣਗੇ। ਹਲਫ ਲੈਣ ਮਗਰੋਂ ਉਨ੍ਹਾਂ ਆਪਣੀ ਮਾਂ ਦੇ ਪੈਰ ਛੂਹ ਕੇ ਆਸ਼ੀਰਵਾਦ ਲਿਆ ਜਿਨ੍ਹਾਂ ਨੂੰ ਵ੍ਹੀਲਚੇਅਰ 'ਤੇ ਰਾਸ਼ਟਰਪਤੀ ਭਵਨ 'ਚ ਲਿਆਂਦਾ ਗਿਆ ਸੀ।

# ਪੰਜਾਬ ਦੀਆਂ 8 ਐਨ.ਜੀ.ਓਜ਼. 'ਤੇ ਪਾਬੰਦੀ

**ਬਠਿੰਡਾ:** ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਦੀਆਂ ਅੱਠ ਐਨ.ਜੀ.ਓਜ਼. ਉਤੇ ਪਾਬੰਦੀ ਲਗਾ ਦਿੱਤੀ ਹੈ ਜਿਨ੍ਹਾਂ ਵਿਦੇਸ਼ੀ ਚੰਦੇ ਦਾ ਕੋਈ ਹਿਸਾਬ ਕਿਤਾਬ ਨਹੀਂ ਦਿੱਤਾ। ਗ੍ਰਹਿ ਮੰਤਰਾਲੇ ਨੇ ਇਨ੍ਹਾਂ ਗੈਰ ਸਰਕਾਰੀ ਸੰਸਥਾਵਾਂ ਦੀ ਰਜਿਸਟ੍ਰੇਸ਼ਨ ਰੱਦ ਕਰ ਦਿੱਤੀ ਹੈ। ਕੇਂਦਰ ਸਰਕਾਰ ਨੇ ਜੋ ਹਾਲ ਹੀ ਵਿਚ ਸੈਂਕੜੇ ਐਨ.ਜੀ.ਓਜ਼. ਉਤੇ ਪਾਬੰਦੀ ਲਗਾਈ ਹੈ, ਉਨ੍ਹਾਂ 'ਚ ਪੰਜਾਬ ਦੀਆਂ ਇਹ ਅੱਠ ਸੰਸਥਾਵਾਂ ਵੀ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਪੰਜਾਬ ਦੀਆਂ 41 ਐਨ.ਜੀ.ਓਜ਼. ਦੀ ਵਿਦੇਸ਼ੀ ਚੰਦਾ ਲੈਣ ਲਈ ਰਜਿਸਟ੍ਰੇਸ਼ਨ ਖਤਮ ਹੋ ਗਈ ਹੈ।

ਪ੍ਰਾਪਤ ਵੇਰਵਿਆਂ ਅਨੁਸਾਰ ਜੋ ਐਨ. ਜੀ. ਓਜ਼. ਵਿਦੇਸ਼ਾਂ ਤੋਂ ਚੰਦਾ ਪ੍ਰਾਪਤ ਕਰਦੀਆਂ ਹਨ, ਉਨ੍ਹਾਂ ਲਈ ਵਿਦੇਸ਼ੀ ਚੰਦਾ (ਰੈਗੂਲੇਸ਼ਨ) ਐਕਟ ਤਹਿਤ ਰਜਿਸਟਰਡ ਹੋਣਾ ਜ਼ਰੂਰ ਹੈ। ਇਹ ਵੀ ਲਾਜ਼ਮੀ ਹੈ ਕਿ ਇਸ ਐਕਟ ਤਹਿਤ ਹਰ ਐਨ.ਜੀ.ਓਜ਼. ਸਾਲਾਨਾ ਆਮਦਨ ਖਰਚ ਦਾ ਹਿਸਾਬ ਕਿਤਾਬ ਕੇਂਦਰ ਸਰਕਾਰ ਕੋਲ ਪੰਜਾਬ ਦੀਆਂ ਕੁੱਲ 337 ਐਨ.ਜੀ.ਓਜ਼. ਰਜਿਸਟਰਡ ਸਨ ਜਿਨ੍ਹਾਂ ਵੱਲੋਂ ਵਿਦੇਸ਼ਾਂ ਤੋਂ ਚੰਦਾ ਹਾਸਲ ਕੀਤਾ ਜਾ ਰਿਹਾ ਸੀ। ਹੁਣ ਇਨ੍ਹਾਂ 'ਚੋਂ ਸਿਰਫ 181 ਐਨ.ਜੀ.ਓਜ਼. ਹੀ ਸਰਗਰਮ ਹਨ।

ਕੇਂਦਰ ਸਰਕਾਰ ਨੇ ਪਿਛਲੇ ਸਮੇਂ ਦੌਰਾਨ ਇਨ੍ਹਾਂ 'ਚੋਂ ਪੰਜਾਬ ਦੀਆਂ ਹੁਣ ਤੱਕ 114 ਐਨ.ਜੀ.ਓਜ਼. ਦੀ ਰਜਿਸਟ੍ਰੇਸ਼ਨ ਰੱਦ ਕੀਤੀ ਜਾ ਚੁੱਕੀ ਹੈ। ਗ੍ਰਹਿ ਮੰਤਰਾਲੇ ਨੇ ਪਿਛਲੇ ਡੇਢ ਸਾਲ ਤੋਂ ਕੋਈ ਫੈਸਲਾ ਨਹੀਂ ਲਿਆ ਸੀ ਅਤੇ ਸਾਲਾਨਾ ਰਿਟਰਨ ਨਾ ਭਰਨ ਵਾਲੀਆਂ ਐਨ.ਜੀ.ਓਜ਼. ਨੂੰ ਵਾਰ ਵਾਰ ਯਾਦ ਪੱਤਰ ਭੇਜੇ ਜਾ ਰਹੇ ਸਨ। ਜਿਨ੍ਹਾਂ ਵਿਦੇਸ਼ੀ ਚੰਦੇ ਦਾ ਹਿਸਾਬ ਕਿਤਾਬ ਦੇਣ ਤੋਂ ਪਾਸਾ ਵੱਟਿਆ, ਉਨ੍ਹਾਂ 'ਤੇ ਹੁਣ ਪਾਬੰਦੀ ਲਾਈ ਗਈ ਹੈ।

# ਕਰਨਾਟਕ: ਭਾਜਪਾ ਨੇ ਅਯੋਗ ਠਹਿਰਾਏ ਵਿਧਾਇਕਾਂ ਨੂੰ ਟਿਕਟ ਦਿੱਤੀ

**ਨਵੀਂ ਦਿੱਲੀ:** ਭਾਜਪਾ ਨੇ ਕਾਂਗਰਸ ਤੇ ਜੇ. ਡੀ. (ਐਸ.) ਦੇ ਪਾਰਟੀ ਵਿਚ ਸ਼ਾਮਲ ਹੋਏ ਅਯੋਗ ਵਿਧਾਇਕਾਂ ਵਿਚੋਂ 13 ਨੂੰ ਦਸੰਬਰ ਵਿਚ ਹੋਣ ਵਾਲੀਆਂ ਜ਼ਿਮਨੀ ਚੋਣਾਂ ਲਈ ਟਿਕਟ ਦਿੱਤੀ ਹੈ। ਸੁਪਰੀਮ ਕੋਰਟ ਨੇ ਕਰਨਾਟਕ ਦੇ 17 ਵਿਧਾਇਕਾਂ ਨੂੰ ਅਯੋਗ ਕਰਾਰ ਦਿੱਤਾ ਸੀ। ਮੁੱਖ ਮੰਤਰੀ ਕੁਮਾਰਸਵਾਮੀ ਵਲੋਂ ਬਹੁਮਤ ਨਾ ਸਾਬਤ ਕਰਨ ਉਤੇ ਅਸਤੀਫੇ ਮਗਰੋਂ ਬੀ.ਐਸ. ਯੇਦੀਯੁਰੱਪਾ ਕਰਨਾਟਕ ਸਰਕਾਰ ਦੀ ਅਗਵਾਈ ਕਰ ਰਹੇ ਹਨ।

# ਗੂਗਲ ਨੇ '2020 ਸਿੱਖ ਰੈਫਰੈਂਡਮ' ਮੋਬਾਈਲ ਐਪ ਪਲੇਅ ਸਟੋਰ ਤੋਂ ਹਟਾਇਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਮੰਗ 'ਤੇ ਆਈ.ਟੀ. ਖੇਤਰ ਦੀ ਮੋਹਰੀ ਕੰਪਨੀ ਗੂਗਲ ਨੇ ਆਪਣੇ ਪਲੇਅ ਸਟੋਰ ਤੋਂ ਮੋਬਾਈਲ ਐਪਲੀਕੇਸ਼ਨ '2020 ਸਿੱਖ ਰੈਫਰੈਂਡਮ' ਹਟਾ ਦਿੱਤੀ ਹੈ। ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਭਾਰਤ ਵਿਚ ਮੋਬਾਈਲ ਵਰਤੋਂਕਾਰਾਂ ਲਈ ਗੂਗਲ ਪਲੇਅ ਸਟੋਰ 'ਤੇ ਹੁਣ ਇਹ ਮੋਬਾਈਲ ਐਪ ਮੌਜੂਦ ਨਹੀਂ ਹੈ। ਮੁੱਖ ਮੰਤਰੀ ਨੇ ਇਸ ਸਬੰਧ ਵਿਚ ਕੇਂਦਰ ਸਰਕਾਰ ਨੂੰ ਵੀ ਗੂਗਲ 'ਤੇ ਦਬਾਅ ਬਣਾਉਣ ਦੀ ਅਪੀਲ ਕੀਤੀ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ 'ਆਈਸਟੈਕ' ਵਲੋਂ ਬਣਾਈ ਇਸ ਐਪ ਨੂੰ ਲਾਂਚ ਕਰਨ ਨਾਲ ਪੈਦਾ ਹੋਣ ਵਾਲੇ ਖਤਰੇ ਨਾਲ ਨਜਿੱਠਣ ਲਈ ਸੂਬੇ ਦੇ ਡੀ.ਜੀ.ਪੀ. ਨੂੰ ਵੀ ਕੇਂਦਰੀ ਸੁਰੱਖਿਆ ਏਜੰਸੀਆਂ ਨਾਲ ਤਾਲਮੇਲ ਕਰਨ ਵਾਸਤੇ ਕਿਹਾ ਸੀ।

ਚੇਤੇ ਰਹੇ ਕਿ ਇਸ ਐਪ ਰਾਹੀਂ ਆਮ ਲੋਕਾਂ ਨੂੰ 'ਪੰਜਾਬ ਰੈਫਰੈਂਡਮ 2020 ਖਾਲਿਸਤਾਨ' ਵਾਸਤੇ ਵੋਟ ਦੇਣ ਲਈ ਆਪਣੇ ਆਪ ਨੂੰ ਰਜਿਸਟਰ ਕਰਨ ਵਾਸਤੇ ਆਖਿਆ ਗਿਆ ਸੀ। ਇਸ ਮੰਤਵ ਲਈ ਇਨ੍ਹਾਂ ਲੀਹਾਂ 'ਤੇ ਹੀ www.yes2khalistan.org ਦੇ ਨਾਂ ਹੇਠ ਵੈਬਸਾਈਟ ਵੀ ਸ਼ੁਰੂ ਕੀਤੀ ਗਈ ਸੀ। ਡੀ.ਆਈ.ਟੀ.ਈ.ਸੀ. ਲੈਬ ਪੰਜਾਬ ਵਲੋਂ ਇਸ ਐਪ ਅਤੇ ਵੈਬਸਾਈਟ ਦੀ ਕੀਤੀ ਘੋਖ ਦੌਰਾਨ ਪਾਇਆ ਗਿਆ ਕਿ ਇਸ ਐਪ ਰਾਹੀਂ ਰਜਿਸਟਰਡ ਹੋਣ ਵਾਲੇ ਵੋਟਰਾਂ ਦਾ ਡੇਟਾ www.yes2khalistan.org ਵੈਬਸਾਈਟ ਦੇ ਸਰਵਰ ਨਾਲ ਜੁੜ ਕੇ ਸਟੋਰ ਹੋ ਜਾਂਦਾ ਹੈ। ਇਸ ਵੈਬਸਾਈਟ ਦੀ ਸਿਰਜਣਾ 'ਸਿੱਖਜ਼ ਫਾਰ ਜਸਟਿਸ' ਨੇ ਕੀਤੀ ਸੀ ਅਤੇ ਇਹੀ ਇਸ ਨੂੰ ਚਲਾ ਰਹੀ ਹੈ।

# ਸਿੱਖ ਕੈਦੀ ਸੁਬੇਗ ਸਿੰਘ ਜੇਲ੍ਹ ਵਿਚੋਂ ਰਿਹਾ

**ਪਟਿਆਲਾ:** ਸਾਲ 1995 ਵਿਚ ਚੰਡੀਗੜ੍ਹ ਵਿਚ ਹੋਏ ਇਕ ਕਤਲ ਅਤੇ 2004 'ਚ ਵਾਪਰੇ ਬੁੜੈਲ ਜੇਲ੍ਹ ਕਾਂਡ ਉਤੇ ਆਧਾਰਿਤ ਕੇਸਾਂ ਨੂੰ ਲੈ ਕੇ ਢਾਈ ਦਹਾਕਿਆਂ ਤੋਂ ਚੰਡੀਗੜ੍ਹ ਤੇ ਪੰਜਾਬ ਦੀਆਂ ਜੇਲ੍ਹਾਂ 'ਚ ਬੰਦ ਰਹੇ ਪਟਿਆਲਾ ਜ਼ਿਲ੍ਹੇ ਦੇ ਪਿੰਡ ਸੂਹਰੋਂ ਵਾਸੀ ਸੁਬੇਗ ਸਿੰਘ ਸੂਹਰੋਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਇਨ੍ਹਾਂ ਮਾਮਲਿਆਂ ਵਿਚ ਉਸ ਦੇ ਸਾਥੀ ਨੰਦ ਸਿੰਘ ਸੂਹਰੋਂ ਦੀ ਪਿਛਲੇ ਹਫਤੇ ਹੀ ਰਿਹਾਈ ਹੋ ਗਈ ਸੀ।

ਚੰਡੀਗੜ੍ਹ ਵਿਚ ਬਚਨ ਸਿੰਘ ਨਾਮ ਦੇ ਵਿਅਕਤੀ ਦੇ ਹੋਏ ਕਤਲ ਸਬੰਧੀ ਕੇਸ 'ਚ ਸੁਬੇਗ ਸਿੰਘ ਤੇ ਨੰਦ ਸਿੰਘ ਨੂੰ ਚੰਡੀਗੜ੍ਹ ਦੀ ਅਦਾਲਤ ਤੋਂ ਉਮਰ ਕੈਦ ਦੀ ਸਜ਼ਾ ਹੋਈ ਸੀ। ਉਹ ਦੋਵੇਂ ਬੁੜੈਲ ਜੇਲ੍ਹ ਵਿਚ ਅਜੇ ਉਮਰ ਕੈਦ ਦੀ ਸਜ਼ਾ ਭੁਗਤ ਹੀ ਰਹੇ ਸਨ ਕਿ ਸਾਲ 2004 ਵਿਚ ਬੁੜੈਲ ਜੇਲ੍ਹ ਵਿਚੋਂ ਸੁਰੰਗ ਪੁੱਟ ਕੇ ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ੀ ਜਗਤਾਰ ਹਵਾਰਾ, ਜਗਤਾਰ ਤਾਰਾ, ਪਰਮਜੀਤ ਭਿਓਰਾ ਤੇ ਇਕ ਹੋਰ ਕੈਦੀ ਫਰਾਰ ਹੋ ਗਏ ਸਨ। ਇਸ ਸਬੰਧੀ ਦਰਜ ਹੋਏ ਕੇਸ 'ਚ ਸੁਬੇਗ ਸਿੰਘ ਤੇ ਨੰਦ ਸਿੰਘ ਨੂੰ ਵੀ ਸਾਜ਼ਸ਼ੀਆਂ ਵਜੋਂ ਸ਼ਾਮਲ ਕੀਤਾ ਗਿਆ ਸੀ, ਪਰ ਇਸ ਕੇਸ ਵਿਚੋਂ ਦੋਵੇਂ ਕਈ ਸਾਲ ਪਹਿਲਾਂ ਹੀ ਬਰੀ ਹੋ ਗਏ ਸਨ। ਬੁੜੈਲ ਜੇਲ੍ਹ ਬਰੇਕ ਕੇਸ ਕਰਕੇ ਹੀ ਉਨ੍ਹਾਂ ਨੂੰ ਢਾਈ ਦਹਾਕਿਆਂ ਤੱਕ ਜੇਲ੍ਹ 'ਚ ਰਹਿਣਾ ਪਿਆ।

ਇਹ ਕੇਸ ਨਾ ਹੁੰਦਾ ਤਾਂ ਉਹ ਕਦੋਂ ਦੇ ਬਾਹਰ ਆ ਜਾਂਦੇ। ਹਾਈ ਕੋਰਟ ਵੱਲੋਂ ਜਾਰੀ ਆਦੇਸ਼ਾਂ 'ਚ ਇਨ੍ਹਾਂ ਦੋਵਾਂ ਕੈਦੀਆਂ ਤੋਂ ਪਟਿਆਲਾ ਦੇ ਡੀਸੀ ਦਫਤਰ ਵਿਚ ਜ਼ਮਾਨਤੀ ਬੌਂਡ ਭਰਵਾਉਣ ਲਈ ਆਖਿਆ ਗਿਆ ਸੀ, ਪਰ ਸੁਬੇਗ ਸਿੰਘ ਦੇ ਜ਼ਮਾਨਤੀ ਬੌਂਡ ਭਰਨ 'ਚ ਹੋਈ ਦੇਰੀ ਕਰਕੇ ਹੀ ਉਹਦੀ ਰਿਹਾਈ ਪੱਛੜ ਗਈ ਸੀ। ਰਿਹਾਈ ਮੌਕੇ ਨੰਦ ਸਿੰਘ ਨੇ ਸੁਬੇਗ ਸਿੰਘ ਦਾ ਜੇਲ੍ਹ ਦੇ ਬਾਹਰ ਸਵਾਗਤ ਕੀਤਾ। ਇਸੇ ਦੌਰਾਨ ਰਿਹਾਈ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਬੇਗ ਸਿੰਘ ਨੇ ਕਿਹਾ ਕਿ ਇਹ ਉਸ ਦਾ ਦੂਜਾ ਜਨਮ ਹੋਇਆ ਹੈ। ਉਸ ਨੇ ਕਿਹਾ ਕਿ ਹੁਣ ਉਹ ਵੱਧ ਤੋਂ ਵੱਧ ਸਮਾਂ ਪਰਿਵਾਰ ਨਾਲ ਹੀ ਬਿਤਾਏਗਾ ਤੇ ਆਪਣੇ ਪਿੰਡ ਸੂਹਰੋਂ ਵਿਚ ਖੇਤੀਬਾੜੀ ਕਰੇਗਾ।

# ਗੋਟਬਾਯਾ ਰਾਜਪਕਸਾ ਬਣੇ ਸ੍ਰੀਲੰਕਾ ਦੇ ਨਵੇਂ ਰਾਸ਼ਟਰਪਤੀ

**ਕੋਲੰਬੋ:** ਸ੍ਰੀਲੰਕਾ ਦੇ ਵਿਵਾਦਾਂ ਵਿਚ ਰਹੇ ਰੱਖਿਆ ਮੰਤਰੀ ਗੋਟਬਾਯਾ ਰਾਜਪਕਸਾ (70) ਮੁਲਕ ਦੇ ਨਵੇਂ ਰਾਸ਼ਟਰਪਤੀ ਚੁਣ ਲਏ ਗਏ ਹਨ। ਉਨ੍ਹਾਂ ਹੁਕਮਰਾਨ ਪਾਰਟੀ ਦੇ ਉਮੀਦਵਾਰ ਸਜੀਤ ਪ੍ਰੇਮਦਾਸਾ ਨੂੰ 13 ਲੱਖ ਤੋਂ ਵੱਧ ਵੋਟਾਂ ਨਾਲ ਹਰਾਇਆ ਹੈ। ਚੀਨ ਪੱਖੀ ਮੰਨੇ ਜਾਂਦੇ ਤਾਕਤਵਰ ਰਾਜਪਕਸਾ ਪਰਿਵਾਰ ਦੀ ਸੱਤਾ 'ਚ ਮੁੜ ਵਾਪਸੀ ਹੋਈ ਹੈ। ਇਸ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਜਪਕਸਾ ਨੂੰ ਵਧਾਈ ਦਿੰਦਿਆਂ ਭਾਰਤ ਆਉਣ ਦਾ ਸੱਦਾ ਦਿੱਤਾ ਹੈ।

ਸਰਕਾਰੀ ਨਤੀਜਿਆਂ ਮੁਤਾਬਕ ਰਾਜਪਕਸਾ ਨੂੰ 52.25 ਫੀਸਦੀ ਵੋਟ (6924255) ਮਿਲੇ ਜਦਕਿ ਪ੍ਰੇਮਦਾਸਾ ਨੂੰ 41.99 ਫੀਸਦੀ ਵੋਟ (5564239) ਹਾਸਲ ਹੋਏ। ਚੋਣ ਕਮਿਸ਼ਨ ਨੇ ਦੱਸਿਆ ਕਿ ਬਾਕੀ ਉਮੀਦਵਾਰਾਂ ਨੂੰ 5.76 ਫੀਸਦ ਵੋਟ ਹੀ ਮਿਲੇ। ਰਾਸ਼ਟਰਪਤੀ ਮੈਤਰੀਪਾਲ ਸਿਰੀਸੈਨਾ ਤੋਂ ਕਮਾਨ ਸੰਭਾਲਣ ਜਾ ਰਹੇ ਰਾਜਪਕਸਾ ਨੇ ਆਪਣੇ ਸਮਰਥਕਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਸ਼ਾਂਤਮਈ ਢੰਗ ਨਾਲ ਖੁਸ਼ੀ ਮਨਾਉਣ। ਸਰਕਾਰੀ ਪੱਧਰ 'ਤੇ ਚੋਣ ਨਤੀਜੇ ਐਲਾਨੇ ਜਾਣ ਤੋਂ ਪਹਿਲਾਂ ਹੀ ਪ੍ਰੇਮਦਾਸਾ (52) ਨੇ ਆਪਣੀ ਹਾਰ ਸਵੀਕਾਰ ਕਰ ਲਈ ਸੀ। ਉਨ੍ਹਾਂ ਹੁਕਮਰਾਨ ਧਿਰ ਯੂਨਾਈਟਿਡ ਨੈਸ਼ਨਲ ਪਾਰਟੀ ਦੇ ਡਿਪਟੀ ਲੀਡਰ ਦੇ ਅਹੁਦੇ ਤੋਂ ਵੀ ਅਸਤੀਫਾ ਦੇ ਦਿੱਤਾ ਹੈ।

# ਕਰਤਾਰਪੁਰ ਲਾਂਘਾ: ਭਾਰਤੀ ਸਖਤੀ ਅੱਗੇ ਬੇਵੱਸ ਹੋਏ ਸ਼ਰਧਾਲੂ

*(ਸਫਾ ਇਕ ਦੀ ਬਾਕੀ)*

ਵਿਚੋਂ ਹਰ ਸ਼ਰਧਾਲੂ ਨੂੰ ਨਿਕਲਣਾ ਪੈਂਦਾ ਹੈ। ਜ਼ਿਆਦਾਤਰ ਸ਼ਰਧਾਲੂਆਂ ਨੂੰ ਇਸ ਸਬੰਧੀ ਪੂਰੀ ਜਾਣਕਾਰੀ ਹੀ ਨਹੀਂ, ਉਥੇ ਦੂਸਰੇ ਪਾਸੇ ਸ਼ਰਧਾਲੂਆਂ ਦੀ ਪਰੇਸ਼ਾਨੀ ਦਾ ਇੰਟਰਨੈਟ ਕੈਫੇ ਵਾਲੇ ਖੂਬ ਫਾਇਦਾ ਉਠਾ ਰਹੇ ਹਨ। ਸ਼ਰਧਾਲੂਆਂ ਦਾ ਆਨਲਾਈਨ ਫਾਰਮ ਭਰਨ ਲਈ ਕੈਫੇ ਚਾਲਕਾਂ ਵਲੋਂ 500 ਰੁਪਏ ਤੱਕ ਵਸੂਲੇ ਜਾ ਰਹੇ ਹਨ। ਤਸਵੀਰ ਦਾ ਸਾਈਜ਼ 50 ਕੇ.ਬੀ. ਨਿਰਧਾਰਿਤ ਕੀਤਾ ਗਿਆ ਹੈ। ਜੇ ਕਿਸੇ ਸ਼ਰਧਾਲੂ ਦੀ ਤਸਵੀਰ ਦਾ ਸਾਈਜ਼ 50 ਕੇ.ਬੀ. ਤੋਂ ਵਧ ਗਿਆ ਤਾਂ ਵੀ ਅਪਲਾਈ ਨਹੀਂ ਹੁੰਦਾ। ਇਸੇ ਤਰ੍ਹਾਂ ਪਾਸਪੋਰਟ ਦੀ ਪੀ.ਡੀ.ਐਫ. ਫਾਈਲ ਦਾ ਸਾਈਜ਼ 500 ਕੇ.ਬੀ. ਤੋਂ ਘੱਟ ਹੋਣਾ ਚਾਹੀਦਾ ਹੈ। ਜੇ ਇਹ ਸਾਈਜ਼ ਵੀ ਵਧ ਗਿਆ ਤਾਂ ਰਜਿਸਟ੍ਰੇਸ਼ਨ ਨਹੀਂ ਹੁੰਦੀ।

ਸ਼ਰਧਾਲੂ ਇਕ ਪਾਸੇ ਫਾਰਮ ਭਰਨ ਦੀ ਸਮੱਸਿਆ ਨਾਲ ਜੂਝ ਰਹੇ ਹਨ ਪਰ ਜਿਨ੍ਹਾਂ ਸ਼ਰਧਾਲੂਆਂ ਦੀ ਰਜਿਸਟ੍ਰੇਸ਼ਨ ਹੋ ਜਾਂਦੀ ਹੈ, ਉਨ੍ਹਾਂ ਲਈ ਦੂਸਰੀ ਸਮੱਸਿਆ ਪੁਲਿਸ ਜਾਂਚ ਦੀ ਖੜ੍ਹੀ ਹੋ ਜਾਂਦੀ ਹੈ। ਸ਼ਰਧਾਲੂਆਂ ਨੂੰ ਪੁਲਿਸ ਕਰਮਚਾਰੀਆਂ ਨੂੰ ਵੀ 'ਖਰਚੇ ਪਾਣੀ' ਲਈ 200 ਤੋਂ 500 ਰੁਪਏ ਦੇਣੇ ਪੈ ਰਹੇ ਹਨ। ਇਸ ਤੋਂ ਇਲਾਵਾ ਜਾਅਲੀ ਆਨਲਾਈਨ ਵੈੱਬਸਾਈਟਾਂ ਰਾਹੀਂ ਵੀ ਸ਼ਰਧਾਲੂਆਂ ਨਾਲ ਠੱਗੀ ਮਾਰੀ ਜਾ ਰਹੀ ਹੈ। ਜ਼ਿਆਦਾਤਰ ਸ਼ਰਧਾਲੂਆਂ ਨੂੰ ਆਨਲਾਈਨ ਰਜਿਸਟਰੇਸ਼ਨ 4 ਤੋਂ 5 ਹਜ਼ਾਰ ਵਿਚ ਪੈ ਰਹੀ ਹੈ ਤੇ ਉਹ ਪਾਕਿਸਤਾਨ ਦੀ 20 ਡਾਲਰ ਫੀਸ ਉਤੇ ਸਵਾਲ ਚੁੱਕਣ ਵਾਲੇ ਭਾਰਤ ਦੇ ਸਿਆਸੀ ਆਗੂਆਂ ਨੂੰ ਕੋਸ ਰਹੇ ਹਨ। ਦਰਅਸਲ, ਭਾਰਤ ਵਾਲੇ ਪਾਸੇ ਸ਼ਰਧਾਲੂਆਂ ਉਤੇ ਕੀਤੀ ਜਾ ਰਹੀ ਸਖਤੀ ਨੂੰ ਜਾਣਬੁਝ ਕੇ ਅੜਿੱਕੇ ਡਾਹੁਣ ਵਜੋਂ ਵੇਖਿਆ ਜਾ ਰਿਹਾ ਹੈ। ਸਵਾਲ ਉਠ ਰਹੇ ਹਨ ਕਿ ਭਾਰਤੀ ਲੋਕ ਦੂਜੇ ਮੁਲਕ ਵਿਚ ਜਾ ਰਹੇ ਹਨ, ਇਸ ਲਈ ਸਖਤੀ ਨਾਲ ਛਾਣਬੀਣ ਦਾ ਹੱਕ ਉਸ ਮੁਲਕ ਦਾ ਬਣਦਾ ਹੈ। ਜੇ ਪਾਕਿਸਤਾਨ ਬਿਨਾ ਪਾਸਪੋਰਟ ਤੋਂ ਕਿਸੇ ਵੀ ਪਛਾਣ ਪੱਤਰ ਰਾਹੀਂ ਇਜਾਜ਼ਤ ਦੇ ਰਿਹਾ ਹੈ ਤਾਂ ਭਾਰਤ ਸਰਕਾਰ ਇਸ ਉਤੇ ਇਤਰਾਜ਼ ਕਿਉਂ ਕਰ ਰਹੀ ਹੈ।

ਸਰਕਾਰ ਨੂੰ ਇਸ ਗੱਲ ਦਾ ਕੋਈ ਭੁਲੇਖਾ ਨਹੀਂ ਕਿ 70 ਫੀਸਦੀ ਪੇਂਡੂ ਸ਼ਰਧਾਲੂਆਂ ਕੋਲ ਪਾਸਪੋਰਟ ਨਹੀਂ ਹਨ। ਸਰਕਾਰ ਪਛਾਣ ਵਜੋਂ ਆਧਾਰ ਕਾਰਡ ਨੂੰ ਸਭ ਤੋਂ ਪੁਖਤਾ ਸਬੂਤ ਮੰਨਦੀ ਹੈ ਤੇ ਭਾਰਤ ਦੇ ਹਰ ਨਾਗਰਿਕ ਕੋਲ ਇਹ ਆਧਾਰ ਕਾਰਡ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ, ਫਿਰ ਪਾਸਪੋਰਟ ਨੂੰ ਹੀ ਕਿਉਂ ਮਾਨਤਾ ਦਿੱਤੀ ਜਾ ਰਹੀ ਹੈ। ਦਰਅਸਲ ਭਾਰਤ ਸਰਕਾਰ ਕਦੇ ਵੀ ਲਾਂਘੇ ਦੇ ਹੱਕ ਵਿਚ ਨਹੀਂ ਰਹੀ ਤੇ ਇਸ ਨੂੰ ਮਜਬੂਰੀ ਵੱਸ ਪਾਕਿਸਤਾਨ ਦੀ ਪਹਿਲਕਦਮੀ ਪਿਛੇ ਤੁਰਨਾ ਪਿਆ ਹੈ। ਇਥੋਂ ਤੱਕ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਲਾਂਘੇ ਰਾਹੀਂ ਅਤਿਵਾਦੀ ਆਉਣ ਦੇ ਖਦਸ਼ੇ ਖੜ੍ਹੇ ਕਰਦੇ ਰਹੇ ਹਨ।

# ਸਨਦੀਪ ਧਾਲੀਵਾਲ ਦੇ ਸਨਮਾਨ ਵਿਚ ਡਰੈੱਸ ਕੋਡ ਬਦਲਿਆ

**ਹਿਊਸਟਨ:** ਭਾਰਤੀ ਮੂਲ ਦੇ ਅਮਰੀਕੀ ਸਿੱਖ ਪੁਲਿਸ ਅਧਿਕਾਰੀ ਸਨਦੀਪ ਸਿੰਘ ਧਾਲੀਵਾਲ ਦੀ ਸ਼ਹੀਦੀ ਦੇ ਸਨਮਾਨ ਵਿਚ ਹਿਊਸਟਨ ਪੁਲਿਸ ਵਿਭਾਗ ਨੇ ਆਪਣੀ ਡਰੈੱਸ ਕੋਡ ਨੀਤੀ ਬਦਲ ਦਿੱਤੀ ਹੈ। ਹੁਣ ਘੱਟਗਿਣਤੀ ਫਿਰਕੇ ਦੇ ਮੈਂਬਰਾਂ ਨੂੰ ਡਿਊਟੀ ਦੌਰਾਨ ਆਪਣੀ ਧਾਰਮਿਕ ਪਛਾਣ ਕਾਇਮ ਰੱਖਣ ਦੀ ਇਜਾਜ਼ਤ ਦਿੱਤੀ ਗਈ ਹੈ।

ਚੇਤੇ ਰਹੇ ਕਿ ਹੈਰਿਸ ਕਾਊਂਟੀ ਸ਼ੈਰਿਫ ਦਫਤਰ ਵਿਚ ਦਸ ਸਾਲਾਂ ਤੋਂ ਕੰਮ ਕਰ ਰਹੇ ਸਨਦੀਪ ਧਾਲੀਵਾਲ ਦੀ ਹਿਊਸਟਨ ਵਿਚ ਟਰੈਫਿਕ ਡਿਊਟੀ ਦੌਰਾਨ 28 ਸਤੰਬਰ ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। 42 ਸਾਲਾ ਪੁਲਿਸ ਅਧਿਕਾਰੀ ਸਨਦੀਪ ਉਦੋਂ ਸੁਰਖੀਆਂ ਵਿਚ ਆਇਆ ਸੀ ਜਦੋਂ ਉਸ ਨੂੰ ਕੰਮ ਦੌਰਾਨ ਦਾੜ੍ਹੀ ਰੱਖਣ ਅਤੇ ਪਗੜੀ ਬੰਨ੍ਹਣ ਦੀ ਇਜਾਜ਼ਤ ਦਿੱਤੀ ਗਈ ਸੀ। ਸਿਟੀ ਆਫ ਹਿਊਸਟਨ ਨੇ ਟਵੀਟ ਕੀਤਾ, "ਹਿਊਸਟਨ ਪੁਲਿਸ ਟੈਕਸਾਸ ਵਿਚ ਕਾਨੂੰਨ ਲਾਗੂ ਕਰਨ ਵਾਲੀ ਸਭ ਤੋਂ ਵੱਡੀ ਏਜੰਸੀ ਹੈ ਜਿਸ ਨੇ ਅਧਿਕਾਰੀਆਂ ਨੂੰ ਡਿਊਟੀ ਦੌਰਾਨ ਆਪਣੀ ਆਸਥਾ ਦੀਆਂ ਚੀਜ਼ਾਂ ਪਹਿਨਣ ਦੀ ਇਜਾਜ਼ਤ ਦਿੱਤੀ ਹੈ।" ਸਨਦੀਪ ਸਿੰਘ ਧਾਲੀਵਾਲ ਦੇ ਪਿਤਾ ਨੇ ਕਿਹਾ ਕਿ ਉਸ ਨੂੰ ਆਪਣੇ ਪੁੱਤਰ 'ਤੇ ਮਾਣ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿੱਲੋਂ | ਸਰਵਣ ਸਿੰਘ ਟਿਵਾਣਾ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਚੜ੍ਹਾਵਾ ਰਾਸ਼ੀ ਨਾਲ ਬਾਬੇ ਨਾਨਕ ਦੇ ਨਾਂ 'ਤੇ ਖੁੱਲ੍ਹਣਗੇ ਸਕੂਲ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਸਥਿਤ ਗੁਰਦੁਆਰਾ ਨਨਕਾਣਾ ਸਾਹਿਬ ਤੋਂ ਸਜਾਏ ਗਏ ਨਗਰ ਕੀਰਤਨ ਦੌਰਾਨ ਸੰਗਤ ਦੇ ਚੜ੍ਹਾਵੇ ਤੋਂ ਇਕੱਠੀ ਹੋਈ ਲਗਭਗ ਦਸ ਕਰੋੜ ਰੁਪਏ ਦੀ ਰਕਮ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਜ਼ਿਲ੍ਹਿਆਂ ਵਿਚ ਗੁਰੂ ਸਾਹਿਬ ਦੇ ਨਾਂ 'ਤੇ ਸਕੂਲ ਖੋਲ੍ਹਣ ਦੀ ਯੋਜਨਾ ਹੈ।

ਇਹ ਨਗਰ ਕੀਰਤਨ ਪਾਕਿਸਤਾਨ ਸਥਿਤ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੋਂ ਆਰੰਭ ਹੋ ਕੇ ਭਾਰਤ ਦੇ 17 ਰਾਜਾਂ ਵਿਚੋਂ ਲੰਘਦਾ ਹੋਇਆ 5 ਨਵੰਬਰ ਨੂੰ ਸੁਲਤਾਨਪੁਰ ਲੋਧੀ ਸਥਿਤ ਗੁਰਦੁਆਰਾ ਬੇਰ ਸਾਹਿਬ ਵਿਖੇ ਪੁੱਜ ਕੇ ਸੰਪੂਰਨ ਹੋਇਆ ਸੀ ਜਿਸ ਦੌਰਾਨ ਸੰਗਤ ਵੱਲੋਂ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੁੰਦਿਆਂ ਭੇਟਾ ਕੀਤੇ ਚੜ੍ਹਾਵੇ ਤੋਂ ਲਗਭਗ 10 ਕਰੋੜ 13 ਲੱਖ 68 ਹਜ਼ਾਰ ਰੁਪਏ ਇਕੱਠੇ ਹੋਏ ਹਨ। ਜਦੋਂਕਿ ਨਗਰ ਕੀਰਤਨ ਦੌਰਾਨ ਸ਼੍ਰੋਮਣੀ ਕਮੇਟੀ ਦਾ ਕੁੱਲ ਖਰਚ ਇਕ ਕਰੋੜ 73 ਲੱਖ 4 ਹਜ਼ਾਰ ਰੁਪਏ ਹੋਇਆ ਹੈ। ਇਸ ਸਬੰਧੀ ਨਗਰ ਕੀਰਤਨ ਸਬ ਕਮੇਟੀ ਦੀ ਮੀਟਿੰਗ ਹੋਈ ਜਿਸ ਦੀ ਪ੍ਰਧਾਨਗੀ ਕਮੇਟੀ ਦੇ ਚੇਅਰਮੈਨ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਤੋਤਾ ਸਿੰਘ ਨੇ ਕੀਤੀ।

## ਸਰਕਾਰੀ ਤੀਰਥ ਯਾਤਰਾ ਯੋਜਨਾ 'ਚ ਗੁਰਦੁਆਰਾ ਕਰਤਾਰਪੁਰ ਸਾਹਿਬ ਵੀ ਸ਼ਾਮਲ

**ਭੁਪਾਲ:** ਮੱਧ ਪ੍ਰਦੇਸ਼ ਦੀ ਕਾਂਗਰਸ ਸਰਕਾਰ ਨੇ ਹਾਲ ਹੀ 'ਚ ਸ਼ੁਰੂ ਕੀਤੀ ਆਪਣੀ ਤੀਰਥ ਯਾਤਰਾ ਯੋਜਨਾ ਵਿਚ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਨੂੰ ਵੀ ਸ਼ਾਮਲ ਕਰਨ ਦਾ ਫੈਸਲਾ ਲਿਆ ਹੈ। ਇਸ ਯੋਜਨਾ ਤਹਿਤ ਸੂਬੇ ਦੇ ਲੋਕਾਂ ਲਈ ਧਾਰਮਿਕ ਸਥਾਨਾਂ ਦੀ ਯਾਤਰਾ ਰਾਜ ਸਰਕਾਰ ਵੱਲੋਂ ਸਪਾਂਸਰ ਕੀਤੀ ਜਾਂਦੀ ਹੈ। ਇਸ ਸਬੰਧੀ ਇਕ ਅਧਿਕਾਰੀ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਦਰਸ਼ਨ ਸਕੀਮ 'ਚ ਸਿੱਖਾਂ ਦੇ ਪਵਿੱਤਰ ਤੀਰਥ ਸਥਾਨ ਗੁਰਦੁਆਰਾ ਕਰਤਾਰਪੁਰ ਸਾਹਿਬ ਨੂੰ ਵੀ ਸ਼ਾਮਲ ਕਰਨ ਦਾ ਫੈਸਲਾ ਲਿਆ ਗਿਆ ਹੈ।

ਮੀਟਿੰਗ ਵਿਚ ਨਗਰ ਕੀਰਤਨ ਦੌਰਾਨ ਇਕੱਠੇ ਹੋਏ ਚੜ੍ਹਾਵੇ ਅਤੇ ਖਰਚ ਦੇ ਵੇਰਵਿਆਂ 'ਤੇ ਚਰਚਾ ਕੀਤੀ ਗਈ। ਮੀਟਿੰਗ ਦੇ ਸਮੂਹ ਮੈਂਬਰਾਂ ਨੇ ਆਪਸੀ ਸਹਿਮਤੀ ਨਾਲ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਸਿਫਾਰਸ਼ ਕੀਤੀ ਕਿ ਸੰਗਤ ਵੱਲੋਂ ਭੇਟ ਕੀਤੀ ਇਸ ਰਕਮ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਯਾਦਗਾਰ ਵਜੋਂ ਗੁਰੂ ਸਾਹਿਬ ਦੇ ਨਾਂ ਉਤੇ ਵੱਖ-ਵੱਖ ਜ਼ਿਲ੍ਹਿਆਂ ਵਿਚ ਸੰਗਤ ਦੇ ਸਹਿਯੋਗ ਨਾਲ ਵਧੀਆ ਸਕੂਲ ਖੋਲ੍ਹੇ ਜਾਣ। ਜਥੇਦਾਰ ਤੋਤਾ ਸਿੰਘ ਨੇ ਕਿਹਾ ਕਿ ਨਗਰ ਕੀਰਤਨ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਦੀ ਸਹਿਮਤੀ ਕਾਰਨ ਹੀ ਸੰਭਵ ਹੋਇਆ ਹੈ।

ਨਗਰ ਕੀਰਤਨ ਦੇ ਕੋਆਰਡੀਨੇਟਰ ਮਨਜੀਤ ਸਿੰਘ ਬਾਠ ਸਕੱਤਰ ਨੇ ਰਿਪੋਰਟ ਪੇਸ਼ ਕਰਦਿਆਂ ਦੱਸਿਆ ਕਿ ਸੰਗਤ ਦੇ ਚੜ੍ਹਾਵੇ ਤੋਂ ਲਗਭਗ 10 ਕਰੋੜ 13 ਲੱਖ 68 ਹਜ਼ਾਰ 601 ਰੁਪਏ ਦੀ ਰਕਮ ਇਕੱਠੀ ਹੋਈ ਹੈ। ਜਦੋਂਕਿ ਕੁੱਲ ਖਰਚਾ ਇਕ ਕਰੋੜ 73 ਲੱਖ ਚਾਰ ਹਜ਼ਾਰ 444 ਰੁਪਏ ਹੋਇਆ ਹੈ। ਉਨ੍ਹਾਂ ਦੱਸਿਆ ਕਿ ਸੰਗਤ ਵੱਲੋਂ ਸਤਿਕਾਰ ਵਜੋਂ ਸੋਨਾ, ਚਾਂਦੀ ਅਤੇ ਵਿਦੇਸ਼ੀ ਕਰੰਸੀ ਆਦਿ ਦਾ ਚੜ੍ਹਾਵਾ ਵੀ ਭੇਟ ਕੀਤਾ ਗਿਆ।


## Matrimonials

### ਲੜਕੀ ਦੀ ਲੋੜ ਹੈ

Jatt Sikh Sangha parents seeking match for their US Citizen son, 26 years, 6'-2'', Vegetarian, non-drinker, working as Software Engineer in Boing, Doing Masters. PL Contact, Ph: 636-577-5615 or E-mail: sangha@charter.net. 46-1

### ਲੜਕੇ ਦੀ ਲੋੜ ਹੈ

Wanted suitable boy for US green card holder Jatt Sikh, 25 years, 5'-6" educated girl, doing job in Michigan. Boy should be us citizen or green card holder, Contact, Ph: 734-927-2674 45-48

### ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 33 ਸਾਲ, ਕੱਦ 5'-9" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 319-670-8892 45-48

ਰਾਮਗੜ੍ਹੀਆ ਸਿੱਖ, ਉਮਰ 29 ਸਾਲ, ਕੱਦ 6 ਫੁੱਟ, ਇੰਡੀਆ ਤੋਂ ਪੜ੍ਹੇ ਬੀ.ਟੈਕ ਮਕੈਨੀਕਲ ਮਾਸਟਰ ਇਨ ਡਿਜ਼ਾਈਨਿੰਗ, ਗਰੀਨ ਕਾਰਡ ਹੋਲਡਰ, ਟਰੱਕ ਡਰਾਈਵਰ ਲੜਕੇ ਲਈ ਲੜਕੀ (ਕੱਦ 5'-5" ਜਾਂ ਵੱਧ) ਦੀ ਲੋੜ ਹੈ। ਇੰਡੀਆ ਤੋਂ ਨਵੇਂ ਆਏ ਪਰਿਵਾਰ ਨੂੰ ਪਹਿਲ। ਸੰਪਰਕ ਕਰੋ, ਫੋਨ: 331-551-3111 44-47


# ਕੇਂਦਰ ਨੇ ਪੰਜਾਬ ਦੀਆਂ ਜੇਲ੍ਹਾਂ 'ਚ ਬੰਦ ਖਾੜਕੂਆਂ ਦੀ ਸੂਚੀ ਮੰਗੀ

**ਚੰਡੀਗੜ੍ਹ:** ਕੇਂਦਰੀ ਗ੍ਰਹਿ ਮੰਤਰਾਲੇ ਨੇ ਰਾਜ ਸਰਕਾਰ ਤੋਂ ਪੰਜਾਬ ਦੀਆਂ ਜੇਲ੍ਹਾਂ 'ਚ ਬੰਦ ਖਾੜਕੂ ਜਾਂ ਖਾੜਕੂਵਾਦ ਦੇ ਸਮਰਥਕਾਂ ਦੀ ਸੂਚੀ ਮੰਗਦੇ ਹੋਏ ਸੂਬੇ ਨੂੰ ਚੌਕਸ ਰਹਿਣ ਦੀ ਹਦਾਇਤ ਜਾਰੀ ਕੀਤੀ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਖਦਸ਼ਾ ਜਾਹਿਰ ਕੀਤਾ ਹੈ ਕਿ ਜੇਲ੍ਹਾਂ 'ਚ ਬੰਦ ਖਾੜਕੂ ਵਿਦੇਸ਼ਾਂ 'ਚ ਬੈਠੇ ਸਮਰਥਕਾਂ ਨਾਲ ਸੰਪਰਕ ਬਣ ਰਹੇ ਹਨ।

ਗ੍ਰਹਿ ਮੰਤਰਾਲੇ ਨੇ ਅਜਿਹੇ ਖਾੜਕੂਆਂ ਦੀ ਸੂਚੀ ਇਕ ਹਫਤੇ ਦੇ ਅੰਦਰ ਭੇਜਣ ਲਈ ਕਿਹਾ ਹੈ। ਮਿਲੀ ਜਾਣਕਾਰੀ ਅਨੁਸਾਰ ਗ੍ਰਹਿ ਮੰਤਰਾਲੇ ਨੂੰ ਖੁਫੀਆ ਵਿਭਾਗ ਨੇ ਚੌਕਸ ਕੀਤਾ ਹੈ ਕਿ ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਕਈ ਕੈਦੀ ਅਜਿਹੇ ਹਨ ਜੋ ਅਤਿਵਾਦ ਦੇ ਕਾਲੇ ਦੌਰ ਦੌਰਾਨ ਸਰਗਰਮ ਰਹੇ ਸਨ ਅਤੇ ਉਨ੍ਹਾਂ 'ਚੋਂ ਕਈ ਅੱਜ ਵੀ ਵਿਦੇਸ਼ਾਂ 'ਚ ਬੈਠੇ ਗਰਮ ਸੋਚ ਵਾਲਿਆਂ ਨਾਲ ਮੋਬਾਈਲ ਫੋਨ ਅਤੇ ਇੰਟਰਨੈਟ ਜ਼ਰੀਏ ਸੰਪਰਕ 'ਚ ਹਨ। ਜਾਣਕਾਰੀ ਅਨੁਸਾਰ ਪੰਜਾਬ ਦੀ ਪਟਿਆਲਾ, ਨਾਭਾ, ਅੰਮ੍ਰਿਤਸਰ, ਜਲੰਧਰ ਅਤੇ ਬਠਿੰਡਾ ਦੀਆਂ ਜੇਲ੍ਹਾਂ 'ਚ ਅਜਿਹੇ ਕੈਦੀ ਬੰਦ ਹੋਣ ਦੀ ਸੂਚਨਾ ਹੈ। ਉਧਰ, ਇਕ ਹੋਰ ਸੂਚਨਾ ਅਨੁਸਾਰ ਗ੍ਰਹਿ ਮੰਤਰਾਲੇ ਨੇ ਉਕਤ ਕੈਦੀਆਂ ਦੀ ਸੂਚੀ ਦੇ ਨਾਲ-ਨਾਲ ਅਜਿਹੇ ਲੋਕਾਂ ਦੀ ਜਾਣਕਾਰੀ ਵੀ ਮੰਗੀ ਹੈ, ਜਿਨ੍ਹਾਂ ਨੂੰ ਹਾਲ ਹੀ 'ਚ ਅਤਿਵਾਦੀ ਗਤੀਵਿਧੀਆਂ 'ਚ ਸ਼ਾਮਲ ਹੋਣ ਦੇ ਸ਼ੱਕ 'ਚ ਗ੍ਰਿਫਤਾਰ ਕੀਤਾ ਗਿਆ ਹੋਵੇ।

# ਨਾਨਕਸ਼ਾਹੀ ਕੈਲੰਡਰ: ਪੁਰੇਵਾਲ ਵੱਲੋਂ ਸਿੱਖ ਆਗੂਆਂ ਦੀ ਨੀਅਤ 'ਤੇ ਸਵਾਲ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ ਦੇ ਰਚੇਤਾ ਪਾਲ ਸਿੰਘ ਪੁਰੇਵਾਲ ਨੇ ਇਥੇ ਲੋਕਾਂ ਦੇ ਰੂ-ਬ-ਰੂ ਹੁੰਦਿਆਂ ਆਖਿਆ ਕਿ ਇਸ ਕੈਲੰਡਰ ਨੂੰ ਰੱਦ ਕਰ ਕੇ ਸਿੱਖਾਂ ਦੀ ਵੱਖਰੀ ਪਛਾਣ ਨੂੰ ਢਾਹ ਲਾਉਣ ਦਾ ਯਤਨ ਕੀਤਾ ਗਿਆ ਹੈ। ਫੋਰਐਸ ਮਾਡਰਨ ਸਕੂਲ ਦੇ ਵਿਹੜੇ ਵਿਚ ਅਕਾਲ ਪੁਰਖ ਕੀ ਫੌਜ ਅਤੇ ਪੰਥਕ ਤਾਲਮੇਲ ਸੰਗਠਨ ਸਿੱਖ ਜਥੇਬੰਦੀਆਂ ਵੱਲੋਂ ਰੂ-ਬ-ਰੂ ਪ੍ਰੋਗਰਾਮ ਕਰਵਾਇਆ ਗਿਆ। ਇਸ ਵਿਚ ਸ੍ਰੀ ਪੁਰੇਵਾਲ ਨੇ ਆਪਣੇ ਬਾਰੇ ਦੱਸਿਆ ਤੇ ਕੈਲੰਡਰ ਤਿਆਰ ਕਰਨ ਲਈ ਕੀਤੀ ਘਾਲਣਾ ਤੋਂ ਜਾਣੂ ਕਰਾਇਆ।

ਉਨ੍ਹਾਂ ਲੋਕਾਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ। ਉਨ੍ਹਾਂ ਆਖਿਆ ਕਿ ਨਾਨਕਸ਼ਾਹੀ ਕੈਲੰਡਰ ਲਾਗੂ ਹੋਣ ਨਾਲ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਮਾਨਤਾ ਮਿਲੀ ਸੀ ਤੇ ਸਿੱਖਾਂ ਨੂੰ ਹਿੰਦੂਵਾਦ ਵਿਚ ਜਜ਼ਬ ਕਰਨ ਦੇ ਯਤਨਾਂ ਨੂੰ ਰੋਕ ਲੱਗੀ ਸੀ। ਉਨ੍ਹਾਂ ਆਖਿਆ ਕਿ 2003 ਵਿਚ ਸਮੁੱਚੀ ਕੌਮ ਦੀ ਮਾਨਤਾ ਨਾਲ ਲਾਗੂ ਕੀਤੇ ਗਏ ਇਸ ਕੈਲੰਡਰ ਨੂੰ ਜਨਵਰੀ 2010 ਵਿਚ ਮੁੜ ਬਿਕਰਮੀ ਕੈਲੰਡਰ ਵਿਚ ਰਲਗੱਡ ਕਰ ਕੇ ਇਸ ਦੀ ਹੋਂਦ ਖਤਮ ਕਰਨ ਦਾ ਯਤਨ ਕੀਤਾ ਗਿਆ। ਮੂਲ ਨਾਨਕਸ਼ਾਹੀ ਕੈਲੰਡਰ ਰੱਦ ਕੀਤੇ ਜਾਣ ਕਾਰਨ ਵਿਸ਼ਵ ਦੇ ਵੱਖ-ਵੱਖ ਮੁਲਕਾਂ ਵਿਚ ਵੱਸਦੇ ਸਿੱਖਾਂ ਵਿਚ ਰੋਸ ਹੈ ਤੇ ਇਹ ਲਗਾਤਾਰ ਵਧ ਰਿਹਾ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਸ ਸਬੰਧੀ ਵਧਦੇ ਦਬਾਅ ਹੇਠ ਇਕ ਵਾਰ ਮੁੜ ਸ਼੍ਰੋਮਣੀ ਕਮੇਟੀ ਨੂੰ ਇਹ ਕੈਲੰਡਰ ਲਾਗੂ ਕਰਨਾ ਪਵੇਗਾ। ਜੇ ਅਜਿਹਾ ਨਾ ਹੋਇਆ ਤਾਂ ਸ਼੍ਰੋਮਣੀ ਕਮੇਟੀ ਅਲੱਗ ਥਲੱਗ ਪੈ ਜਾਵੇਗੀ। ਉਨ੍ਹਾਂ ਦਾਅਵਾ ਕੀਤਾ ਕਿ ਵਿਦੇਸ਼ਾਂ ਵਿਚ 70 ਫੀਸਦੀ ਗੁਰਦੁਆਰਾ ਕਮੇਟੀਆਂ ਨੇ ਮੂਲ ਨਾਨਕਸ਼ਾਹੀ ਕੈਲੰਡਰ ਅਪਣਾਇਆ ਹੋਇਆ ਹੈ।

ਇਸ ਨੂੰ ਤਿਆਰ ਕਰਨ ਵਿਚ ਕਈ ਦਹਾਕੇ ਲੱਗੇ ਸਨ। ਉਨ੍ਹਾਂ ਇਸ ਸਬੰਧੀ ਡੂੰਘਾ ਅਧਿਐਨ ਕੀਤਾ ਸੀ। ਉਨ੍ਹਾਂ ਦਾਅਵਾ ਕੀਤਾ ਕਿ 1964 ਤੋਂ ਪਹਿਲਾਂ ਵਧੇਰੇ ਕੈਲੰਡਰਾਂ ਵਿਚ ਸੂਰਜੀ ਸਿਧਾਂਤ ਹੀ ਮੰਨਿਆ ਜਾਂਦਾ ਸੀ, ਜੋ ਨਾਨਕਸ਼ਾਹੀ ਕੈਲੰਡਰ ਵਿਚ ਅਪਣਾਇਆ ਗਿਆ ਸੀ। 1964 ਤੋਂ ਬਾਅਦ ਇਸ ਸਿਧਾਂਤ ਵਿਚ ਤਰੁੱਟੀਆਂ ਦੱਸਦਿਆਂ ਇਕ ਧਰਮ ਨੇ ਇਹ ਸਿਧਾਂਤ ਛੱਡ ਦਿੱਤਾ। ਉਨ੍ਹਾਂ ਆਖਿਆ ਕਿ ਜਦੋਂ ਇਹ ਸਿਧਾਂਤ ਛੱਡਿਆ ਗਿਆ, ਉਸ ਵੇਲੇ ਹਿੰਦੂ-ਸਿੱਖਾਂ ਦਾ ਇਕ ਕੈਲੰਡਰ ਹੋਣ ਦਾ ਦਾਅਵਾ ਕਰਨ ਵਾਲਿਆਂ ਨੇ ਇਸ ਸਬੰਧੀ ਸਿੱਖ ਭਾਈਚਾਰੇ ਨਾਲ ਸਲਾਹ ਤੱਕ ਨਹੀਂ ਸੀ ਕੀਤੀ। ਉਨ੍ਹਾਂ ਕਿਹਾ ਕਿ ਵਧੇਰੇ ਧਰਮਾਂ ਦੇ ਵੱਖ-ਵੱਖ ਕੈਲੰਡਰ ਹੋਣ ਕਾਰਨ ਹੀ ਉਨ੍ਹਾਂ ਨੇ ਵੀ ਸਿੱਖ ਕੌਮ ਲਈ ਵੱਖਰਾ ਕੈਲੰਡਰ ਬਣਾਉਣ ਦਾ ਯਤਨ ਕੀਤਾ ਸੀ। ਇਸ ਵਿਚ ਵਧੇਰੇ ਗੁਰਪੁਰਬਾਂ ਤੇ ਹੋਰ ਦਿਨ ਤਿਉਹਾਰਾਂ ਦੀਆਂ ਤਰੀਕਾਂ ਪੱਕੀਆਂ ਕਰ ਦਿੱਤੀਆਂ ਸਨ ਤਾਂ ਜੋ ਸਿੱਖ ਪੀੜ੍ਹੀ ਦੇ ਬੱਚਿਆਂ ਨੂੰ ਇਹ ਤਰੀਕਾਂ ਹਮੇਸ਼ਾਂ ਯਾਦ ਰਹਿ ਸਕਣ। ਉਨ੍ਹਾਂ ਕੈਲੰਡਰ ਰੱਦ ਕਰਨ ਵਾਲੇ ਸਿੱਖ ਆਗੂਆਂ ਵੱਲੋਂ ਲਾਏ ਦੋਸ਼ ਨਕਾਰਦਿਆਂ ਆਖਿਆ ਕਿ ਉਨ੍ਹਾਂ ਉਤੇ ਕਮਿਊਨਿਸਟ ਹੋਣ ਦਾ ਲਾਇਆ ਦੋਸ਼ ਬੇਬੁਨਿਆਦ ਹੈ। ਉਨ੍ਹਾਂ ਕਿਹਾ ਕਿ ਕੈਲੰਡਰ ਰੱਦ ਕਰਨ ਲਈ ਨਾ ਸਿਰਫ ਉਨ੍ਹਾਂ ਖਿਲਾਫ ਸਗੋਂ ਕੈਲੰਡਰ ਬਾਰੇ ਵੀ ਬੇਲੋੜੇ ਸ਼ੰਕੇ ਪੈਦਾ ਕੀਤੇ ਗਏ ਸਨ।


## ਤੰਦੂਰੀਏ ਸ਼ੈਫ ਤੇ ਡਿਸ਼ ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਸ਼ੈਫ ਅਤੇ ਡਿਸ਼ ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਮੁਫਤ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 515-291-1961

47-48


## ਮਹਾਂਦੋਸ਼: ਟਰੰਪ ਦੀਆਂ ਮੁਸ਼ਕਿਲਾਂ ਵਧਣ ਦੇ ਆਸਾਰ

**ਵਾਸ਼ਿੰਗਟਨ:** ਵਿਦੇਸ਼ ਮੰਤਰਾਲੇ ਦੇ ਅਧਿਕਾਰੀ ਨੇ ਮਹਾਂਦੋਸ਼ਾਂ ਦੇ ਜਾਂਚਕਾਰਾਂ ਨੂੰ ਦੱਸਿਆ ਹੈ ਕਿ ਉਸ ਨੇ ਰਾਸ਼ਟਰਪਤੀ ਟਰੰਪ ਨੂੰ ਯੂਕਰੇਨ 'ਚ ਅਮਰੀਕੀ ਸਫੀਰ ਨੂੰ ਜਾਂਚ ਬਾਰੇ ਫੋਨ 'ਤੇ ਦੱਸਣ ਦੀ ਗੱਲ ਸੁਣੀ ਸੀ। ਯੂਕਰੇਨ ਵਿਚ ਅਮਰੀਕੀ ਸਫਾਰਤਖਾਨੇ ਦੇ ਸਿਆਸੀ ਕੌਂਸਲ ਡੇਵਿਡ ਹੋਮਜ਼ ਨੇ ਕਿਹਾ ਕਿ ਟਰੰਪ ਇੰਨਾ ਉਚਾ ਬੋਲ ਰਹੇ ਸਨ ਕਿ ਸਫੀਰ ਗੋਰਡਨ ਸੋਂਡਲੈਂਡ ਨੂੰ ਫੋਨ ਆਪਣੇ ਕੰਨ ਤੋਂ ਹਟਾਉਣਾ ਪਿਆ ਸੀ।

ਜ਼ਿਕਰਯੋਗ ਹੈ ਕਿ ਟਰੰਪ ਨੇ ਯੂਕਰੇਨ ਦੇ ਨਵੇਂ ਬਣੇ ਰਾਸ਼ਟਰਪਤੀ ਵੋਲੋਦੀਮਾਈ ਜ਼ੇਲੇਨਸਕੀ ਨੂੰ ਫੋਨ ਕਰਕੇ ਕਿਹਾ ਸੀ ਕਿ ਉਹ 2020 ਵਿਚ ਆਪਣੇ ਵਿਰੋਧੀ ਜੋਏ ਬਿਡੇਨ ਖਿਲਾਫ ਜਾਂਚ ਸ਼ੁਰੂ ਕਰਨ। ਸ਼ਿਕਾਇਤ ਉਤੇ ਟਰੰਪ ਖਿਲਾਫ ਮਹਾਂਦੋਸ਼ ਸਬੰਧੀ ਜਾਂਚ ਅਰੰਭ ਹੋਈ ਹੈ। ਹੋਮਜ਼ ਅਤੇ ਇਕ ਹੋਰ ਵਿਅਕਤੀ ਦੇ ਬਿਆਨ ਨੂੰ ਘੋਖਿਆ ਗਿਆ ਹੈ। ਹੋਮਸ ਨੇ ਜਾਂਚ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ ਪਰ ਬਾਅਦ ਵਿਚ ਉਸ ਨੂੰ ਪੇਸ਼ੀ ਲਈ ਨੋਟਿਸ ਜਾਰੀ ਕੀਤਾ ਗਿਆ। ਉਸ ਨੇ ਕਾਨੂੰਨਸਾਜ਼ਾਂ ਮੂਹਰੇ ਕਰੀਬ ਸੱਤ ਘੰਟਿਆਂ ਤੱਕ ਸਵਾਲਾਂ ਦੇ ਜਵਾਬ ਦਿੱਤੇ। ਉਸ ਨੂੰ ਅਹਿਮ ਗਵਾਹ ਮੰਨਿਆ ਜਾ ਰਿਹਾ ਹੈ ਕਿਉਂਕਿ ਉਸ ਨੇ ਟਰੰਪ ਨੂੰ ਖੁਦ ਸੁਣਿਆ ਸੀ।


## SUPER TRAVEL

847-676-9090, 773-465-5566

E-mail: supertravel2003@live.com

Lowest Fares With Excellent Service

United Airlines
British Airways



Etihad, Air India, KLM, Lufthansa, Delta, Qatar Airlines.

For Emergency Call anytime at 847-673-3825

EARLY BIRD SALE!!!!

Domestic fares available



## ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

22+



## Desi Bazar

916 E. Main Street #118, Greenwood, IN, 46143

Tel: 317-888-2040, Fax: 317-887-6116

We specialize in all kind of Indian Groceries and Sweets

- FRESH VEGETABLES EVERY THURSDAY
- FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

## ਹਿੰਦੂਤਵ ਦੀ ਚੜ੍ਹਤ ਕਿਵੇਂ ਹੋਈ-14

# ਰਾਸ਼ਟਰੀ ਸਿੱਖ ਸੰਗਤ

***ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਨੇ ਆਪਣੀ ਹੋਂਦ ਦੇ ਕਰੀਬ ਨੌਂ ਦਹਾਕਿਆਂ ਦੌਰਾਨ ਬੜੇ ਉਤਰਾ-ਚੜ੍ਹਾਅ ਦੇਖੇ ਹਨ। ਅੱਜ ਕੱਲ੍ਹ ਇਸ ਦੇ ਸਿਆਸੀ ਵਿੰਗ ਭਾਜਪਾ ਦੇ ਹੱਥਾਂ ਵਿਚ ਭਾਰਤ ਦੀ ਹਕੂਮਤ ਹੈ। ਇਸ ਵੇਲੇ ਇਹ ਸੰਸਾਰ ਦੀ ਸਭ ਤੋਂ ਵੱਡੀ ਪਾਰਟੀ ਹੈ। ਇਸੇ ਤਰ੍ਹਾਂ ਆਰ. ਐਸ. ਐਸ. ਸੰਸਾਰ ਦੀ ਸਭ ਤੋਂ ਵੱਡੀ ਵਾਲੰਟੀਅਰ ਸੰਸਥਾ ਹੈ। ਉਘੇ ਪੱਤਰਕਾਰ ਧੀਰੇਂਦਰ ਕੁਮਾਰ ਝਾਅ ਨੇ ਵੱਖ-ਵੱਖ ਸੂਬਿਆਂ ਵਿਚ ਹਿੰਦੂਤਵੀ ਤਾਕਤਾਂ ਦੀ ਚੜ੍ਹਤ ਲਈ ਆਧਾਰ ਬਣੀਆਂ ਜਥੇਬੰਦੀਆਂ ਬਾਰੇ ਚਰਚਾ ਆਪਣੀ ਕਿਤਾਬ 'ਸ਼ੈਡੋ ਆਰਮੀਜ਼' (ਹਿੰਦੂਤਵੀ ਲਸ਼ਕਰ) ਵਿਚ ਕੀਤੀ ਹੈ। ਐਤਕੀਂ 'ਰਾਸ਼ਟਰੀ ਸਿੱਖ ਸੰਗਤ' ਦਾ ਇਤਿਹਾਸ ਫਰੋਲਿਆ ਗਿਆ ਹੈ, ਜਿਸ ਨੇ ਸਿੱਖਾਂ ਨੂੰ ਆਰ. ਐਸ. ਐਸ. ਵੱਲ ਖਿੱਚਣ ਲਈ ਬਹੁਤ ਯਤਨ ਕੀਤੇ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਪਟਿਆਲਾ ਦੀ ਨਵੀਂ ਦਾਣਾ ਮੰਡੀ ਵਿਚ ਦਿਨ ਦੇ ਵਕਤ ਖੂਬ ਰੌਣਕ ਰਹਿੰਦੀ ਹੈ। ਹਰ ਵਕਤ ਰੌਲਾ-ਰੱਪਾ ਰਹਿੰਦਾ ਹੈ। ਆਟੋ, ਟੈਂਪੂ, ਕਾਰਾਂ ਤੇ ਰੇਹੜੀਆਂ ਦੇ ਆਉਣ-ਜਾਣ ਅਤੇ ਹਾਰਨਾਂ ਦੀਆਂ ਆਵਾਜ਼ਾਂ ਲਗਾਤਾਰ ਆਉਂਦੀਆਂ ਰਹਿੰਦੀਆਂ ਹਨ; ਪਰ ਤ੍ਰਿਕਾਲਾਂ ਵੇਲੇ ਖਾਸ ਕਰਕੇ ਜੁਲਾਈ-ਅਗਸਤ ਮਹੀਨੇ, ਜਦੋਂ ਕੋਈ ਜਿਣਸ ਖਰੀਦ-ਫਰੋਖਤ ਲਈ ਨਹੀਂ ਆਉਂਦੀ, ਇਥੇ ਪੂਰੀ ਤਰ੍ਹਾਂ ਸੰਨਾਟਾ ਛਾਇਆ ਰਹਿੰਦਾ ਹੈ।

29 ਜੁਲਾਈ 2009 ਦੀ ਹੁੰਮਸ ਅਤੇ ਸੰਨਾਟੇ ਵਾਲੀ ਰਾਤ ਦੇ ਹਨੇਰੇ ਵਿਚ ਦੋ ਆਦਮੀ ਕਾਰ ਵਿਚੋਂ ਉਤਰਦੇ ਹਨ ਅਤੇ ਮੰਡੀ ਅੰਦਰ ਘੁੱਪ ਹਨੇਰੇ ਵਿਚ ਗਾਇਬ ਹੋ ਜਾਂਦੇ ਹਨ। ਥੋੜ੍ਹੇ ਚਿਰ ਬਾਅਦ 10 ਵਜੇ ਰਾਸ਼ਟਰੀ ਸਿੱਖ ਸੰਗਤ ਦਾ ਸੂਬਾ ਪ੍ਰਧਾਨ ਰੁਲਦਾ ਸਿੰਘ ਮੰਡੀ ਦੇ ਖੂੰਜੇ ਵਿਚ ਸਥਿਤ ਆਪਣੇ ਘਰ ਸਾਹਮਣੇ ਆਪਣੀ ਮਹਿੰਦਰਾ ਬਲੈਰੋ ਵਿਚੋਂ ਉਤਰਦਾ ਹੈ। ਜਿਉਂ ਹੀ ਉਹ ਆਪਣੀ ਗੱਡੀ ਵਿਚੋਂ ਬਾਹਰ ਆਉਂਦਾ ਹੈ, ਉਹੀ ਦੋ ਆਦਮੀ ਹਨੇਰੇ ਵਿਚੋਂ ਨਿਕਲ ਕੇ ਬੜੇ ਠਰੰਮੇ ਨਾਲ ਉਸ ਉਪਰ ਕਈ ਗੋਲੀਆਂ ਚਲਾਉਂਦੇ ਹਨ। ਫਿਰ ਕਾਤਲ ਕੁਝ ਦੂਰ ਖੜ੍ਹੀ ਕੀਤੀ ਕਾਰ ਵਿਚ ਉਥੋਂ ਫਰਾਰ ਹੋ ਜਾਂਦੇ ਹਨ।

ਬੇਹੋਸ਼ ਹੋਣ ਤੋਂ ਪਹਿਲਾਂ ਰੁਲਦਾ ਸਿੰਘ ਮਦਦ ਲਈ ਆਵਾਜ਼ਾਂ ਮਾਰਦਾ ਹੈ। ਉਸ ਦੇ ਪਰਿਵਾਰ ਦੇ ਮੈਂਬਰ ਅਤੇ ਗੁਆਂਢੀ ਇਕਦਮ ਉਥੇ ਆ ਜਾਂਦੇ ਹਨ ਅਤੇ ਉਸ ਨੂੰ ਰਜਿੰਦਰਾ ਹਸਪਤਾਲ ਲਿਜਾਇਆ ਜਾਂਦਾ ਹੈ, ਜਿਥੋਂ ਉਸ ਨੂੰ ਪੀ. ਜੀ. ਆਈ. ਚੰਡੀਗੜ੍ਹ ਭੇਜ ਦਿੱਤਾ ਜਾਂਦਾ ਹੈ। ਦੋ ਹਫਤੇ ਪਿਛੋਂ ਉਸ ਦੀ ਮੌਤ ਹੋ ਗਈ।

ਕਤਲ ਪੂਰੀ ਫੁਰਤੀ ਅਤੇ ਸਫਾਈ ਨਾਲ ਕੀਤਾ ਗਿਆ ਸੀ, ਜਿਸ ਤੋਂ ਜਾਪਦਾ ਸੀ ਕਿ ਇਹ ਪੇਸ਼ੇਵਰਾਂ ਦਾ ਕਾਰਾ ਸੀ। ਨਿਸ਼ਚੇ ਹੀ ਇਹ ਮਾਮੂਲੀ ਵਾਰਦਾਤ ਨਹੀਂ ਸੀ। ਛੇਤੀ ਹੀ ਇਸ ਦੀ ਤਸਦੀਕ ਵੀ ਹੋ ਗਈ, ਜਦੋਂ ਬੱਬਰ ਖਾਲਸਾ ਇੰਟਰਨੈਸ਼ਨਲ ਨੇ ਇਸ ਦੀ ਜ਼ਿੰਮੇਵਾਰੀ ਲੈ ਲਈ, ਜੋ ਸਭ ਤੋਂ ਖਤਰਨਾਕ ਖਾਲਿਸਤਾਨੀ ਗੁੱਟਾਂ ਵਿਚੋਂ ਇਕ ਹੈ।

ਰੁਲਦਾ ਸਿੰਘ ਦੇ ਕਤਲ ਨਾਲ ਰਾਸ਼ਟਰੀ ਸਿੱਖ ਸੰਗਤ ਦੇ ਮੈਂਬਰਾਂ ਵਿਚ ਹਾਹਾਕਾਰ ਮੱਚ ਗਈ। ਇਸ ਦੀ ਖਾਸ ਵਜ੍ਹਾ ਸੀ: ਸੰਨ 2000 ਤੋਂ ਲੈ ਕੇ ਪੰਜਾਬ ਵਿਚ ਇਸ ਜਥੇਬੰਦੀ ਦੀਆਂ ਸਰਗਰਮੀਆਂ ਬਹੁਤ ਹੀ ਸੰਭਲ-ਸੰਭਲ ਕੇ ਕੀਤੀਆਂ ਜਾ ਰਹੀਆਂ ਸਨ। ਉਨ੍ਹਾਂ ਵਲੋਂ ਪੂਰਾ ਯਤਨ ਕੀਤਾ ਗਿਆ ਸੀ ਕਿ ਅਕਾਲ ਤਖਤ ਭੋਰਾ ਵੀ ਨਾਰਾਜ਼ ਨਾ ਹੋਵੇ; ਪਰ ਸਿੱਖੀ ਦਾ ਸਿਰਮੌਰ ਤਖਤ ਰਾਸ਼ਟਰੀ ਸਿੱਖ ਸੰਗਤ ਦੀਆਂ ਕਾਰਵਾਈਆਂ ਨੂੰ ਸਿੱਖ ਪਛਾਣ ਨੂੰ ਖੋਰਾ ਲਾਉਣ ਵਾਲੀਆਂ ਕਾਰਵਾਈਆਂ ਵਜੋਂ ਲੈ ਰਿਹਾ ਸੀ। ਰੁਲਦਾ ਸਿੰਘ ਪੰਜਾਬ ਵਿਚ ਆਰ. ਐਸ. ਐਸ. ਦੇ ਮੁੱਖ ਚਿਹਰਿਆਂ ਵਿਚੋਂ ਇਕ ਸੀ ਅਤੇ ਉਹ ਸੰਘ ਨਾਲ ਸਬੰਧਤ ਰਾਸ਼ਟਰੀ ਸਿੱਖ ਸੰਗਤ ਦਾ ਸੂਬਾ ਪ੍ਰਧਾਨ ਸੀ। ਬਹੁਤ ਸਾਰੇ ਲੋਕ ਉਸ ਅਤੇ ਉਸ ਦੀ ਸੰਸਥਾ ਦੇ ਕੰਮ ਨੂੰ ਸਿੱਖੀ ਨੂੰ ਅੰਦਰੋਂ ਖੋਰਾ ਲਾ ਕੇ ਇਸ ਨੂੰ ਹਿੰਦੂ ਧਰਮ ਦਾ ਹਿੱਸਾ ਬਣਾਉਣ ਦੇ ਯਤਨਾਂ ਵਜੋਂ ਲੈ ਰਹੇ ਸਨ। ਇਹ ਆਰ. ਐਸ. ਐਸ. ਦੇ ਅੰਤਿਮ ਟੀਚੇ ਹਿੰਦੂ ਰਾਸ਼ਟਰ ਦੀ ਸਥਾਪਨਾ ਕਰਨ ਵਿਚ ਹੱਥ ਵਟਾਏਗਾ।

ਰੁਲਦਾ ਸਿੰਘ ਦੀ ਸੰਘ ਪਰਿਵਾਰ ਅੰਦਰ ਅਦੁਤੀ ਸਾਖ ਸੀ। ਉਸ ਨੇ ਬਹੁਤ ਸਾਰੇ ਸਿੱਖ ਵੱਖਵਾਦੀਆਂ ਨੂੰ ਖਾਲਿਸਤਾਨ ਪੱਖੀ ਸੋਚ ਛੱਡ ਕੇ ਭਾਰਤ ਆਉਣ ਲਈ ਕਾਮਯਾਬੀ ਨਾਲ ਪ੍ਰੇਰਿਆ ਸੀ। ਰਾਸ਼ਟਰੀ ਸਿੱਖ ਸੰਗਤ ਦਾ ਰਾਸ਼ਟਰੀ ਜਨਰਲ ਸਕੱਤਰ ਅਵਿਨਾਸ਼ ਜੈਸਵਾਲ ਦੱਸਦਾ ਹੈ, "ਰੁਲਦਾ ਸਿੰਘ ਭਾਜਪਾ ਦੇ ਐਨ. ਆਰ. ਆਈ. ਸੈਲ ਦਾ ਜਨਰਲ ਸਕੱਤਰ ਵੀ ਸੀ। ਇਸ ਰੁਤਬੇ ਸਦਕਾ ਉਹਨੇ ਇੰਗਲੈਂਡ, ਯੂਰਪ ਤੇ ਉਤਰੀ ਅਮਰੀਕਾ ਦੇ ਬਹੁਤ ਸਾਰੇ ਮੁਲਕਾਂ ਦੇ ਦੌਰੇ ਕੀਤੇ ਅਤੇ ਬਹੁਤ ਸਾਰੇ ਉਨ੍ਹਾਂ ਲੋਕਾਂ ਨੂੰ ਮਿਲਿਆ, ਜਿਨ੍ਹਾਂ ਦਾ ਨਾਂ ਉਨ੍ਹਾਂ ਦੀਆਂ ਖਾਲਿਸਤਾਨ ਪੱਖੀ ਸਰਗਰਮੀਆਂ ਕਾਰਨ ਸਰਕਾਰ ਨੇ ਕਾਲੀ ਸੂਚੀ ਵਿਚ ਸ਼ੁਮਾਰ ਕੀਤਾ ਹੋਇਆ ਸੀ। ਉਸ ਨੇ ਭਾਰਤ ਦੇ ਉਨ੍ਹਾਂ ਸਿੱਖਾਂ ਦੇ ਨਾਂ ਕਾਲੀ ਸੂਚੀ ਵਿਚੋਂ ਕਢਵਾਉਣ ਲਈ ਸਿਰਤੋੜ ਯਤਨ ਕੀਤੇ, ਜੋ ਕਿਸੇ ਵੇਲੇ ਖਾਲਿਸਤਾਨ ਦੇ ਹਮਾਇਤੀ ਰਹਿ ਚੁਕੇ ਸਨ, ਪਰ ਉਨ੍ਹਾਂ 'ਤੇ ਕਿਸੇ ਸੰਗੀਨ ਜੁਰਮ ਦਾ ਦੋਸ਼ ਨਹੀਂ ਸੀ, ਤਾਂ ਜੋ ਉਹ ਆਪਣੇ ਵਤਨ ਵਾਪਸ ਆ ਸਕਣ। ਸ਼ਾਇਦ ਉਸ ਦੀਆਂ ਸਰਗਰਮੀਆਂ ਸਿੱਖ ਕੱਟੜਪੰਥੀ ਸਿਆਸਤ ਲਈ ਖਤਰਾ ਸਨ ਅਤੇ ਇਹੀ ਉਸ ਦੀ ਮੌਤ ਦਾ ਕਾਰਨ ਬਣਿਆ।"

ਜੈਸਵਾਲ ਦਾ ਇਹ ਅੰਦਾਜ਼ਾ ਡਾ. ਅਵਤਾਰ ਸਿੰਘ ਸ਼ਾਸਤਰੀ ਦੇ ਵਿਚਾਰਾਂ ਨਾਲ ਮਿਲਦਾ-ਜੁਲਦਾ ਸੀ, ਜੋ ਰਾਸ਼ਟਰੀ ਸਿੱਖ ਸੰਗਤ ਦਾ ਇਕ ਹੋਰ ਰਾਸ਼ਟਰੀ ਜਨਰਲ ਸਕੱਤਰ ਹੈ ਅਤੇ ਰੁਲਦਾ ਸਿੰਘ ਦਾ ਗੂੜ੍ਹਾ ਮਿੱਤਰ ਰਿਹਾ ਹੈ। ਉਹ ਕਹਿੰਦਾ ਹੈ, "ਰੁਲਦਾ ਸਿੰਘ ਸਿੱਖਾਂ ਨੂੰ ਮੁੱਖ ਧਾਰਾ ਨਾਲ ਜੋੜਨ ਵਿਚ ਅਹਿਮ ਯੋਗਦਾਨ ਪਾ ਰਿਹਾ ਸੀ। ਦਰਅਸਲ ਉਸ ਦੇ ਯਤਨਾਂ ਨਾਲ ਵਾਜਪਾਈ ਸਰਕਾਰ ਦੇ ਵਕਤ ਜੋ 22 ਜਣਿਆਂ ਦੇ ਨਾਂ ਕਾਲੀ ਸੂਚੀ ਵਿਚੋਂ ਹਟਾਏ ਗਏ, ਉਹੀ ਉਸ ਦੇ ਕਤਲ ਦਾ ਕਾਰਨ ਬਣੇ।"

1980 ਅਤੇ 1990ਵਿਆਂ ਦੌਰਾਨ ਜਦੋਂ ਖਾਲਿਸਤਾਨ ਦੀ ਲਹਿਰ ਪੂਰੇ ਜ਼ੋਰਾਂ 'ਤੇ ਸੀ, ਭਾਰਤੀ ਸਟੇਟ ਨੇ ਵਿਦੇਸ਼ਾਂ ਵਿਚ ਰਹਿੰਦੇ ਉਨ੍ਹਾਂ ਸੈਂਕੜੇ ਸਿੱਖਾਂ ਦੇ ਨਾਂ ਕਾਲੀ ਸੂਚੀ ਵਿਚ ਸ਼ੁਮਾਰ




**ਰਾਸ਼ਟਰੀ ਸਿੱਖ ਸੰਗਤ ਦਾ ਲੋਗੋ।**

ਕਰ ਦਿੱਤੇ ਸਨ, ਜਿਨ੍ਹਾਂ ਨੇ ਭਾਰਤੀ ਦੂਤਘਰਾਂ ਅੱਗੇ ਰੋਸ ਮੁਜਾਹਰੇ ਕੀਤੇ ਸਨ ਜਾਂ ਭਾਰਤ ਖਿਲਾਫ ਤਕਰੀਰਾਂ ਕੀਤੀਆਂ ਸਨ, ਤੇ ਜਿਨ੍ਹਾਂ ਨੇ ਸਿੱਖ ਅਤਿਵਾਦੀਆਂ ਦੇ ਨਾਲ ਨਾਲ ਉਨ੍ਹਾਂ ਲੋਕਾਂ ਨੂੰ ਪਨਾਹ ਦਿੱਤੀ ਸੀ, ਜਿਨ੍ਹਾਂ ਨੂੰ ਅਦਾਲਤਾਂ ਨੇ ਦੋਸ਼ੀ ਕਰਾਰ ਦਿੱਤਾ ਹੋਇਆ ਸੀ ਅਤੇ ਜੋ ਕਤਲਾਂ ਤੇ ਬੰਬ ਧਮਾਕਿਆਂ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਨ। ਅਗਸਤ 2003 ਵਿਚ ਰਾਸ਼ਟਰੀ ਸਿੱਖ ਸੰਗਤ ਦੇ ਯਤਨਾਂ ਨਾਲ ਵਾਜਪਾਈ ਸਰਕਾਰ ਨੇ ਕੈਨੇਡਾ ਅਤੇ ਅਮਰੀਕਾ ਵਿਚ 22 ਸਿੱਖਾਂ ਦੇ ਨਾਂ ਕਾਲੀ ਸੂਚੀ ਵਿਚੋਂ ਹਟਾ ਦਿੱਤੇ ਸਨ। ਰੁਲਦਾ ਸਿੰਘ ਨੇ 2004 ਵਿਚ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਸੀ, "ਇਸ ਦਾ ਮਨੋਰਥ ਉਨ੍ਹਾਂ ਨੂੰ ਮੁੱਖ ਧਾਰਾ 'ਚ ਸ਼ਾਮਲ ਹੋਣ ਦਾ ਇਕ ਹੋਰ ਮੌਕਾ ਦੇਣਾ ਹੈ।"

ਰੁਲਦਾ ਸਿੰਘ ਦੀਆਂ ਕਾਰਵਾਈਆਂ ਸ਼ਾਇਦ 'ਸਿੱਖ ਇਕ ਵੱਖਰੀ ਕੌਮ ਹੈ' ਦੀ ਸੋਚ ਰੱਖਣ ਵਾਲਿਆਂ ਨੂੰ ਚੋਗਾ ਪਾ ਕੇ ਸਿੱਖ ਖਾੜਕੂਆਂ ਦੇ ਵੱਖਰੇ ਸਿੱਖ ਸਟੇਟ ਦੇ ਹਮਾਇਤੀ ਆਧਾਰ ਨੂੰ ਖੋਰਾ ਲਾ ਰਹੀਆਂ ਸਨ। ਇਸੇ ਜਿੰਨਾ ਹੀ ਭੜਕਾਹਟ ਵਾਲਾ ਤੱਥ ਇਹ ਸੀ ਕਿ ਉਹ ਅਜਿਹੀ ਜਥੇਬੰਦੀ ਦਾ ਆਗੂ ਸੀ, ਜੋ ਸਿੱਖਾਂ ਅਤੇ ਹਿੰਦੂਆਂ ਵਿਚਾਲੇ ਫਿਰਕੂ ਨਫਰਤ ਭੜਕਾ ਰਹੀ ਸੀ। ਆਰ. ਐਸ. ਐਸ. ਦਾ ਦਾਅਵਾ ਹੈ ਕਿ ਸਿੱਖ ਵੱਖਰਾ ਧਰਮ ਨਹੀਂ ਹੈ, ਇਹ ਤਾਂ ਮਹਿਜ ਹਿੰਦੂ ਧਰਮ ਦੀ ਹੀ ਖੜਗ ਭੁਜਾ ਹੈ। ਇਸ ਪ੍ਰਸੰਗ ਵਿਚ ਰੁਲਦਾ ਸਿੰਘ ਵਲੋਂ ਸਿੱਖ ਕੱਟੜਪੰਥੀਆਂ ਨੂੰ ਭਰਮਾਉਣ ਦੇ ਯਤਨਾਂ ਨੂੰ ਉਨ੍ਹਾਂ ਵਲੋਂ ਸਿੱਖਾਂ ਦੀ ਵੱਖਰੀ ਧਾਰਮਿਕ ਪਛਾਣ ਨੂੰ ਖਤਮ ਕਰਕੇ ਇਸ ਨੂੰ ਨਿਗਲ ਜਾਣ ਦੀ ਆਰ. ਐਸ. ਐਸ. ਦੀ ਵਿਆਪਕ ਸਾਜ਼ਿਸ਼ ਦਾ ਹਿੱਸਾ ਸਮਝਣਾ ਸੁਭਾਵਿਕ ਸੀ।

---

2009 ਵਿਚ ਰੁਲਦਾ ਸਿੰਘ ਦਾ ਕਤਲ ਦੋ ਦਹਾਕੇ ਪਹਿਲਾਂ ਸ਼ੁਰੂ ਹੋਏ ਘਟਨਾਵਾਂ ਦੇ ਸਿਲਸਿਲੇ ਦਾ ਹੀ ਨਤੀਜਾ ਸੀ। ਇਸ ਦੀਆਂ ਜੜ੍ਹਾਂ 1984 ਵਿਚ ਸਿੱਖਾਂ ਦੇ ਕਤਲੇਆਮ (ਜਿਸ ਨਾਲ ਪੂਰਾ ਮੁਲਕ ਝੰਜੋੜਿਆ ਗਿਆ ਸੀ) ਤੋਂ ਬਾਅਦ 1986 ਵਿਚ ਰਾਸ਼ਟਰੀ ਸਿੱਖ ਸੰਗਤ ਬਣਾਏ ਜਾਣ ਵਿਚ ਮੌਜੂਦ ਹਨ। ਇਸ ਕਤਲੇਆਮ ਨੂੰ ਅੰਜਾਮ 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਉਸ ਦੇ ਅੰਗ-ਰੱਖਿਅਕਾਂ ਵਲੋਂ ਕਤਲ ਕਰ ਦੇਣ ਪਿਛੋਂ ਦਿੱਤਾ ਗਿਆ ਸੀ, ਜੋ ਹਿੰਦੂਆਂ ਦਾ ਬੇਕਸੂਰ ਸਿੱਖਾਂ ਵਿਰੁਧ ਵਿਉਂਤਬਧ ਹਮਲਾ ਸੀ। ਰਿਪੋਰਟਾਂ ਅਨੁਸਾਰ ਦਿੱਲੀ ਵਿਚ 2733 ਸਿੱਖ ਕਤਲ ਕੀਤੇ ਗਏ। ਇਹ ਸਿਲਸਿਲਾ ਪਹਿਲੀ ਤੋਂ 3 ਨਵੰਬਰ 1984 ਤੱਕ ਤਿੰਨ ਦਿਨ ਚੱਲਦਾ ਰਿਹਾ। ਭਾਰਤ ਦੇ ਕਈ ਹੋਰ ਸ਼ਹਿਰਾਂ ਜਿਵੇਂ ਯੂ. ਪੀ. ਵਿਚ ਕਾਨਪੁਰ, ਬਿਹਾਰ ਵਿਚ ਬੋਕਾਰੋ, ਮੱਧ ਪ੍ਰਦੇਸ਼ ਵਿਚ ਜੱਬਲਪੁਰ, ਉੜੀਸਾ ਵਿਚ ਰੁੜਕੇਲਾ ਆਦਿ ਵਿਚ ਵੀ ਸਿੱਖਾਂ ਦਾ ਕਤਲੇਆਮ ਕੀਤਾ ਗਿਆ।

ਅਵਿਨਾਸ਼ ਜੈਸਵਾਲ ਦੱਸਦਾ ਹੈ, "ਸਿੱਖਾਂ ਦੇ ਕਤਲੇਆਮ ਪਿਛੋਂ ਅਸੀਂ ਆਰ. ਐਸ. ਐਸ. ਵਾਲੇ ਸਿਰ ਜੋੜ ਕੇ ਸੋਚ-ਵਿਚਾਰ ਕਰਨ ਬੈਠੇ, ਕਿਉਂਕਿ ਸਿੱਖ ਵਿਰੋਧੀ ਦੰਗਿਆਂ ਨੇ ਸਮਾਜ ਵਿਚ ਪਾੜਾ ਦਾ ਦਿੱਤਾ ਸੀ, ਜੋ ਕੌਮੀ ਸੁਰੱਖਿਆ ਲਈ ਖਤਰਾ ਸੀ।" ਜੈਸਵਾਲ ਪੰਜਾਬ ਵਿਚ ਅਬੋਹਰ ਤੋਂ 1960 ਤੋਂ ਹੀ ਆਰ. ਐਸ. ਐਸ. ਦਾ ਪ੍ਰਚਾਰਕ ਚਲਿਆ ਆ ਰਿਹਾ ਹੈ। "ਇਹ ਮਾਮਲਾ ਐਨਾ ਗੰਭੀਰ ਸੀ ਕਿ ਭਾਰਤ ਦੇ ਵੱਖ-ਵੱਖ ਹਿੱਸਿਆਂ ਦੇ ਆਰ. ਐਸ. ਐਸ. ਦੇ ਲੋਕਾਂ ਨੇ ਇਸ ਮਸਲੇ ਨੂੰ ਆਰ. ਐਸ. ਐਸ. ਦੇ ਮੁਖੀ ਬਾਲਾ ਸਾਹਬ ਦਿਓਰਸ ਨੂੰ ਮਿਲ ਕੇ ਉਨ੍ਹਾਂ ਨਾਲ ਸੋਚ ਵਿਚਾਰ ਕੀਤੀ। ਅਸੀਂ ਹਾਲਾਤ ਵਿਚ ਸੁਧਾਰ ਹੋਣ ਨੂੰ ਆਪਮੁਹਾਰੇਪਨ 'ਤੇ ਨਹੀਂ ਸੀ ਛੱਡ ਸਕਦੇ। ਇਸੇ ਲਈ 24 ਨਵੰਬਰ 1986 ਨੂੰ ਰਾਸ਼ਟਰੀ ਸਿੱਖ ਸੰਗਤ ਦੀ ਸਥਾਪਨਾ ਕੀਤੀ ਗਈ, ਜਿਸ ਦਾ ਮਨੋਰਥ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨੂੰ ਪ੍ਰਚਾਰਨਾ ਅਤੇ ਸਾਡੀ ਸੰਸਕ੍ਰਿਤੀ ਦੀ ਸਾਂਝ 'ਤੇ ਮੁੜ ਜ਼ੋਰ ਦੇਣਾ ਸੀ।"

ਪਰ ਕੀ ਰਾਸ਼ਟਰੀ ਸਿੱਖ ਸੰਗਤ ਬਣਾਉਣ ਪਿਛੇ ਅਸਲ ਕਾਰਨ ਇਹੀ ਸੀ? ਭਾਵੇਂ ਸਿੱਖ ਵਿਰੋਧੀ ਫਸਾਦਾਂ ਵਿਚ ਕਾਂਗਰਸ ਦੇ ਕਾਰਿੰਦੇ ਵੱਡੀ ਤਾਦਾਦ 'ਚ ਸ਼ਾਮਲ ਸਨ, ਇਹ ਗੱਲ ਵੀ ਨਹੀਂ ਕਿ ਆਰ. ਐਸ. ਐਸ. ਦੇ ਕਾਰਿੰਦਿਆਂ ਨੇ ਸਿੱਖਾਂ ਨੂੰ ਬਚਾਇਆ ਹੋਵੇ। ਦਰਅਸਲ, ਸਬੂਤ ਇਹ ਹਨ ਕਿ ਆਰ. ਐਸ. ਐਸ. ਅਤੇ ਭਾਜਪਾ ਵਾਲਿਆਂ ਨੇ ਕਈ ਥਾਂਈਂ ਇਸ ਕਤਲੇਆਮ ਵਿਚ ਹਿੱਸਾ ਲਿਆ। 2 ਫਰਵਰੀ 2002 ਦੀ 'ਹਿੰਦੁਸਤਾਨ ਟਾਈਮਜ਼' ਦੀ ਰਿਪੋਰਟ ਅਨੁਸਾਰ ਆਰ. ਐਸ. ਐਸ. ਅਤੇ ਭਾਜਪਾ ਦੇ 49 ਕਾਰਿੰਦਿਆਂ ਦੇ ਨਾਂ ਉਨ੍ਹਾਂ 14 ਰਿਪੋਰਟਾਂ ਵਿਚ ਨਾਮਜ਼ਦ ਕੀਤੇ ਗਏ, ਜੋ ਦਿੱਲੀ ਵਿਚ ਸਿੱਖ ਕਤਲੇਆਮ ਬਾਬਤ ਦਰਜ ਕੀਤੀਆਂ ਗਈਆਂ। ਸਾੜ-ਫੂਕ, ਦੰਗੇ-ਫਸਾਦ, ਇਰਾਦਾ ਕਤਲ ਅਤੇ ਡਕੈਤੀਆਂ ਦੇ ਇਹ ਕੇਸ 1984 ਦੇ ਪੀੜਤਾਂ ਦੇ ਹਲਫੀਆ ਬਿਆਨਾਂ ਦੀ ਪੁਣਛਾਣ ਪਿਛੋਂ ਜੈਨ-ਅਗਰਵਾਲ ਕਮੇਟੀ ਦੀ ਸਿਫਾਰਸ਼ 'ਤੇ ਦਰਜ ਕੀਤੇ ਗਏ ਸਨ। ਕਮੇਟੀ ਨੇ 48 ਕੇਸ ਦਰਜ ਕਰਨ ਦੀ ਸਿਫਾਰਸ਼ ਕੀਤੀ ਸੀ, ਜਿਨ੍ਹਾਂ ਵਿਚ ਕਾਂਗਰਸੀ ਆਗੂ ਐਚ. ਕੇ. ਐਲ. ਭਗਤ, ਸੱਜਣ ਕੁਮਾਰ, ਧਰਮ ਦਾਸ ਸ਼ਾਸਤਰੀ ਅਤੇ ਜਗਦੀਸ਼ ਟਾਈਟਲਰ ਵੀ ਸ਼ਾਮਲ ਸਨ।

ਆਰ. ਐਸ. ਐਸ. ਅਤੇ ਭਾਜਪਾ ਦੇ ਆਦਮੀ ਵੀ ਨਿਰੇ ਸਧਾਰਨ ਕਾਰਿੰਦੇ ਨਹੀਂ ਸਨ। 'ਦਰਅਸਲ, ਰਾਮ ਕੁਮਾਰ ਜੈਨ 1980 ਵਿਚ ਪ੍ਰਧਾਨ ਮੰਤਰੀ ਵਾਜਪਾਈ ਦਾ ਚੋਣ ਏਜੰਟ ਰਿਹਾ ਸੀ, ਜਦੋਂ ਵਾਜਪਾਈ ਨੇ ਲੋਕ ਸਭਾ ਚੋਣ ਲੜੀ ਸੀ। ਭਾਜਪਾ-ਆਰ. ਐਸ. ਐਸ. ਦੇ ਇਸ ਪ੍ਰਮੁੱਖ ਕਾਰਿੰਦੇ ਜੈਨ ਦਾ ਰੈਣ ਬਸੇਰਾ ਮਕਾਨ ਨੰਬਰ 87 ਹਰੀ ਨਗਰ ਆਸ਼ਰਮ, ਵਾਜਪਾਈ ਦਾ ਚੋਣ ਦਫਤਰ ਹੀ ਬਣਿਆ ਹੋਇਆ ਸੀ।' ਇਹ ਤੱਥ ਵੀ ਐਨ ਸਪਸ਼ਟ ਹੈ ਕਿ 84 ਦੇ ਸਿੱਖ ਵਿਰੋਧੀ ਦੰਗਿਆਂ ਤੋਂ ਬਾਅਦ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਆਰ. ਐਸ. ਐਸ. ਕਾਰਕੁਨਾਂ ਨੇ ਭਾਰੂ ਤੌਰ 'ਤੇ ਕਾਂਗਰਸ ਦਾ ਸਾਥ ਦਿੱਤਾ।

ਸਪਸ਼ਟ ਹੈ ਕਿ ਰਾਸ਼ਟਰੀ ਸਿੱਖ ਸੰਗਤ ਬਣਾਉਣ ਦਾ ਅਸਲ ਮਨੋਰਥ ਉਹ ਨਹੀਂ, ਜੋ ਇਸ ਦੇ ਅਹੁਦੇਦਾਰ ਦੱਸ ਰਹੇ ਹਨ। ਇਹ ਸਾਬਤ ਕਰਨ ਲਈ ਚੋਖੇ ਸਬੂਤ ਮੌਜੂਦ ਹਨ ਕਿ ਆਰ. ਐਸ. ਐਸ. ਨੇ ਆਪਣਾ ਸਿੱਖ ਵਿੰਗ ਇਸ ਲਈ ਬਣਾਇਆ ਤਾਂ ਜੋ 1984 ਦੇ ਸਿੱਖ ਕਤਲੇਆਮ ਦਾ ਸ਼ਿਕਾਰ ਹੋਏ ਸਿੱਖ ਫਿਰਕੇ ਦੇ ਸੰਤਾਪ ਦਾ ਲਾਹਾ ਲਿਆ ਜਾ ਸਕੇ ਅਤੇ ਸਿੱਖ ਫਿਰਕੇ ਵਿਚ ਬਣੇ ਡਰ ਨੂੰ ਵਰਤ ਕੇ ਇਹ ਲਾਈਨ ਥੋਪੀ ਜਾ ਸਕੇ ਕਿ 'ਸਿੱਖ ਵੀ ਹਿੰਦੂ ਹਨ।' ਇਸ ਦਲੀਲ ਦਾ ਸਬੂਤ ਰਾਸ਼ਟਰੀ ਸਿੱਖ ਸੰਗਤ ਦੀ ਵਿਸ਼ੇਸ਼ ਲਿਖਤ ਵਿਚ ਮਿਲਦਾ ਹੈ, ਜਿਸ ਤੋਂ ਇਸ ਦੇ ਬਣਾਏ ਜਾਣ ਦਾ ਮਨੋਰਥ ਸਪਸ਼ਟ ਹੁੰਦਾ ਹੈ। 1985 ਵਿਚ ਛਪੀ ਗਈ ਲਿਖਤ 'ਹਿੰਦੂ-ਸਿੱਖ ਰਿਸ਼ਤਾ' ਵਿਚ ਆਰ. ਐਸ. ਐਸ. ਦੀ ਇਸ ਲਾਈਨ ਨੂੰ ਦੁਹਰਾਇਆ ਗਿਆ ਹੈ ਕਿ ਸਿੱਖ ਆਜ਼ਾਦ ਧਾਰਮਿਕ ਫਿਰਕਾ ਨਹੀਂ ਹਨ, ਕਿ ਇਹ ਵਿਸ਼ਾਲ ਹਿੰਦੂ ਫਿਰਕੇ ਦਾ ਅੰਗ ਹਨ, ਕਿ ਇਹ ਅੰਗਰੇਜ਼ ਸਨ ਜਿਨ੍ਹਾਂ ਨੇ ਸਾਜ਼ਿਸ਼ ਤਹਿਤ ਸਿੱਖਾਂ ਦੀ ਅਲਹਿਦਾ ਪਛਾਣ ਬਣਾਈ। ਇਹ ਸਿੱਖਾਂ ਨੂੰ ਪਤਿਆਉਂਦੀ ਹੈ ਕਿ ਉਹ 'ਹਿੰਦੂ ਸਮਾਜ ਦਾ ਅੰਗ' ਹਨ ਅਤੇ ਉਨ੍ਹਾਂ ਦੀ ਇਸ ਸੋਚ ਨੂੰ ਰੱਦ ਕਰਦੀ ਹੈ ਕਿ 'ਉਨ੍ਹਾਂ ਦੀ ਵੱਖਰੀ ਪਛਾਣ' ਹੈ। ਇਹ 1984 ਦੇ ਸਿੱਖ ਕਤਲੇਆਮ ਦਾ ਦੋਸ਼ ਵੀ ਇਸੇ ਸੋਚ ਨੂੰ ਦਿੰਦੀ ਹੈ-ਇਹ 1984 ਦੇ ਕਤਲੇਆਮ ਨੂੰ ਜਾਇਜ਼ ਠਹਿਰਾਉਣ ਦਾ ਘਿਨਾਉਣਾ ਤਰੀਕਾ ਹੈ। ਇਸ ਲਿਖਤ ਦੇ ਲੇਖਕ ਆਰ. ਐਸ. ਐਸ. ਨਾਲ ਸਬੰਧਤ ਇਤਿਹਾਸਕਾਰ ਰਾਮ ਸਵਰੂਪ ਹੈ। ਇਸ ਦਾ ਮੁੱਖ ਬੰਦ ਸੀਤਾ ਰਾਮ ਗੋਇਲ ਨੇ ਲਿਖਿਆ ਹੈ, ਜੋ ਹਿੰਦੂ ਰਾਸ਼ਟਰ ਦਾ ਹਮਾਇਤੀ ਇਕ ਹੋਰ ਬੁੱਧੀਜੀਵੀ ਹੈ। ਗੋਇਲ ਅਨੁਸਾਰ ਗੁਰੂ ਨਾਨਕ ਤਾਂ ਸਿਰਫ "ਇਸਲਾਮੀ ਹਮਲੇ ਵਿਰੁਧ ਹਿੰਦੂ ਵਿਰੋਧ ਦਾ ਇਜ਼ਹਾਰ ਕਰ ਰਹੇ ਸਨ, ਉਹ ਕੋਈ ਅਲਹਿਦਾ ਧਰਮ ਪੇਸ਼ ਨਹੀਂ ਕਰ ਰਹੇ ਸਨ।...ਪ੍ਰਤੀਕਰਮ ਦੋਮੁਖੀ ਸੀ। ਹਿੰਦੂ ਯੋਧਿਆਂ ਨੇ ਤਾਂ ਪੂਰੇ ਮੁਲਕ ਅੰਦਰ ਕਈ ਮੈਦਾਨ-ਏ-ਜੰਗ ਵਿਚ ਇਸਲਾਮੀ ਧਾੜਵੀਆਂ ਦੇ ਖਿਲਾਫ ਲੜਾਈਆਂ ਲੜੀਆਂ। ਹਿੰਦੂ ਸੰਤਾਂ ਅਤੇ ਫਕੀਰਾਂ ਨੇ ਪੂਰੇ ਮੁਲਕ ਵਿਚ ਰੂਹਾਨੀਅਤ ਦੀ ਲਹਿਰ ਖੜ੍ਹੀ ਕੀਤੀ, ਜੋ ਭਗਤੀ ਲਹਿਰ ਵਜੋਂ ਮਸ਼ਹੂਰ ਹੋਈ। ਇਸ ਭਗਤੀ ਲਹਿਰ ਦਾ ਸੰਦੇਸ਼ ਹਰ ਥਾਂ ਇਕ ਹੀ ਸੀ ਕਿਉਂਕਿ ਇਸ ਦਾ ਆਧਾਰ ਵੇਦ, ਪੁਰਾਣ ਅਤੇ ਧਰਮ ਸ਼ਾਸਤਰ ਸਨ।"



**ਰਾਸ਼ਟਰੀ ਸਿੱਖ ਸੰਗਤ ਦਾ ਆਗੂ ਅਵਤਾਰ ਸਿੰਘ ਸ਼ਾਸਤਰੀ।**

ਗੋਇਲ ਲਿਖਦਾ ਹੈ, "ਗੁਰੂ ਨਾਨਕ ਭਗਤੀ ਲਹਿਰ ਦੇ ਬਹੁਤ ਸਾਰੇ ਸੰਤਾਂ ਵਿਚੋਂ ਇਕ ਸਨ, ਜਿਨ੍ਹਾਂ ਨੇ ਆਪਣਾ ਸੰਦੇਸ਼ ਦੇਣ ਲਈ ਵੱਖ ਵੱਖ ਥਾਂਵਾਂ 'ਤੇ 'ਆਪਣੇ ਕੇਂਦਰ' ਸਥਾਪਤ ਕੀਤੇ। ਗੁਰੂ ਨਾਨਕ ਨੇ ਐਸਾ ਕੇਂਦਰ ਪੰਜਾਬ ਵਿਚ ਸਥਾਪਤ ਕੀਤਾ। ਜੋ ਉਸ ਦੇ ਵਿਚਾਰਾਂ ਦੇ ਪੈਰੋਕਾਰ ਬਣੇ, ਉਨ੍ਹਾਂ ਨੂੰ ਸਿੱਖ ਕਿਹਾ ਜਾਂਦਾ ਸੀ।" ਉਸ ਦਾ ਕਹਿਣਾ ਹੈ ਕਿ ਆਦਿ ਗ੍ਰੰਥ ਨੂੰ ਪੰਜਾਬ ਦੇ ਹਿੰਦੂ ਛੇਵਾਂ ਵੇਦ ਮੰਨਦੇ ਹਨ, ਜੋ ਰਿਗ, ਸਾਮ, ਯਜੁਰ, ਅਥਰਵ ਅਤੇ ਮਹਾਂਭਾਰਤ ਤੋਂ ਬਾਅਦ ਆਉਂਦਾ ਹੈ। ਉਹ ਲਿਖਦਾ ਹੈ, ਭਾਵੇਂ ਸਿੱਖੀ ਅਤੇ ਹਿੰਦੂ ਧਰਮ ਦੇ ਸਾਰੇ ਪੱਖ ਸਾਂਝੇ ਨਹੀਂ, "ਸਿੱਖੀ ਵਿਚ ਅਜਿਹਾ ਕੁਝ ਵੀ ਨਹੀਂ-ਇਸ ਦੀ ਬੋਲੀ, ਇਸ ਦੇ ਬਿੰਬ, ਇਸ ਦਾ ਮੁਹਾਵਰਾ, ਇਸ ਦਾ ਬ੍ਰਹਿਮੰਡ ਸ਼ਾਸਤਰ, ਇਸ ਦਾ ਮਿਥਿਹਾਸ, ਇਸ ਦੇ ਸੰਤਾਂ ਤੇ ਨਾਇਕਾਂ ਦੀਆਂ ਸਾਖੀਆਂ, ਇਸ ਦਾ ਅਧਿਆਤਮਵਾਦ, ਇਸ ਦੇ ਸਮਾਧੀ ਦੇ ਤੌਰ-ਤਰੀਕੇ ਅਤੇ ਇਸ ਦੇ ਰੀਤੀ-ਰਿਵਾਜ ਸਾਰਾ ਕੁਝ ਹਿੰਦੂ ਧਰਮ ਦੇ ਸ਼ਾਸਤਰਾਂ 'ਚੋਂ ਲਿਆ ਗਿਆ ਹੈ।"

### ਹਿੰਦੂਤਵੀ ਲਸ਼ਕਰ



**ਧੀਰੇਂਦਰ ਕੁਮਾਰ ਝਾਅ**

ਆਪਣੇ 'ਵਿਸ਼ਲੇਸ਼ਣ' ਦੇ ਆਧਾਰ 'ਤੇ ਗੋਇਲ ਨੇ ਖਾਲਸਾ ਨੂੰ ਨਵਾਂ ਧਰਮ ਮੰਨਣ ਤੋਂ ਇਨਕਾਰ ਕਰ ਦਿੱਤਾ। ਉਸ ਦੀ ਦਲੀਲ ਸੀ, "ਖਾਲਸਾ ਤਾਂ ਮਹਿਜ ਵਡੇਰੇ ਸਿੱਖ ਭਾਈਚਾਰੇ ਅੰਦਰਲੀ ਲੜਾਕੂ ਜਥੇਬੰਦੀ ਹੀ ਸੀ, ਸਿੱਖ ਤਾਂ ਖੁਦ ਵਿਸ਼ਾਲ ਹਿੰਦੂ ਸਮਾਜ ਵਿਚਲਾ ਸੰਪਰਦਾਇ ਸਨ।"

ਦਰਅਸਲ, ਮਾਯੂਸੀ ਦਾ ਸ਼ਿਕਾਰ ਰਾਮ ਸਵਰੂਪ ਅਜਿਹੇ ਸਿੱਟੇ 'ਤੇ ਹੀ ਪਹੁੰਚਣਾ ਚਾਹੁੰਦਾ



**ਰਾਸ਼ਟਰੀ ਸਿੱਖ ਸੰਗਤ, ਪੰਜਾਬ ਦਾ ਪ੍ਰਧਾਨ ਰੁਲਦਾ ਸਿੰਘ, ਜਿਸ ਦਾ 2009 ਵਿਚ ਕਤਲ ਹੋ ਗਿਆ।**

ਹੈ, ਜੋ ਆਰ. ਐਸ. ਐਸ. ਦੀ ਸਿਆਸਤ ਨੂੰ ਰਾਸ ਆਉਂਦਾ ਹੋਵੇ। ਉਂਜ, ਇਸ ਤਰ੍ਹਾਂ ਕਰਕੇ ਰਾਮ ਸਵਰੂਪ ਸਿੱਖ ਮਨ ਦੀ ਥਾਹ ਪਾਉਣ ਦੇ ਤਰੀਕਿਆਂ ਨੂੰ ਹੀ ਖਾਰਜ ਕਰ ਦਿੰਦਾ ਹੈ। ਮੈਕਾਲਿਫ ਵਲੋਂ ਸਿੱਖ ਧਰਮ ਅਤੇ ਇਤਿਹਾਸ ਬਾਰੇ ਲਿਖੇ ਛੇ ਵਡਮੁੱਲੇ ਗ੍ਰੰਥ ਸਿਰਫ ਅੰਗਰੇਜ਼ੀ ਜ਼ੁਬਾਨ ਦੇ ਮਾਧਿਅਮ ਰਾਹੀਂ ਸਿੱਖ ਅਕੀਦੇ ਅਤੇ ਇਤਿਹਾਸ ਦਾ ਖੋਜ ਕਾਰਜ ਹੀ ਨਹੀਂ ਸਗੋਂ ਉਨ੍ਹਾਂ ਨੇ ਸਿੱਖ ਧਰਮ ਦੇ ਗਿਆਨੀਆਂ ਵਲੋਂ ਪੀੜ੍ਹੀ-ਦਰ-ਪੀੜ੍ਹੀ ਮੂੰਹ-ਜ਼ੁਬਾਨੀ ਬਿਆਨ ਕੀਤੇ ਜਾਂਦੇ ਵੇਰਵਿਆਂ ਦੇ ਆਧਾਰ 'ਤੇ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਨੂੰ ਵੀ ਕਲਮਬੱਧ ਕੀਤਾ ਹੈ।


ਇਤਿਹਾਸ ਦਾ ਤੋੜਿਆ-ਮਰੋੜਿਆ ਸਰੂਪ ਹੀ ਉਪਰੋਕਤ ਲਿਖਤ ਵਿਚ ਪੇਸ਼ ਕੀਤਾ ਗਿਆ, ਜੋ 1986 ਵਿਚ ਰਾਸ਼ਟਰੀ ਸਿੱਖ ਸੰਗਤ ਬਣਾਏ ਜਾਣ ਦਾ ਆਧਾਰ ਬਣਿਆ। ਆਰ. ਐਸ. ਐਸ. ਦੀ ਇਹ ਜ਼ਿਦ ਕਿ ਸਿੱਖ ਹਿੰਦੂ ਧਰਮ ਦਾ ਹੀ ਇਕ ਅੰਗ ਹਨ, ਨੂੰ 'ਸੰਗਤ' ਵਲੋਂ 1980ਵਿਆਂ ਦੇ ਅਖੀਰ ਵਿਚ ਅਤੇ 1990ਵਿਆਂ ਵਿਚ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਗਿਆ। ਇਹੀ ਇਸ ਜਥੇਬੰਦੀ ਦਾ ਸਿਧਾਂਤਕ ਆਧਾਰ ਬਣਿਆ। ਆਪਣੇ ਮੁਢਲੇ ਸਾਲਾਂ ਵਿਚ 'ਸੰਗਤ' ਨੇ ਸੀਤਾ ਰਾਮ ਗੋਇਲ ਅਤੇ ਰਾਮ ਸਵਰੂਪ ਦੀਆਂ ਦਲੀਲਾਂ ਨੂੰ ਜ਼ੋਰ-ਸ਼ੋਰ ਨਾਲ ਪ੍ਰਚਾਰਿਆ।

'ਰਾਸ਼ਟਰੀ ਸਿੱਖ ਸੰਗਤ: ਇਕ ਜਾਣ-ਪਛਾਣ' ਨਾਂ ਦੇ ਕਿਤਾਬਚੇ, ਜੋ 'ਸੰਗਤ' ਦੇ ਲੁਧਿਆਣਾ ਸਥਿਤ ਦਫਤਰ ਵਲੋਂ ਸੰਸਥਾ ਦਾ ਇਕ ਦਹਾਕਾ ਪੂਰਾ ਹੋਣ 'ਤੇ ਛਾਪਿਆ ਗਿਆ ਸੀ ਅਤੇ ਜਿਸ ਵਿਚ ਰਾਮ ਸਵਰੂਪ ਦੇ ਵਿਚਾਰ ਕਰੀਬ ਹੂ-

**(ਬਾਕੀ ਅਗਲੇ ਸਫੇ 'ਤੇ)**

# ਸਿਆਸੀ ਹਲਚਲ ਦਾ ਪਿਛਲਾ ਦੌਰ ਬਨਾਮ ਅਜੋਕਾ ਦੌਰ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਵਿਚ ਇਸ ਵਕਤ ਅੰਦਰੋ-ਅੰਦਰ ਸਿਆਸੀ ਹਲਚਲ ਦੀ ਧੜਕਨ ਮਹਿਸੂਸ ਕੀਤੀ ਜਾ ਰਹੀ ਹੈ ਤੇ ਕਿਆਸ ਕਰਨਾ ਹਾਲ ਦੀ ਘੜੀ ਔਖਾ ਹੈ ਕਿ ਪਿਛੋਂ ਇਹ ਕਿਹੋ ਜਿਹੇ ਸਿੱਟੇ ਕੱਢੇਗੀ! ਪਿਛਲੇ ਦਿਨਾਂ ਵਿਚ ਭਾਰਤ ਦੀ ਨਿਆਂ ਪਾਲਿਕਾ ਨੇ ਜੋ ਫੈਸਲੇ ਦਿੱਤੇ ਹਨ, ਉਨ੍ਹਾਂ ਨਾਲ ਸਿਆਸੀ ਧੜਕਨ ਹੋਰ ਤੇਜ਼ ਹੋਣ ਲੱਗ ਪਈ ਹੈ, ਪਰ ਇਹ ਕਿਸ ਪਾਸੇ ਵੱਲ ਵਧੇਗੀ, ਇਹ ਅੰਦਾਜ਼ਾ ਅਜੇ ਨਹੀਂ ਹੋ ਰਿਹਾ। ਇੱਕ ਗੱਲ ਲਗਭਗ ਸਾਫ ਹੈ ਕਿ ਜਿਵੇਂ ਗੁਜਰਾਤ ਦੰਗਿਆਂ ਪਿਛੋਂ ਉਥੇ ਰਾਜ ਚਲਾ ਰਹੀ ਧਿਰ ਦਾ ਘੱਟ-ਗਿਣਤੀਆਂ ਵੱਲੋਂ ਕਿਸੇ ਕਿਸਮ ਦਾ ਵਿਰੋਧ ਹੋਣਾ ਲਗਭਗ ਬੰਦ ਵਾਂਗ ਹੋ ਗਿਆ ਸੀ, ਬਾਬਰੀ ਮਸਜਿਦ ਨੂੰ ਰੱਦ ਕਰਨ ਤੇ ਰਾਮ ਮੰਦਿਰ ਦੀ ਉਸਾਰੀ ਲਈ ਸਹਿਮਤੀ ਦੇ ਸੁਪਰੀਮ ਕੋਰਟ ਦੇ ਫੈਸਲੇ ਦਾ ਲਗਭਗ ਓਦਾਂ ਦਾ ਅਸਰ ਇਸ ਵਾਰੀ ਸਾਰੇ ਦੇਸ਼ ਵਿਚ ਵੇਖਿਆ ਗਿਆ ਹੈ।

ਮੁਸਲਿਮ ਇਤਿਹਾਦੁਲ ਮੁਸਲਮੀਨ ਪਾਰਟੀ ਦੇ ਆਗੂ ਤੇ ਪਾਰਲੀਮੈਂਟ ਮੈਂਬਰ ਅਸਦੁਦੀਨ ਓਵੈਸੀ ਤੋਂ ਬਿਨਾ ਕੋਈ ਬਹੁਤਾ ਉਭਾਸਰ ਕੇ ਬੋਲਣ ਵਾਲਾ ਨਹੀਂ ਦਿੱਸਦਾ, ਸਗੋਂ ਜਿਨ੍ਹਾਂ ਨੇ ਕੇਸ ਕੀਤਾ ਤੇ ਲੜਿਆ ਸੀ, ਉਹ ਇਸ ਫੈਸਲੇ ਨੂੰ ਪ੍ਰਵਾਨ ਕਰਨ ਦੀ ਗੱਲ ਕਹਿ ਰਹੇ ਹਨ। ਖੱਬੇ ਪੱਖੀਆਂ ਦੀ ਜਿਸ ਧਿਰ ਨੇ ਇਸ ਫੈਸਲੇ 'ਤੇ ਕੁਝ ਕਿੰਤੂ ਕੀਤਾ ਹੈ, ਉਸ ਨੇ ਬੜੇ ਚੋਣਵੇਂ ਸ਼ਬਦਾਂ ਨਾਲ ਕੀਤਾ ਹੈ, ਪਰ ਭਾਰਤ ਦੀ ਰਾਜਨੀਤੀ ਦੇ ਹਾਲੇ ਤੱਕ ਦੀ ਮੁੱਖ ਵਿਰੋਧੀ ਧਿਰ ਮੰਨੀ ਜਾਣ ਵਾਲੀ ਕਾਂਗਰਸ ਪਾਰਟੀ ਨੇ ਕਿੰਤੂ ਕਰਨ ਤੋਂ ਵੀ ਝਿਜਕ ਵਿਖਾਈ ਹੈ। ਇਸ ਤੋਂ ਪਹਿਲਾਂ ਜਦੋਂ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਤੋੜੀ ਗਈ ਸੀ, ਉਦੋਂ ਕਾਂਗਰਸ ਦੇ ਕੁਝ ਆਗੂਆਂ ਨੇ ਵਿਰੋਧ ਕੀਤਾ ਸੀ ਤੇ ਕੁਝ ਉਦੋਂ ਹੀ ਵਿਰੋਧੀ ਧਿਰ ਦੀ ਜ਼ਿੰਮੇਵਾਰੀ ਨਿਭਾਉਣ ਤੋਂ ਇਹ ਸੋਚ ਕੇ ਭੱਜ ਗਏ ਸਨ ਕਿ ਇਨ੍ਹਾਂ ਫੈਸਲਿਆਂ ਦਾ ਵਿਰੋਧ ਕਰਨ ਦਾ ਸਮਾਂ ਹੀ ਨਹੀਂ ਤਾਂ ਸਿਰ ਨਾ ਫਸਾਈਏ। ਅਯੁੱਧਿਆ ਦਾ ਕੇਸ ਦੂਜਾ ਹੈ, ਜਿਸ ਨੇ ਵਕਤ ਦੇ ਇਸ ਵਹਿਣ ਨੂੰ ਹੋਰ ਅੱਗੇ ਵਧਾਇਆ ਹੈ ਤੇ ਇਸ ਦੇ ਨਾਲ ਇਹ ਗੱਲ ਪੱਕੀ ਕਰ ਦਿੱਤੀ ਹੈ ਕਿ ਫੈਸਲੇ ਸਰਕਾਰੇ-ਦਰਬਾਰੇ ਜਿੱਥੋਂ ਵੀ ਆਉਣ, ਘੱਟ-ਗਿਣਤੀਆਂ ਦੀ ਤਸੱਲੀ ਵਾਲੇ ਨਹੀਂ ਆਉਣ ਲੱਗੇ।

ਇੱਕ ਸਮੇਂ ਤੱਕ ਇਸ ਦੇਸ਼ ਵਿਚ ਘੱਟ-ਗਿਣਤੀਆਂ ਨੂੰ ਰਾਜਨੀਤੀ ਦੇ ਮੋਹਰੇ ਬਣਾਉਣ ਤੇ ਵੋਟਾਂ ਲਈ ਵਰਤਣ ਦਾ ਜੋ ਰੁਝਾਨ ਹੋ ਗਿਆ ਸੀ, ਉਸ ਦਾ ਉਲਟ ਅਸਰ ਹੈ ਕਿ ਬਹੁ-ਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਇੱਕ ਧਿਰ ਨੇ ਸਿਰਫ ਇਸੇ ਵਰਤਾਰੇ ਦੇ ਵਿਰੋਧ ਦੇ ਨਾਂ 'ਤੇ ਆਪਣੇ ਨਾਲ ਤੋਰ ਕੇ ਰਾਜਸੀ ਲਾਹਾ ਖੱਟਿਆ ਹੈ। ਜਿਸ ਪਾਰਟੀ ਨੂੰ ਪੰਜਾਹ ਸਾਲਾਂ ਤੱਕ ਕਾਰੋਬਾਰੀਆਂ ਤੇ ਵਪਾਰੀਆਂ, ਅਤੇ ਇਸ ਤੋਂ ਵਧ ਕੇ ਜ਼ਖੀਰੇਬਾਜ਼ਾਂ ਦੀ ਪਾਰਟੀ ਤੱਕ ਕਿਹਾ ਜਾਂਦਾ ਰਿਹਾ, ਉਹ ਅੱਜ ਨਵੇਂ ਰੂਪ ਵਿਚ ਉਨ੍ਹਾਂ ਲੋਕਾਂ ਦੀ ਪਾਰਟੀ ਬਣੀ ਪਈ ਹੈ, ਜੋ ਭਾਵੇਂ ਰੇੜ੍ਹੀ ਲਾਉਣ ਜਾਂ ਰਿਕਸ਼ਾ ਵਾਹੁੰਦੇ ਹੋਣ, ਇਹ ਗੱਲ ਬੜੇ ਮਾਣ ਨਾਲ ਕਹਿੰਦੇ ਹਨ ਕਿ 8 ਸੌ ਸਾਲਾਂ ਪਿੱਛੋਂ 'ਸਾਡਾ ਰਾਜ' ਆਇਆ ਹੈ। ਜਦੋਂ ਇਹ ਵਰਤਾਰਾ ਅਜੇ ਉਭਰਨਾ ਸ਼ੁਰੂ ਹੋਇਆ ਸੀ, ਇਸ ਦੇ ਅੱਗੇ ਸਿਧਾਂਤਕ ਪੱਖ ਤੋਂ ਜਿਨ੍ਹਾਂ ਨੂੰ ਖੜੋਣਾ ਚਾਹੀਦਾ ਸੀ, ਉਹ ਰਾਜਸੀ ਲੋੜਾਂ ਲਈ ਇਸ ਨੂੰ ਵਰਤਣ ਦੇ ਰਾਹ ਪਏ ਰਹੇ ਸਨ।

**ਪੈਂਤੜੇ ਤੋਂ ਥਿੜਕੀ ਹੋਈ ਕਾਂਗਰਸ ਪਾਰਟੀ ਨੇ ਆਪਣਾ ਨੁਕਸਾਨ ਵੀ ਕਰਵਾਇਆ ਤੇ ਦੇਸ਼ ਦਾ ਵੀ ਕਰਵਾ ਲੈਣ ਪਿਛੋਂ ਅਜੇ ਤੱਕ ਭਵਿੱਖ ਦਾ ਪੈਂਤੜਾ ਤੈਅ ਨਹੀਂ ਕਰ ਸਕੀ। ਖੱਬੇ ਪੱਖੀਆਂ ਤੋਂ ਇਸ ਨੂੰ ਕੁਝ ਆਸਰਾ ਅਜਿਹੇ ਔਝੜ ਭਰਪੂਰ ਦੌਰ ਦੌਰਾਨ ਮਿਲ ਸਕਦਾ ਸੀ, ਪਰ ਜਦੋਂ ਕਾਂਗਰਸ ਦੀ ਚੜ੍ਹਤ ਸੀ, ਉਸ ਦੇ ਆਗੂ ਖੱਬੇ ਪੱਖੀਆਂ ਦੀਆਂ ਜੜ੍ਹਾਂ ਵੱਢਣ ਲਈ ਅੱਜ ਦੇ ਭਾਜਪਾਈਆਂ ਤੋਂ ਵੀ ਵੱਧ ਕੋਸ਼ਿਸ਼ ਕਰਦੇ ਰਹੇ ਸਨ।**

ਸਾਰੇ ਜਾਣਦੇ ਹਨ ਕਿ ਆਜ਼ਾਦੀ ਮਿਲਨ ਤੋਂ ਡੇਢ ਸਾਲ ਪਿਛੋਂ ਜਦੋਂ ਬਾਬਰੀ ਮਸਜਿਦ ਵਿਚ ਮੂਰਤੀਆਂ ਰੱਖੀਆਂ ਗਈਆਂ, ਜਿਨ੍ਹਾਂ ਦੇ ਰੱਖਣ ਨੂੰ ਸੁਪਰੀਮ ਕੋਰਟ ਨੇ ਗੈਰ ਕਾਨੂੰਨੀ ਕਾਰਵਾਈ ਮੰਨਿਆ ਹੈ, ਉਸ ਪਿਛੋਂ ਉਸ ਕੰਪਲੈਕਸ ਨੂੰ ਤਾਲਾ ਲਾਇਆ ਗਿਆ ਸੀ ਤੇ ਲੱਗਾ ਰਿਹਾ ਸੀ। ਆਪਣੀ ਮਾਂ ਦੇ ਕਤਲ ਪਿੱਛੋਂ ਰਾਜੀਵ ਗਾਂਧੀ ਨੇ ਜਦੋਂ ਪਹਿਲੀ ਚੋਣ ਲੜੀ ਤਾਂ ਆਪਣੇ ਦੁਆਲੇ ਜੁੜੀ ਜੁੰਡੀ ਦੇ ਆਖੇ ਲੱਗ ਕੇ ਇਹ ਤਾਲਾ ਖੋਲ੍ਹਣ ਦਾ ਕੰਮ ਉਸੇ ਨੇ ਕੀਤਾ ਸੀ ਤੇ ਆਪਣੇ ਆਪ ਨੂੰ ਸੈਕੂਲਰ ਪਾਰਟੀ ਦੇ ਆਗੂ ਦੀ ਥਾਂ ਦੇਸ਼ ਦੀ ਹਿੰਦੂ ਬਹੁਗਿਣਤੀ ਲਈ ਹੀਰੋ ਵਜੋਂ ਪੇਸ਼ ਕੀਤਾ ਸੀ। ਨਤੀਜਾ ਇਹ ਨਿਕਲਿਆ ਸੀ ਕਿ ਕਾਂਗਰਸ ਪਾਰਟੀ ਉਦੋਂ ਚਾਰ ਸੌ ਤੋਂ ਵੱਧ ਸੀਟਾਂ ਲੈ ਗਈ ਸੀ ਤੇ ਹਿੰਦੂਤਵ ਦੀ ਝੰਡਾ ਬਰਦਾਰ ਭਾਰਤੀ ਜਨਤਾ ਪਾਰਟੀ (ਭਾਜਪਾ) ਸਿਰਫ ਦੋ ਸੀਟਾਂ ਤੱਕ ਰਹਿ ਗਈ ਸੀ। ਇਸ ਨੂੰ ਕਾਂਗਰਸ ਆਪਣੇ ਲਈ ਇੱਕ ਲੁਕਮਾਨੀ ਨੁਸਖਾ ਮੰਨ ਬੈਠੀ ਅਤੇ ਇਸੇ ਰਸਤੇ ਚੱਲਣ ਲੱਗ ਪਈ। ਰਾਜੀਵ ਗਾਂਧੀ ਦੀ ਮੌਤ ਪਿੱਛੋਂ ਦੇਸ਼ ਦਾ ਪ੍ਰਧਾਨ ਮੰਤਰੀ ਬਣੇ ਨਰਸਿਮਹਾ ਰਾਓ ਨੇ ਤਾਂ ਭਾਜਪਾ ਲੀਡਰਸ਼ਿਪ ਨਾਲ ਸਾਂਝ ਨਿਭਾਉਣ ਦੀ ਵੀ ਹੱਦ ਕਰ ਦਿੱਤੀ ਸੀ।

ਕਮਿਊਨਿਸਟ ਪਾਰਟੀ ਦੇ ਇੱਕ ਮਰਹੂਮ ਨੇਤਾ ਦੀ ਕਹੀ ਇਹ ਗੱਲ ਸਾਨੂੰ ਅੱਜ ਵੀ ਯਾਦ ਹੈ ਕਿ ਬਾਬਰੀ ਮਸਜਿਦ ਢਾਹੇ ਜਾਣ ਤੋਂ ਇੱਕ ਦਿਨ ਪਹਿਲਾਂ ਨਰਸਿਮਹਾ ਰਾਓ ਨੇ ਖੱਬੇ ਪੱਖੀ ਆਗੂਆਂ ਨੂੰ ਬੁਲਾਇਆ ਸੀ। ਉਹ ਉਸ ਦੇ ਘਰ ਜਾ ਕੇ ਡਰਾਇੰਗ ਰੂਮ ਵਿਚ ਬੈਠੇ ਚਾਹ ਪੀਂਦੇ ਰਹੇ ਅਤੇ ਨਰਸਿਮਹਾ ਰਾਓ ਅੰਦਰ ਭਾਜਪਾ ਦੇ ਤਿੰਨ ਵੱਡੇ ਆਗੂਆਂ ਨਾਲ ਮਸਜਿਦ ਨੂੰ ਢਾਹੇ ਜਾਣ ਦੀ ਗੋਂਦ ਗੁੰਦਣ ਲੱਗਾ ਰਿਹਾ ਸੀ। ਉਹ ਜਾਣਦਾ ਸੀ ਕਿ ਅਗਲੀ ਵਾਰੀ ਉਸ ਨੇ ਪ੍ਰਧਾਨ ਮੰਤਰੀ ਨਹੀਂ ਰਹਿ ਸਕਣਾ, ਇਸ ਲਈ ਪਾਰਟੀ ਜਾਂ ਦੇਸ਼ ਦਾ ਜੋ ਮਰਜ਼ੀ ਬਣਦਾ ਰਹੇ, ਆਪਣੇ ਧਰਮ ਦੇ ਸੇਵਕ ਹੋਣ ਦੀ ਭੱਲ ਖੱਟਣ ਦਾ ਮੌਕਾ ਮਿਲਿਆ ਹੈ ਤਾਂ ਵਰਤ ਲੈਣਾ ਚਾਹੀਦਾ ਹੈ। ਨਹਿਰੂ ਵਾਲਾ ਸੈਕੂਲਰਿਜ਼ਮ ਉਸ ਨੂੰ ਚਾਹੀਦਾ ਹੀ ਨਹੀਂ ਸੀ। ਪਿੱਛੋਂ ਵੀ ਕਾਂਗਰਸ ਪਾਰਟੀ ਨੇ ਪੰਡਿਤ ਅਖਵਾਉਣ ਦੇ ਬਾਵਜੂਦ ਸੈਕੂਲਰਿਜ਼ਮ 'ਤੇ ਪਹਿਰਾ ਦਿੰਦੇ ਰਹੇ ਜਵਾਹਰ ਲਾਲ ਨਹਿਰੂ ਦੀ ਸਿੱਖਿਆ ਦਾ ਚੇਤਾ ਕਦੇ ਨਹੀਂ ਕੀਤਾ, ਆਪਣੇ ਨਾਲਾਇਕ ਸਲਾਹਕਾਰਾਂ ਦੇ ਫਾਰਮੂਲੇ ਤੇ ਫਾਰਮੂਲਿਆਂ ਅਜ਼ਮਾਉਣ ਦੇ ਰਾਹ 'ਤੇ ਚੱਲਦੀ ਇੱਕ ਪਿੱਛੋਂ ਦੂਜੀ ਗਲਤੀ ਕਰ ਕੇ ਆਪਣੀਆਂ ਜੜ੍ਹਾਂ ਖੋਖਲੀਆਂ ਕਰਦੀ ਰਹੀ ਸੀ। ਆਰ. ਐਸ. ਐਸ. ਨਾਲ ਸਾਂਝ ਵਾਲੇ ਬੰਦਿਆਂ ਨੂੰ ਪਾਰਟੀ ਵਿਚ ਵੱਡੀਆਂ ਪੋਸਟਾਂ ਦੇਣ ਦਾ ਅਮਲ ਜਾਰੀ ਰਿਹਾ ਤੇ ਅੱਜ ਜਿਨ੍ਹਾਂ ਰਾਜਾਂ ਵਿਚ ਭਾਜਪਾ ਦੀਆਂ ਸਰਕਾਰਾਂ ਹਨ, ਉਨ੍ਹਾਂ ਵਿਚੋਂ ਤਿੰਨਾਂ ਵਿਚ ਉਦੋਂ ਵਾਲੇ ਸਾਬਕਾ ਕਾਂਗਰਸੀ ਆਗੂ ਮੁੱਖ ਮੰਤਰੀ ਹਨ।

ਸੈਕੂਲਰ ਪੈਂਤੜਾ ਜਵਾਹਰ ਲਾਲ ਨਹਿਰੂ ਦਾ ਸੀ, ਜਿਸ ਖਿਲਾਫ ਪਹਿਲੀ ਚੋਣ ਵਿਚ ਅੱਜ ਵਾਲੀ ਭਾਜਪਾ ਬਣਨ ਤੋਂ ਪਹਿਲੀ ਜਨ ਸੰਘ ਤੋਂ ਵੀ ਪਹਿਲਾਂ ਵਾਲੀ ਹਿੰਦੂ ਮਹਾਂ ਸਭਾ ਨੇ ਇੱਕ ਸਾਧੂ ਇਹ ਕਹਿ ਕੇ ਖੜਾ ਕੀਤਾ ਸੀ ਕਿ ਕਿਉਂਕਿ ਨਹਿਰੂ ਨੇ ਆਪਣੀ ਧੀ ਮੁਸਲਮਾਨਾਂ ਦੇ ਘਰ ਵਿਆਹ ਦਿੱਤੀ ਹੈ, ਇਸ ਲਈ ਉਹ ਦੇਸ਼ ਦਾ ਆਗੂ ਨਹੀਂ ਚਾਹੀਦਾ। ਮੁਸਲਿਮ ਮੁੰਡੇ ਦੇ ਨਾਲ ਨਹੀਂ, ਨਹਿਰੂ ਦੀ ਧੀ ਨੇ ਪਾਰਸੀ ਮੁੰਡੇ ਨਾਲ ਵਿਆਹ ਕਰਵਾਇਆ ਸੀ, ਪਰ ਇਹ ਝੂਠ ਬੋਲ ਕੇ ਜਿਸ ਸੰਤ ਨੂੰ ਉਦੋਂ ਖੜਾ ਕੀਤਾ ਗਿਆ, ਉਸ ਨੇ ਆਪਣੇ ਮੂੰਹ 'ਤੇ ਪੱਟੀ ਬੰਨ੍ਹ ਲਈ ਕਿ ਇਹੋ ਜਿਹੇ ਨਹਿਰੂ ਦੇ ਖਿਲਾਫ ਬੋਲਣਾ ਵਾਧੂ ਦੀ ਗੱਲ ਹੈ, ਮੈਂ ਕੁਝ ਬੋਲਣਾ ਹੀ ਨਹੀਂ। ਨਹਿਰੂ ਨੇ ਕਿਹਾ ਸੀ ਕਿ ਸਾਧੂ ਨੇ ਬੋਲਣਾ ਨਹੀਂ, ਮੈਂ ਉਸ ਹਲਕੇ ਵਿਚ ਵੀ ਨਹੀਂ ਜਾਵਾਂਗਾ, ਲੋਕਾਂ ਨੂੰ ਠੀਕ ਜਾਂ ਗਲਤ ਦਾ ਫੈਸਲਾ ਕਰ ਲੈਣ ਦਿਆਂਗਾ। ਉਥੇ ਨਹਿਰੂ ਜਿੱਤ ਗਿਆ ਸੀ ਤੇ ਸਾਧੂ ਦੀ ਜ਼ਮਾਨਤ ਜ਼ਬਤ ਹੋਈ ਸੀ। ਚੋਣਾਂ ਵਿਚ ਹਾਰ ਗਏ ਸਾਧੂ ਨੇ ਆਪ ਟੈਲੀਗਰਾਮ ਭੇਜ ਕੇ ਨਹਿਰੂ ਨੂੰ ਵਧਾਈ ਦਿੱਤੀ ਅਤੇ ਨਾਲ ਇਹ ਕਿਹਾ ਸੀ ਕਿ ਤੂੰ ਨਹੀਂ, ਤੇਰਾ ਸੈਕੂਲਰ ਸਿਧਾਂਤ ਜਿੱਤਿਆ ਹੈ। ਅੱਜ ਦੇ ਕਾਂਗਰਸੀਆਂ ਨੂੰ ਉਹ ਯਾਦ ਹੀ ਨਹੀਂ।

ਪੈਂਤੜੇ ਤੋਂ ਥਿੜਕੀ ਹੋਈ ਇਸ ਪਾਰਟੀ ਨੇ ਆਪਣਾ ਨੁਕਸਾਨ ਵੀ ਕਰਵਾਇਆ ਤੇ ਦੇਸ਼ ਦਾ ਵੀ ਕਰਵਾ ਲੈਣ ਪਿਛੋਂ ਅਜੇ ਤੱਕ ਭਵਿੱਖ ਦਾ ਪੈਂਤੜਾ ਤੈਅ ਨਹੀਂ ਕਰ ਸਕੀ। ਖੱਬੇ ਪੱਖੀਆਂ ਤੋਂ ਇਸ ਨੂੰ ਕੁਝ ਆਸਰਾ ਅਜਿਹੇ ਔਝੜ ਭਰਪੂਰ ਦੌਰ ਦੌਰਾਨ ਮਿਲ ਸਕਦਾ ਸੀ, ਪਰ ਜਦੋਂ ਕਾਂਗਰਸ ਦੀ ਚੜ੍ਹਤ ਸੀ, ਉਸ ਦੇ ਆਗੂ ਖੱਬੇ ਪੱਖੀਆਂ ਦੀਆਂ ਜੜ੍ਹਾਂ ਵੱਢਣ ਲਈ ਅੱਜ ਦੇ ਭਾਜਪਾਈਆਂ ਤੋਂ ਵੀ ਵੱਧ ਕੋਸ਼ਿਸ਼ ਕਰਦੇ ਰਹੇ ਸਨ। ਅੱਜ ਉਸ ਪਾਰਟੀ ਦੇ ਬਹੁਤੇ ਲੀਡਰ ਚੁੱਪ ਰਹਿਣ ਵਿਚ ਸੁਖ ਭਾਲਦੇ ਹਨ ਤੇ ਜੋ ਥੋੜ੍ਹਾ-ਬਹੁਤ ਬੋਲਦੇ ਹਨ, ਉਹ ਹਰ ਗੱਲ ਇਥੋਂ ਸ਼ੁਰੂ ਕਰਦੇ ਹਨ ਕਿ ਸਾਡੇ ਆਗੂ ਰਾਹੁਲ ਨੇ ਆਹ ਕਿਹਾ ਹੈ ਤੇ ਪ੍ਰਿਅੰਕਾ ਨੇ ਔਹ ਕਿਹਾ ਹੈ, ਤਾਂ ਕਿ ਕੱਲ੍ਹ ਨੂੰ ਭਾਜਪਾ ਵਿਚ ਜਾਣ ਦੀ ਲੋੜ ਪਵੇ ਤਾਂ ਇਹ ਕਹਿਣ ਜੋਗੇ ਰਹਿਣ ਕਿ ਅਸੀਂ ਆਪਣੇ ਪੱਲਿਓਂ ਕੁਝ ਕਿਹਾ ਹੀ ਨਹੀਂ ਸੀ।

ਰਾਹੁਲ ਤੇ ਪ੍ਰਿਅੰਕਾ-ਦੋਵੇਂ ਜਣੇ ਆਰ. ਐਸ. ਐਸ. ਦਾ ਵਿਰੋਧ ਕਰਦੇ ਹਨ, ਉਸ ਦੀ ਉਸ ਵਿਚਾਰਧਾਰਾ ਦਾ ਵਿਰੋਧ ਨਹੀਂ ਕਰਦੇ, ਜਿਸ ਨੇ ਅੱਜ ਬਹੁ-ਗਿਣਤੀ ਭਾਈਚਾਰੇ ਦੇ ਗਰੀਬ ਤੋਂ ਗਰੀਬ ਬੰਦੇ ਦੇ ਮਨ ਵਿਚ ਵੀ ਇਹ ਗੱਲ ਭਰ ਦਿੱਤੀ ਹੈ ਕਿ ਅੱਠ ਸੌ ਸਾਲਾਂ ਬਾਅਦ 'ਸਾਡਾ ਰਾਜ' ਆਇਆ ਹੈ। ਸੱਚਾਈ ਇਹ ਹੈ ਕਿ ਬਹੁ-ਗਿਣਤੀ ਭਾਈਚਾਰੇ ਦੇ ਲੋਕਾਂ ਦੇ ਮਨਾਂ ਵਿਚ ਇਸ ਤਰ੍ਹਾਂ ਦੀ ਭਾਵਨਾ ਭਰ ਕੇ ਭਾਰਤ ਨੂੰ ਪਿਛਲੇ ਸਮੇਂ ਦੇ ਕਿਸੇ ਵੀ ਸਮੇਂ ਨਾਲੋਂ ਵੱਧ ਮਾੜੀ ਆਰਥਕਤਾ ਵਿਚ ਏਨਾ ਉਲਝਾ ਦਿੱਤਾ ਗਿਆ ਹੈ ਕਿ ਨੀਵਾਣਾਂ ਵੱਲ ਜਾਣ ਤੋਂ ਪਿਛਾਂਹ ਨੂੰ ਇਸ ਦਾ ਮੋੜਾ ਕੱਟ ਸਕਣਾ ਮੁਸ਼ਕਿਲ ਜਾਪਣ ਲੱਗ ਪਿਆ ਹੈ। ਇਸ ਦੇ ਬਾਵਜੂਦ ਲੋਕ ਇਸ ਬਾਰੇ ਨਹੀਂ ਸੋਚ ਰਹੇ।

ਆਮ ਲੋਕ ਬਹੁਤੀਆਂ ਡੂੰਘੀਆਂ ਗੱਲਾਂ ਕਦੇ ਵੀ ਨਹੀਂ ਸੋਚਦੇ ਹੁੰਦੇ, ਉਨ੍ਹਾਂ ਦੀ ਬੋਲੀ ਵਿਚ ਨਿੱਤ ਦਿਨ ਉਨ੍ਹਾਂ ਦੇ ਕੋਲ ਰਹਿ ਕੇ ਇਹ ਗੱਲਾਂ ਉਨ੍ਹਾਂ ਤੱਕ ਪਹੁੰਚਾਉਣੀਆਂ ਪੈਂਦੀਆਂ ਹਨ। ਅੱਜ ਅਜਿਹੀ ਕੋਈ ਖਾਸ ਲਹਿਰ ਨਹੀਂ ਦਿਸਦੀ। ਮੁਲਕਾਂ ਦੇ ਇਤਿਹਾਸ ਵਿਚ ਕਈ ਵਾਰੀ ਚੁੱਪ ਦਾ ਦੌਰ ਵੀ ਆਉਂਦਾ ਹੁੰਦਾ ਹੈ, ਪਰ ਫਿਰ ਲੋਕਾਂ ਦੀ ਚੁੱਪ ਟੁੱਟਣ ਪਿਛੋਂ ਉਹ ਕੁਝ ਵੀ ਹੁੰਦਾ ਵੇਖਿਆ ਗਿਆ ਹੈ, ਜਿਸ ਦਾ ਕਿਸੇ ਨੂੰ ਚੇਤਾ ਨਹੀਂ ਸੀ। ਭਾਰਤ ਵਿਚ ਰਾਜ ਕਰਨ ਵਾਲਿਆਂ ਨੂੰ ਵੀ ਤੇ ਰਾਜ ਤੋਂ ਪਾਸੇ ਰਹਿਣ ਦੇ ਔਖ ਕੱਟਣ ਵਾਲਿਆਂ ਨੂੰ ਵੀ ਇਹ ਚੇਤਾ ਰੱਖਣਾ ਚਾਹੀਦਾ ਹੈ ਕਿ ਜੇ ਪਹਿਲਾ ਦੌਰ ਟਿਕਾਊ ਨਹੀਂ ਸੀ ਤਾਂ ਅੱਜ ਵਾਲਾ ਵੀ ਸਦੀਵੀ ਨਹੀਂ ਬਣਨ ਲੱਗਾ, ਵਕਤ ਦਾ ਪਹੀਆ ਮੁੜ ਕੇ ਵੀ ਕਿਸੇ ਪਾਸੇ ਨੂੰ ਗਿੜ ਸਕਦਾ ਹੈ।

# ਰਾਸ਼ਟਰੀ ਸਿੱਖ ਸੰਗਤ

(ਪਿਛਲੇ ਸਫੇ ਦੀ ਬਾਕੀ)

ਬ-ਹੂ ਦਰਜ ਹਨ, ਅਨੁਸਾਰ ਸਿੱਖਾਂ ਦੀ 'ਨਕਲੀ ਤੌਰ 'ਤੇ' ਵੱਖਰੀ ਪਛਾਣ ਘੜਨਾ ਅੰਗਰੇਜ਼ ਹਕੂਮਤ ਅਤੇ ਮੈਕਾਲਿਫ ਦੀ 'ਸਾਜ਼ਿਸ਼' ਸੀ: "ਮੈਕਾਲਿਫ ਨੇ ਸਿੱਖਾਂ ਨੂੰ ਦੱਸਿਆ ਕਿ ਉਨ੍ਹਾਂ ਦਾ ਧਰਮ ਵੱਖਰਾ ਹੈ, ਪਰ ਹਿੰਦੂ ਧਰਮ ਉਨ੍ਹਾਂ ਨੂੰ ਨਿਗਲਣ ਦਾ ਯਤਨ ਕਰ ਰਿਹਾ ਹੈ। ਹਿੰਦੂ ਧਰਮ ਖਤਰਨਾਕ ਅਜਗਰ ਵਾਂਗ ਹੈ। ਇਹ ਪਹਿਲਾਂ ਛੋਟੇ ਜਾਨਵਰਾਂ ਦੁਆਲੇ ਕੁੰਡਲੀ ਮਾਰ ਲੈਂਦਾ ਹੈ ਅਤੇ ਫਿਰ ਉਨ੍ਹਾਂ ਨੂੰ ਸਬੂਤਾ ਨਿਗਲ ਜਾਂਦਾ ਹੈ।"

ਇਸ ਤੋਂ ਅੱਗੇ ਇਸ ਨੇ ਦਾਅਵਾ ਕੀਤਾ ਕਿ ਅੰਗਰੇਜ਼ਾਂ ਵਲੋਂ ਉਨ੍ਹਾਂ ਦੀ ਅਲਹਿਦਾ ਪਛਾਣ ਘੜਨ ਤੋਂ ਪਹਿਲਾਂ 'ਮੁਸਲਿਮ ਕਾਲ ਦੌਰਾਨ ਸਿੱਖ ਆਪਣੇ ਆਪ ਨੂੰ ਹਿੰਦੂ ਸਮਝਦੇ ਸਨ' ਅਤੇ ਉਨ੍ਹਾਂ ਦੇ ਗੁਰੂਆਂ ਨੇ ਵੀ ਕਦੇ ਅਲਹਿਦਾ ਧਰਮ ਬਣਾਉਣ ਬਾਰੇ ਨਹੀਂ ਸੋਚਿਆ ਸੀ। ਰਾਮ ਸਵਰੂਪ ਦੇ ਕੇਂਦਰੀ ਨੁਕਤੇ 'ਤੇ ਜ਼ੋਰ ਦਿੰਦਿਆਂ ਕਿਤਾਬਚਾ ਕਹਿੰਦਾ ਹੈ, "ਹੁਣ ਸਾਡੀ ਜ਼ਿੰਮੇਵਾਰੀ ਹੈ ਕਿ ਮਸਲੇ ਦੀ ਅਸਲ ਜੜ੍ਹ ਨੂੰ ਫੜਿਆ ਜਾਵੇ ਅਤੇ ਲੋਕਾਂ ਨੂੰ ਸੱਚਾਈ ਦੱਸੀ ਜਾਵੇ।"

ਰਾਸ਼ਟਰੀ ਸਿੱਖ ਸੰਗਤ ਆਪਣੀ ਸਥਾਪਨਾ ਤੋਂ ਲੈ ਕੇ ਇਕ ਦਹਾਕੇ ਤੱਕ ਪੰਜਾਬ ਵਿਚ ਖੁੱਲ੍ਹ ਕੇ ਨਹੀਂ ਵਿਚਰੀ ਸਗੋਂ ਇਸ ਨੇ ਆਪਣਾ ਧਿਆਨ ਹੋਰ ਸੂਬਿਆਂ ਵਿਚ ਵੱਸਦੀ ਸਿੱਖ ਵਸੋਂ 'ਤੇ ਕੇਂਦ੍ਰਿਤ ਕੀਤਾ। ਇਸੇ ਕਰਕੇ ਇਸ ਸਮੇਂ ਦੌਰਾਨ ਅਕਾਲ ਤਖਤ ਜ਼ਿਆਦਾਤਰ ਇਸ ਦੇ ਅਸਲ ਮਨੋਰਥ ਤੋਂ ਬੇਖਬਰ ਰਿਹਾ। ਪੰਜਾਬ ਤੋਂ ਬਾਹਰ ਵੱਸਦੇ ਸਿੱਖ 1984 ਦੇ ਕਤਲੇਆਮ ਦੇ ਝੰਬੇ ਹੋਏ ਅਤੇ ਡੂੰਘੇ ਸਦਮੇ ਵਿਚ ਸਨ, ਉਨ੍ਹਾਂ ਤਕ ਪਹੁੰਚ ਕਰਕੇ 'ਸੰਗਤ' ਨੇ ਖੁਦ ਨੂੰ ਹਿੰਦੂਆਂ ਅਤੇ ਸਿੱਖਾਂ ਵਿਚਾਲੇ ਆਪਸੀ ਸਦਭਾਵਨਾ ਮੁੜ ਕਾਇਮ ਕਰਨ ਵਾਲੀ ਸੰਸਥਾ ਦੇ ਤੌਰ 'ਤੇ ਪੇਸ਼ ਕੀਤਾ।

ਜਦੋਂ 1997 ਵਿਚ ਪੰਜਾਬ ਵਿਚ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਬਣੀ ਅਤੇ ਕੇਂਦਰ ਵਿਚ ਵੀ 1998 ਵਿਚ ਐਨ. ਡੀ. ਏ. ਦੀ ਸਰਕਾਰ ਬਣ ਗਈ ਤਾਂ 'ਸੰਗਤ' ਨੇ ਇਸ ਸਿਆਸੀ ਬਦਲਾਓ ਦਾ ਭਰਪੂਰ ਲਾਹਾ ਲਿਆ। ਪਹਿਲਾਂ ਆਰ. ਐਸ. ਐਸ. ਦੇ ਇਸ ਗੁੱਟ ਨੇ ਪੰਜਾਬ ਵਿਚ ਆਪਣੀਆਂ ਸਰਗਰਮੀਆਂ ਤੇਜ਼ ਕੀਤੀਆਂ, ਫਿਰ ਆਪਣੇ ਪੱਖੀ ਸੂਬਾਈ ਤੇ ਕੇਂਦਰ ਸਰਕਾਰਾਂ ਦੀ ਮਦਦ ਨਾਲ ਪੱਕੇ ਪੈਰੀਂ ਹੋ ਕੇ 1999 ਵਿਚ 300 ਸਾਧੂਆਂ ਨੂੰ ਅੰਮ੍ਰਿਤਸਰ ਦੀ ਯਾਤਰਾ ਲਈ ਭੇਜਿਆ, ਜੋ ਬਹੁਤੇ ਹਿੰਦੂ ਸਨ। ਦਿਖਾਵੇ ਦੇ ਤੌਰ 'ਤੇ ਇਸ ਦਾ ਮਨੋਰਥ ਸਿੱਖਾਂ ਦੇ ਦਸਵੇਂ ਗੁਰੂ ਸਾਹਿਬ ਸ੍ਰੀ ਗੋਬਿੰਦ ਸਿੰਘ ਜੀ ਵਲੋਂ ਸਾਜੇ ਖਾਲਸਾ ਪੰਥ ਦੀ ਤੀਸਰੀ ਸ਼ਤਾਬਦੀ ਮਨਾਉਣਾ ਸੀ, ਪਰ ਇਸ ਦਾ ਅਸਲ ਮਨੋਰਥ ਇਹ ਸੰਦੇਸ਼ ਦੇਣਾ ਸੀ ਕਿ ਸਿੱਖ ਧਰਮ ਵੀ ਹਿੰਦੂ ਧਰਮ ਦਾ ਹੀ ਅੰਗ ਹੈ।

ਯਾਤਰਾ ਦੀ ਅਗਵਾਈ ਭਾਵੇਂ ਹਿੰਦੂ ਸਾਧ ਪ੍ਰੇਮਾ ਨੰਦ ਗਿਰੀ ਨੇ ਕੀਤੀ, ਜੋ ਵਿਸ਼ਵ ਹਿੰਦੂ ਪ੍ਰੀਸ਼ਦ ਨਾਲ ਸਬੰਧਤ ਸੀ, ਪਰ ਇਸ ਦਾ ਅਸਲ ਸੰਚਾਲਨ ਰਾਸ਼ਟਰੀ ਸਿੱਖ ਸੰਗਤ ਦੇ ਪ੍ਰਧਾਨ ਚਿਰੰਜੀਵ ਸਿੰਘ ਨੇ ਕੀਤਾ। ਯਾਤਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸਥਾਨ ਪਟਨਾ ਸਾਹਿਬ ਤੋਂ ਸ਼ੁਰੂ ਹੋਈ ਅਤੇ ਇਸ ਦੀ ਸਮਾਪਤੀ ਅੰਮ੍ਰਿਤਸਰ ਵਿਖੇ ਕੀਤੀ ਗਈ; ਜਿਥੇ ਸ੍ਰੀ ਅਕਾਲ ਤਖਤ ਦੇ ਮੁਖੀ ਗਿਆਨੀ ਪੂਰਨ ਸਿੰਘ ਅਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਠਾਕੁਰ ਸਿੰਘ ਸਮੇਤ ਸਿੱਖ ਜਥੇਦਾਰਾਂ ਨੇ ਇਸ ਨੂੰ 'ਜੀ ਆਇਆਂ' ਆਖਿਆ।

ਅਵਿਨਾਸ਼ ਜੈਸਵਾਲ ਦੱਸਦਾ ਹੈ, "ਇਸ ਸਮਾਗਮ ਨਾਲ ਸਾਨੂੰ ਤਸੱਲੀ ਹੋਈ ਕਿ ਸੰਗਤ ਨੇ ਆਪਣਾ ਮਨੋਰਥ ਮੁੱਖ ਤੌਰ 'ਤੇ ਪੂਰਾ ਕਰ ਲਿਆ ਹੈ। ਜਾਪਦਾ ਸੀ ਜਿਵੇਂ ਹਿੰਦੂ ਅਤੇ ਸਿੱਖ ਮੁੜ ਆਪਸ ਵਿਚ ਘੁਲ-ਮਿਲ ਗਏ ਸਨ, ਜਿਵੇਂ ਉਨ੍ਹਾਂ ਦਾ ਇਕ ਹੀ ਵਜੂਦ ਹੋ ਗਿਆ ਹੋਵੇ। ਆਰ. ਐਸ. ਐਸ. ਦੇ ਅੰਦਰ ਹੁਣ ਬਹਿਸ ਛਿੜ ਗਈ ਕਿ ਇਸ ਸੰਸਥਾ ਨੂੰ ਬਰਕਰਾਰ ਰੱਖਿਆ ਜਾਵੇ ਜਾਂ ਨਾ। ਇਕ ਹਿੱਸਾ ਮਹਿਸੂਸ ਕਰਦਾ ਸੀ ਕਿ ਰਾਸ਼ਟਰੀ ਸਿੱਖ ਸੰਗਤ ਨੇ ਆਪਣਾ ਮਨੋਰਥ ਪੂਰਾ ਕਰ ਲਿਆ ਹੈ, ਇਸ ਲਈ ਇਸ ਨੂੰ ਭੰਗ ਕਰ ਦੇਣਾ ਚਾਹੀਦਾ ਹੈ; ਪਰ ਦੂਜੇ ਹਿੱਸੇ ਨੇ ਇਸ ਨੂੰ ਅਜੇ ਜਾਰੀ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ, ਕਿਉਂਕਿ ਅਜੇ ਵੀ ਸਿੱਖਾਂ ਦਾ ਇਕ ਸਮੂਹ 'ਵੱਖਰੀ ਪਛਾਣ' ਵਿਚ ਵਿਸ਼ਵਾਸ ਰੱਖਦਾ ਸੀ।"



*ਅਕਾਲ ਤਖਤ ਦੇ ਸਾਬਕਾ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ, ਜਿਨ੍ਹਾਂ ਨੇ ਰਾਸ਼ਟਰੀ ਸਿੱਖ ਸੰਗਤ ਨੂੰ ਬਹੁਤ ਸਖਤੀ ਨਾਲ ਤਾੜਨਾ ਕੀਤੀ ਸੀ।*

ਇਸ ਸਮਾਗਮ ਨੂੰ ਲੈ ਕੇ ਸਿੱਖਾਂ ਵਿਚ ਵੀ ਬਹਿਸ ਛਿੜ ਗਈ। ਭਾਵੇਂ ਕਿਸੇ ਵੀ ਸਿੱਖ ਸੰਸਥਾ ਨੇ ਰਾਸ਼ਟਰੀ ਸਿੱਖ ਸੰਗਤ ਵਲੋਂ ਖਾਲਸਾ ਪੰਥ ਦੀ ਤੀਜੀ ਸ਼ਤਾਬਦੀ ਦੇ ਜਸ਼ਨ ਮਨਾਏ ਜਾਣ ਅਤੇ ਅਹਿਮ ਜਥੇਦਾਰਾਂ ਦੇ ਇਸ ਵਿਚ ਸ਼ਾਮਲ ਹੋਣ 'ਤੇ ਇਤਰਾਜ਼ ਨਹੀਂ ਸੀ ਕੀਤਾ, ਪਰ ਭਾਈਚਾਰੇ ਅੰਦਰ ਇਸ ਨੂੰ ਲੈ ਕੇ ਵੱਡਾ ਰੋਸ ਸੀ। ਇਹ ਰੋਸ ਹੋਰ ਵੀ ਤਿੱਖਾ ਹੋ ਗਿਆ, ਜਦੋਂ 'ਸੰਗਤ' ਨੇ ਆਪਣੀ ਯਾਤਰਾ ਪਿਛੋਂ ਸਕੂਲਾਂ ਵਿਚ ਕਿਤਾਬਚੇ ਅਤੇ ਸਵਾਲਨਾਮਿਆਂ ਦੇ ਰੂਪ ਵਿਚ ਲਿਖਤਾਂ ਵੰਡੀਆਂ। ਇਨ੍ਹਾਂ ਵਿਚ ਕਿਹਾ ਗਿਆ ਸੀ ਕਿ ਸਿੱਖ ਹਿੰਦੂ ਧਰਮ ਦਾ ਅੰਗ ਹਨ। ਤੀਜੀ ਸ਼ਤਾਬਦੀ ਸਮਾਗਮਾਂ ਦੌਰਾਨ ਵੰਡੇ ਗਏ ਕਿਤਾਬਚੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 'ਬਚਿੱਤਰ ਨਾਟਕ' ਦਾ ਜ਼ਿਕਰ ਕਰਦਿਆਂ ਲਿਖਿਆ ਗਿਆ ਕਿ ਦਸ ਸਿੱਖ ਗੁਰੂ ਸਾਹਿਬਾਨ ਰਾਮ ਦਾ ਅਵਤਾਰ ਹਨ। ਉਸ ਕਿਤਾਬਚੇ ਅਨੁਸਾਰ 'ਭਗਵਾਨ ਰਾਮ, ਭਗਵਾਨ ਕ੍ਰਿਸ਼ਨ ਅਤੇ ਗੁਰੂ ਸਾਹਿਬਾਨ ਦੇ ਪੈਰੋਕਾਰ ਵੱਖ-ਵੱਖ ਨਹੀਂ ਹਨ; ਉਹ ਤਾਂ ਸਾਰੇ ਇਕੋ ਸਮਾਜ ਦਾ ਅੰਗ ਹਨ ਅਤੇ ਇਹ ਹਿੰਦੂ ਸਮਾਜ ਹੈ। ਸਮੁੱਚਾ ਸੰਪਰਦਾਇ ਹਿੰਦੂ ਸਮਾਜ ਦਾ ਅਨਿੱਖੜ ਅੰਗ ਹੈ। ਆਰ. ਐਸ. ਐਸ. ਨਾਨਕ ਅਤੇ ਗੋਬਿੰਦ ਦੇ ਫਲਸਫੇ ਦੇ ਨਿਸ਼ਾਨਿਆਂ ਨੂੰ ਪੂਰੇ ਕਰਨ ਲਈ ਕੰਮ ਕਰ ਰਿਹਾ ਹੈ।"

ਮਾਮਲਾ ਹੋਰ ਵੀ ਪੇਚੀਦਾ ਹੋ ਗਿਆ, ਜਦੋਂ ਆਰ. ਐਸ. ਐਸ. ਨੇ ਸਕੂਲਾਂ ਵਿਚ ਆਮ ਗਿਆਨ ਦੇ ਮੁਕਾਬਲੇ ਕਰਵਾਉਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨੇ ਸਵਾਲ ਇਸ ਤਰੀਕੇ ਨਾਲ ਬਣਾਏ ਕਿ ਸਿੱਖ ਧਰਮ ਅਤੇ ਇਸ ਦੇ ਚਿੰਨ੍ਹਾਂ ਨੂੰ ਹਿੰਦੂ ਧਰਮ ਨਾਲ ਜੋੜਿਆ ਜਾ ਸਕੇ। ਕੁਝ ਸਵਾਲ ਆਰ. ਐਸ. ਐਸ. ਅਤੇ ਸਿੱਖ ਗੁਰੂਆਂ ਬਾਰੇ ਰਲਗੱਡ ਕਰਕੇ ਬਣਾਏ ਗਏ। ਇਹ ਤਣਾਓ ਉਦੋਂ ਸਿਖਰ 'ਤੇ ਪਹੁੰਚ ਗਿਆ, ਜਦੋਂ ਦਸੰਬਰ 2000 ਵਿਚ 'ਸੰਗਤ' ਨੇ ਪੰਜਾਬ ਦੇ ਮੰਦਿਰਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਤੇ ਬਾਣੀ ਦਾ ਪਾਠ ਸ਼ੁਰੂ ਕਰਨ ਦਾ ਫੈਸਲਾ ਕਰ ਲਿਆ।

'ਸੰਗਤ' ਦੀਆਂ ਇਨ੍ਹਾਂ ਸਰਗਰਮੀਆਂ 'ਤੇ ਤਿੱਖਾ ਪ੍ਰਤੀਕਰਮ ਕਰਦਿਆਂ ਅਕਾਲ ਤਖਤ ਦੇ ਨਵੇਂ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੇ ਸਖਤ ਚਿਤਾਵਨੀ ਦਿੱਤੀ, "ਇਕ ਵਾਰ ਫਿਰ ਅਸੀਂ ਆਰ. ਐਸ. ਐਸ. ਅਤੇ ਇਸ ਨਾਲ ਸਬੰਧਤ ਜਥੇਬੰਦੀਆਂ ਨੂੰ ਚਿਤਾਵਨੀ ਦਿੰਦੇ ਹਾਂ ਕਿ ਉਹ ਅਜਿਹਾ ਸਾਹਿਤ ਛਾਪਣ ਤੇ ਵੰਡਣ ਤੋਂ ਬਾਜ ਆਉਣ, ਜਿਸ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਵਲੋਂ ਸਥਾਪਤ ਕੀਤੇ ਪਾਵਨ ਧਰਮ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਬਿਹਤਰ ਇਹੀ ਹੈ, ਉਹ ਸਿੱਖਾਂ ਦੇ ਸਬਰ ਦਾ ਇਮਤਿਹਾਨ ਨਾ ਲੈਣ, ਨਹੀਂ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ. ਜੀ. ਪੀ. ਸੀ.) ਅਤੇ ਸਿੱਖ ਸੰਸਥਾਵਾਂ, ਸੰਤ ਸਮਾਜ ਅਤੇ ਸਿੱਖ ਬੁੱਧੀਜੀਵੀ ਅਜਿਹੀਆਂ ਫੁੱਟਪਾਊ ਕਾਰਵਾਈਆਂ ਖਿਲਾਫ ਸੰਘਰਸ਼ ਵਿੱਢਣ ਲਈ ਮਜਬੂਰ ਹੋਣਗੇ।"

ਪੰਜਾਬ ਦੇ ਮੰਦਿਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਦੇ ਫੈਸਲੇ ਬਾਰੇ ਐਸ. ਜੀ. ਪੀ. ਸੀ. ਦੇ ਵਕੀਲ ਜਸਵਿੰਦਰ ਸਿੰਘ ਨੇ ਐਲਾਨ ਕੀਤਾ, "ਸਿੱਖ ਰਹਿਤ ਮਰਿਆਦਾ ਜਿਥੇ ਮੂਰਤੀਆਂ ਰੱਖੀਆਂ ਹੋਣ, ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀ ਸਖਤੀ ਨਾਲ ਮਨਾਹੀ ਕਰਦੀ ਹੈ।" ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਸਮੇਂ ਕੁੰਭ ਰੱਖਣਾ, ਘਿਓ ਦੀ ਜੋਤ ਜਗਾਉਣਾ, ਨਾਰੀਅਲ ਆਦਿ ਰੱਖਣਾ ਗੁਰਮਤਿ ਦੇ ਖਿਲਾਫ ਹੈ।"

ਗੜਬੜ ਹੁੰਦੀ ਦੇਖ ਕੇ ਰਾਸ਼ਟਰੀ ਸਿੱਖ ਸੰਗਤ ਨੇ ਆਪਣੀ ਯੋਜਨਾ ਵਾਪਸ ਲੈ ਲਈ, ਪਰ ਮੱਤਭੇਦ ਤਾਂ ਖੁੱਲ੍ਹ ਕੇ ਸਾਹਮਣੇ ਆ ਗਏ ਸਨ। ਉਦੋਂ ਹੀ ਜਥੇਦਾਰ ਵੇਦਾਂਤੀ ਨੇ ਆਰ. ਐਸ. ਐਸ. 'ਤੇ ਇਕ ਹੋਰ ਵਾਰ ਕੀਤਾ। ਉਸ ਨੇ ਐਲਾਨ ਕੀਤਾ, "ਆਰ. ਐਸ. ਐਸ. ਦਾ ਨਜ਼ਰੀਆ ਔਰੰਗਜ਼ੇਬ ਵਰਗਾ ਹੈ। ਉਹ ਸਭ ਨੂੰ ਤਲਵਾਰ ਦੇ ਜ਼ੋਰ ਨਾਲ ਜਾਂ ਉਂਜ ਹੀ ਇਸਲਾਮ ਕਬੂਲ ਕਰਨ ਲਈ ਮਜਬੂਰ ਕਰਦਾ ਸੀ। ਐਨ ਉਸੇ ਤਰ੍ਹਾਂ ਆਰ. ਐਸ. ਐਸ. ਨੇ ਸਭ ਦਾ ਧਰਮ ਛੁਡਾ ਕੇ ਹਿੰਦੂ ਧਰਮ ਕਬੂਲ ਕਰਵਾਉਣ ਦੀ ਠਾਣੀ ਹੋਈ ਹੈ। ਇਸ ਦੀ ਵਿਚਾਰਧਾਰਾ ਸਿਰਫ ਸਿੱਖਾਂ ਲਈ ਹੀ ਨਹੀਂ, ਹੋਰ ਸਾਰੇ ਧਰਮਾਂ ਲਈ ਵੀ ਖਤਰਨਾਕ ਹੈ।"

ਇਸ ਹਮਲੇ ਨੇ ਰਾਸ਼ਟਰੀ ਸਿੱਖ ਸੰਗਤ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ।

(ਚਲਦਾ)

ਪੰਜਾਬ ਟਾਈਮਜ਼

ਸਨਿਚਰਵਾਰ, 23 ਨਵੰਬਰ 2019

## ਦਿਸਦੀ-ਅਣਦਿਸਦੀ ਹਿੰਸਾ

ਸੰਗਰੂਰ ਜਿਲੇ ਵਿਚ ਪੈਂਦੇ ਪਿੰਡ ਚੰਗਾਲੀਵਾਲਾ ਨੇ ਪੁਰਾਣੇ ਜ਼ਖਮ ਉਚੇੜ ਦਿੱਤੇ ਹਨ। ਸੰਗਰੂਰ-ਬਰਨਾਲਾ ਜਿਲਿਆਂ ਵਿਚ ਪਿਛਲੇ ਲੰਮੇ ਸਮੇਂ ਤੋਂ ਦਲਿਤਾਂ ਦਾ ਇਕ ਤਿੱਖਾ ਸੰਘਰਸ਼ ਚੱਲ ਰਿਹਾ ਹੈ। ਇਹ ਸੰਘਰਸ਼ ਪੰਚਾਇਤੀ ਜ਼ਮੀਨ ਠੇਕੇ ਉਤੇ ਲੈ ਕੇ ਵਾਹੀ ਕਰਨ ਨਾਲ ਸਬੰਧਤ ਹੈ। ਨਿਯਮਾਂ ਮੁਤਾਬਕ ਪਿੰਡ ਦੀ ਪੰਚਾਇਤੀ ਜ਼ਮੀਨ ਵਿਚੋਂ ਤੀਜਾ ਹਿੱਸਾ ਵਾਹੀ ਲਈ ਠੇਕੇ ਉਤੇ ਦਲਿਤਾਂ ਨੂੰ ਦਿੱਤਾ ਜਾਣਾ ਚਾਹੀਦਾ ਹੈ। ਕੱਲ੍ਹ ਤਕ ਇਹ ਹਿੱਸਾ ਪਿੰਡ ਦੇ ਜੱਟ ਆਪਣੇ ਸੀਰੀਆਂ ਦੇ ਨਾਂ ਉਤੇ ਲੈ ਕੇ ਖੁਦ ਵਾਹੀ ਕਰਦੇ ਆ ਰਹੇ ਸਨ, ਪਰ ਕੁਝ ਪਿੰਡਾਂ ਵਿਚ ਦਲਿਤ ਚੇਤਨਾ ਕਾਰਨ ਦਲਿਤਾਂ ਨੇ ਆਪਣੇ ਹਿੱਸੇ ਉਤੇ ਖੁਦ ਖੇਤੀ ਕਰਨੀ ਅਰੰਭ ਕਰ ਦਿੱਤੀ। ਉਨ੍ਹਾਂ ਦੇ ਇਸ ਫੈਸਲੇ ਦੇ ਤੁਰੰਤ ਬੜੇ ਦੂਰਗਾਮੀ ਨਤੀਜੇ ਨਿਕਲੇ। ਦਲਿਤਾਂ ਦੀ ਜੱਟਾਂ ਉਤੇ ਉਹ ਨਿਰਭਰਤਾ ਘਟ ਗਈ, ਜੋ ਸਦੀਆਂ ਤੋਂ ਚਲੀ ਆ ਰਹੀ ਸੀ। ਦਲਿਤ ਆਪੋ-ਆਪਣੇ ਡੰਗਰਾਂ-ਪਸੂਆਂ ਲਈ ਚਾਰਾ-ਪੱਠਾ ਆਪਣੇ ਇਨ੍ਹਾਂ ਖੇਤਾਂ ਵਿਚੋਂ ਲਿਆਉਣ ਲੱਗੇ। ਦਲਿਤ ਔਰਤਾਂ ਦੇ ਜਿਨਸੀ ਸ਼ੋਸ਼ਣ ਨੂੰ ਠੱਲ੍ਹ ਪੈਣ ਲੱਗੀ। ਇਕ ਪਿੰਡ ਤੋਂ ਸ਼ੁਰੂ ਹੋਇਆ ਇਹ ਹੰਭਲਾ ਬਹੁਤ ਸਾਰੇ ਪਿੰਡਾਂ ਵਿਚ ਫੈਲ ਗਿਆ। ਸਿੱਟੇ ਵਜੋਂ ਇਨ੍ਹਾਂ ਪਿੰਡਾਂ ਵਿਚ ਜਾਤੀ ਦਾਬਾ ਹੁਣ ਪਹਿਲਾਂ ਵਾਲਾ ਨਹੀਂ ਰਿਹਾ। ਅਸਲ ਵਿਚ ਇਹੀ ਉਹ ਮੋੜ ਹੈ, ਜਿਥੇ ਪੁੱਜ ਕੇ ਦੋਹਾਂ ਧਿਰਾਂ ਵਿਚਾਲੇ ਲਗਾਤਾਰ ਟਕਰਾਓ ਬਣਿਆ ਹੋਇਆ ਹੈ। ਹੋਰ ਪਿੰਡਾਂ ਜਿਥੇ ਪੰਚਾਇਤੀ ਜ਼ਮੀਨ ਦੀ ਵਾਹੀ-ਵੰਡ ਦਾ ਕੋਈ ਮਸਲਾ ਨਹੀਂ ਹੈ, ਉਥੇ ਵੀ ਦਲਿਤ ਆਪਣੀ ਸਾਵੀਂ-ਪੱਧਰੀ ਜ਼ਿੰਦਗੀ ਲਈ ਅਹੁਲਣ ਲੱਗੇ। ਇਸੇ ਕਰਕੇ ਇਲਾਕੇ ਵਿਚ ਦਲਿਤਾਂ ਉਤੇ ਨਿਤ ਵਾਪਰਦੀ ਅਣਦਿਸਦੀ ਹਿੰਸਾ ਹੁਣ ਹਿੰਸਕ ਰੂਪ ਵਿਚ ਵਾਰ-ਵਾਰ ਸਾਹਮਣੇ ਆ ਰਹੀ ਹੈ। ਸਿਤਮਜ਼ਰੀਫੀ ਇਹ ਵੀ ਹੈ ਕਿ ਅਜਿਹੇ ਮਾਮਲਿਆਂ ਵਿਚ ਪੁਲਿਸ ਅਤੇ ਪ੍ਰਸ਼ਾਸਨ ਸਦਾ ਹਿੰਸਾ ਅਤੇ ਜ਼ੁਲਮ ਕਰਨ ਵਾਲਿਆਂ ਦੇ ਹੱਕ ਵਿਚ ਭੁਗਤਦੇ ਹਨ। ਇਹ ਵੱਖਰੀ ਗੱਲ ਹੈ ਕਿ ਜੁਝਾਰੂ ਜਥੇਬੰਦੀਆਂ ਦੇ ਦਖਲ ਕਾਰਨ ਦਲਿਤਾਂ ਨੂੰ ਇਨਸਾਫ ਦਿਵਾਉਣ ਲਈ ਲੜਾਈਆਂ ਲੜੀਆਂ ਜਾ ਰਹੀਆਂ ਹਨ।

ਚੰਗਾਲੀਵਾਲਾ ਦੇ ਨੌਜਵਾਨ ਉਤੇ ਜਿਸ ਢੰਗ ਨਾਲ ਤਸ਼ੱਦਦ ਢਾਹਿਆ ਗਿਆ ਹੈ, ਉਸ ਨੇ ਦੇਖਣ-ਸੁਣਨ ਵਾਲਿਆਂ ਦੇ ਲੂ-ਕੰਡੇ ਖੜ੍ਹੇ ਕਰ ਦਿੱਤੇ। ਮੀਡੀਆ ਅਤੇ ਹੋਰ ਮੰਚਾਂ ਉਤੇ ਇਕ ਤਰ੍ਹਾਂ ਦਾ ਮਿਹਣਾ ਵੀ ਲੋਕਾਈ ਦੇ ਸਾਹਮਣਾ ਆਇਆ ਹੈ। ਮਿਹਣਾ ਇਹ ਹੈ ਕਿ ਹੁਣੇ-ਹੁਣੇ ਸਮੁੱਚਾ ਪੰਜਾਬ ਹੀ ਨਹੀਂ, ਕੁੱਲ ਦੁਨੀਆਂ ਵਿਚ ਵੱਸਦੇ ਸਿੱਖ ਅਤੇ ਸ਼ਰਧਾਲੂ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਵੱਡੇ ਪੱਧਰ ਉਤੇ ਮਨਾ ਕੇ ਹਟੇ ਹਨ ਅਤੇ ਗੁਰੂ ਨਾਨਕ ਦੀ ਵਰੋਸਾਈ ਧਰਤੀ ਉਤੇ ਹੀ ਅਜਿਹਾ ਜ਼ੁਲਮ ਵਾਪਰਿਆ ਹੈ। ਸਵਾਲ ਇਹ ਬਣਿਆ ਹੈ ਕਿ ਗੁਰੂ ਨਾਨਕ ਨੇ ਨਿਮਾਣਿਆਂ ਅਤੇ ਨਿਤਾਣਿਆਂ ਦੇ ਹੱਕ ਵਿਚ ਜੋ ਆਵਾਜ਼ ਬੁਲੰਦ ਕੀਤੀ ਸੀ, ਉਸ ਨੂੰ ਸਾਡੇ ਜੀਵਨ ਦਾ ਹਿੱਸਾ ਕਿਉਂ ਨਹੀਂ ਬਣਾਇਆ ਗਿਆ। ਇਸੇ ਕਰਕੇ ਅਜਿਹੇ ਅਣਮਨੁੱਖੀ ਵਿਹਾਰ ਦੀਆਂ ਘਟਨਾਵਾਂ ਵਾਰ-ਵਾਰ ਪੰਜਾਬ ਵਿਚ ਵਾਪਰ ਰਹੀਆਂ ਹਨ। ਇਸੇ ਤਰ੍ਹਾਂ ਦਾ ਮਿਹਣਾ ਦਲਿਤਾਂ ਦੇ ਹਿੱਸੇ ਲਈ ਲੜਾਈ ਲੜਨ ਵਾਲੀ ਅਹਿਮ ਧਿਰ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਕੁਝ ਸਮਾਂ ਪਹਿਲਾਂ ਮਾਰਿਆ ਸੀ ਅਤੇ ਕਿਹਾ ਸੀ ਕਿ ਦਲਿਤਾਂ ਉਤੇ ਜਬਰ ਵਰਤਾਉਣ ਵਾਲੇ ਗੁਰੂ ਨਾਨਕ ਨਾਮਲੇਵਾ ਨਹੀਂ ਹੋ ਸਕਦੇ। ਦਲਿਤਾਂ ਉਤੇ ਜਬਰ ਦੀ ਇੰਤਹਾ ਹੁਣ ਇੰਨੀ ਹੋ ਗਈ ਹੈ ਕਿ ਐਤਕੀਂ ਅਕਾਲ ਤਖਤ ਦੇ ਜਥੇਦਾਰ ਨੇ ਵੀ ਇਸ ਘਟਨਾ ਦਾ ਸਖਤ ਨੋਟਿਸ ਲਿਆ ਹੈ। ਅਜਿਹਾ ਸ਼ਾਇਦ ਪਹਿਲੀ ਵਾਰ ਹੋਇਆ ਹੈ ਅਤੇ ਜਥੇਦਾਰ ਦਾ ਇਸ ਸਬੰਧੀ ਬਿਆਨ ਬਹੁਤ ਸ਼ਲਾਘਾਯੋਗ ਹੈ। ਇਹ ਆਪਣੇ ਆਪ ਵਿਚ ਉਸ ਸਿੱਖੀ ਅਤੇ ਸਿੱਖਾਂ ਲਈ ਸਵਾਲ ਹੈ, ਜੋ ਸਦਾ ਦਰੜੇ ਜਾ ਰਹੇ ਨਿਮਾਣਿਆਂ, ਨਿਤਾਣਿਆਂ ਦੇ ਹੱਕ ਵਿਚ ਖੜ੍ਹਦੇ ਰਹੇ ਹਨ। ਇਸ ਇਲਾਕੇ ਦੇ ਪਿੰਡਾਂ ਵਿਚ ਨਿੱਕੀ-ਨਿੱਕੀ ਗੱਲ ਉਤੇ ਦਲਿਤਾਂ ਦੇ ਬਾਈਕਾਟ ਦੀਆਂ ਖਬਰਾਂ ਆਉਂਦੀਆਂ ਰਹੀਆਂ ਹਨ, ਹੁਣ ਦਲਿਤਾਂ ਉਤੇ ਜ਼ੁਲਮ ਵਰਤਾਉਣ ਵਾਲਿਆਂ ਦੇ ਬਾਈਕਾਟ ਦਾ ਹੋਕਰਾ ਵੱਜਣ ਦਾ ਵੇਲਾ ਹੈ। ਇਸੇ ਕਰਕੇ ਸਵਾਲਾਂ ਦਾ ਸਵਾਲ ਹੁਣ ਇਹ ਹੈ ਕਿ ਜਥੇਦਾਰ ਜਾਂ ਕੋਈ ਹੋਰ ਸੰਸਥਾਵਾਂ ਇਸ ਪਾਸੇ ਕੋਈ ਕਦਮ ਉਠਾਉਣ ਲਈ ਚਾਰਾਜੋਈ ਕਰਨਗੀਆਂ?

ਨਿਮਾਣਿਆਂ, ਨਿਤਾਣਿਆਂ ਉਤੇ ਜਬਰ ਦਾ ਸਿਲਸਿਲਾ ਅਸਲ ਵਿਚ ਰਾਜਕੀ ਸੱਤਾ ਅੰਦਰ ਪਿਆ ਹੋਇਆ ਹੈ। ਜਿੰਨਾ ਚਿਰ ਇਸ ਰਾਜਕੀ ਸੱਤਾ ਨੂੰ ਸਿੱਧੀ ਟੱਕਰ ਨਹੀਂ ਦਿੱਤੀ ਜਾਂਦੀ, ਉਦੋਂ ਤੱਕ ਹਾਲਾਤ ਵਿਚ ਕਿਸੇ ਸਿਫਤੀ ਤਬਦੀਲੀ ਦੀ ਸੰਭਾਵਨਾ ਬਹੁਤ ਘੱਟ ਹੈ। ਹੁਣ ਵਾਲੇ ਮਸਲੇ ਦੀ ਹੀ ਮਿਸਾਲ ਹੈ। ਸੱਤਾ ਧਿਰ ਨੇ ਅਸਲ ਮਸਲੇ ਵਲ ਧਿਆਨ ਦੇਣ ਦੀ ਥਾਂ ਪਰਿਵਾਰ ਨੂੰ 21 ਲੱਖ ਰੁਪਿਆ, ਮ੍ਰਿਤਕ ਦੀ ਪਤਨੀ ਨੂੰ ਨੌਕਰੀ, ਬੱਚਿਆਂ ਦੀ ਪੜ੍ਹਾਈ ਦਾ ਜ਼ਿੰਮਾ ਓਟਣ ਅਤੇ ਘਰ ਦੀ ਮੁਰੰਮਤ ਕਰਵਾਉਣ ਦਾ ਸੌਖਾ ਰਾਹ ਲੱਭ ਲਿਆ ਹੈ। ਬਿਨਾ ਸ਼ੱਕ, ਇਸ ਵਕਤ ਪੀੜਤ ਪਰਿਵਾਰ ਨੂੰ ਅਜਿਹੀ ਇਮਦਾਦ ਦੀ ਬਹੁਤ ਸਖਤ ਲੋੜ ਹੈ, ਪਰ ਪਿਛਲੀਆਂ ਘਟਨਾਵਾਂ ਦਾ ਇਤਿਹਾਸ ਦੱਸਦਾ ਹੈ ਕਿ ਇਹ ਸਭ ਕੁਝ ਮਸਲੇ ਉਤੇ ਮਿੱਟੀ ਪਾਉਣ ਲਈ ਹੀ ਕੀਤਾ ਜਾਂਦਾ ਹੈ। ਅਜਿਹੇ ਮਸਲਿਆਂ ਦੀਆਂ ਤੰਦਾਂ ਕਿਉਂਕਿ ਰਸੂਖਵਾਨਾਂ ਨਾਲ ਜੁੜੀਆਂ ਹੁੰਦੀਆਂ ਹਨ, ਇਸ ਲਈ ਸਰਕਾਰੇ-ਦਰਬਾਰੇ ਇਨ੍ਹਾਂ ਦੀ ਪੁੱਜਤ ਹੋਣ ਕਾਰਨ ਮਸਲਾ ਜਿਉਂ ਦਾ ਤਿਉਂ ਕਾਇਮ ਰਹਿੰਦਾ ਹੈ। ਇਸੇ ਕਰਕੇ ਇਹ ਮਸਲਾ ਹੁਣ ਨਿਮਾਣਿਆਂ, ਨਿਤਾਣਿਆਂ ਲਈ ਜੂਝਣ ਵਾਲੀਆਂ ਧਿਰਾਂ ਲਈ ਵੀ ਗਹਿਰਾਈ ਨਾਲ ਸੋਚਣ ਵਿਚਾਰਨ ਵਾਲਾ ਹੈ। ਹਰ ਵਾਰ ਗੱਲ ਪਰਿਵਾਰ ਦੀ ਆਰਥਕ ਮਦਦ ਤਕ ਪੁੱਜ ਕੇ ਰੁਕ ਜਾਂਦੀ ਰਹੀ ਹੈ। ਅਜਿਹੀਆਂ ਘਟਨਾਵਾਂ ਇਹ ਸੁਨੇਹਾ ਦੇ ਰਹੀਆਂ ਹਨ ਕਿ ਇਹ ਲਕੀਰ ਪਾਰ ਕੀਤੇ ਬਿਨਾ ਦਰੜੇ ਜਾ ਰਹੇ ਲੋਕਾਂ ਦਾ ਛੁਟਕਾਰਾ ਸੰਭਵ ਨਹੀਂ। ਇਸ ਛੁਟਕਾਰੇ ਲਈ ਰਾਹ ਜੂਝ ਰਹੀਆਂ ਧਿਰਾਂ ਨੇ ਹੀ ਤਲਾਸ਼ਣਾ ਹੈ। ਸਬੰਧਤ ਇਲਾਕੇ ਦੇ ਪਿੰਡਾਂ ਵਿਚ ਨਿੱਕੇ-ਨਿੱਕੇ ਸੰਘਰਸ਼ ਲਗਾਤਾਰ ਚੱਲ ਰਹੇ ਹਨ। ਹੁਣ ਲੋੜ ਇਨ੍ਹਾਂ ਸੰਘਰਸ਼ਾਂ ਨੂੰ ਜੋੜ ਕੇ ਵੱਡੇ ਸੰਘਰਸ਼ ਦਾ ਰੂਪ ਦੇਣ ਦੀ ਹੈ। ਸੱਚਮੁੱਚ ਥੁੜ੍ਹਾਂ ਨਾਲ ਜੂਝ ਰਹੀ ਲੋਕਾਈ ਉਨ੍ਹਾਂ ਜੁਝਾਰੂਆਂ ਦੀ ਉਡੀਕ ਵਿਚ ਹੈ, ਜੋ ਰਾਜਕੀ ਸੱਤਾ ਨੂੰ ਸਿੱਧੀ ਟੱਕਰ ਦੇਣ ਦਾ ਹੀਆ ਕਰਨ। ਅਜਿਹਾ ਸਿਦਕ ਹੀ ਅਗਲੇ ਰਾਹ ਖੋਲ੍ਹੇਗਾ।

### ਠਾਹ-ਸੋਟਾ

-ਚਾਚਾ ਬੇਲਿਹਾਜ਼

**ਕਾਰੇ ਜਾਬਰਾਂ-ਬਾਬਰਾਂ ਦੇ!**

ਆਈ ਚੱਲਦੀ ਰੀਤ ਸਿਆਸਤਾਂ ਦੀ, ਪਾਟੋ-ਧਾੜ ਤੋਂ ਖਾਣੀਆਂ ਖੱਟੀਆਂ ਜੀ।
ਪਾ ਕੇ ਫਿਰਕਿਆਂ ਵਿਚ ਤਕਰਾਰਬਾਜੀ, ਸਾਂਝ ਵਾਲੀਆਂ ਪੋਚਣੀਆਂ ਫੱਟੀਆਂ ਜੀ।
ਵਰਤਮਾਨ ਦੇ ਦੁੱਖਾਂ ਦਾ ਹੱਲ ਚਾਹੀਏ, ਕਬਰਾਂ ਕਾਹਨੂੰ ਪੁਰਾਣੀਆਂ ਪੱਟੀਆਂ ਜੀ।
ਸਦੀਆਂ ਪਹਿਲੋਂ ਸੀ ਨਾਨੀ ਨੇ ਖਸਮ ਕੀਤਾ, ਦੋਹਤੇ ਭਰਨ ਕਿਉਂ ਉਹਦੀਆਂ ਚੱਟੀਆਂ ਜੀ।
ਜ਼ੁਲਮੋ-ਸਿਤਮ ਦੀ ਗੱਲ ਨਾ ਨਵੀਂ ਕੋਈ, ਕਿੱਸੇ ਬਹੁਤ ਇਤਿਹਾਸ ਵਿਚ ਜਾਬਰਾਂ ਦੇ।
'ਕਾਰੇ' ਇੱਕੋ ਜਿਹੇ ਹੋਣਗੇ ਸਾਰਿਆਂ ਦੇ, ਗੱਦੀ ਮੱਲ ਕੇ ਬੈਠਿਆਂ 'ਬਾਬਰਾਂ' ਦੇ!

# ਜਾਤੀ ਹੰਕਾਰ ਦੀਆਂ ਜੜ੍ਹਾਂ

***ਸੰਗਰੂਰ ਜ਼ਿਲ੍ਹੇ ਦੇ ਪਿੰਡ ਚੰਗਾਲੀਵਾਲਾ ਦੀ ਘਟਨਾ ਨੇ ਦਲਿਤਾਂ ਨਾਲ ਹੁੰਦੀਆਂ ਵਧੀਕੀਆਂ ਦਾ ਕਿੱਸਾ ਇਕ ਵਾਰ ਫਿਰ ਬਿਆਨ ਕੀਤਾ ਹੈ। ਦਲਿਤ ਨੌਜਵਾਨ 'ਤੇ ਜਿਸ ਢੰਗ ਨਾਲ ਤਸ਼ੱਦਦ ਢਾਹਿਆ ਗਿਆ, ਉਸ ਤੋਂ ਉਚ ਜਾਤੀ ਹੈਂਕੜ ਅਤੇ ਹੰਕਾਰ ਦਾ ਪਤਾ ਲਗਦਾ ਹੈ। ਕਾਲਮਨਵੀਸ ਬੂਟਾ ਸਿੰਘ ਨੇ ਇਸ ਘਟਨਾ ਦੇ ਪ੍ਰਸੰਗ ਵਿਚ ਦਲਿਤਾਂ ਦਾ ਮਸਲਾ ਆਪਣੇ ਇਸ ਲੇਖ ਵਿਚ ਵਿਚਾਰਿਆ ਹੈ। -ਸੰਪਾਦਕ***

ਬੂਟਾ ਸਿੰਘ
ਫੋਨ: +91-94634-74342

ਪੰਜਾਬ ਵਿਚ ਜਾਤਪਾਤੀ ਹੰਕਾਰ ਨੇ ਇਕ ਹੋਰ ਦਲਿਤ ਤੋਂ ਜੀਣ ਦਾ ਹੱਕ ਖੋਹ ਲਿਆ। ਸੰਗਰੂਰ ਜ਼ਿਲ੍ਹੇ ਦੇ ਪਿੰਡ ਚੰਗਾਲੀਵਾਲਾ ਦੇ ਜਗਮੇਲ ਸਿੰਘ (37 ਸਾਲ) ਨੂੰ ਪਿੰਡ ਦੇ ਹੀ ਉਚ ਜਾਤੀ ਅਨਸਰਾਂ ਨੇ ਥਮਲੇ ਨਾਲ ਬੰਨ੍ਹ ਕੇ ਇਸ ਕਦਰ ਬੇਰਹਿਮੀ ਨਾਲ ਕੋਹਿਆ ਕਿ ਆਖਿਰਕਾਰ 9 ਦਿਨ ਬਾਅਦ 16 ਨਵੰਬਰ ਨੂੰ ਉਹ ਪੀ.ਜੀ.ਆਈ. ਚੰਡੀਗੜ੍ਹ ਵਿਚ ਜ਼ਿੰਦਗੀ ਦੀ ਲੜਾਈ ਹਾਰ ਗਿਆ। ਇਹ ਪਿੰਡ ਸਾਬਕਾ ਕਾਂਗਰਸੀ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਦਾ ਹੈ ਜਿਸ ਦੀ ਮੁਜਰਿਮਾਂ ਨਾਲ ਨੇੜਤਾ ਚਰਚਾ ਵਿਚ ਹੈ। ਪਿੰਡ ਦੇ ਇਨ੍ਹਾਂ ਸਰਦਾਰ ਕਹਾਉਣ ਵਾਲੇ ਧੌਂਸਬਾਜ਼ਾਂ ਨੇ ਪਹਿਲਾਂ ਜਗਮੇਲ ਦੇ ਭਰਾ ਉਪਰ ਵੀ ਬੇਤਹਾਸ਼ਾ ਤਸ਼ੱਦਦ ਕੀਤਾ ਸੀ ਲੇਕਿਨ ਉਸ ਜੁਰਮ ਨੂੰ ਪੰਚਾਇਤੀ ਪੱਧਰ 'ਤੇ ਦਬਾ ਲਿਆ ਗਿਆ ਸੀ। ਕਾਨੂੰਨ ਤੋਂ ਬੇਖੌਫ ਹੋਣ ਕਾਰਨ ਇਸ ਵਾਰ ਕਿਸੇ ਤਕਰਾਰ ਦੇ ਬਹਾਨੇ ਉਨ੍ਹਾਂ ਨੇ ਜਗਮੇਲ ਨੂੰ ਥਮਲੇ ਨਾਲ ਬੰਨ੍ਹ ਕੇ ਲਾਠੀਆਂ ਅਤੇ ਲੋਹੇ ਦੀਆਂ ਰਾਡਾਂ ਨਾਲ ਕੁੱਟਿਆ, ਪਲਾਸ ਨਾਲ ਉਸ ਦਾ ਮਾਸ ਨੋਚਿਆ ਗਿਆ ਅਤੇ ਫਿਰ ਤੇਜ਼ਾਬ ਨਾਲ ਉਸ ਦੀਆਂ ਲੱਤਾਂ ਲੂਹ ਦਿੱਤੀਆਂ ਗਈਆਂ।

ਇਹੀ ਨਹੀਂ, ਪਾਣੀ ਮੰਗਣ 'ਤੇ ਉਸ ਦੇ ਮੂੰਹ ਵਿਚ ਪਿਸ਼ਾਬ ਪਾਇਆ ਗਿਆ। ਉਸ ਦੀ ਜਾਨ ਸ਼ਾਇਦ ਬਚ ਜਾਂਦੀ, ਜੇ ਸਰਕਾਰੀ ਹਸਪਤਾਲ ਦਾ ਅਮਲਾ ਉਸ ਦਾ ਵਕਤ ਸਿਰ ਇਲਾਜ ਸ਼ੁਰੂ ਕਰ ਦਿੰਦਾ। ਅਤਿ ਗੰਭੀਰ ਹਾਲਤ ਵਿਚ ਵੀ ਉਹ ਇਲਾਜ ਲਈ ਸਰਕਾਰੀ ਹਸਪਤਾਲਾਂ ਵਿਚ ਧੱਕੇ ਖਾਂਦਾ ਰਿਹਾ ਜੋ ਪੈਸੇ ਨਾ ਹੋਣ ਕਾਰਨ ਉਸ ਦੇ ਜ਼ਖਮਾਂ ਦੀ ਮਾਮੂਲੀ ਮੱਲ੍ਹਮ-ਪੱਟੀ ਕਰਕੇ ਘਰ ਭੇਜਦੇ ਰਹੇ। ਪੀ.ਜੀ.ਆਈ. ਲਿਜਾਣ ਵਕਤ ਇਨਫੈਕਸ਼ਨ ਇੰਨੀ ਫੈਲ ਚੁੱਕੀ ਸੀ ਕਿ ਲੱਤਾਂ ਕੱਟਣ ਤੋਂ ਬਾਅਦ ਵੀ ਉਸ ਨੂੰ ਬਚਾਇਆ ਨਹੀਂ ਜਾ ਸਕਿਆ।

ਇਹ ਕਾਂਡ ਐਨਾ ਦਿਲ ਦਹਿਲਾ ਦੇਣ ਵਾਲਾ ਸੀ ਕਿ ਸਿਆਸੀ ਆਕਾਵਾਂ ਦੇ ਇਸ਼ਾਰੇ 'ਤੇ ਮਾਮਲੇ ਨੂੰ ਰਫਾ-ਦਫਾ ਕਰਨ ਵਿਚ ਜੁਟੀ ਪੁਲਿਸ ਨੂੰ ਵਿਆਪਕ ਹਾਹਾਕਾਰ ਦੇ ਮੱਦੇਨਜ਼ਰ ਦੋਸ਼ੀਆਂ ਨੂੰ ਗ੍ਰਿਫਤਾਰ ਕਰਨਾ ਪਿਆ। ਘਟਨਾ 7 ਨਵੰਬਰ ਦੀ ਹੈ ਅਤੇ ਪੁਲਿਸ 13 ਨਵੰਬਰ ਨੂੰ ਕਾਰਵਾਈ ਕਰਦੀ ਹੈ। ਸਮੁੱਚੇ ਘਟਨਾਕ੍ਰਮ ਵਿਚ ਸਿਆਸੀ ਰਸੂਖ, ਪੈਸੇ ਅਤੇ ਡਾਕਟਰਾਂ ਸਮੇਤ ਸਰਕਾਰੀ ਤੰਤਰ ਦੇ ਮੁਜਰਮਾਨਾ ਰਵੱਈਏ ਦੀ ਉਘੜਵੀਂ ਭੂਮਿਕਾ ਹੈ। ਸੰਘਰਸ਼ਸ਼ੀਲ ਜਥੇਬੰਦੀਆਂ ਦੀ ਅਗਵਾਈ ਹੇਠ ਜ਼ੋਰ ਫੜ ਰਹੇ ਸੰਘਰਸ਼ ਅਤੇ ਵਿਰੋਧੀ-ਧਿਰ ਦੀ ਸਰਗਰਮੀ ਨੂੰ ਦੇਖ ਕੇ ਮੂਰਛਤ ਹੋਈ ਕੈਪਟਨ ਸਰਕਾਰ ਤੁਰੰਤ ਹਰਕਤ ਵਿਚ ਆਈ। ਪਰਿਵਾਰ ਨੂੰ 20 ਲੱਖ ਰੁਪਏ ਦੀ ਸਹਾਇਤਾ, ਪਤਨੀ ਨੂੰ ਨੌਕਰੀ, ਬੱਚਿਆਂ ਦੀ ਮੁਫਤ ਪੜ੍ਹਾਈ ਤੇ ਮਕਾਨ ਦੀ ਮੁਰੰਮਤ ਦਾ ਖਰਚਾ ਦੇਣ ਅਤੇ ਤਿੰਨ ਮਹੀਨਿਆਂ ਵਿਚ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦਾ ਇਕਰਾਰ ਕਰਕੇ ਸੰਕਟ ਗਲੋਂ ਲਾਹ ਦਿੱਤਾ। ਇਹ ਪ੍ਰਾਪਤੀ ਸੰਘਰਸ਼ ਦੇ ਜ਼ੋਰ ਹੈ, ਨਹੀਂ ਤਾਂ ਡਾਢਿਆਂ ਅੱਗੇ ਪਰਿਵਾਰ ਦੀ ਕੋਈ ਪੇਸ਼ ਨਹੀਂ ਜਾਣੀ ਸੀ। ਇਹ ਸਬੰਧਤ ਪਰਿਵਾਰ ਦੀ ਸਹਾਇਤਾ ਹੈ, ਅਸਲ ਮਸਲੇ ਦਾ ਹੱਲ ਨਹੀਂ। ਜਾਤਪਾਤੀ ਹੰਕਾਰ 21ਵੀਂ ਸਦੀ ਵਿਚ ਵੀ ਐਨਾ ਵਿਆਪਕ ਕਿਉਂ ਹੈ, ਇਸ ਮੂਲ ਮਸਲੇ ਬਾਰੇ ਸਮੁੱਚੀ ਹਾਕਮ ਜਮਾਤੀ ਸਿਆਸਤ ਚੁੱਪ ਹੈ।

ਇਹ ਅਚਾਨਕ ਗੁੱਸੇ ਵਿਚ ਆ ਕੇ ਕੀਤਾ ਕਾਰਾ ਨਾ ਹੋ ਕੇ ਉਚ ਜਾਤੀ ਹੰਕਾਰ ਦੇ ਗਰੂਰ ਵਿਚ ਗਿਣ-ਮਿਥ ਕੇ ਕੀਤਾ ਇਰਾਦਤਨ ਜਾਨਲੇਵਾ ਹਮਲਾ ਸੀ। ਜਗਮੇਲ ਨਾਲ ਇਹ ਵਹਿਸ਼ੀ ਵਤੀਰਾ ਉਸ ਵਕਤ ਹੋਇਆ, ਜਦੋਂ ਇਸ ਧਰਤੀ ਉਪਰ ਸਰਬੱਤ ਦੇ ਭਲੇ ਦਾ ਹੋਕਾ ਦੇਣ ਵਾਲੇ ਬਾਬਾ ਨਾਨਕ ਦਾ 550ਵਾਂ ਪ੍ਰਕਾਸ਼ ਦਿਹਾੜਾ ਵੱਡੀ ਸਜ-ਧਜ ਨਾਲ ਮਨਾਇਆ ਜਾ ਰਿਹਾ ਹੈ। ਲੇਕਿਨ ਯੁੱਗਪਲਟਾਊ ਬਾਬੇ ਦੀ ਬਾਣੀ ਦਾ ਵੀ ਇਸ ਸਰਜ਼ਮੀਨ ਦੇ ਉਚ ਜਾਤੀ ਲੋਕਾਂ ਦੀ ਹੈਂਕੜਬਾਜ਼ ਬਿਰਤੀ ਉਪਰ ਕੋਈ ਅਸਰ ਨਹੀਂ ਹੋ ਰਿਹਾ। ਉਨ੍ਹਾਂ ਦੇ ਮਨਾਂ ਵਿਚ ਭਰੀ ਨਿਤਾਣਿਆਂ ਅਤੇ ਮਜ਼ਲੂਮਾਂ ਪ੍ਰਤੀ ਘੋਰ ਨਫਰਤ ਅਤੇ ਜਾਤੀ ਹੰਕਾਰ ਬਾਹਰ ਆਉਣ ਲਈ ਕੋਈ ਬਹਾਨਾ ਹੀ ਉਡੀਕ ਰਿਹਾ ਹੁੰਦਾ ਹੈ। ਉਹ ਤਾਂ ਆਪਣੇ ਵਲੋਂ ਥੋਪੇ ਸਮਾਜਿਕ ਬਾਈਕਾਟ ਦੇ ਸੱਦੇ ਦਾ ਐਲਾਨ ਵੀ ਗੁਰੂ ਘਰਾਂ ਦੇ ਸਪੀਕਰਾਂ ਤੋਂ ਕਰਦੇ ਹਨ ਜਿਸ ਦਾ ਸੰਦੇਸ਼ 'ਅੱਵਲ ਅੱਲਾ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ' ਹੈ। ਉਚ ਜਾਤੀ ਅਨਸਰ 'ਭਾਈਚਾਰਕ ਸਾਂਝ' ਦੇ ਉਦੋਂ ਤਕ ਹੀ ਪਾਬੰਦ ਰਹਿੰਦੇ ਹਨ, ਜਦੋਂ ਤਕ ਦਲਿਤ ਜਾਤਪਾਤੀ ਦਾਬੇ ਦੇ ਸਦੀਵੀ ਦਸਤੂਰ ਨੂੰ ਸਿਰ ਝੁਕਾ ਕੇ ਮੰਨਦੇ ਰਹਿੰਦੇ ਹਨ। ਜਿਉਂ ਹੀ ਨਿਤਾਣੇ ਦਲਿਤ ਮਨੁੱਖੀ ਮਾਣ-ਸਨਮਾਨ ਜਾਂ ਆਪਣੇ ਹੱਕਾਂ ਦੀ ਗੱਲ ਕਰਦੇ ਹਨ ਉਦੋਂ ਹੀ ਉਚ ਜਾਤੀ ਧੌਂਸਬਾਜ਼ ਭਾਈਚਾਰਕ ਸਾਂਝ ਦਾ ਮਖੌਟਾ ਲਾਹ ਕੇ ਸਾੜ੍ਹਸਤੀ ਮਚਾਉਣੀ ਸ਼ੁਰੂ ਕਰ ਦਿੰਦੇ ਹਨ।

ਕਈ ਸਾਲ ਪਹਿਲਾਂ ਗੁਆਂਢੀ ਜ਼ਿਲ੍ਹਾ ਮਾਨਸਾ ਦੇ ਬੰਤ ਸਿੰਘ ਝੱਬਰ ਨੂੰ ਉਚ ਜਾਤੀ ਧਨਾਢਾਂ ਦੀ ਸੱਤਾ ਤੋਂ ਨਾਬਰ ਹੋਣ ਦਾ ਮੁੱਲ ਆਪਣੀ ਇਕ ਲੱਤ ਅਤੇ ਦੋਨੋਂ ਹੱਥ ਕਟਵਾ ਕੇ ਚੁਕਾਉਣਾ ਪਿਆ ਸੀ। ਉਸ ਨੇ ਆਪਣੀ ਧੀ ਨਾਲ ਧੱਕਾ ਕਰਨ ਵਾਲਿਆਂ ਵਿਰੁਧ ਇਨਸਾਫ ਲਈ ਅੜਨ ਦੀ ਗੁਸਤਾਖੀ ਕੀਤੀ ਸੀ। ਸੰਗਰੂਰ ਜ਼ਿਲ੍ਹੇ ਦੇ ਦਰਜਨਾਂ ਪਿੰਡਾਂ ਦੇ ਦਲਿਤਾਂ ਨੂੰ ਰਾਜਕੀ ਪੁਸ਼ਤ-ਪਨਾਹੀ ਨਾਲ ਉਚ ਜਾਤਾਂ ਧਨਾਢਾਂ ਦੇ ਹਮਲਿਆਂ, ਝੂਠੇ ਪੁਲਿਸ ਕੇਸਾਂ ਅਤੇ ਹੋਰ ਖੱਜਲ-ਖੁਆਰੀ ਦਾ ਲਗਾਤਾਰ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਸੰਵਿਧਾਨਕ ਹੱਕ ਅਨੁਸਾਰ ਪੰਚਾਇਤੀ ਜ਼ਮੀਨ ਦੇ ਤੀਜੇ ਹਿੱਸੇ ਲਈ ਲੜ ਰਹੇ ਹਨ।

ਕੁਝ ਸਮਾਂ ਪਹਿਲਾਂ ਹੀ ਇਸੇ ਲਹਿਰਾਗਾਗਾ ਥਾਣੇ, ਜਿਸ ਦੀ ਹਦੂਦ ਅੰਦਰ ਇਹ ਕਾਂਡ ਵਾਪਰਿਆ, ਦੇ ਪਿੰਡ ਜਲੂਰ ਦੇ 27 ਦਲਿਤਾਂ ਦੀਆਂ ਲੱਤਾਂ-ਬਾਹਾਂ ਉਚ ਜਾਤੀ ਧਨਾਢਾਂ ਨੇ ਤੋੜ ਦਿੱਤੀਆਂ ਸਨ ਅਤੇ ਇਕ ਬਜ਼ੁਰਗ ਔਰਤ ਗੁਰਦੇਵ ਕੌਰ ਦੀ ਇਸ ਵਹਿਸ਼ੀ ਹਮਲੇ ਕਾਰਨ ਪੀ.ਜੀ.ਆਈ. ਵਿਚ ਮੌਤ ਹੋ ਗਈ ਸੀ। ਅਬੋਹਰ ਦੇ ਭੀਮ ਟਾਂਕ ਨੂੰ ਅਕਾਲੀ ਦਲ ਦੇ ਸਥਾਨਕ ਆਗੂ ਸ਼ਿਵ ਲਾਲ ਡੋਡਾ ਦੇ ਸ਼ਰਾਬ ਮਾਫੀਆ ਨੇ ਮਾਫੀਆ ਸਲਤਨਤ ਤੋਂ ਪ੍ਰਵਾਹਰਾ ਹੋਣ ਦਾ ਸਬਕ ਸਿਖਾਉਣ ਲਈ ਉਸ ਦੀਆਂ ਦੋਵੇਂ ਲੱਤਾਂ ਅਤੇ ਬਾਹਾਂ ਵੱਢ ਦਿੱਤੀਆਂ ਸਨ। ਉਦੋਂ ਬਾਦਲਕਿਆਂ ਦੀ ਸਰਕਾਰ ਸੀ ਜਿਸ ਨੇ ਡੋਡਾ ਗੈਂਗ ਨੂੰ ਬਚਾਉਣ ਲਈ ਹਰ ਹਰਬਾ ਵਰਤਿਆ ਸੀ।

ਇਹ ਵੱਖਰਾ ਸਵਾਲ ਹੈ ਕਿ ਵਹਿਸ਼ੀ ਕਤਲ ਦੇ ਸਬੂਤ ਇੰਨੇ ਜੱਗ ਜ਼ਾਹਰ ਸਨ ਕਿ ਕਾਨੂੰਨੀ ਕਾਰਵਾਈ ਕਰਨੀ ਹੀ ਪੈਣੀ ਸੀ। ਉਸ ਮਾਫੀਆ ਦਾ ਸਿਆਸੀ ਆਕਾ ਸੁਖਬੀਰ ਸਿੰਘ ਬਾਦਲ ਹੁਣ ਚੰਗਾਲੀਵਾਲਾ ਕਾਂਡ ਉਪਰ ਦਲਿਤਾਂ ਨਾਲ ਹੇਜ ਜਤਾ ਰਿਹਾ ਹੈ ਅਤੇ ਜਗਮੇਲ ਦੇ ਪਰਿਵਾਰ ਨੂੰ ਨਿਆਂ ਦਿਵਾਉਣ ਦੀ ਬਿਆਨਬਾਜ਼ੀ ਕਰ ਰਿਹਾ ਹੈ। ਬਾਦਲਕਿਆਂ ਦੇ ਰਾਜ ਵਿਚ ਇਸੇ ਤਰ੍ਹਾਂ ਦੇ ਹਮਦਰਦੀ ਦੇ ਖੇਖਣ ਕਾਂਗਰਸ ਅਤੇ ਹੋਰ ਵੋਟ ਬਟੋਰੂ ਪਾਰਟੀਆਂ ਕਰਦੀਆਂ ਸਨ ਜਦੋਂ ਹੱਕ ਮੰਗਦੇ ਦਲਿਤਾਂ ਨੂੰ ਦਬਾਉਣ ਲਈ ਹੁਕਮਰਾਨ+ਜਾਤਪਾਤੀ ਗੁੰਡਿਆਂ ਅਤੇ ਪੁਲਿਸ ਦਾ ਨਾਪਾਕ ਗੱਠਜੋੜ ਦਨਦਨਾ ਰਿਹਾ ਸੀ।

ਜਗਮੇਲ ਉਪਰ ਜ਼ੁਲਮ ਢਾਹੁਣ ਵਾਲਿਆਂ ਨੂੰ ਲੋਕ ਦਬਾਓ ਹੇਠ ਭਾਵੇਂ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਇਹ ਵੀ ਸੰਭਵ ਹੈ ਕਿ ਉਨ੍ਹਾਂ ਨੂੰ ਅਦਾਲਤ ਵਿਚ ਮੁਕੱਦਮੇ ਦਾ ਸਾਹਮਣਾ ਕਰਨਾ ਪਵੇ; ਲੇਕਿਨ ਇਸ ਕਾਂਡ ਨੇ ਇਕ ਵਾਰ ਫਿਰ ਇਹ ਸਾਬਤ ਕਰ ਦਿੱਤਾ ਹੈ ਕਿ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਕਹਾਉਣ ਵਾਲੇ ਇਸ ਰਾਜ ਢਾਂਚੇ ਵਿਚ ਆਮ ਇਨਸਾਨ ਦੀ ਜ਼ਿੰਦਗੀ ਕਿੰਨੀ ਸਸਤੀ ਹੈ। ਮਾਮੂਲੀ ਝਗੜੇ ਦਾ ਬਦਲਾ ਲੈਣ ਲਈ ਕਾਨੂੰਨ ਨੂੰ ਹੱਥ ਵਿਚ ਲੈਣਾ ਧੌਂਸਬਾਜ਼ ਉਚ ਜਾਤੀ ਅਨਸਰਾਂ ਲਈ ਕਿੰਨਾ ਸੌਖਾ ਹੈ। ਕੜੇ-ਕਾਨੂੰਨ ਨੂੰ ਉਹ ਟਿੱਚ ਸਮਝਦੇ ਹਨ। ਰਵਾਇਤੀ ਦਾਬੇ ਅਤੇ ਧੌਂਸਬਾਜ਼ ਸੱਤਾ ਨੂੰ ਬਰਕਰਾਰ ਰੱਖਣ ਲਈ ਉਹ ਕਿਸੇ ਵੀ ਹੱਦ ਤਕ ਜਾ ਸਕਦੇ ਹਨ। ਰਿਪੋਰਟਾਂ ਅਨੁਸਾਰ 2004 ਤੋਂ ਲੈ ਕੇ 31 ਅਗਸਤ 2019 ਤਕ ਦਲਿਤਾਂ ਉਪਰ ਜ਼ੁਲਮਾਂ ਦੇ 21935 ਮਾਮਲੇ ਸਾਹਮਣੇ ਆਏ ਹਨ। ਕਮਿਸ਼ਨ ਵਲੋਂ ਦਰਜ ਕੀਤੇ ਜਾਤਪਾਤੀ ਵਿਤਕਰੇ ਜਾਂ ਹੋਰ ਜ਼ਿਆਦਤੀਆਂ ਦੇ ਮਾਮਲੇ ਇਨ੍ਹਾਂ ਤੋਂ ਵੱਖਰੇ ਹਨ।

ਰਸੂਖਵਾਨ ਵਰਗ ਦੀ ਇਸ ਹਿੰਮਤ ਦਾ ਆਧਾਰ ਜਾਤੀ ਪ੍ਰਬੰਧ ਨੂੰ ਸਮਾਜਿਕ ਪ੍ਰਵਾਨਗੀ ਦੇ ਨਾਲ-ਨਾਲ ਹੁਕਮਰਾਨ ਜਮਾਤ ਸਮੇਤ ਰਾਜ ਢਾਂਚੇ ਵਲੋਂ ਉਚ ਜਾਤੀ ਧੌਂਸਬਾਜ਼ੀ ਦੀ ਪੁਸ਼ਤਪਨਾਹੀ ਹੈ। 'ਸਖਤ ਕਾਰਵਾਈ' ਅਤੇ 'ਮਿਸਾਲੀ ਸਜ਼ਾਵਾਂ' ਬੇਮਾਇਨੇ ਹਨ। ਜਾਤੀ ਧੌਂਸਬਾਜ਼ਾਂ ਨੂੰ ਪੱਕਾ ਵਿਸ਼ਵਾਸ ਹੁੰਦਾ ਹੈ ਕਿ ਐਸੇ ਘਿਨਾਉਣੇ ਜੁਰਮ ਨੂੰ ਅੰਜਾਮ ਦੇਣ ਤੋਂ ਬਾਅਦ ਵੀ ਪੈਸੇ ਅਤੇ ਸੱਤਾ ਦੇ ਗਲਿਆਰਿਆਂ ਵਿਚ ਆਪਣੀ ਪਹੁੰਚ ਦੇ ਜ਼ੋਰ ਉਹ ਸਹਿਜੇ ਹੀ ਬਚ ਜਾਣਗੇ।

ਜਾਤਪਾਤੀ ਜੁਰਮਾਂ ਨੂੰ ਰੋਕਣ ਲਈ ਬਣਾਏ ਅਖਾਉਤੀ ਐਸ.ਸੀ.ਐਸ.ਟੀ. ਕਮਿਸ਼ਨ ਅਤੇ ਸਖਤ ਕਾਨੂੰਨ ਜਾਤਪਾਤੀ ਜ਼ੁਲਮਾਂ ਅਤੇ ਦਾਬੇ ਤੋਂ ਸੁਰੱਖਿਆ ਦੇਣ ਤੋਂ ਅਸਮਰੱਥ ਹਨ। ਕਾਨੂੰਨ ਵੀ ਫਿਰ ਹੀ ਕਾਰਗਰ ਸਾਬਤ ਹੋਣਗੇ, ਜੇ ਰਾਜ ਢਾਂਚਾ ਜਾਤਪਾਤ ਦੀ ਪੁਸ਼ਤ-ਪਨਾਹੀ ਬੰਦ ਕਰੇ। ਪੁਸ਼ਤ-ਪਨਾਹੀ ਦੇ ਆਲਮ ਵਿਚ ਕਾਨੂੰਨੀ ਪੇਸ਼ਬੰਦੀਆਂ ਜਾਤਪਾਤੀ ਮਸਲੇ ਬਾਰੇ ਅਵਾਮ ਨੂੰ ਅਵੇਸਲਾ ਕਰਨ ਦਾ ਸੰਦ ਹਨ। ਕਮਜ਼ੋਰ ਹਿੱਸਿਆਂ ਦੇ ਪੱਲੇ ਵੋਟ ਦੇ ਰਸਮੀ ਰਾਜਨੀਤਕ ਹੱਕ ਤੋਂ ਸਿਵਾਏ ਕੁਝ ਨਹੀਂ ਹੈ ਜਿਸ ਦੀ ਕੀਮਤ ਸਿਰਫ ਚੋਣਾਂ ਦੇ ਦਿਨਾਂ ਵਿਚ ਹੀ ਹੁੰਦੀ ਹੈ? ਸੱਤਾ ਦੇ ਗਲਿਆਰਿਆਂ ਤਕ ਨਾ ਉਨ੍ਹਾਂ ਦੀ ਪਹੁੰਚ ਹੈ ਅਤੇ ਨਾ ਸੁਣਵਾਈ ਹੁੰਦੀ ਹੈ। ਪੁਲਿਸ-ਪ੍ਰਸ਼ਾਸਨ ਅਤੇ ਹਕੂਮਤ ਵੀ ਉਨ੍ਹਾਂ ਦੀ ਗੱਲ ਫਿਰ ਹੀ ਸੁਣਦੇ ਹਨ, ਜੇ ਉਨ੍ਹਾਂ ਦੇ ਹੱਕ ਲਈ ਜਥੇਬੰਦੀਆਂ ਲੜ ਰਹੀਆਂ ਹੋਣ। ਪੁਲਿਸ ਅਫਸਰਾਂ, ਵਕੀਲਾਂ ਅਤੇ ਅਦਾਲਤੀ ਢਾਂਚੇ ਦੇ ਢਿੱਡ ਭਰਨ ਅਤੇ ਸਾਲਾਂਬੱਧੀ ਕਾਨੂੰਨੀ ਲੜਾਈ ਲੜਨ ਲਈ ਉਨ੍ਹਾਂ ਕੋਲ ਪੈਸਾ ਨਹੀਂ ਹੈ।

ਅਦਾਲਤੀ ਕੇਸਾਂ ਦੀ ਪੈਰਵਾਈ ਅਤੇ ਕਚਹਿਰੀਆਂ ਵਿਚ ਤਾਰੀਕ ਉਪਰ ਜਾਣ ਲਈ ਉਹ ਆਪਣਾ ਕੰਮ/ਦਿਹਾੜੀ ਛੱਡ ਕੇ ਜਾਣਗੇ ਜਿਸ ਉਪਰ ਉਨ੍ਹਾਂ ਦੇ ਪਰਿਵਾਰ ਦਾ ਸਮੁੱਚਾ ਆਰਥਕ ਦਾਰੋਮਦਾਰ ਟਿਕਿਆ ਹੁੰਦਾ ਹੈ। ਦਿਹਾੜੀ ਦੀ ਨੁਕਸਾਨ-ਪੂਰਤੀ ਦੇ ਉਨ੍ਹਾਂ ਕੋਲ ਕੋਈ ਵਸੀਲੇ ਨਹੀਂ ਹੁੰਦੇ। ਜ਼ਿਆਦਾਤਰ ਮਾਮਲਿਆਂ ਵਿਚ ਉਨ੍ਹਾਂ ਦੇ ਰੋਜ਼ਗਾਰਦਾਤਾ ਵੀ ਪਿੰਡ ਦੇ ਧਨਾਢ ਕਾਸ਼ਤਕਾਰ ਅਤੇ ਉਨ੍ਹਾਂ ਦੇ ਰਸੂਖ ਹੇਠਲੇ ਆਮ ਕਿਸਾਨ ਹੀ ਹੁੰਦੇ ਹਨ। ਤਰ੍ਹਾਂ-ਤਰ੍ਹਾਂ ਦੇ ਦਬਾਓ ਦੀ ਤਲਵਾਰ ਉਨ੍ਹਾਂ ਦੇ ਸਿਰ ਉਪਰ ਹਮੇਸ਼ਾ ਲਟਕਦੀ ਰਹਿੰਦੀ ਹੈ। ਇਹ ਫੈਕਟਰ ਉਨ੍ਹਾਂ ਨੂੰ ਲੰਮੀ ਅਤੇ ਬੇਯਕੀਨੀ ਅਦਾਲਤੀ ਲੜਾਈ ਲੜਨ ਤੋਂ ਨਿਰਉਤਸ਼ਾਹਤ ਕਰਨ ਅਤੇ ਆਪਣੇ ਖਿਲਾਫ ਰਾਜ਼ੀਨਾਮਾ ਕਰਕੇ ਡਾਢਿਆਂ ਦੀ ਧੌਂਸ ਨੂੰ ਮੰਨ ਲੈਣ ਲਈ ਕਾਫੀ ਹਨ।

ਧਨਾਢ ਅਤੇ ਰਸੂਖਵਾਨ ਹਿੱਸੇ ਦੀ ਸਥਿਤੀ ਇਸ ਤੋਂ ਐਨ ਉਲਟ ਹੈ। ਉਨ੍ਹਾਂ ਨੂੰ ਐਸੀ ਕੋਈ ਸਮੱਸਿਆ ਹੀ ਨਹੀਂ ਹੈ। ਸਮਾਜੀ-ਆਰਥਿਕ ਹੈਸੀਅਤ ਦਾ ਇਹ ਅਸਾਵਾਂਪਣ ਹੀ ਉਨ੍ਹਾਂ ਨੂੰ ਵਾਂਝੇ ਅਤੇ ਨਿਤਾਣੇ ਹਿੱਸੇ ਨੂੰ ਦਬਾਈ ਰੱਖਣ ਲਈ ਉਕਸਾਉਂਦਾ ਹੈ ਅਤੇ ਉਹ ਸੰਵਿਧਾਨਕ ਮੁੱਲਾਂ ਤੇ ਕਾਨੂੰਨਾਂ ਦਾ ਮੂੰਹ ਚਿੜਾ ਕੇ ਸਮਾਜਿਕ ਬਾਈਕਾਟ ਕਰਦੇ ਹਨ।

ਇਨ੍ਹਾਂ ਮਾਮਲਿਆਂ ਵਿਚ ਜਿੰਨਾ ਕੁ ਨਿਆਂ ਮਿਲਦਾ ਹੈ ਉਹ ਸੰਘਰਸ਼ਸ਼ੀਲ ਜਥੇਬੰਦੀਆਂ ਦੇ ਸੰਘਰਸ਼ਾਂ ਨਾਲ ਹੀ ਸੰਭਵ ਹੁੰਦਾ ਹੈ। ਸੰਘਰਸ਼ ਦਬਾਓ ਬਣਦਾ ਹੈ ਅਤੇ ਇਸ ਨਾਲ ਨਿਤਾਣੇ ਹਿੱਸਿਆਂ ਨੂੰ ਜਬਰ ਤੋਂ ਥੋੜ੍ਹਾ ਰਾਹਤ ਵੀ ਮਿਲਦੀ ਹੈ। ਫਿਰ ਵੀ ਕੱਲੇ-ਇਕਹਿਰੇ ਮਾਮਲਿਆਂ ਵਿਚ ਸਜ਼ਾ ਜਾਂ ਨਿਆਂ ਇਸ ਵਰਤਾਰੇ ਉਪਰ ਪੱਕੀ ਰੋਕ ਲਾਉਣ ਦਾ ਸਾਧਨ ਨਹੀਂ ਬਣ ਸਕਦਾ। ਵਾਂਝੇ ਅਤੇ ਨਿਤਾਣੇ ਹਿੱਸੇ ਦੀ ਸਮਾਜੀ-ਆਰਥਿਕ ਹੈਸੀਅਤ ਬਾਕੀ ਸਮਾਜ ਦੇ ਬਰਾਬਰ ਲਿਆਉਣ ਦੀ ਬਜਾਏ ਇਹ ਰਾਜ ਪ੍ਰਬੰਧ ਅਕਸਰ ਹੀ ਲੁਕਵੇਂ ਤੌਰ 'ਤੇ ਅਤੇ ਕਦੇ-ਕਦੇ ਤਾਂ ਸਮਾਜੀ ਦਾਬੇ ਅਤੇ ਡਾਢੇ ਧੌਂਸਬਾਜ਼ ਨਾਲ ਸ਼ਰੇਆਮ ਖੜ੍ਹਦਾ ਅਤੇ ਉਨ੍ਹਾਂ ਦੀ ਰਾਖੀ ਕਰਦਾ ਦੇਖਿਆ ਜਾ ਸਕਦਾ ਹੈ। ਜਾਤਪਾਤੀ ਜ਼ੁਲਮਾਂ ਤੋਂ ਪੱਕੀ ਨਿਜਾਤ ਜਾਤਪਾਤੀ ਪ੍ਰਬੰਧ ਦੇ ਬੀਜਨਾਸ ਵਿਚ ਹੈ ਜੋ ਸਿਰਫ ਜਾਤਪਾਤੀ ਧੌਂਸ ਦੇ ਆਰਥਕ-ਸਮਾਜੀ ਆਧਾਰ ਨੂੰ ਖਤਮ ਕਰਨ ਨਾਲ ਹੀ ਸੰਭਵ ਹੈ। ਜਦੋਂ ਤਕ ਜਾਤਪਾਤ ਦੀ ਪੁਸ਼ਤ-ਪਨਾਹੀ ਕਰਨ ਵਾਲੀ ਸਮਾਜੀ-ਰਾਜਸੀ ਵਿਵਸਥਾ ਬਰਕਰਾਰ ਹੈ, ਜਗਮੇਲ ਜਾਂ ਭੀਮ ਟਾਂਕ ਇਸ ਦਾ ਨਿਸ਼ਾਨਾ ਬਣਦੇ ਰਹਿਣਗੇ।

# ਭਾਰਤ ਦਾ ਹਰ ਨੁਕਤਾਚੀਨ ਹੁਣ ਗੁਨਾਹਗਾਰ !

ਆਤਿਸ਼ ਤਾਸੀਰ ਹਿੰਦੋਸਤਾਨ ਦੀ ਮਸ਼ਹੂਰ ਪੱਤਰਕਾਰ ਤਵਲੀਨ ਸਿੰਘ ਅਤੇ ਲਹਿੰਦੇ ਪੰਜਾਬ ਦੇ ਸਾਬਕਾ ਗਵਰਨਰ ਮਰਹੂਮ ਸਲਮਾਨ ਤਾਸੀਰ ਦਾ ਪੁੱਤਰ ਹੈ। ਸਲਮਾਨ ਤਾਸੀਰ ਨੂੰ ਉਸ ਦੇ ਬਾਡੀਗਾਰਡ ਨੇ 4 ਜਨਵਰੀ 2011 ਨੂੰ ਇਸ ਲਈ ਗੋਲੀ ਮਾਰ ਦਿੱਤੀ ਸੀ ਕਿਉਂਕਿ ਸਲਮਾਨ ਤਾਸੀਰ ਨੇ ਇਸਾਈ ਔਰਤ ਆਸੀਆ ਬੀਬੀ, ਜਿਸ 'ਤੇ ਪਾਕਿਸਤਾਨ ਦੇ ਕੁਫਰ ਵਿਰੋਧੀ ਕਾਨੂੰਨ ਤਹਿਤ ਨਜ਼ਰਬੰਦ ਕਰਕੇ ਮੁਕੱਦਮਾ ਚਲਾਇਆ ਜਾ ਰਿਹਾ ਹੈ, ਦੀ ਹਮਾਇਤ ਕੀਤੀ ਸੀ। ਸਲਮਾਨ ਤਾਸੀਰ ਦਾ ਪਿਉ ਤੇ ਆਤਿਸ਼ ਤਾਸੀਰ ਦਾ ਦਾਦਾ ਦੀਨ ਮੁਹੰਮਦ ਤਾਸੀਰ, ਜਿਹੜਾ ਆਮ ਕਰਕੇ ਐਮ.ਡੀ. ਤਾਸੀਰ ਕਹਿ ਕੇ ਬੁਲਾਇਆ ਜਾਂਦਾ ਸੀ, 1902 ਵਿਚ ਅੰਮ੍ਰਿਤਸਰ ਦੇ ਅਜਨਾਲਾ ਕਸਬੇ ਵਿਚ ਜੰਮਿਆ। ਉਹ ਉਰਦੂ ਦਾ ਮਸ਼ਹੂਰ ਲੇਖਕ ਤੇ ਆਲੋਚਕ ਸੀ। ਉਹ ਅੰਮ੍ਰਿਤਸਰ ਦੇ ਮੁਸਲਿਮ

**ਸਵਰਾਜਬੀਰ**

ਐਂਗਲੋ ਓਰੀਐਂਟਲ ਕਾਲਜ ਪੜ੍ਹਾਉਂਦਾ ਰਿਹਾ ਅਤੇ ਉਸ ਨੇ ਪ੍ਰਸਿਧ ਪੰਜਾਬੀ ਸਾਹਿਤਕਾਰ ਸੰਤ ਸਿੰਘ ਸੇਖੋਂ ਦੀ ਇਕਾਂਗੀਆਂ ਦੀ ਕਿਤਾਬ 'ਛੇ ਘਰ' ਦੀ ਭੂਮਿਕਾ ਲਿਖੀ ਸੀ। ਉਹਨੇ ਅੰਗਰੇਜ਼ ਔਰਤ ਕ੍ਰਿਸਟੋਬਲ ਜਾਰਜ ਨਾਲ ਸ਼ਾਦੀ ਕੀਤੀ। ਕ੍ਰਿਸਟੋਬਲ ਦੀ ਭੈਣ ਐਲਿਸ ਜਾਰਜ ਦੀ ਸ਼ਾਦੀ ਫੈਜ਼ ਅਹਿਮਦ ਫੈਜ਼ ਨਾਲ ਹੋਈ।

ਲੰਡਨ ਵਿਚ ਜੰਮਿਆ ਆਤਿਸ਼ ਨਵੀਂ ਦਿੱਲੀ ਵਿਚ ਵੱਡਾ ਹੋਇਆ, ਤਾਮਿਲ ਨਾਡੂ ਦੇ ਪਹਾੜੀ ਸ਼ਹਿਰ ਕੋਡਾਈਕਨਾਲ ਦੇ ਸਕੂਲ ਤੋਂ ਬਾਅਦ ਵਿਚ ਅਮਰੀਕਾ ਵਿਚ ਪੜ੍ਹਿਆ। ਉਹ 'ਟਾਈਮ' ਮੈਗਜ਼ੀਨ ਦਾ ਪੱਤਰਕਾਰ ਰਿਹਾ ਅਤੇ ਕਈ ਵਿਦੇਸ਼ੀ ਅਖਬਾਰਾਂ ਤੇ ਮੈਗਜ਼ੀਨਾਂ ਵਿਚ ਲਿਖਦਾ ਰਿਹਾ। ਉਸਾਮਾ ਬਿਨ-ਲਾਦਿਨ ਦੀ ਹੱਤਿਆ ਤੋਂ ਬਾਅਦ ਉਸ ਦਾ ਲਿਖਿਆ ਲੇਖ 'ਪਾਕਿਸਤਾਨ ਦੀ ਬਦਮਾਸ਼ ਫੌਜ ਖੋਰੂੰ-ਖੋਰੂੰ ਹੋ ਚੁੱਕੀ ਰਿਆਸਤ ਚਲਾ ਰਹੀ ਹੈ' ਬਹੁਤ ਮਸ਼ਹੂਰ ਹੋਇਆ ਸੀ। ਉਸ ਦਾ ਇਕ ਹੋਰ ਲੇਖ 'ਮੇਰਾ ਪਿਉ ਹਿੰਦੋਸਤਾਨ ਨੂੰ ਨਫਰਤ ਕਿਉਂ ਕਰਦਾ ਸੀ', ਜਿਹੜਾ ਵਾਲ ਸਟਰੀਟ ਜਨਰਲ ਵਿਚ ਛਪਿਆ, ਨੇ ਵੀ ਲੋਕਾਂ ਦਾ ਧਿਆਨ ਖਿਚਿਆ।

ਇਸ ਲੇਖ ਵਿਚ ਆਤਿਸ਼ ਤਾਸੀਰ ਨੇ ਦਲੀਲ ਦਿੱਤੀ ਕਿ ਪਾਕਿਸਤਾਨੀ ਇਸ ਲਈ ਭਾਰਤ ਨਾਲ ਨਫਰਤ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਨ ਲਈ ਭਾਰਤ ਦੀ ਹੋਂਦ ਨੂੰ ਨਕਾਰਨਾ ਪੈਂਦਾ ਹੈ। ਆਤਿਸ਼ ਨੇ ਕਈ ਕਿਤਾਬਾਂ ਵੀ ਲਿਖੀਆਂ ਜਿਨ੍ਹਾਂ ਵਿਚ ਨਾਵਲ 'ਦਿ ਟੈਂਪਲ ਗੋਅਰਜ਼' ਅਤੇ 'ਸਟਰੇਂਜਰ ਟੂ ਹਿਸਟਰੀ; ਏ ਸੰਨਜ਼ ਜਰਨੀ ਥਰੂ ਇਸਲਾਮਿਕ ਲੈਂਡਜ਼' ਸ਼ਾਮਲ ਹਨ। ਪੱਤਰਕਾਰ ਰੌਬਿਨ ਯਾਸੀਨ-ਕਸਬ ਅਨੁਸਾਰ ਆਤਿਸ਼ 'ਸਟਰੇਂਜਰ ਟੂ ਹਿਸਟਰੀ' ਵਿਚ ਆਪਣੇ ਮਾਪਿਆਂ ਦੇ ਵਿਛੋੜੇ ਨੂੰ ਪੰਜਾਬ ਦੀ ਵੰਡ ਦੇ ਪ੍ਰਤੀਕ ਵਜੋਂ ਚਿਤਰਦਾ ਹੈ ਅਤੇ ਉਹਦੇ ਲਈ ਘਰ ਵਿਚ ਆਪਣੇ ਪਿਉ ਦੀ ਗੈਰਹਾਜ਼ਰੀ ਅਣਵੰਡੇ ਹਿੰਦੋਸਤਾਨ ਦੀ ਗੈਰਹਾਜ਼ਰੀ ਹੈ। ਆਤਿਸ਼ ਨੇ ਸਆਦਤ ਹਸਨ ਮੰਟੋ ਦੀਆਂ ਕਹਾਣੀਆਂ ਅੰਗਰੇਜ਼ੀ ਵਿਚ ਅਨੁਵਾਦ ਕੀਤੀਆਂ।

ਆਪਣੀ ਮਾਂ ਨਾਲ ਜ਼ਿਆਦਾ ਜੁੜਿਆ ਹੋਣ ਕਰਕੇ ਆਤਿਸ਼ ਤਾਸੀਰ ਆਪਣੇ ਆਪ ਨੂੰ ਹਿੰਦੋਸਤਾਨੀ ਮੰਨਦਾ ਰਿਹਾ ਹੈ। ਵਿਦੇਸ਼ਾਂ ਵਿਚ ਵਸਦੇ ਲੱਖਾਂ ਹਿੰਦੋਸਤਾਨੀਆਂ ਵਾਂਗ ਉਹ ਵੀ ਲੰਡਨ ਵਿਚ ਵਸਦਾ ਹੈ ਅਤੇ ਉਸ ਨੇ ਆਪਣੀ ਭਾਰਤੀ ਪਛਾਣ ਲਈ ਪਰਵਾਸੀ ਭਾਰਤੀਆਂ ਨੂੰ ਦਿੱਤੀ ਜਾਂਦੀ ਨਾਗਰਿਕਤਾ ਵਾਲਾ ਕਾਰਡ ਬਣਵਾਇਆ। ਕੁਝ ਮਹੀਨੇ ਪਹਿਲਾਂ ਉਸ ਨੇ 'ਟਾਈਮ' ਮੈਗਜ਼ੀਨ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਆਲੋਚਨਾਤਮਕ ਲੇਖ ਲਿਖਿਆ ਜਿਸ ਵਿਚ ਮੋਦੀ ਨੂੰ ਵੰਡੀਆਂ ਪਾਉਣ ਵਾਲਾ ਸਿਆਸਤਦਾਨ (ਡਿਵਾਈਡਰ ਇਨ ਚੀਫ) ਕਿਹਾ ਗਿਆ। ਉਸ ਲੇਖ ਵਿਚ ਆਤਿਸ਼ ਨੇ ਲਿਖਿਆ ਕਿ ਭਾਵੇਂ ਕੁਲੀਨ ਵਰਗ ਇਹ ਵਿਸ਼ਵਾਸ ਕਰਦਾ ਰਿਹਾ ਹੈ ਕਿ ਭਾਰਤ ਵਿਚ ਉਦਾਰਵਾਦੀ ਤੇ ਸਾਂਝੀਵਾਲਤਾ ਵਾਲਾ ਸੱਭਿਆਚਾਰ ਹੈ ਪਰ ਇਹ ਸਭ ਕੁਝ ਉਹ ਬਾਹਰੀ ਪਰਤ/ਸਤਹਿ 'ਤੇ ਹੈ; ਉਸ ਪਰਤ ਦੇ ਹੇਠਾਂ "ਭਾਰਤ ਧਾਰਮਿਕ, ਰਾਸ਼ਟਰਵਾਦ, ਮੁਸਲਮਾਨ ਵਿਰੋਧੀ ਜਜ਼ਬਿਆਂ ਅਤੇ ਜਾਤੀਵਾਦੀ ਕੱਟੜਤਾ ਦੀ ਜਿੱਲ੍ਹਣ ਵਿਚ ਫਸਿਆ ਹੋਇਆ ਹੈ।"

ਉਸ ਨੇ ਇਹ ਵੀ ਲਿਖਿਆ ਕਿ ਚੋਣਾਂ ਦੇ ਨਤੀਜੇ ਭਾਵੇਂ ਕੁਝ ਵੀ ਨਿਕਲਣ, ਦੇਸ਼ ਵਿਚ ਆਸ ਦੀ ਕੋਈ ਕਿਰਨ ਦਿਖਾਈ ਨਹੀਂ ਦਿੰਦੀ। ਤਾਸੀਰ ਨਾਲ ਅਸਹਿਮਤੀ ਪ੍ਰਗਟ ਕੀਤੀ ਜਾ ਸਕਦੀ ਹੈ ਤੇ ਅਸੀਂ ਆਪਣੇ ਪਿੰਡਾਂ ਦੇ ਸਾਂਝੀਵਾਲਤਾ ਤੇ ਭਾਈਚਾਰੇ ਵਾਲੇ ਸਭਿਆਚਾਰ ਬਾਰੇ ਬਹੁਤ ਕੁਝ ਕਹਿ ਸਕਦੇ ਹਾਂ ਪਰ ਧਾਰਮਿਕ ਰਾਸ਼ਟਰਵਾਦ ਅਤੇ ਮੁਸਲਮਾਨ ਵਿਰੋਧੀ ਜਜ਼ਬਿਆਂ ਦੇ ਵਧਣ ਤੇ ਜਾਤੀਵਾਦ ਤੋਂ ਛੁਟਕਾਰਾ ਨਾ ਹੋਣ ਦੀਆਂ




ਸਚਾਈਆਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ; ਪਰ ਸੱਚ ਸੁਣਨਾ ਕੌਣ ਚਾਹੁੰਦਾ ਹੈ?

ਉਸ ਲੇਖ ਦੇ ਛਪਣ ਤੋਂ ਬਾਅਦ ਸਰਕਾਰ ਨੇ ਉਸ ਵਿਰੁਧ ਕਾਰਵਾਈ ਸ਼ੁਰੂ ਕੀਤੀ ਅਤੇ ਉਸ ਦੁਆਰਾ ਦਿੱਤੀ ਗਈ ਜਾਣਕਾਰੀ ਵਿਚ ਇਹ ਨੁਕਸ ਪਾਇਆ ਗਿਆ ਕਿ ਉਸ ਨੇ ਇਹ ਨਹੀਂ ਸੀ ਦੱਸਿਆ ਕਿ ਉਸ ਦਾ ਪਿਤਾ ਸਲਮਾਨ ਤਾਸੀਰ ਪਾਕਿਸਤਾਨੀ ਸੀ। ਉਸ ਉਤੇ ਜਾਣਕਾਰੀ ਲੁਕਾਉਣ ਦਾ ਦੋਸ਼ ਲਾਉਂਦਿਆਂ ਉਸ ਦਾ ਪਛਾਣ ਪੱਤਰ ਰੱਦ ਕਰ ਦਿੱਤਾ ਗਿਆ। ਇਸ ਬਾਰੇ ਤਾਸੀਰ ਨੇ ਕਿਹਾ, "ਮੈਂ ਹਿੰਦੋਸਤਾਨੀ ਹਾਂ ਪਰ ਸਾਡੀ ਸਰਕਾਰ ਨੇ ਮੈਨੂੰ ਜਲਾਵਤਨ ਕਰਾਰ ਦਿੱਤਾ ਹੈ।" ਉਸ ਨੇ ਇਹ ਵੀ ਦੱਸਿਆ ਕਿ ਉਹ ਲਗਭਗ 17 ਸਾਲ ਹਿੰਦੋਸਤਾਨ ਵਿਚ ਰਿਹਾ ਤੇ ਉਸ ਦਾ ਉੱਥੇ ਬੈਂਕ ਅਕਾਊਂਟ ਵੀ ਹੈ ਅਤੇ ਉਹ ਸਭ ਟੈਕਸ ਅਦਾ ਕਰਦਾ ਰਿਹਾ ਹੈ। ਤਾਸੀਰ ਨੇ ਇਹ ਵੀ ਕਿਹਾ, "ਮੇਰਾ ਦੇਸ਼ ਭਾਰਤ ਹੈ। ਇਹ ਰਿਸ਼ਤਾ ਕੁਦਰਤੀ ਹੈ। ਕਿਸੇ ਅਣਲਿਖੇ ਸੰਵਿਧਾਨ ਵਰਗਾ। ਅੱਜ ਤੋਂ ਪਹਿਲਾਂ ਮੈਨੂੰ ਕਦੇ ਵੀ ਇਹ ਜ਼ਰੂਰਤ ਮਹਿਸੂਸ ਨਹੀਂ ਸੀ ਹੋਈ ਕਿ ਮੈਂ ਇਸ ਰਿਸ਼ਤੇ ਨੂੰ ਕਿਸੇ ਤਰੀਕੇ ਨਾਲ ਪਰਿਭਾਸ਼ਿਤ ਕਰਾਂ।"

ਦਲੀਲ ਦਿੱਤੀ ਜਾ ਸਕਦੀ ਹੈ ਕਿ ਆਤਿਸ਼ ਤਾਸੀਰ ਨੇ ਸਮੇਂ ਸਿਰ ਆਪਣੇ ਬਾਰੇ ਸਹੀ ਜਾਣਕਾਰੀ ਨਹੀਂ ਦਿੱਤੀ। ਗ੍ਰਿਹ ਵਿਭਾਗ ਦਾ ਕਹਿਣਾ ਹੈ ਕਿ ਤਾਸੀਰ ਨੂੰ ਨੋਟਿਸ ਜਾਰੀ ਕੀਤਾ ਗਿਆ ਸੀ। ਤਾਸੀਰ ਅਨੁਸਾਰ ਉਸ ਨੂੰ ਨੋਟਿਸ ਦਾ ਜਵਾਬ ਦੇਣ ਲਈ ਬਹੁਤ ਘੱਟ ਸਮਾਂ ਦਿੱਤਾ ਗਿਆ। ਤਾਸੀਰ ਦੀ ਮਾਂ ਤਵਲੀਨ ਸਿੰਘ ਭਾਰਤ ਦੀ ਜਾਣੀ-ਪਛਾਣੀ ਪੱਤਰਕਾਰ ਹੈ। ਉਸ ਦਾ ਪਿਉ ਵੀ ਪਾਕਿਸਤਾਨ ਦਾ ਮਸ਼ਹੂਰ ਸਿਆਸਤਦਾਨ ਸੀ ਜਿਸ ਨੂੰ ਉਹਦੇ ਖਿਆਲਾਂ ਕਰਕੇ ਦਹਿਸ਼ਤਗਰਦਾਂ ਨੇ ਕਤਲ ਕਰਵਾਇਆ। ਆਤਿਸ਼ ਤਾਸੀਰ 'ਤੇ ਕੁਲੀਨ ਵਰਗ ਨਾਲ ਸਬੰਧਿਤ ਹੋਣ ਦੀ ਊਜ ਤਾਂ ਲਾਈ ਜਾ ਸਕਦੀ ਹੈ ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਿਸੇ ਵੀ ਪੜ੍ਹੇ-ਲਿਖੇ ਹਿੰਦੋਸਤਾਨੀ ਅਤੇ ਖਾਸ ਕਰਕੇ ਭਾਰਤ ਦੇ ਕੇਂਦਰੀ ਗ੍ਰਿਹ ਵਿਭਾਗ ਦੇ ਅਧਿਕਾਰੀ ਨੂੰ ਉਸ ਦੇ ਮਾਂ-ਪਿਉ ਦੇ ਪਿਛੋਕੜ ਬਾਰੇ ਪਤਾ ਨਹੀਂ ਹੋਵੇਗਾ। ਛੁਪਾਉਣ ਵਾਲੀ ਗੱਲ ਹੀ ਕੋਈ ਨਹੀਂ।

ਛੁਪਾਉਣ ਵਾਲੀ ਗੱਲ ਹੀ ਕੋਈ ਨਹੀਂ। ਸਾਨੂੰ ਆਤਿਸ਼ ਨੂੰ ਸ਼ਾਇਦ ਕੁਝ ਏਦਾਂ ਦਾ ਦੱਸਣਾ ਚਾਹੀਦਾ ਹੈ, "ਵੀਰ ਮੇਰੇ, ਤੂੰ ਗੁਨਾਹਗਾਰ ਏਂ! ਤੂੰ ਸਾਂਝੇ ਪੰਜਾਬ ਦਾ ਪੁੱਤਰ ਏਂ ਜਾਂ ਵੰਡੇ ਹੋਏ ਪੰਜਾਬ ਦਾ? ਇਨਸਾਨੀ ਮੁਹੱਬਤ ਤੇ ਸਾਂਝੀਵਾਲਤਾ ਦਾ ਵਜੂਦ ਹਮੇਸ਼ਾ ਖਤਰੇ ਵਿਚ ਰਿਹਾ ਹੈ ਤੇ ਅਜਿਹੇ ਜਜ਼ਬਿਆਂ ਦੇ ਸਿਰ 'ਤੇ ਨਫਰਤ ਦੀ ਕੁਹਾੜੀ ਲਟਕਦੀ ਰਹੀ ਹੈ। ਦੋਹਾਂ ਦੇਸ਼ਾਂ ਵਿਚਲੀ ਨਫਰਤ ਦੇ ਗਰਮ ਸਿੱਕੇ ਨੇ ਤੇਰੇ ਵਜੂਦ ਨੂੰ ਸਾੜਿਆ ਤੇ ਵੰਡਿਆ ਹੋਇਆ ਹੈ। ਬਹੁਤੇ ਸਿਆਸੀ ਤੇ ਧਾਰਮਿਕ ਆਗੂ ਤਾਂ ਇਹੀ ਚਾਹੁੰਦੇ ਹਨ ਕਿ ਇਨਸਾਨ ਧਰਮਾਂ, ਫਿਰਕਿਆਂ, ਦੇਸ਼ਾਂ, ਭਾਸ਼ਾਵਾਂ ਤੇ ਹੋਰ ਵੰਡ-ਪਾਊ ਆਧਾਰਾਂ 'ਤੇ ਵੰਡੇ ਰਹਿਣ। ਤੇਰਾ ਭਾਰਤ ਦੀ ਨਾਗਰਿਕਤਾ ਵਾਲਾ ਪਛਾਣ ਪੱਤਰ ਤੇਰੀ ਗਲਤ ਜਾਂ ਗ੍ਰਿਹ ਵਿਭਾਗ ਦੇ ਕਿਸੇ ਅਧਿਕਾਰੀ ਕਾਰਨ ਰੱਦ ਨਹੀਂ ਕੀਤਾ ਗਿਆ। ਇਹ ਫੈਸਲਾ ਉੱਚੇ ਪੱਧਰ 'ਤੇ ਕੀਤਾ ਗਿਆ ਹੋਵੇਗਾ। ਇਹ ਫੈਸਲਾ ਇਕ ਖਾਸ ਤਰ੍ਹਾਂ ਦੀ ਸਿਆਸਤ ਦਾ ਫੈਸਲਾ ਹੈ; ਤਾਕਤਵਰ ਸਿਆਸਤਦਾਨਾਂ ਦਾ ਫੈਸਲਾ, ਜਿਹੜੇ ਆਪਣੀ ਆਲੋਚਨਾ ਕਰਨ ਵਾਲਿਆਂ ਨੂੰ ਸਬਕ ਸਿਖਾਉਣਾ ਚਾਹੁੰਦੇ ਹਨ; ਜਿਹੜੇ ਇਹ ਦੱਸਣਾ ਚਾਹੁੰਦੇ ਹਨ ਕਿ ਮੌਜੂਦਾ ਨਿਜ਼ਾਮ ਤੇ ਮੌਜੂਦਾ ਹਾਕਮਾਂ ਨਾਲ ਅਸਹਿਮਤੀ ਨਹੀਂ ਪ੍ਰਗਟ ਕੀਤੀ ਜਾ ਸਕਦੀ। ਤੂੰ ਅਸਹਿਮਤੀ ਹੀ ਪ੍ਰਗਟ ਨਹੀਂ ਕੀਤੀ, ਤੂੰ ਉਨ੍ਹਾਂ ਦੀ ਸਖਤ ਆਲੋਚਨਾ ਕਰਨ ਦਾ ਗੁਨਾਹ ਕੀਤਾ। ਤੂੰ ਗੁਨਾਹਗਾਰ ਏਂ ਤੇ ਸਰਕਾਰਾਂ ਨੇ ਆਪਣੇ ਵਿਰੁਧ ਬੋਲਣ ਵਾਲਿਆਂ ਨੂੰ ਸਜ਼ਾ ਤਾਂ ਦੇਣੀ ਹੀ ਹੁੰਦੀ ਹੈ। ਤੇਰਾ ਤਾਂ ਸਿਰਫ ਪਛਾਣ ਪੱਤਰ ਹੀ ਰੱਦ ਕੀਤਾ ਗਿਆ ਹੈ, 1947 ਵਿਚ ਲੱਖਾਂ ਲੋਕਾਂ ਨੇ ਹੋਈ ਵੰਡ ਦੌਰਾਨ ਨਾ ਬਿਆਨ ਕੀਤੇ ਜਾਣ ਵਾਲੇ ਦੁੱਖ ਸਹੇ। ਲੱਖਾਂ ਲੋਕਾਂ ਦੀਆਂ ਜਾਨਾਂ ਗਈਆਂ ਤੇ ਲੱਖਾਂ ਬੇਘਰ ਹੋਏ। ਹਮਸਾਏ ਹਮਸਾਇਆਂ ਤੋਂ ਵਿਛੜ ਗਏ ਤੇ ਲੋਕਾਂ ਨੂੰ ਆਪਣੇ ਵਡੇਰਿਆਂ ਦੀ ਭੋਇੰ ਨੂੰ ਅਲਵਿਦਾ ਕਹਿਣੀ ਪਈ। ਵੰਡ ਦੇ ਇਹ ਜ਼ਖਮ ਅਜੇ ਵੀ ਤਾਜ਼ਾ ਨੇ; ਉਨ੍ਹਾਂ ਜ਼ਖਮਾਂ ਵਿਚੋਂ ਇਕ ਤੂੰ ਵੀ ਏਂ।"

# ਕਸ਼ਮੀਰ ਦਾ ਦੁਖਾਂਤ

ਭਾਰਤੀ ਹੋਣ ਦੇ ਨਾਤੇ 61 ਸਾਲਾਂ ਦੌਰਾਨ ਮੈਂ ਕਿਸੇ ਹੋਰ ਘਟਨਾ ਤੋਂ ਇੰਨਾ ਮਾਯੂਸ ਨਹੀਂ ਹੋਇਆ ਜਿੰਨਾ ਧਾਰਾ 370 ਹਟਾਏ ਜਾਣ ਤੋਂ ਹੋਇਆ। ਮੇਰੇ ਮੁਲਕ ਦੀ ਸਰਕਾਰ ਦੇ ਇਸ ਕਦਮ ਨੇ ਮੈਨੂੰ ਇਸ ਸਬੰਧੀ ਵਰਤੀ ਸਖਤੀ ਕਾਰਨ ਕਾਫੀ ਪ੍ਰੇਸ਼ਾਨ ਕੀਤਾ ਤੇ ਆਮ ਜਨਤਾ ਵਲੋਂ ਇਸ ਕਦਮ ਦੇ ਭਾਰੀ ਸਵਾਗਤ ਨੇ ਵੀ ਪ੍ਰੇਸ਼ਾਨ ਕੀਤਾ। ਬਹੁਤੇ ਭਾਰਤੀਆਂ ਦਾ ਖਿਆਲ ਹੈ ਕਿ ਕਸ਼ਮੀਰ ਵਿਚਲੀ ਪਿਛਲੇ ਕੁਝ ਦਹਾਕਿਆਂ ਦੀ ਗੜਬੜ ਪੂਰੀ ਤਰ੍ਹਾਂ ਪਾਕਿਸਤਾਨ ਨੇ ਪੈਦਾ ਕੀਤੀ ਹੈ। ਕਿਉਂਕਿ ਪਾਕਿਸਤਾਨ ਦੀ ਨਾ ਸਿਰਫ ਕਸ਼ਮੀਰ ਨਾਲ ਸਰਹੱਦ ਸਾਂਝੀ ਹੈ ਸਗੋਂ ਉਹ ਇਸ 'ਤੇ ਦਾਅਵਾ ਵੀ ਕਰਦਾ ਹੈ ਤੇ ਇਸ ਖਾਤਰ ਭਾਰਤ ਨਾਲ ਤਿੰਨ ਜੰਗਾਂ ਲੜ ਚੁੱਕਾ ਹੈ

**ਰਾਮਚੰਦਰ ਗੁਹਾ**

ਅਤੇ ਵਾਦੀ ਵਿਚ ਲਗਾਤਾਰ ਦਹਿਸ਼ਤਗਰਦ ਭੇਜ ਰਿਹਾ ਹੈ।

ਭਾਰਤੀ (ਜਾਂ ਕਹੋ ਹਿੰਦੂ) ਜਨਤਾ ਦੇ ਇਸ ਵਰਗ ਮੁਤਾਬਿਕ ਪਾਕਿਸਤਾਨ ਤੋਂ ਬਾਅਦ ਉਸ ਲਈ ਜੇ ਕੋਈ ਹੋਰ ਖਲਨਾਇਕ ਹੈ ਤਾਂ ਉਹ ਕਸ਼ਮੀਰ ਦੇ ਮੁਸਲਮਾਨ ਹਨ ਕਿਉਂਕਿ ਉਹ ਭਾਰਤ ਵਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਲਈ ਰਤਾ ਵੀ ਸ਼ੁਕਰਗੁਜ਼ਾਰ ਨਹੀਂ ਅਤੇ ਉਨ੍ਹਾਂ ਕਿਸੇ ਸਮੇਂ ਉਥੇ ਰਹਿੰਦੇ ਰਹੇ ਹਿੰਦੂਆਂ (ਜਿਨ੍ਹਾਂ ਨੂੰ ਪੰਡਿਤ ਕਿਹਾ ਜਾਂਦਾ ਹੈ) ਨੂੰ ਉਥੋਂ ਕੱਢ ਦਿੱਤਾ ਸੀ। ਇਸ ਕਾਰਨ ਉਹ ਸਮਝਦੇ ਹਨ ਕਿ ਧਾਰਾ 370 ਨੂੰ ਹਟਾ ਕੇ ਪਾਕਿਸਤਾਨ ਦੇ ਮੂੰਹ 'ਤੇ ਥੱਪੜ ਮਾਰਿਆ ਗਿਆ ਹੈ, ਨਾਲ ਹੀ ਕਸ਼ਮੀਰੀਆਂ ਦੇ ਮੂੰਹ 'ਤੇ ਵੀ। ਸੋਸ਼ਲ ਮੀਡੀਆ ਉਤੇ ਕੁਝ ਹਿੰਦੂ ਬਹੁਗਿਣਤੀਵਾਦੀ ਆਪਣੀ ਜਿੱਤ ਦਾ ਸ਼ਰੇਆਮ ਜਸ਼ਨ ਮਨਾਉਂਦੇ ਦੇਖੇ ਗਏ, ਜਿਨ੍ਹਾਂ ਵਿਚੋਂ ਕੁਝ ਵਾਦੀ ਵਿਚ ਖੂਬਸੂਰਤ ਝੀਲਾਂ ਕੰਢੇ ਪਲਾਟ ਖਰੀਦਣ ਦੀਆਂ ਗੱਲਾਂ ਕਰ ਰਹੇ ਸਨ ਅਤੇ ਕੁਝ ਹੋਰ ਤਾਂ ਖੂਬਸੂਰਤ ਕਸ਼ਮੀਰੀ ਮੁਟਿਆਰਾਂ ਨੂੰ ਹਾਸਲ ਕਰਨ ਦੇ ਸੁਪਨੇ ਦੇਖ ਰਹੇ ਸਨ।

ਇਤਿਹਾਸਕਾਰ ਹੋਣ ਨਾਤੇ ਮੈਂ ਕਈ ਸਾਲਾਂ ਤੋਂ ਕਸ਼ਮੀਰ ਮੁੱਦੇ ਦਾ ਅਧਿਐਨ ਕਰ ਰਿਹਾ ਹਾਂ ਤੇ ਅਨੇਕਾਂ ਵਾਰ ਉਥੇ ਜਾ ਚੁੱਕਾ ਹਾਂ। ਮਾਮਲੇ ਦੇ ਕਾਰਨਾਂ ਅਤੇ ਆਪਣੀ ਸਮਝ, ਦੋਵਾਂ ਪੱਖੋਂ ਮੈਂ ਆਖ ਸਕਦਾ ਹਾਂ ਕਿ ਮੇਰੇ ਮੁਲਕ ਦੀ ਸਰਕਾਰ ਦਾ ਇਹ ਕਦਮ ਗਲਤ ਸੀ; ਨਾ ਸਿਰਫ ਇਖਲਾਕੀ ਸਗੋਂ ਸਿਆਸੀ ਤੌਰ 'ਤੇ ਵੀ। ਉਨ੍ਹਾਂ ਦੇ ਪੂਰੇ ਸੂਬੇ ਨੂੰ ਮਹਿਜ਼ ਕੇਂਦਰੀ ਸ਼ਾਸਤ ਪ੍ਰਦੇਸ਼ ਬਣਾ ਦੇਣ ਨੂੰ ਉਹ ਕਸ਼ਮੀਰੀ ਵੀ ਆਪਣੀ ਭਾਰੀ ਬੇਇੱਜ਼ਤੀ ਸਮਝਣਗੇ ਜਿਹੜੇ ਇਸ ਤੋਂ ਪਹਿਲਾਂ ਭਾਰਤ ਪੱਖੀ ਸਨ। ਦਮਨ ਤੇ ਤਾਕਤ ਦੀ ਅੰਨ੍ਹੀ ਵਰਤੋਂ ਨਾਲ ਕਦੇ ਵੀ ਅਮਨ ਤੇ ਖੁਸ਼ਹਾਲੀ ਨਹੀਂ ਆ ਸਕਦੀ।

ਕਸ਼ਮੀਰੀਆਂ ਉਤੇ ਕੀਤੀ ਗਈ ਇਸ ਭਿਆਨਕ ਕਾਰਵਾਈ ਲਈ ਚੁਣਿਆ ਗਿਆ ਸਮਾਂ ਵੀ ਹੈਰਾਨੀਜਨਕ ਹੈ। ਨਰਿੰਦਰ ਮੋਦੀ ਹਾਲੇ ਭਾਰੀ ਬਹੁਮਤ ਨਾਲ ਮੁੜ ਚੋਣ ਜਿੱਤ ਕੇ ਹੀ ਹਟੇ ਸਨ; ਇਹ ਉਹ ਸਮਾਂ ਸੀ ਜਦੋਂ ਦੇਸ਼ ਦੀ ਭਿਆਨਕ ਮੰਦੀ ਵੱਧ ਤਵੱਜੋ ਮੰਗਦੀ ਸੀ ਅਤੇ ਵਿਦੇਸ਼ੀ ਨਿਵੇਸ਼ ਵੀ ਨਹੀਂ ਸੀ ਆ ਰਿਹਾ ਤਾਂ ਅਜਿਹੇ ਮੌਕੇ ਇਸ ਸਖਤ ਕਾਰਵਾਈ ਨਾਲ ਕੌਮਾਂਤਰੀ ਪੱਧਰ 'ਤੇ ਬਦਨਾਮੀ ਖੱਟਣ ਦੀ ਕੀ ਲੋੜ ਸੀ? ਕੀ ਇਹ ਕਾਰਵਾਈ ਮਹਿਜ਼ ਬਹੁਗਿਣਤੀਵਾਦੀ ਹੰਕਾਰ ਦਾ ਸਿੱਟਾ ਨਹੀਂ, ਜਿਸ ਦਾ ਮਕਸਦ ਦੇਸ਼ ਦੇ ਇਕੋ-ਇਕ ਮੁਸਲਿਮ ਬਹੁਗਿਣਤੀ ਸੂਬੇ ਨੂੰ ਖਤਮ ਕਰਨਾ ਸੀ?

ਪੰਜ ਅਗਸਤ ਨੂੰ ਵਾਪਰੀ ਇਸ ਘਟਨਾ ਤੋਂ ਬਾਅਦ ਬੰਗਲੌਰ ਵਿਚ ਰਹਿੰਦੇ ਇਕ ਉਦਮੀ ਦੋਸਤ ਨਾਲ ਮੇਰੀ ਕਈ ਵਾਰ ਗੱਲਬਾਤ ਹੋਈ। ਮੇਰੇ ਉਲਟ, ਉਸ ਨੇ ਧਾਰਾ 370 ਨੂੰ ਹਟਾਏ ਜਾਣ ਦੀ ਡਟ ਕੇ ਹਮਾਇਤ ਕੀਤੀ। ਉਸ ਨੇ ਕਿਹਾ ਕਿ ਉਥੇ ਸਥਿਤੀ ਜਿਉਂ ਦੀ ਤਿਉਂ ਰੱਖਣ ਦੀ ਨੀਤੀ ਨੂੰ ਬਰਦਾਸ਼ਤ ਨਹੀਂ ਸੀ ਕੀਤਾ ਜਾ ਸਕਦਾ ਤੇ ਇਸ ਲਈ ਕੁਝ ਕਰਨਾ ਹੀ ਪੈਣਾ ਸੀ। ਉਸ ਦਾ ਖਿਆਲ ਸੀ ਕਿ ਹੁਣ ਕਸ਼ਮੀਰ ਦਾ ਭਾਰਤ ਨਾਲ ਕਾਨੂੰਨਨ 'ਏਕਾ' ਹੋ ਗਿਆ। ਉਸ ਮੁਤਾਬਿਕ ਇਸ ਸਦਕਾ ਹੁਣ ਵਾਦੀ ਵਿਚ ਵੱਡੇ ਪੱਧਰ 'ਤੇ ਨਿਵੇਸ਼ ਹੋਵੇਗਾ ਤੇ ਉਥੇ ਖੁਸ਼ਹਾਲੀ ਆਵੇਗੀ।

ਹੁਣ ਧਾਰਾ 370 ਹਟਾਏ ਜਾਣ ਨੂੰ ਤਿੰਨ ਮਹੀਨੇ ਤੋਂ ਵੱਧ ਸਮਾਂ ਹੋ ਚੁੱਕਾ ਹੈ ਪਰ ਵਾਦੀ ਤੋਂ ਜਿਹੋ ਜਿਹੀਆਂ ਖਬਰਾਂ ਆ ਰਹੀਆਂ ਹਨ, ਅਫਸੋਸ ਨਾਲ ਉਨ੍ਹਾਂ ਤੋਂ ਇਸ ਕਾਰਵਾਈ ਸਬੰਧੀ ਮੇਰੇ ਖਦਸ਼ੇ ਹੀ ਸੱਚ ਹੋ ਰਹੇ ਹਨ ਤੇ ਮੇਰੇ ਦੋਸਤ ਦੀਆਂ ਉਮੀਦਾਂ ਨੂੰ ਬੂਰ ਪੈਂਦਾ ਨਹੀਂ ਜਾਪਦਾ। ਅੰਗਰੇਜ਼ੀ ਅਖਬਾਰ 'ਟੈਲੀਗ੍ਰਾਫ' ਵਿਚ ਛਪੀਆਂ ਰਿਪੋਰਟਾਂ ਮੁਤਾਬਿਕ ਕਸ਼ਮੀਰ ਵਾਦੀ ਵਿਚ ਪਾਬੰਦੀਆਂ ਕਾਰਨ ਪੂਰੀ ਤਰ੍ਹਾਂ ਠੱਪ ਰਹਿਣ ਕਰਕੇ ਮਾਲੀ ਤੌਰ 'ਤੇ ਬਿਲਕੁਲ ਟੁੱਟ ਗਈ ਹੈ ਅਤੇ ਇਹ ਨੁਕਸਾਨ 10 ਹਜ਼ਾਰ ਕਰੋੜ ਰੁਪਏ ਨੂੰ ਜਾ ਪੁੱਜਾ ਹੈ।

ਧਾਰਾ 370 ਮਨਸੂਖ ਕੀਤੇ ਜਾਣ ਤੋਂ ਇਕ ਹਫਤੇ ਬਾਅਦ ਭਾਰਤ ਦੇ ਸਭ ਤੋਂ ਅਮੀਰ ਸਨਅਤਕਾਰ ਮੁਕੇਸ਼ ਅੰਬਾਨੀ ਨੇ ਜੰਮੂ ਕਸ਼ਮੀਰ ਵਿਚ ਰਿਲਾਇੰਸ ਰਾਹੀਂ ਵੱਡੇ ਪੱਧਰ 'ਤੇ ਨਿਵੇਸ਼ ਦਾ ਐਲਾਨ ਕਰਨ ਦਾ ਵਾਅਦਾ ਕੀਤਾ ਸੀ। ਉਸ ਨੇ ਕਿਹਾ ਸੀ ਕਿ ਇਸ ਮਕਸਦ ਲਈ 'ਸਪੈਸ਼ਲ ਟਾਸਕ ਫੋਰਸ' ਬਣਾਈ ਜਾਵੇਗੀ। ਜੰਮੂ ਕਸ਼ਮੀਰ ਦੇ ਤਤਕਾਲੀ ਰਾਜਪਾਲ ਨੇ ਵੀ ਕਿਹਾ ਸੀ ਕਿ ਸ੍ਰੀਨਗਰ ਵਿਚ ਸਤੰਬਰ ਵਿਚ ਨਿਵੇਸ਼ਕ ਸਿਖਰ ਸੰਮੇਲਨ ਕਰਵਾਇਆ ਜਾਵੇਗਾ। ਮੈਂ ਉਦੋਂ ਹੀ ਸਮਝ ਗਿਆ ਸਾਂ ਕਿ ਇਹ ਮਹਿਜ਼ ਦਿਖਾਵਾ ਸੀ ਜੋ ਸੱਚ ਸਾਬਤ ਹੋਇਆ। ਉਸ ਮਗਰੋਂ ਮੁਕੇਸ਼ ਅੰਬਾਨੀ ਨੇ ਕਸ਼ਮੀਰ ਮੁੱਦੇ 'ਤੇ ਸਾਫ ਤੌਰ 'ਤੇ ਚੁੱਪ ਧਾਰੀ ਹੋਈ ਹੈ ਤੇ ਦੂਜੇ ਪਾਸੇ ਸਰਕਾਰ ਦਾ ਆਪਣਾ 'ਨਿਵੇਸ਼ਕ ਸਿਖਰ ਸੰਮੇਲਨ' ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ।

ਕਸ਼ਮੀਰੀਆਂ ਨਾਲ ਵਾਅਦਾ ਤਾਂ ਇਹ ਕੀਤਾ ਗਿਆ ਸੀ ਕਿ ਉਨ੍ਹਾਂ ਨੂੰ ਵਧੇਰੇ ਨੌਕਰੀਆਂ ਤੇ ਫੈਕਟਰੀਆਂ ਮਿਲਣਗੀਆਂ, ਪਰ ਇਸ ਦੀ ਥਾਂ 5 ਅਗਸਤ ਤੋਂ ਬਾਅਦ ਉਨ੍ਹਾਂ ਨੂੰ ਵਧੇਰੇ ਫੌਜ ਤੇ ਵਧੇਰੇ ਪਾਬੰਦੀਆਂ ਹੀ ਮਿਲੀਆਂ ਹਨ। ਇਸ ਤੋਂ ਉਨ੍ਹਾਂ ਦਾ ਰੋਹ ਹੋਰ ਵਧਿਆ ਹੈ। ਇਸ ਨਾਲ ਸਗੋਂ ਜਿਹੜੇ ਨਰਮ ਖਿਆਲ ਕਸ਼ਮੀਰੀ ਆਪਣੇ ਆਪ ਨੂੰ ਭਾਰਤ ਨਾਲ ਜੋੜਦੇ ਸਨ, ਉਹ ਘਟੇ ਹੀ ਹਨ। ਵਕੀਲ ਨਿਤਯ ਰਾਮਾਕ੍ਰਿਸ਼ਨਨ ਅਤੇ ਸਮਾਜ ਸ਼ਾਸਤਰੀ ਨੰਦਿਨੀ ਸੁੰਦਰ ਨੇ ਪਿਛਲੇ ਦਿਨੀਂ ਵਾਦੀ ਦਾ ਦੌਰਾ ਕਰ ਕੇ ਵੱਖੋ-ਵੱਖ ਤਬਕਿਆਂ ਦੇ ਆਮ ਕਸ਼ਮੀਰੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਆਪਣੀ ਰਿਪੋਰਟ ਵਿਚ ਕਿਹਾ ਹੈ: 'ਵਾਦੀ ਵਿਚ ਪਾਕਿਸਤਾਨ ਦਾ ਪ੍ਰਭਾਵ ਬਹੁਤ ਵਧਿਆ ਹੈ ਤੇ ਨਾਲ ਹੀ ਹੁਰੀਅਤ ਆਗੂ (ਸਈਦ ਅਲੀ ਸ਼ਾਹ) ਗਿਲਾਨੀ ਨੂੰ ਆਪਣਾ ਮੁੱਖ ਆਗੂ ਮੰਨਣ ਵਾਲੇ ਵੀ ਵਧੇ ਹਨ। ਨਾ ਹੀ ਇੱਥੇ ਜੰਮੂ-ਕਸ਼ਮੀਰ ਦੇ ਭਾਰਤ ਵਿਚ ਕਥਿਤ ਮੁਕੰਮਲ ਰਲੇਵੇਂ ਦੀ ਇਸ ਗੱਲ ਨੂੰ ਮੰਨਣ ਵਾਲਾ ਕੋਈ ਹੈ, ਜਿਵੇਂ ਸਰਕਾਰ 370 ਹਟਾਉਣ ਤੋਂ ਬਾਅਦ ਦਾਅਵੇ ਤੇ ਵਾਅਦੇ ਕਰ ਰਹੀ ਹੈ। ਖਾਸਕਰ ਇਸ ਕਾਰਨ ਕਿ ਇਹ ਦਾਅਵੇ ਤੇ ਵਾਅਦੇ ਉਦੋਂ ਕੀਤੇ ਜਾ ਰਹੇ ਹਨ, ਜਦੋਂ ਵਾਦੀ ਵਿਚ ਸੰਚਾਰ ਸਹੂਲਤਾਂ ਪੂਰੀ ਤਰ੍ਹਾਂ ਠੱਪ ਹਨ, ਫੌਜ ਦੀ ਭਾਰੀ ਤਾਇਨਾਤੀ ਹੈ ਤੇ ਸਖਤ ਦਮਨ ਜਾਰੀ ਹੈ। ਨਾਲ ਹੀ ਲੋਕਾਂ ਦੇ ਬੁਨਿਆਦੀ ਹੱਕ ਖੋਹੇ ਗਏ ਹਨ ਜੋ ਕਾਗਜ਼ਾਂ ਵਿਚ ਸਾਰੇ ਭਾਰਤੀ ਨਾਗਰਿਕਾਂ ਨੂੰ ਹਾਸਲ ਹਨ।'

ਰਾਮਾਕ੍ਰਿਸ਼ਨਨ ਤੇ ਸੁੰਦਰ ਨੇ ਪਾਇਆ ਕਿ ਕਸ਼ਮੀਰੀਆਂ ਨੇ ਆਪਣੇ ਗੁੱਸੇ ਤੇ ਨਾਖੁਸ਼ੀ ਦਾ ਇਜ਼ਹਾਰ ਗਾਂਧੀਵਾਦੀ ਤਰਜ਼ ਦੇ ਸੱਤਿਆਗ੍ਰਹਿ ਰਾਹੀਂ ਕਰਨ ਦਾ ਫੈਸਲਾ ਕੀਤਾ। ਇਸ ਤਰ੍ਹਾਂ 'ਸ਼ੋਪੀਆਂ ਦੀ ਫਲ ਮੰਡੀ ਪੂਰੀ ਤਰ੍ਹਾਂ ਬੰਦ ਕਰ ਦਿੱਤੀ ਗਈ। ਅਸੀਂ ਇਕ ਫਲ ਕਾਸ਼ਤਕਾਰ ਨੂੰ ਮਿਲੇ, ਜਿਸ ਨੇ ਕਿਹਾ ਕਿ 'ਜੇ ਹੜਤਾਲ ਨਾਲ ਆਜ਼ਾਦੀ ਮਿਲਦੀ ਹੋਵੇ ਤਾਂ ਉਹ ਲੱਖਾਂ ਰੁਪਏ ਦਾ ਵੀ ਨੁਕਸਾਨ ਝੱਲਣ ਨੂੰ ਤਿਆਰ ਹੈ।' ਸਕੂਲ ਕਹਿਣ ਨੂੰ ਤਾਂ ਖੁੱਲ੍ਹੇ ਹਨ, ਪਰ ਕੋਈ ਬੱਚਾ ਸਕੂਲੇ ਨਹੀਂ ਜਾ ਰਿਹਾ। ਅਧਿਆਪਕ ਕੁਝ ਘੰਟਿਆਂ ਲਈ ਸਕੂਲ ਆਉਂਦੇ ਹਨ, ਉਹ ਵੀ ਹਫਤੇ ਵਿਚ ਦੋ-ਤਿੰਨ ਵਾਰ। ਸ੍ਰੀਨਗਰ ਦੇ ਸੌਰਾ ਇਲਾਕੇ ਵਿਚ ਛੇ ਸਾਲ ਦੀ ਇਕ ਬੱਚੀ ਨੇ ਕਿਹਾ ਕਿ ਉਹ ਸਕੂਲ ਜਾਣੋਂ ਡਰਦੀ ਹੈ ਕਿਉਂਕਿ "ਪੁਲਿਸ ਅੰਕਲ ਗੋਲੀ ਮਾਰ ਦੇਣਗੇ।" ਮਾਪੇ ਭਾਰੀ ਫੌਜੀ ਤਾਇਨਾਤੀ ਦੌਰਾਨ ਅਤੇ ਫੋਨਾਂ ਤੋਂ ਬਿਨਾਂ ਆਪਣੇ ਬੱਚਿਆਂ ਨੂੰ ਸਕੂਲ ਨਹੀਂ ਭੇਜਣਾ ਚਾਹੁੰਦੇ। ਪੇਂਡੂ ਸਕੂਲ ਤਾਂ ਬੰਦ ਹੀ ਹਨ। ਸਕੂਲ ਭਾਵੇਂ ਰਿਹਾਇਸ਼ੀ ਇਲਾਕਿਆਂ ਦੇ ਅੰਦਰ ਵੀ ਹੋਣ ਤਾਂ ਵੀ ਹਥਿਆਰਬੰਦ ਸੁਰੱਖਿਆ ਜਵਾਨ ਹਰ ਪਾਸੇ ਹਨ ਅਤੇ ਲੋਕਾਂ ਨੂੰ ਡਰ ਹੈ ਕਿ ਕਦੇ ਵੀ ਕੋਈ ਘਟਨਾ/ਗੋਲੀਬਾਰੀ ਆਦਿ ਹੋ ਸਕਦੀ ਹੈ।

ਰਾਮਾਕ੍ਰਿਸ਼ਨਨ ਤੇ ਸੁੰਦਰ ਨੇ ਲਿਖਿਆ ਹੈ: "ਲੋਕ ਭਾਵੇਂ ਭਾਰਤ ਸਰਕਾਰ ਨੂੰ ਨਫਰਤ ਕਰਦੇ ਹਨ ਤਾਂ ਵੀ ਉਹ ਸਾਡੇ ਵਰਗੇ ਆਮ ਭਾਰਤੀਆਂ ਪ੍ਰਤੀ ਪਿਆਰ ਤੇ ਹਮਦਰਦੀ ਰੱਖਦੇ ਹਨ। ਉਨ੍ਹਾਂ ਨੂੰ ਭਾਰਤੀ ਲੋਕਾਂ ਤੋਂ ਕੋਈ ਸਮੱਸਿਆ ਨਹੀਂ, ਬਸ਼ਰਤੇ ਉਹ ਮੀਡੀਆ ਨਾਲ ਸਬੰਧਿਤ ਨਾ ਹੋਣ।" ਇਹ ਰਿਪੋਰਟ ਔਨਲਾਈਨ ਉਪਲਬਧ ਹੈ।

ਕਸ਼ਮੀਰੀਆਂ ਦੀਆਂ ਔਕੜਾਂ ਵਿਚ 5 ਅਗਸਤ ਤੋਂ ਬਾਅਦ ਹੋਏ ਵਾਧੇ ਨੂੰ ਇਕ ਹੋਰ ਰਿਪੋਰਟ ਵਿਚ ਵੀ ਪੇਸ਼ ਕੀਤਾ ਗਿਆ ਹੈ। ਇਹ ਰਿਪੋਰਟ ਮਾਨਸਿਕ ਸਿਹਤ ਸਬੰਧੀ ਪੇਸ਼ੇਵਰਾਂ ਅਨਿਰੁੱਧ ਕਾਲਾ ਤੇ ਬ੍ਰਿਨੇਲ ਡਿਸੂਜ਼ਾ, ਲੇਖਕਾ ਰੇਵਤੀ ਲੌਲ ਅਤੇ ਸਮਾਜਿਕ ਕਾਰਕੁਨ ਸ਼ਬਨਮ ਹਾਸ਼ਮੀ ਨੇ ਤਿਆਰ ਕੀਤੀ ਹੈ। ਇਨ੍ਹਾਂ ਨੇ ਪੰਜ ਜ਼ਿਲ੍ਹਿਆਂ ਦਾ ਦੌਰਾ ਕੀਤਾ ਅਤੇ ਵੱਡੀ ਗਿਣਤੀ ਆਮ ਲੋਕਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਲਿਖਿਆ ਹੈ ਕਿ 'ਕਸ਼ਮੀਰ ਡਰਿਆ ਪਿਆ ਹੈ। ਨੌਜਵਾਨ ਮੁੰਡਿਆਂ ਤੱਕ ਨੂੰ ਦਮਨਕਾਰੀ ਜਨਤਕ ਸੁਰੱਖਿਆ ਕਾਨੂੰਨ ਤਹਿਤ ਜੇਲ੍ਹਾਂ ਵਿਚ ਬੰਦ ਕੀਤਾ ਜਾ ਰਿਹਾ ਹੈ, ਤਸ਼ੱਦਦ ਤੇ ਗ੍ਰਿਫਤਾਰੀਆਂ ਆਮ ਹਨ।'

ਅਹਿਮ ਗੱਲ ਇਹ ਹੈ ਕਿ ਇਹ ਦੋਵੇਂ ਰਿਪੋਰਟਾਂ ਵੱਡੇ ਪੱਧਰ 'ਤੇ ਪੜ੍ਹੀਆਂ ਗਈਆਂ ਹਨ ਕਿਉਂਕਿ ਇਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਧਾਰਾ 370 ਨੂੰ ਹਟਾਏ ਜਾਣ ਦਾ ਉਲਟਾ ਭਾਰੀ ਨੁਕਸਾਨ ਹੋਇਆ ਹੈ। ਇਸ ਨੇ ਕਸ਼ਮੀਰੀਆਂ ਵਿਚ ਬਾਕੀ ਭਾਰਤੀਆਂ ਪ੍ਰਤੀ ਬੇਗਾਨਾਪਣ ਹੋਰ ਵਧਾਇਆ ਹੈ, ਸਲਾਮਤੀ ਦਸਤਿਆਂ ਉਤੇ ਬੇਲੋੜਾ ਤੇ ਗੈਰਜ਼ਰੂਰੀ ਬੋਝ ਪਾਇਆ ਹੈ, ਵਿਦੇਸ਼ੀ ਮੀਡੀਆ ਵਿਚ ਭਾਰਤ ਦੀ ਬਦਨਾਮੀ ਹੋਈ ਹੈ ਅਤੇ ਨਾਲ ਹੀ ਇਸ ਕਾਰਨ ਆਰਥਿਕ ਤੇ ਸੰਸਥਾਗਤ ਸੁਧਾਰ ਲਈ ਦਿੱਤਾ ਜਾਣ ਵਾਲਾ ਧਿਆਨ ਭਟਕਿਆ ਹੈ। ਕਸ਼ਮੀਰੀਆਂ ਨਾਲ ਖੁਣਸ ਕੱਢਣ ਦੇ ਚੱਕਰ ਵਿਚ ਮੋਦੀ ਸਰਕਾਰ ਨੇ ਭਾਰਤ ਦਾ ਨੁਕਸਾਨ ਹੀ ਕੀਤਾ ਹੈ।

# ਅਯੁੱਧਿਆ ਫੈਸਲਾ: ਵਿਦੇਸ਼ੀ ਮੀਡੀਏ ਅਤੇ ਬੁੱਧੀਜੀਵੀਆਂ ਦੀ ਨਜ਼ਰ ਵਿਚ

ਕਿਸੇ ਸ਼ਾਇਰ ਦਾ ਇਹ ਸ਼ੇਅਰ ਵਾਰ ਵਾਰ ਜ਼ਿਹਨ 'ਚ ਗੂੰਜ ਰਿਹਾ ਹੈ,

ਦਾਮਨ ਅਗਰ ਹੈ ਸਾਫ
ਤੋ ਇਤਨੀ ਅਹਿਤਿਆਤ ਰਖ,
ਇਸ ਸੇ ਜ਼ਰਾ ਸਾ ਦਾਗ
ਛੁਪਾਇਆ ਨਾ ਜਾਏਗਾ।

ਦੁਨੀਆਂ ਦੇ ਸਭ ਤੋਂ ਪੁਰਾਣੇ ਮੁਕੱਦਮਿਆਂ ਵਿਚੋਂ ਇਕ ਅਯੁੱਧਿਆ ਦੇ ਮਾਮਲੇ 'ਤੇ ਸੁਪਰੀਮ ਕੋਰਟ ਨੇ ਜਿਥੇ ਬਾਬਰੀ ਮਸਜਿਦ ਢਾਹੇ ਜਾਣ ਨੂੰ ਗੈਰਕਾਨੂੰਨੀ ਕਰਾਰ ਦਿੱਤਾ, ਉਥੇ ਹੀ ਵਿਵਾਦਿਤ ਜ਼ਮੀਨ 'ਤੇ ਰਾਮ ਲੱਲ੍ਹਾ ਦਾ ਹੱਕ ਮੰਨਦਿਆਂ ਸਰਕਾਰ ਨੂੰ ਇਕ ਟਰੱਸਟ ਬਣਾ ਕੇ ਉਸ ਨੂੰ ਮੰਦਿਰ ਦੀ ਉਸਾਰੀ ਦਾ ਜ਼ਿੰਮਾ ਸੌਂਪਣ ਦੇ ਦਿਸ਼ਾ ਨਿਰਦੇਸ਼ ਦਿੱਤੇ ਹਨ; ਜਦੋਂ ਕਿ ਮੁਸਲਿਮ ਧਿਰ ਨੂੰ ਬਾਬਰੀ ਮਸਜਿਦ ਦੇ ਬਦਲੇ ਸਰਕਾਰ ਨੂੰ ਅਯੁਧਿਆ ਵਿਖੇ ਹੀ ਕਿਸੇ ਦੂਜੀ ਥਾਂ ਪੰਜ



ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਏਕੜ ਜ਼ਮੀਨ ਦੇਣ ਦਾ ਹੁਕਮ ਦਿਤਾ ਹੈ।

ਇਸ ਫੈਸਲੇ ਦੇ ਪਰਿਪੇਖ ਵਿਚ ਕੌਮਾਂਤਰੀ ਮੀਡੀਏ ਨੇ ਆਪਣੀਆਂ ਵੱਖ ਵੱਖ ਪ੍ਰਤੀਕ੍ਰਿਆਵਾਂ ਦਿੱਤੀਆਂ ਹਨ। 'ਦਾ ਨਿਊ ਯਾਰਕ ਟਾਈਮਜ਼' ਨੇ ਲਿਖਿਆ ਹੈ, "ਭਾਰਤ ਦੀ ਸੁਪਰੀਮ ਕੋਰਟ ਨੇ ਇਕ ਧਾਰਮਿਕ ਸਥਾਨ ਦੇ ਵਿਵਾਦ ਵਿਚ ਹਿੰਦੂਆਂ ਦੇ ਪੱਖ ਵਿਚ ਫੈਸਲਾ ਸੁਣਾਇਆ ਹੈ, ਜਿਸ ਨੇ ਭਾਰਤ ਦੀ ਧਰਮ ਨਿਰਪੱਖਤਾ ਦੀ ਬੁਨਿਆਦ ਤੋਂ ਦੂਰ ਹੋ ਕੇ ਇਸ ਨੂੰ ਇਕ ਹਿੰਦੂ ਰਾਸ਼ਟਰ ਬਣਾਉਣ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਕੋਸ਼ਿਸ਼ਾਂ ਨੂੰ ਵੱਡੀ ਜਿੱਤ ਦਿਵਾਈ ਹੈ।"

ਅਖਬਾਰ ਨੇ ਅੱਗੇ ਲਿਖਿਆ ਹੈ, "ਇਸ ਫੈਸਲੇ ਨਾਲ ਝਗੜੇ ਵਾਲੀ ਥਾਂ 'ਤੇ ਹਿੰਦੂ ਮੰਦਿਰ ਬਣਾਉਣ ਨੂੰ ਹਰੀ ਝੰਡੀ ਮਿਲ ਗਈ ਹੈ, ਇਸੇ ਥਾਂ ਬਣੀ ਬਾਬਰੀ ਮਸਜਿਦ ਨੂੰ ਹਿੰਦੂਆਂ ਨੇ 1992 ਵਿਚ ਆਪਣੇ ਹੱਥੀਂ ਹਥੌੜੇ ਮਾਰ ਕੇ ਡੇਗਿਆ ਸੀ ਤੇ ਇਸ ਵਿਚ ਪ੍ਰਧਾਨ ਮੰਤਰੀ ਮੋਦੀ ਦੀ ਪਾਰਟੀ ਭਾਜਪਾ ਦੇ ਵੀ ਕਈ ਨੇਤਾ ਸ਼ਾਮਲ ਸਨ।"

ਅਮਰੀਕਾ ਦੇ ਹੀ ਇੱਕ ਹੋਰ ਅਖਬਾਰ 'ਵਾਸ਼ਿੰਗਟਨ ਪੋਸਟ' ਨੇ ਸੁਪਰੀਮ ਕੋਰਟ ਦੇ ਫੈਸਲੇ 'ਤੇ ਟਿੱਪਣੀ ਕਰਦਿਆਂ ਆਪਣੀ ਰਿਪੋਰਟ ਵਿਚ ਲਿਖਿਆ ਹੈ, "ਇਸ ਫੈਸਲੇ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਵੱਡੀ ਜਿੱਤ ਦਿਵਾਈ ਹੈ, ਜੋ ਦੂਜੇ ਕਾਰਜਕਾਲ ਦੌਰਾਨ ਤੇਜੀ ਨਾਲ ਆਪਣਾ ਏਜੰਡਾ ਲਾਗੂ ਕਰ ਰਿਹਾ ਹੈ।"

ਬਰਤਾਨੀਆ ਦੇ ਅਖਬਾਰ 'ਦਾ ਗਾਰਡੀਅਨ' ਨੇ ਲਿਖਿਆ ਹੈ ਕਿ ਕਿਵੇਂ 2014 ਵਿਚ ਸੱਤਾ ਵਿਚ ਆਉਣ ਪਿਛੋਂ ਰਾਮ ਮੰਦਿਰ ਦੇ ਨਿਰਮਾਣ 'ਤੇ ਭਾਜਪਾ ਨੇ ਜੋਰ ਦਿੱਤਾ। ਜਦੋਂ ਕਿ ਅਮਰੀਕਾ ਦੇ ਪ੍ਰਸਿੱਧ ਨਿਊਜ਼ ਚੈਨਲ 'ਸੀ. ਐਨ. ਐਨ.' ਅਨੁਸਾਰ "ਬਹੁਤ ਹੀ ਵਿਸਤ੍ਰਿਤ ਅਤੇ ਬਹੁਤ ਹੀ ਜਟਿਲ ਇਹ ਕੇਸ ਇਕ ਪੁਰਾਤੱਤਵ ਵਿਵਾਦ ਦੇ ਨਾਲ ਨਾਲ ਧਾਰਮਿਕ ਅਤੇ ਰਾਜਨੀਤਕ ਵਿਵਾਦ ਵੀ ਬਣ ਗਿਆ ਸੀ।"

ਇਸ ਦੇ ਨਾਲ ਹੀ ਉਕਤ ਫੈਸਲੇ ਦੇ ਸੰਦਰਭ ਵਿਚ ਬੀ. ਬੀ. ਸੀ. ਦੀਆਂ ਵਖ ਵਖ ਰਿਪੋਰਟਾਂ ਵਿਚ ਸੰਵਿਧਾਨ ਮਾਹਿਰਾਂ ਨੇ ਆਪਣੇ ਵੱਖ ਵੱਖ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਹੈ।

ਨਾਮੀ ਇਤਿਹਾਸਕਾਰ ਤੇ 'ਰਾਮ ਜਨਮ ਭੂਮੀ-ਬਾਬਰੀ ਮਸਜਿਦ: ਏ ਹਿਸਟੋਰੀਅਨਜ਼ ਰਿਪੋਰਟ ਟੂ ਦਿ ਨੇਸ਼ਨ' ਦੇ ਇਤਿਹਾਸਕਾਰਾਂ ਦੀ ਟੀਮ ਦਾ ਹਿੱਸਾ ਰਹੇ ਪ੍ਰੋ. ਡੀ. ਐਨ. ਝਾਅ ਅਨੁਸਾਰ "ਉਹ ਰਿਪੋਰਟ, ਜੋ 1992 ਵਿਚ ਮਸਜਿਦ ਢਾਹੁਣ ਤੋਂ ਪਹਿਲਾਂ ਸਰਕਾਰ ਨੂੰ ਸੌਂਪੀ ਗਈ ਸੀ, ਉਸ ਵਿਚ ਉਸ ਸਮੇਂ ਦੇ ਉਪਲਬਧ ਸਾਰੇ ਸਬੂਤਾਂ ਨੂੰ ਸ਼ਾਮਿਲ ਕੀਤਾ ਗਿਆ ਸੀ। ਇਸ ਦੀ ਡੂੰਘੀ ਜਾਂਚ ਪਿਛੋਂ ਅਸੀਂ ਇਹ ਸਿੱਟਾ ਕੱਢਿਆ ਸੀ ਕਿ ਮਸਜਿਦ ਦੇ ਹੇਠਾਂ ਕੋਈ ਮੰਦਿਰ ਨਹੀਂ ਸੀ।"

1992 ਵਿਚ ਬਾਬਰੀ ਮਸਜਿਦ ਢਾਹੇ ਜਾਣ ਦੀ ਜਾਂਚ ਕਰਨ ਵਾਲੇ ਲਿਬਰਹਾਨ ਕਮਿਸ਼ਨ ਦੇ ਵਕੀਲ ਅਨੁਪਮ ਗੁਪਤਾ, ਜਿਨ੍ਹਾਂ ਕਮਿਸ਼ਨ ਵਿਚ ਕਰੀਬ 8 ਸਾਲ ਕੰਮ ਕੀਤਾ, ਨੇ ਬੀ. ਬੀ. ਸੀ. ਦੀ ਇਕ ਰਿਪੋਰਟ ਵਿਚ ਅਯੁੱਧਿਆ ਮਾਮਲੇ ਵਿਚ ਆਏ ਫੈਸਲੇ ਦੇ ਕਈ ਪੱਖਾਂ ਨਾਲ ਆਪਣੀ ਅਸਹਿਮਤੀ ਜਤਾਈ ਹੈ। ਉਨ੍ਹਾਂ ਦੀ ਟਿੱਪਣੀ ਹੈ, "ਫੈਸਲੇ ਵਿਚ ਇਹ ਕਿਹਾ ਗਿਆ ਹੈ ਕਿ 22 ਦਸੰਬਰ 1949 ਨੂੰ ਰਾਮ ਲੱਲ੍ਹਾ ਦੀਆਂ ਮੂਰਤੀਆਂ ਮਸਜਿਦ ਦੇ ਅੰਦਰ ਰੱਖਣਾ ਗੈਰ-ਕਾਨੂੰਨੀ ਸੀ। ਕੋਰਟ ਨੇ ਇਸ ਨੂੰ ਮਸਜਿਦ ਦੀ ਬੇਅਦਬੀ ਕਿਹਾ ਹੈ।...ਕੋਰਟ ਦੇ ਫੈਸਲੇ ਵਿਚ ਇਹ ਕਿਹਾ ਗਿਆ ਹੈ ਕਿ 22 ਦਸੰਬਰ 1949 ਤੋਂ ਪਹਿਲਾਂ ਇੱਥੇ ਕੋਈ ਮੂਰਤੀਆਂ ਨਹੀਂ ਸਨ, ਜੋ ਠੀਕ ਗੱਲ ਹੈ; ਪਰ ਇਸ ਦਾ ਕੋਰਟ ਦੀ ਧਾਰਨਾ, ਵਿਸ਼ਲੇਸ਼ਣ ਜਾਂ ਮੁਲਾਂਕਣ 'ਤੇ ਕੋਈ ਅਸਰ ਨਹੀਂ ਪਿਆ।"

ਜ਼ਿਕਰਯੋਗ ਹੈ ਕਿ ਦਸੰਬਰ 1992 ਵਿਚ ਮਸਜਿਦ ਢਾਹੇ ਜਾਣ ਨੂੰ ਕੋਰਟ ਦੇ ਫੈਸਲੇ ਵਿਚ ਕਾਨੂੰਨ ਅਤੇ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਿਹਾ ਗਿਆ ਹੈ।

ਵਕੀਲ ਅਨੁਪਮ ਗੁਪਤਾ ਅਨੁਸਾਰ "ਇਸ ਤਰ੍ਹਾਂ ਲਗਦਾ ਹੈ ਕਿ ਮਸਜਿਦ ਦੇ ਢਾਹੇ ਜਾਣ ਦਾ ਕੋਰਟ 'ਤੇ ਭਾਵਨਾਤਮਕ, ਨੈਤਿਕ ਜਾਂ ਬੌਧਿਕ ਤੌਰ 'ਤੇ ਕੋਈ ਅਸਰ ਨਹੀਂ ਪਿਆ।...ਮੈਨੂੰ ਇਹ ਗੱਲ ਬਿਲਕੁਲ ਗੈਰ-ਪੈਰਵੀਯੋਗ ਲੱਗੀ ਹੈ। ਇਹ ਬੁਨਿਆਦੀ ਤੱਥ ਹਨ, ਜਿਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। 1949 ਵਿਚ ਇੱਥੇ ਮੂਰਤੀਆਂ ਰੱਖੀਆਂ ਗਈਆਂ ਤੇ 1992 ਵਿਚ ਮਸਜਿਦ ਢਾਹੀ ਗਈ, ਇਸ ਦੇ ਬਾਵਜੂਦ ਹਿੰਦੂ ਪੱਖ ਨੂੰ ਸਾਰਾ ਢਾਂਚਾ ਦੇਣਾ ਕਿਸੇ ਗਲਤ ਕੰਮ ਕਰਨ ਵਾਲੇ ਨੂੰ ਇਨਾਮ ਦੇਣ ਵਾਂਗ ਹੈ।"



ਸੁਪਰੀਮ ਕੋਰਟ ਦੇ 72 ਸਾਲਾ ਰਿਟਾਇਰਡ ਚੀਫ ਜਸਟਿਸ ਅਸ਼ੋਕ ਕੁਮਾਰ ਗਾਂਗੁਲੀ ਨੇ ਕਿਹਾ ਹੈ, "ਘੱਟਗਿਣਤੀ ਲੋਕਾਂ ਨੇ ਪੀੜ੍ਹੀਆਂ ਤੋਂ ਵੇਖਿਆ ਹੈ ਕਿ ਉਥੇ ਇਕ ਮਸਜਿਦ ਸੀ, ਮਸਜਿਦ ਤੋੜੀ ਗਈ, ਹੁਣ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਉਥੇ ਇਕ ਮੰਦਿਰ ਬਣੇਗਾ। ਇਸ ਫੈਸਲੇ ਨੇ ਮੇਰੇ ਮਨ ਵਿਚ ਸ਼ੱਕ ਪੈਦਾ ਕਰ ਦਿੱਤਾ ਹੈ। ਸੰਵਿਧਾਨ ਦੇ ਇਕ ਵਿਦਿਆਰਥੀ ਦੇ ਤੌਰ 'ਤੇ ਮੈਨੂੰ ਇਸ ਨੂੰ ਸਵਿਕਾਰ ਕਰਨ 'ਚ ਥੋੜ੍ਹੀ ਦਿੱਕਤ ਹੋ ਰਹੀ ਹੈ।"

ਜਸਟਿਸ ਗਾਂਗੁਲੀ ਨੇ ਅੱਗੇ ਕਿਹਾ, "1856-57 ਵਿਚ ਭਾਵੇਂ ਨਮਾਜ਼ ਪੜ੍ਹਨ ਦੇ ਸਬੂਤ ਨਾ ਮਿਲੇ ਹੋਣ, ਪਰ 1949 ਵਿਚ ਇਥੇ ਨਮਾਜ਼ ਪੜ੍ਹੀ ਗਈ। ਸਬੂਤ ਹੈ ਸਾਡਾ ਸੰਵਿਧਾਨ, ਇਹ ਜਦੋਂ ਹੋਂਦ ਵਿਚ ਆਇਆ ਤਾਂ ਨਮਾਜ਼ ਉਸ ਸਮੇਂ ਇਥੇ ਪੜ੍ਹੀ ਜਾ ਰਹੀ ਸੀ ਤਾਂ ਫਿਰ ਘੱਟਗਿਣਤੀ ਭਾਈਚਾਰੇ ਨੂੰ ਹੱਕ ਹੈ ਕਿ ਉਹ ਆਪਣੀ ਧਾਰਮਿਕ ਸੁਤੰਤਰਤਾ ਦੀ ਰਾਖੀ ਕਰਨ। ਇਹ ਹੱਕ ਸੰਵਿਧਾਨ ਵਿਚ ਲੋਕਾਂ ਨੂੰ ਮੌਲਿਕ ਹੱਕਾਂ ਵਿਚ ਮਿਲਿਆ ਹੋਇਆ ਹੈ।"

ਜਸਟਿਸ ਗਾਂਗੁਲੀ ਨੇ ਇਹ ਵੀ ਕਿਹਾ ਹੈ, "ਇਹ ਫੈਸਲਾ ਕਰਨਾ ਸੁਪਰੀਮ ਕੋਰਟ ਦੀ ਜਿੰਮੇਵਾਰੀ ਨਹੀਂ ਹੈ ਕਿ ਸੰਵਿਧਾਨ ਬਣਨ ਤੋਂ ਪਹਿਲਾਂ ਉਥੇ ਕੀ ਮੌਜੂਦ ਸੀ?...ਜੇ ਅਸੀਂ ਇਸ ਬਾਰੇ ਫੈਸਲੇ ਕਰਨ ਬੈਠ ਗਏ ਤਾਂ ਬਹੁਤ ਸਾਰੇ ਮੰਦਿਰਾਂ, ਮਸਜਿਦਾਂ ਅਤੇ ਹੋਰ ਇਮਾਰਤਾਂ ਨੂੰ ਤੋੜਨਾ ਪਵੇਗਾ।"

ਸੁਪਰੀਮ ਕੋਰਟ ਦੇ ਇਕ ਹੋਰ ਸਾਬਕਾ ਚੀਫ ਜਸਟਿਸ ਮਾਰਕੰਡੇ ਕਾਟਜੂ ਨੇ ਆਪਣੇ ਇਕ ਟਵੀਟ ਵਿਚ ਕਿਹਾ ਹੈ, "ਮੈਂ ਅਯੁੱਧਿਆ ਵਿਵਾਦ 'ਤੇ ਸੁਪਰੀਮ ਕੋਰਟ ਦੇ ਫੈਸਲੇ ਦਾ ਕੋਈ ਵੀ ਸਿਰਾ ਸਮਝ ਨਹੀਂ ਪਾ ਰਿਹਾ। ਇਸ ਲਈ ਮੈਂ ਸਿਰਫ ਇਹੀ ਕਹਿ ਸਕਦਾ ਹਾਂ, ਜੈ ਰੰਜਨ ਗਗੋਈ।" ਅੱਗੇ ਕਾਟਜੂ ਕਹਿੰਦੇ ਹਨ, "ਕੀ ਕੋਈ ਮੈਨੂੰ ਦੱਸ ਸਕਦਾ ਹੈ ਕਿ ਸੁਪਰੀਮ ਕੋਰਟ ਨੇ ਵਿਚੋਲਗੀ ਕਰਨ ਦਾ ਆਦੇਸ਼ ਦਿੱਤਾ ਹੈ ਜਾਂ ਫਿਰ ਮੈਡੀਟੇਸ਼ਨ (ਅਭਿਆਸ) ਜਾਂ ਮੈਡੀਕੇਸ਼ਨ (ਦਵਾਈ ਦੇਣ) ਦਾ? ਮੈਂ ਸਮਝ ਨਹੀਂ ਪਾ ਰਿਹਾ।"

ਕੋਲਕਾਤਾ ਦੇ ਰੋਜ਼ਾਨਾ ਅੰਗਰੇਜ਼ੀ ਅਖਬਾਰ 'ਟੈਲੀਗਰਾਫ' ਵਿਚ ਸੁਪਰੀਮ ਕੋਰਟ ਦੇ ਨਾਮੀ ਵਕੀਲ ਕਲੀਸਵਰਮ ਰਾਜ ਨੇ ਉਕਤ ਫੈਸਲੇ ਦੇ ਸੰਦਰਭ ਵਿਚ ਟਿੱਪਣੀ ਕੀਤੀ ਹੈ, "ਭਾਰਤ ਘੋਰ ਦੱਖਣਪੰਥੀ ਵਿਵਸਥਾ ਵਲ ਵਧ ਰਿਹਾ ਹੈ। ਇਹ ਫੈਸਲਾ ਸੰਵਿਧਾਨ ਦੇ ਸਿਧਾਂਤਾਂ ਲਈ ਝਟਕਾ ਹੈ, ਇਹ ਕਾਨੂੰਨ ਦੇ ਰਾਜ ਤੇ ਸੈਕੂਲਰ ਵਿਵਸਥਾ ਨਾਲ ਮੇਲ ਨਹੀਂ ਖਾਂਦਾ। ਇਹ ਉਚ ਅਦਾਲਤ ਦਾ ਫੈਸਲਾ ਹੈ ਅਤੇ ਸਭ ਨੂੰ ਇਸ ਨੂੰ ਸਵੀਕਾਰ ਕਰਨਾ ਚਾਹੀਦਾ ਹੈ, ਕਿਸੇ ਨੂੰ ਵੀ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ, ਪ੍ਰੰਤੂ ਕੋਰਟ ਨੇ ਇਸ ਸੰਵੇਦਨਸ਼ੀਲ ਮਸਲੇ ਨੂੰ ਜਿਵੇਂ ਦੇਖਿਆ ਹੈ, ਉਸ 'ਤੇ ਲੰਮੇ ਸਮੇਂ ਤੱਕ ਚਰਚਾ ਹੁੰਦੀ ਰਹੇਗੀ।"

ਕਲੀਸਵਰਮ ਰਾਜ ਨੇ ਅੱਗੇ ਕਿਹਾ ਹੈ, "ਸਿਆਸੀ ਹਲਕਿਆਂ ਵਿਚ ਇਸ ਫੈਸਲੇ ਦੀ ਖੂਬ ਚਰਚਾ ਹੋਵੇਗੀ। ਮੌਜੂਦਾ ਸੰਦਰਭ ਵਿਚ ਇਸ ਫੈਸਲੇ ਨੂੰ ਪੜ੍ਹਨ ਉਪਰੰਤ ਸਾਫ ਪਤਾ ਲੱਗਦਾ ਹੈ ਕਿ ਸੁਪਰੀਮ ਕੋਰਟ ਸੁਤੰਤਰਤਾ ਨਹੀਂ ਬਚਾ ਸਕੀ, ਇਹ ਲੋਕਤੰਤਰ ਲਈ ਖਤਰਨਾਕ ਹੈ।"

ਇਸ ਤੋਂ ਇਲਾਵਾ ਮਹਾਤਮਾ ਗਾਂਧੀ ਦੇ ਪੜਪੋਤੇ ਤੁਸ਼ਾਰ ਗਾਂਧੀ ਨੇ ਆਪਣੇ ਇੱਕ ਟਵੀਟ 'ਚ ਕਿਹਾ ਹੈ, "ਜੇ ਮਹਾਤਮਾ ਗਾਂਧੀ ਦੀ ਮੌਤ ਦੇ ਮਾਮਲੇ ਵਿਚ ਸੁਪਰੀਮ ਕੋਰਟ ਵਿਚ ਮੁੜ ਤੋਂ ਸੁਣਵਾਈ ਹੁੰਦੀ ਹੈ ਤਾਂ ਫੈਸਲਾ ਇਹੀ ਹੋਵੇਗਾ ਕਿ ਨੱਥੂਰਾਮ ਗੋਡਸੇ ਇਕ ਕਾਤਲ, ਪਰ ਦੇਸ਼ ਭਗਤ ਸਨ।" ਉਨ੍ਹਾਂ ਅੱਗੇ ਲਿਖਿਆ ਹੈ, "ਹਰ ਕਿਸੇ ਨੂੰ ਖੁਸ਼ ਕਰਨਾ ਇਨਸਾਫ ਨਹੀਂ ਹੁੰਦਾ, ਪਰ ਹਰ ਕਿਸੇ ਨੂੰ ਖੁਸ਼ ਕਰਨਾ ਰਾਜਨੀਤੀ ਹੁੰਦੀ ਹੈ।"

ਜੇ ਕਿਤੇ ਅਯੁੱਧਿਆ ਬਾਰੇ ਫੈਸਲਾ ਉਲਟ ਆਇਆ ਹੁੰਦਾ ਤਾਂ ਯਕੀਨਨ ਹੁਣ ਤੱਕ ਬੇਤਹਾਸ਼ਾ ਉਥਲ-ਪੁਥਲ ਹੋਈ ਹੁੰਦੀ ਤੇ ਪਤਾ ਨਹੀਂ ਹੁਣ ਤੱਕ ਦੇਸ਼ ਨੂੰ ਕਿੰਨੇ ਕੁ ਧਰਨੇ, ਮੁਜਾਹਰਿਆਂ ਅਤੇ ਸਾੜ ਫੂਕ ਦਾ ਸਾਹਮਣਾ ਕਰਨਾ ਪੈਂਦਾ। ਇਸ ਫੈਸਲੇ ਵਿਚ ਭਾਵੇਂ ਸੰਵਿਧਾਨ ਮਾਹਿਰਾਂ ਅਨੁਸਾਰ ਬਹੁਤ ਉਣਤਾਈਆਂ ਹਨ, ਪਰ ਕੁਲ ਮਿਲਾ ਕੇ ਇਸ ਨੇ ਭਾਰਤ ਨੂੰ ਅੱਗ ਦੀ ਲਪੇਟ ਵਿਚ ਆਉਣ ਤੋਂ ਬਚਾ ਲਿਆ ਹੈ। ਅੱਜ ਲੋਕ ਧਰਮ ਲਈ ਲੜਨ-ਮਰਨ ਨੂੰ ਤਾਂ ਤਿਆਰ ਹਨ, ਪਰ ਧਰਮ ਦੀ ਹਕੀਕਤ ਨੂੰ ਸਮਝ ਕੇ ਉਸ 'ਤੇ ਚੱਲਣ ਲਈ ਤਿਆਰ ਨਹੀਂ ਹਨ! ਸੋ, ਲੋੜ ਹੈ ਆਪਾ ਪੜਚੋਲਣ ਦੀ ਅਤੇ ਖੁਦ ਨੂੰ ਸਮਝਣ ਤੇ ਘੋਖਣ ਦੀ। ਕਿੰਨੇ ਸੋਹਣੇ ਸ਼ਬਦਾਂ ਵਿਚ ਇੱਕ ਸ਼ਾਇਰ ਨੇ ਕਿਹਾ ਹੈ,

ਖੁਦ ਕੋ ਪਹਿਚਾਨਨਾ ਹੀ ਮੁਸ਼ਕਿਲ ਹੈ,
ਲਾਖ ਇਨਸਾਂ ਸ਼ਨਾਸ ਹੋ ਜਾਏਂ।

# ਲੋਕਤੰਤਰ ਦੀ ਨ੍ਰਿਤ ਕਲਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਉਂਜ ਤਾਂ ਲੋਕਤੰਤਰ ਹਰ ਪੱਖੋਂ ਲੋਕ ਨਾਚ ਹੀ ਹੁੰਦਾ ਹੈ, ਪਰ ਇਨ੍ਹਾਂ ਸਤਰਾਂ ਦੇ ਲਿਖੇ ਜਾਣ ਤੱਕ ਮਹਾਰਾਸ਼ਟਰ ਦੀ ਰਾਜਧਾਨੀ ਮੁੰਬਈ ਵਿਚ ਜੋ ਕੁਝ ਹੋ ਰਿਹਾ ਹੈ, ਇਸ ਨੇ ਸਮੁੱਚੇ ਸੰਸਾਰ ਵਿਚ ਵਸਦੇ ਭਾਰਤੀਆਂ ਦਾ ਧਿਆਨ ਖਿੱਚਿਆ ਹੋਇਆ ਹੈ। ਕਿਸੇ ਇੱਕ ਪਾਰਟੀ ਨੂੰ ਬਹੁਮੱਤ ਨਾ ਮਿਲਣ ਕਾਰਨ ਰਾਜ ਸਰਕਾਰ ਦੇ ਗਠਨ ਵਿਚ ਆਈ ਖੜੋਤ ਕਾਰਨ ਰਾਸ਼ਟਰਪਤੀ ਰਾਜ ਲਾਗੂ ਹੋ ਚੁਕਾ ਹੈ। ਇਸ ਫੈਸਲੇ ਨੇ ਦੇਸ਼ ਭਰ ਦੇ ਸਿਆਸੀ ਆਗੂਆਂ ਨੂੰ ਹੀ ਨਹੀਂ, ਮੀਡੀਏ ਨੂੰ ਵੀ ਹੈਰਾਨ ਕਰ ਛੱਡਿਆ ਹੈ।

ਜਦੋਂ 288 ਵਿਚੋਂ ਕ੍ਰਮਵਾਰ 105 ਤੇ 56 ਸੀਟਾਂ ਜਿੱਤਣ ਵਾਲੀ ਭਾਰਤੀ ਜਨਤਾ ਪਾਰਟੀ ਤੇ ਸ਼ਿਵ ਸੈਨਾ ਦਾ ਮੱਤਭੇਦ ਕਿਸੇ ਤਣ ਪੱਤਣ ਨਾ ਲੱਗਾ ਤਾਂ ਭਾਜਪਾ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਗਿਆ, ਜਿਸ ਦੇ ਉਹ ਸਮਰੱਥ ਨਾ ਹੋ ਸਕੀ। ਫੇਰ ਸ਼ਿਵ ਸੈਨਾ, ਕਾਂਗਰਸ ਤੇ ਨੈਸ਼ਨਲ ਕਾਂਗਰਸ ਪਾਰਟੀ ਨਾਲ ਗਠਜੋੜ ਕਰਕੇ ਸਰਕਾਰ ਬਣਾਉਣ ਲਈ ਏਨਾ ਥੋੜ੍ਹਾ ਸਮਾਂ ਦਿੱਤਾ ਗਿਆ ਕਿ ਸ਼ਰਦ ਪਵਾਰ ਤੱਕ ਪਹੁੰਚ ਕਰਨ ਵਾਲੇ ਕਾਂਗਰਸ ਪ੍ਰਤੀਨਿਧ ਵੇਨੂਗੋਪਾਲ, ਅਹਿਮਦ ਪਟੇਲ ਤੇ ਮਲਕਾ ਰੰਜਨ ਖੜਗੇ ਦੇ ਖੰਭ ਕੁਤਰ ਕੇ ਰਾਜਪਾਲ ਭਗਤ ਸਿੰਘ ਹੋਸ਼ਿਆਰੀ ਨੇ ਪੂਰੀ ਹੋਸ਼ਿਆਰੀ ਦਿਖਾਉਂਦਿਆਂ ਰਾਜ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਿਫਾਰਸ਼ ਕੇਂਦਰ ਸਰਕਾਰ ਨੂੰ ਭੇਜ ਦਿੱਤੀ।

ਉਧਰ ਨਰਿੰਦਰ ਮੋਦੀ ਸਰਕਾਰ ਨੇ ਤੱਤਭੜੱਥੀ ਵਿਚ ਕੈਬਨਿਟ ਮੀਟਿੰਗ ਬੁਲਾ ਕੇ ਪ੍ਰਵਾਨ ਕਰਦਿਆਂ ਚੌਰਾ ਨਾ ਲਾਇਆ। ਨਿਸ਼ਚੇ ਹੀ ਕਈ ਪਾਰਟੀਆਂ ਦਾ ਗਠਜੋੜ ਕਰਨ ਵਾਸਤੇ ਸਾਂਝਾ ਪ੍ਰੋਗਰਾਮ ਉਲੀਕਣ ਤੇ ਮਿਲ ਬੈਠਣ ਦੀ ਸਥਿਤੀ ਕਾਇਮ ਕਰਨ ਲਈ ਸਮਾਂ ਚਾਹੀਦਾ ਸੀ, ਜਿਸ ਵਲ ਰਾਜਪਾਲ ਤਾਂ ਕੀ, ਕੇਂਦਰ ਸਰਕਾਰ ਨੇ ਵੀ ਉਕਾ ਧਿਆਨ ਨਾ ਦਿੱਤਾ।



ਨਿਸ਼ਚੇ ਹੀ ਕੇਂਦਰ ਦੇ ਫੈਸਲੇ ਨੇ ਕਿੰਤੂ-ਪ੍ਰੰਤੂ ਨੂੰ ਜਨਮ ਦੇਣਾ ਸੀ। ਹੁਣ ਸਿਆਸੀ ਮਾਹਿਰ ਸੰਵਿਧਾਨ ਦੀ ਧਾਰਾ 356 ਵਿਚ ਘੁਣਤਰਾਂ ਕੱਢ ਰਹੇ ਹਨ। ਭੁੱਲ ਗਏ ਹਨ ਕਿ ਇਹ ਫੈਸਲਾ ਉਸ ਹੀ ਸਰਕਾਰ ਨੇ ਕੀਤਾ ਹੈ, ਜਿਸ ਨੇ ਚੁਣੀ ਹੋਈ ਸਰਕਾਰ ਦੀ ਅਣਹੋਂਦ ਵਿਚ ਜੰਮੂ ਕਸ਼ਮੀਰ 'ਚ ਧਾਰਾ 370 ਦੀ ਖੇਡ ਖੇਡੀ ਸੀ। ਸ਼ਿਵ ਸੈਨਾ ਨੇ ਸੁਪਰੀਮ ਕੋਰਟ ਦਾ ਦਰ ਖੜਕਾਇਆ ਹੈ, ਜਿਸ ਦਾ ਫੈਸਲਾ ਛੇਤੀ ਆਉਣ ਦੀ ਕੋਈ ਉਮੀਦ ਨਹੀਂ।

ਸਥਿਤੀ ਏਨੀ ਹਾਸੋਹੀਣੀ ਬਣ ਗਈ ਹੈ ਕਿ ਮੀਡੀਆ ਪੂਰੀ ਤਰ੍ਹਾਂ ਚੌਕਸ ਹੋ ਚੁਕਾ ਹੈ। ਜਾਪਦਾ ਹੈ, ਰਾਜਪਾਲ ਨੇ ਸਮਾਚਾਰ ਪੱਤਰਾਂ ਦੀ ਟਿੱਪਣੀ ਨਹੀਂ ਪੜ੍ਹੀ, ਸਿਰਫ ਪ੍ਰਧਾਨ ਮੰਤਰੀ ਦੇ ਵਿਦੇਸ਼ ਦੌਰੇ ਨੂੰ ਮੁੱਖ ਰੱਖਦਿਆਂ ਆਪਣੀ ਸਿਫਾਰਸ਼ ਭੇਜਣ ਦੀ ਹੁਸ਼ਿਆਰੀ ਦਿਖਾਈ ਹੈ। ਲੋਕ ਰਾਜ ਮੰਗ ਕਰਦਾ ਹੈ ਕਿ ਜਨਤਾ ਦੀ ਵੋਟ ਵਲ ਧਿਆਨ ਦਿੱਤਾ ਜਾਵੇ ਤੇ ਰਾਜ ਸਰਕਾਰਾਂ ਲਈ ਅਜਿਹੀ ਸਥਿਤੀ ਨਾ ਪੈਦਾ ਕੀਤੀ ਜਾਵੇ ਕਿ ਵਿਧਾਨ ਸਭਾ ਭੰਗ ਕਰਨੀ ਪਵੇ। ਜੇ ਆਪਾਂ ਆਪਣੀ ਜ਼ਮੀਰ ਦੀ ਨਹੀਂ ਸੁਣਨੀ, ਮੀਡੀਏ ਦੀ ਹੀ ਸੁਣੀਏ।

**550ਵੇਂ ਪ੍ਰਕਾਸ਼ ਪੁਰਬ ਦਾ ਲਿਖਤੀ ਸੰਦੇਸ਼:** ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਦੀ ਇੱਕ ਦੇਣ ਉਹ ਵਡਮੁੱਲੀਆਂ ਪੁਸਤਕਾਂ ਹਨ, ਜੋ ਗੁਰੂ ਸਾਹਿਬ ਦੀ ਜੀਵਨ ਦ੍ਰਿਸ਼ਟੀ ਨੂੰ ਨਿਖਾਰ ਕੇ ਪੇਸ਼ ਕਰਦੀਆਂ ਹਨ। ਪੰਜਾਬ ਸਰਕਾਰ ਦੇ ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਵਿਭਾਗ ਨੇ 'ਸੁਇਨੇ ਕਾ ਬਿਰਖ' ਨਾਂ ਦੀ ਸੁਚਿੱਤਰ ਤੇ ਵਡ-ਆਕਾਰੀ ਪੁਸਤਕ ਵਿਚ ਗੁਰੂ ਨਾਨਕ ਸਾਹਿਬ ਦੀ ਜੀਵਨੀ ਤੇ ਬਾਣੀ ਦਾ ਉਦੇਸ਼ ਦਰਸਾ ਕੇ ਉਨ੍ਹਾਂ ਦੀ ਸਮੁੱਚੀ ਜੀਵਨ ਦ੍ਰਿਸ਼ਟੀ 'ਤੇ ਚਾਨਣਾ ਪਾਇਆ ਹੈ। ਪੁਸਤਕ ਦੇ ਪੰਜ ਭਾਗ (1) ਪਾਵਨ ਪ੍ਰਕਾਸ਼, (2) ਭਾਗਾਂ ਵਾਲੀ ਧਰਤੀ (3) ਪਤ ਪਰਵਾਣਾ, (4) ਨਾਦ ਅਨੇਕ ਅਸੰਖਾ ਤੇ (5) ਪ੍ਰਗਟ ਭਈ ਸਗਲੇ ਜੁਗ ਅੰਤਰਿ ਵਿਚ ਉਨ੍ਹਾਂ ਦੇ ਜੀਵਨ, ਜਨਮ-ਸਾਖੀਆਂ, ਬਾਣੀ ਦੀਆਂ ਚੋਣਵੀਆਂ ਤੁਕਾਂ ਦਾ ਸਾਰ ਦੇਣ ਤੋਂ ਬਿਨਾ ਉਘੇ ਵਿਦਵਾਨਾਂ, ਇਤਿਹਾਸਕਾਰਾਂ ਤੇ ਕਵੀਆਂ ਵਲੋਂ ਲਿਖੇ ਗਏ ਭਾਵਾਂ ਤੇ ਵਿਚਾਰਾਂ ਨੂੰ ਸਲੀਕੇ ਨਾਲ ਪੇਸ਼ ਕੀਤਾ ਗਿਆ ਹੈ।

ਖੂਬੀ ਇਹ ਕਿ ਗੁਰੂ ਸਾਹਿਬ ਦੇ ਫਲਸਫੇ ਨੂੰ ਪੰਜਾਬੀ ਭਾਸ਼ਾ ਤੋਂ ਅਣਜਾਣ ਨਾਨਕ ਪ੍ਰੇਮੀਆਂ ਤੱਕ ਪਹੁੰਚਦੀ ਕਰਨ ਲਈ ਸਾਰੀ ਦੀ ਸਾਰੀ ਸਮੱਗਰੀ ਦਾ ਵਧੀਆ ਤੇ ਢੁਕਵੀਂ ਅੰਗਰੇਜ਼ੀ ਭਾਸ਼ਾ ਵਿਚ ਅਨੁਵਾਦ ਵੀ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਵਿਦਵਾਨਾਂ ਵਿਚ ਪਰਲ ਐਸ ਬੱਕ, ਆਰਨੋਲਡ ਟੌਇਨਬੀ, ਰਾਬਿੰਦਰ ਨਾਥ ਟੈਗੋਰ, ਮੁਲਕ ਰਾਜ ਆਨੰਦ, ਮੁਹੰਮਦ ਇਕਬਾਲ, ਡਾ. ਰਾਧਾ ਕ੍ਰਿਸ਼ਨਨ, ਭਾਈ ਵੀਰ ਸਿੰਘ, ਧਨੀਰਾਮ ਚਾਤ੍ਰਿਕ, ਭਾਈ ਜੋਧ ਸਿੰਘ, ਓਸ਼ੋ, ਖੁਸ਼ਵੰਤ ਸਿੰਘ, ਸੰਤ ਸਿੰਘ ਸੇਖੋਂ, ਪ੍ਰੋ. ਪੂਰਨ ਸਿੰਘ, ਨਜ਼ੀਰ ਅਕਬਰਾਬਾਦੀ ਵਰਗੇ ਚਿੰਤਕ ਤੇ ਦਾਰਸ਼ਨਿਕ ਸ਼ਾਮਲ ਹਨ। ਇਸ ਅਦੁਤੀ ਰਚਨਾ ਦਾ ਸੰਪਾਦਕ ਉਘਾ ਤੇ ਹਰਮਨ ਪਿਆਰਾ ਕਵੀ ਸੁਰਜੀਤ ਪਾਤਰ ਹੈ।

ਇਸੇ ਤਰ੍ਹਾਂ ਸਰਬੱਤ ਦਾ ਭਲਾ ਚੈਰੀਟੇਬਲ ਟਰਸਟ, ਪਟਿਆਲਾ ਨੇ 'ਗੁਰੂ ਨਾਨਕ: ਪਰੰਪਰਾ ਤੇ ਦਰਸ਼ਨ' ਨਾਂ ਦੀ ਪੁਸਤਕ ਪ੍ਰਕਾਸ਼ਿਤ ਕੀਤੀ ਹੈ, ਜਿਸ ਵਿਚ ਭਾਈ ਗੁਰਦਾਸ, ਬਾਬਾ ਸਰੂਪਚੰਦ, ਭਾਈ ਬਹਿਲੋ ਜੀ, ਸ਼ਰਧਾ ਰਾਮ ਫਿਲੌਰੀ, ਕ. ਜ. ਅਸ਼ਰਾਫੀਅਨ, ਹਰਜੀਤ ਸਿੰਘ ਗਿੱਲ, ਜੇ. ਪੀ. ਸਿੰਘ ਓਬਰਾਏ, ਹਾਰੂਨ ਖਾਲਿਦ, ਰੁਡਲਫ ਬਾਵੇਰ, ਐਨ. ਮੁਥੂ ਮੋਹਨ, ਪਸ਼ੌਰਾ ਸਿੰਘ, ਆਦਿ ਦੇ ਮੌਲਿਕ ਪੰਜਾਬੀ ਤੇ ਅੰਗਰੇਜ਼ੀ ਵਿਚ ਲਿਖੇ ਲੇਖ ਸ਼ਾਮਲ ਹਨ। ਇਸ ਰਚਨਾ ਦੀ ਵਡਿਆਈ ਇਸ ਦੇ ਚਿੱਤਰ ਹਨ। ਇਹ ਪੰਜ ਦਰਜਨ ਤੋਂ ਵੱਧ ਚਿੱਤਰ ਚਿਤਰਨ ਵਾਲਿਆਂ ਦੀ ਸੋਚ ਤੇ ਕਿਆਸਅਰਾਈ ਦਾ ਦਮ ਭਰਦੇ ਹਨ। ਹਰ ਕਲਾਕਾਰਾਂ ਨੇ ਗੁਰੂ ਸਾਹਿਬ ਦਾ ਰੂਪ ਤੇ ਸਰੂਪ ਏਨਾ ਅਲੌਕਿਕ ਚਿਤਰਿਆ ਹੈ ਕਿ ਵੇਖਣ ਵਾਲਾ ਆਪਣੇ ਆਪ ਨੂੰ ਅਗੰਮੀ ਦੁਨੀਆਂ ਵਿਚ ਵਿਚਰਦਾ ਅਨੁਭਵ ਕਰਦਾ ਹੈ। ਇਹ ਰਚਨਾ ਸਾਂਭਣ ਯੋਗ ਹੈ।

ਤੀਜੀ ਪੁਸਤਕ ਡਾ. ਨਰੇਸ਼ ਕੁਮਾਰ ਨੇ ਤਿਆਰ ਕੀਤੀ ਹੈ। ਗੁਰੂ ਨਾਨਕ ਬਾਣੀ ਤੇ ਪੰਜਾਬੀ ਚਿੰਤਨ। ਇਸ ਰਚਨਾ ਦੇ ਚਿੰਤਕ ਮੌਲਾ ਬਖਸ਼ ਕੁਸ਼ਤ, ਪ੍ਰਿੰਸੀਪਲ ਤੇਜਾ ਸਿੰਘ, ਨਜਮ ਹੁਸੈਨ ਸਯੱਦ, ਭਾਈ ਜੋਧ ਸਿੰਘ, ਅਮਰਜੀਤ ਸਿੰਘ ਗਰੇਵਾਲ, ਅਵਤਾਰ ਸਿੰਘ, ਡਾ. ਮਿਨੀ ਸਲਵਾਨ, ਡਾ. ਹੀਰਾ ਸਿੰਘ, ਗੁਰਭਜਨ ਗਿੱਲ ਵਰਗੇ ਨਾਮ ਲੇਵਾ ਹਨ।

**ਅੰਤਿਕਾ:** ਮੁਹੰਮਦ ਇਕਬਾਲ ਦਾ ਨਾਨਕ

ਕੌਮ ਨੇ ਪੈਗਾਮ ਏ ਗੌਤਮ ਕੀ
ਜ਼ਰਾ ਪਰਵਾਹ ਨਾ ਕੀ
ਕਦਰ ਪਹਿਚਾਨੀ ਨਾ ਅਪਨੇ
ਗੌਹਰ-ਏ-ਯਕ-ਦਾਨ ਕੀ।
ਬੁੱਤਕਦਾ ਫਿਰ ਬਾਅਦ ਮੁੱਦਤ ਕੇ
ਮਗਰ ਰੌਸ਼ਨ ਹੂਆ
ਨੂਰ ਏ ਇਬਰਾਹੀਮ ਸੇ
ਆਜ਼ਰ ਕਾ ਘਰ ਰੌਸ਼ਨ ਹੂਆ।
ਫਿਰ ਉਠੀ ਤੌਹੀਦ ਕੀ
ਸਦਾ ਇਸ ਪੰਜਾਬ ਸੇ
ਹਿੰਦ ਕੋ ਇਕ ਮਰਦ-ਏ-ਕਾਮਿਲ ਨੇ
ਜਗਾਇਆ ਖ੍ਵਾਬ ਸੇ।

# ਭਾਰਤੀ ਕੌਂਸਲ ਜਨਰਲ ਵਲੋਂ ਇਲੀਨਾਏ ਤੇ ਭਾਰਤ ਸਹਿਯੋਗ ਦਾ ਹੋਕਾ

**ਸਪਰਿੰਗਫੀਲਡ (ਇਲੀਨਾਏ):** ਇਲੀਨਾਏ ਜਨਰਲ ਅਸੈਂਬਲੀ ਦੇ ਸੱਦੇ 'ਤੇ ਸ਼ਿਕਾਗੋ ਵਿਚ ਭਾਰਤ ਦੇ ਕੌਂਸਲ ਜਨਰਲ ਸੁਧਾਕਰ ਦਲੇਲਾ ਨੇ ਇਥੇ ਸਟੇਟ ਸੈਨੇਟ ਅਤੇ ਨੁਮਾਇੰਦਾ ਸਦਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਨਾਲ ਇਲੀਨਾਏ ਅਤੇ ਭਾਰਤ ਵਿਚਾਲੇ ਰਿਸ਼ਤਿਆਂ ਨੂੰ ਨਵੀਂ ਦਿਸ਼ਾ ਮਿਲੇਗੀ। ਉਹ ਸੈਨੇਟ ਮੁਖੀ ਜੋਹਨ ਕਲਰਟਨ, ਸਦਨ ਦੇ ਸਪੀਕਰ ਮਾਈਕਨ ਮੈਡੀਕਲ ਨੂੰ ਮਿਲੇ ਅਤੇ ਇਲੀਨਾਏ ਤੇ ਭਾਰਤ ਵਿਚਾਲੇ ਭਾਈਵਾਲੀ ਸਬੰਧੀ ਸੈਨੇਟਰਾਂ ਤੇ ਨੁਮਾਇੰਦਿਆਂ ਨਾਲ ਵਿਚਾਰ ਸਾਂਝੇ ਕੀਤੇ।

ਕੌਂਸਲ ਜਨਰਲ ਸੁਧਾਕਰ ਦਲੇਲਾ ਨੇ ਇਲੀਨਾਏ ਅਤੇ ਸੰਸਾਰ ਦੀ ਸਭ ਤੋਂ ਪੁਰਾਣੀ ਜਮਹੂਰੀਅਤ ਅਮਰੀਕਾ ਦੇ ਲੋਕਾਂ ਨੂੰ ਦੋਸਤੀ ਦਾ ਸੁਨੇਹਾ ਦਿੰਦਿਆਂ ਕਿਹਾ ਕਿ ਭਾਰਤ ਅਤੇ ਅਮਰੀਕਾ ਵਿਚਾਲੇ ਰਣਨੀਤਕ ਭਾਈਵਾਲੀ ਜਮਹੂਰੀਅਤ, ਕਾਨੂੰਨ ਵਿਵਸਥਾ, ਮਨੁੱਖ ਆਜ਼ਾਦੀ, ਆਜ਼ਾਦ ਮੀਡੀਆ ਅਤੇ ਮਜ਼ਬੂਤ ਸਿਵਲ ਸੁਸਾਇਟੀ ਦੇ ਆਧਾਰ 'ਤੇ ਹੈ।

ਇਸ ਮੌਕੇ ਉਨ੍ਹਾਂ ਭਾਰਤ ਦੇ ਸਮਾਜਕ ਤੇ ਆਰਥਕ ਖੇਤਰਾਂ 'ਚ ਹੋ ਰਹੀ ਤਬਦੀਲੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਭਾਰਤ ਦਾ ਟੀਚਾ ਅਗਲੇ 5 ਸਾਲਾਂ ਦੌਰਾਨ ਆਪਣੀ ਆਰਥਕਤਾ ਨੂੰ 5 ਅਰਬ ਡਾਲਰ ਤੱਕ ਅਪੜਾਉਣਾ ਹੈ। ਇਸ ਟੀਚੇ ਨੂੰ



ਹਾਸਲ ਕਰਨ ਵਿਚ ਅਮਰੀਕੀ ਸਹਿਯੋਗ ਦਾ ਵੱਡਾ ਰੋਲ ਹੋਵੇਗਾ। ਉਨ੍ਹਾਂ ਇਲੀਨਾਏ ਦੇ ਕਾਰੋਬਾਰੀਆਂ ਨੂੰ ਭਾਰਤ 'ਚ ਪੂੰਜੀ ਨਿਵੇਸ਼ ਦਾ ਸੱਦਾ ਦਿੰਦਿਆਂ ਕਿਹਾ ਕਿ ਉਹ ਭਾਰਤ ਦੀ ਪ੍ਰਫੁਲਿਤ ਹੋ ਰਹੀ ਆਰਥਕਤਾ ਦਾ ਲਾਹਾ ਲੈ ਸਕਦੇ ਹਨ।

ਉਨ੍ਹਾਂ ਇਲੀਨਾਏ ਦੇ ਗਵਰਨਰ ਜੇ. ਡੀ. ਪ੍ਰਿਟਜ਼ਰ ਅਤੇ ਵਣਜ ਤੇ ਆਰਥਿਕ ਮਾਮਲਿਆਂ ਬਾਰੇ ਕਾਰਜਕਾਰੀ ਸਕੱਤਰ ਐਰਿਨ ਗੁਥਰ ਨਾਲ ਮੁਲਾਕਾਤ ਕੀਤੀ ਅਤੇ ਦੋਹਾਂ ਮੁਲਕਾਂ ਦੇ ਆਪਸੀ ਕਾਰੋਬਾਰਾਂ ਬਾਰੇ ਚਰਚਾ ਕੀਤੀ। ਉਨ੍ਹਾਂ ਸਪਰਿੰਗਫੀਲਡ ਵਿਚ ਭਾਰਤੀ-ਅਮਰੀਕੀ ਭਾਈਚਾਰੇ ਦੇ ਮੈਂਬਰਾਂ ਨਾਲ ਵੀ ਗੱਲਬਾਤ ਕੀਤੀ।

# ਬਾਬੇ ਨਾਨਕ ਦੀਆਂ ਉਦਾਸੀਆਂ ਬਾਰੇ ਦਸਤਾਵੇਜ਼ੀ ਬਣੇਗੀ

**ਅੰਮ੍ਰਿਤਸਰ:** ਲੇਖਕ ਤੇ ਇਤਿਹਾਸਕਾਰ ਅਮਰਦੀਪ ਸਿੰਘ ਵੱਲੋਂ ਗੁਰੂ ਨਾਨਕ ਦੇਵ ਦੀਆਂ ਉਦਾਸੀਆਂ ਨਾਲ ਸਬੰਧਤ ਦਸਤਾਵੇਜ਼ੀ ਤਿਆਰ



ਕੀਤੀ ਜਾ ਰਹੀ ਹੈ। ਇਸ ਨੂੰ ਅਗਲੇ ਵਰ੍ਹੇ 2020 ਵਿਚ ਰਿਲੀਜ਼ ਕੀਤਾ ਜਾਵੇਗਾ। ਇਸ ਫਿਲਮ ਦਾ ਕੁਝ ਭਾਗ ਇਥੇ ਪਾਰਟੀਸ਼ੀਅਨ ਮਿਊਜ਼ੀਅਮ ਵਿਚ ਦਿਖਾਇਆ ਗਿਆ। ਸਿੰਗਾਪੁਰ ਵਾਸੀ ਅਮਰਦੀਪ ਸਿੰਘ ਵੱਲੋਂ ਦੋ ਪੁਸਤਕਾਂ 'ਲਾਸਟ ਹੈਰੀਟੇਜ: ਦਾ ਸਿੱਖ ਲੈਗੇਸੀ ਇਨ ਪਾਕਿਸਤਾਨ' ਅਤੇ ਦੂਜੀ 'ਦਾ ਕੁਵੈਸਟ ਕੰਟੀਨਿਊ: ਲਾਸਟ ਹੈਰੀਟੇਜ' ਵੀ ਲਿਖੀਆਂ ਗਈਆਂ ਹਨ। ਉਸ ਨੇ ਇਹ ਕਿਤਾਬਾਂ ਪਾਕਿਸਤਾਨ ਵਿਚ ਰਹਿ ਗਈ ਸਿੱਖ ਵਿਰਾਸਤ ਨੂੰ ਆਧਾਰ ਬਣਾ ਕੇ ਲਿਖੀਆਂ ਹਨ। ਉਸ ਨੇ ਇਸ ਸਬੰਧੀ ਖੋਜ ਲਈ ਕਈ ਵਾਰ ਪਾਕਿਸਤਾਨ ਅਤੇ ਹੋਰ ਮੁਲਕਾਂ ਵਿਚ ਦਾ ਦੌਰਾ ਕੀਤਾ।

ਇਥੇ ਦਸਤਾਵੇਜ਼ੀ ਫਿਲਮ ਬਾਰੇ ਜਾਣਕਾਰੀ ਦਿੰਦਿਆਂ ਉਸ ਨੇ ਦੱਸਿਆ ਕਿ ਗੁਰੂ ਸਾਹਿਬ ਦੀਆਂ ਯਾਤਰਾਵਾਂ ਨਾਲ ਸਬੰਧਤ ਇਹ ਫਿਲਮ ਲਗਭਗ 50 ਮਿੰਟ ਦੀ ਹੈ। ਇਸ ਵਿਚ ਗੁਰੂ ਸਾਹਿਬ ਵੱਲੋਂ ਵੱਖ-ਵੱਖ ਥਾਂਵਾਂ ਉਤੇ ਕੀਤੀਆਂ ਯਾਤਰਾਵਾਂ ਦਾ ਜ਼ਿਕਰ ਸ਼ਾਮਲ ਹੈ। ਉਸ ਨੇ ਆਖਿਆ ਕਿ ਪਾਕਿਸਤਾਨ ਵਿਚ ਗੁਰੂ ਸਾਹਿਬ ਨਾਲ ਸਬੰਧਤ ਸਿਰਫ ਤਿੰਨ ਮੁੱਖ ਥਾਂਵਾਂ ਜਨਮ ਅਸਥਾਨ ਨਨਕਾਣਾ ਸਾਹਿਬ, ਪੰਜਾ ਸਾਹਿਬ ਅਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਬਾਰੇ ਹੀ ਲੋਕਾਂ ਨੂੰ ਜਾਣਕਾਰੀ ਹੈ। ਉਸ ਨੇ ਕਿਹਾ ਕਿ ਜਦੋਂ ਇਸ ਮਾਮਲੇ ਵਿਚ ਉਸ ਨੇ ਖੋਜ ਕੀਤੀ ਤਾਂ ਕਈ ਅਜਿਹੀਆਂ ਥਾਂਵਾਂ ਵੀ ਮਿਲੀਆਂ ਹਨ, ਜੋ ਹੁਣ ਢਹਿ-ਢੇਰੀ ਹੋ ਰਹੀਆਂ ਹਨ ਅਤੇ ਕੁਝ ਥਾਂਵਾਂ ਉਤੇ ਲੋਕਾਂ ਦੇ ਕਬਜ਼ੇ ਹੋ ਗਏ ਹਨ। ਉਸ ਨੇ ਦੱਸਿਆ ਕਿ ਇਸ ਸਬੰਧ ਵਿਚ ਉਸ ਨੇ ਪਾਕਿਸਤਾਨ ਤੋਂ ਇਲਾਵਾ ਅਫਗਾਨਿਸਤਾਨ, ਤਿੱਬਤ, ਚੀਨ, ਇਰਾਨ ਅਤੇ ਸ੍ਰੀਲੰਕਾ ਦਾ ਦੌਰਾ ਕੀਤਾ ਹੈ। ਗੁਰੂ ਸਾਹਿਬ ਦੀ ਇਹ ਅਧਿਆਤਮਕ ਯਾਤਰਾ ਦਾ 75 ਫੀਸਦੀ ਹਿੱਸਾ ਇਨ੍ਹਾਂ ਮੁਲਕਾਂ ਨਾਲ ਸਬੰਧਤ ਹੈ। ਉਸ ਨੇ ਦੱਸਿਆ ਕਿ ਇਸ ਦਸਤਾਵੇਜ਼ੀ ਦੇ ਨਿਰਮਾਣ ਸਬੰਧੀ ਕੰਮ ਜਾਰੀ ਹੈ। ਇਕ ਹੋਰ ਦਸਤਾਵੇਜ਼ੀ ਫਿਲਮ ਵੀ ਤਿਆਰ ਕੀਤੀ ਜਾ ਰਹੀ ਹੈ ਜਿਸ ਵਿਚ ਸਿੱਖ ਜਰਨੈਲਾਂ ਵੱਲੋਂ ਤਿਆਰ ਕੀਤੇ ਗਏ ਲਗਭਗ 27 ਕਿਲ੍ਹਿਆਂ ਨੂੰ ਦਿਖਾਇਆ ਜਾਵੇਗਾ। ਇਨ੍ਹਾਂ ਵਿਚੋਂ ਵਧੇਰੇ ਕਿਲੇ ਪਾਕਿਸਤਾਨ ਵਿਚ ਹਨ। ਉਸ ਨੇ ਕਿਲ੍ਹਿਆਂ ਦੀ ਮੌਜੂਦਾ ਸਥਿਤੀ ਦਾ ਵੀ ਜ਼ਿਕਰ ਕੀਤਾ ਹੈ।

## ਉਘੇ ਗਣਿਤ ਸ਼ਾਸਤਰੀ ਵੀ. ਐਨ. ਸਿੰਘ ਦਾ ਦੇਹਾਂਤ

**ਨਵੀਂ ਦਿੱਲੀ:** ਪ੍ਰਸਿੱਧ ਹਿਸਾਬ ਸ਼ਾਸਤਰੀ ਵਸ਼ਿਸ਼ਟ ਨਰਾਇਣ ਸਿੰਘ (74) ਦੀ ਮੌਤ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਹ ਕੁਝ ਸਮੇਂ ਤੋਂ ਬਿਮਾਰ ਸਨ ਤੇ ਪਟਨਾ ਦੇ ਹਸਪਤਾਲ ਵਿਚ ਦਾਖਲ ਸਨ।

# ਕੌਮੀ ਰਾਜਧਾਨੀ 'ਚ ਪ੍ਰਦੂਸ਼ਣ ਦੇ ਮੁੱਦੇ 'ਤੇ ਸਿਆਸਤ ਭਖੀ

**ਨਵੀਂ ਦਿੱਲੀ:** ਕੌਮੀ ਰਾਜਧਾਨੀ ਦਿੱਲੀ ਪ੍ਰਦੂਸ਼ਣ ਦੇ ਮਾਮਲੇ 'ਚ ਸਿਆਸਤ ਭਖ ਗਈ ਹੈ। ਵਾਤਾਵਰਨ ਮੰਤਰੀ ਪ੍ਰਕਾਸ਼ ਜਾਵੜੇਕਰ ਵੱਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਰਾਫਾਲ ਮਾਮਲੇ ਵਿਚ ਮੁਆਫੀ ਮੰਗਣ ਲਈ ਕਿਹਾ ਹੈ ਜਦਕਿ ਸ੍ਰੀ ਕੇਜਰੀਵਾਲ ਨੇ ਜਵਾਬ ਦਿੱਤਾ ਕਿ ਹੁਣ ਸਮਾਂ ਰਾਜਨੀਤੀ ਕਰਨ ਦਾ ਨਹੀਂ ਬਲਕਿ ਮਿਲ ਕੇ ਪ੍ਰਦੂਸ਼ਣ ਦੂਰ ਕਰਨ ਦਾ ਹੈ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਦਿੱਲੀ ਸਰਕਾਰ ਤੇ ਦਿੱਲੀ ਦੇ ਲੋਕ ਮਿਲ ਕੇ ਉਹ ਸਭ ਕਰ ਰਹੇ ਹਨ ਜੋ ਉਨ੍ਹਾਂ ਦੇ ਹੱਥ ਵਸ ਹੈ ਅਤੇ ਇਸ ਲਈ ਕੇਂਦਰ ਸਰਕਾਰ ਦਾ ਸਹਿਯੋਗ ਵੀ ਚਾਹੀਦਾ ਹੈ। ਜਾਵੜੇਕਰ ਨੇ ਕਾਂਗਰਸ ਦੀ ਕਾਰਜਕਾਰੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਤੋਂ ਵੀ ਮੁਆਫੀ ਦੀ ਮੰਗ ਕੀਤੀ ਹੈ। ਇਸੇ ਦੌਰਾਨ ਭਾਜਪਾ ਦੇ ਸੂਬਾ ਪ੍ਰਧਾਨ ਮਨੋਜ ਤਿਵਾੜੀ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਦਿੱਲੀ ਸਰਕਾਰ ਨੂੰ ਝਾੜ ਪਾਈ ਹੈ ਤੇ ਸੂਬਾ ਸਰਕਾਰ ਨੇ ਪ੍ਰਦੂਸ਼ਣ ਰੋਕਣ ਲਈ ਕੁਝ ਨਹੀਂ ਕੀਤਾ।

ਇਸੇ ਦੌਰਾਨ ਦਿੱਲੀ ਭਾਜਪਾ ਦੇ ਸਾਬਕਾ ਪ੍ਰਧਾਨ ਤੇ ਰਾਜ ਸਭਾ ਮੈਂਬਰ ਵਿਜੇ ਗੋਇਲ ਨੇ ਇਕ ਪਾਸੇ ਦਿੱਲੀ ਵਿਚ ਵੱਧ ਰਹੇ ਪ੍ਰਦੂਸ਼ਣ ਕਾਰਨ ਜਨਤਾ ਪਰੇਸ਼ਾਨ ਹੈ ਦੂਜੇ ਪਾਸੇ ਲੋਕ ਬਿਮਾਰੀਆਂ ਨਾਲ ਜੂਝ ਰਹੇ ਹਨ। ਦਿੱਲੀ ਸਰਕਾਰ ਵੱਧ ਰਹੇ ਪ੍ਰਦੂਸ਼ਣ ਨੂੰ ਰੋਕਣ ਵਿਚ ਪੂਰੀ ਤਰ੍ਹਾਂ ਅਸਫਲ ਹੈ। ਕੂਟਨੀਤਕ ਭਾਈਚਾਰੇ ਨੇ ਕੌਮੀ ਰਾਜਧਾਨੀ ਵਿਚ ਵਧੇ ਪ੍ਰਦੂਸ਼ਣ ਉਤੇ ਚਿੰਤਾ ਜ਼ਾਹਿਰ ਕੀਤੀ ਹੈ। ਕਾਂਗਰਸ ਦੇ ਸੀਨੀਅਰ ਆਗੂ ਕਪਿਲ ਸਿੱਬਲ ਨੇ ਪ੍ਰਦੂਸ਼ਣ ਦੇ ਮੁੱਦੇ ਉਤੇ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੂੰ ਖਰਾਬ ਹੋਈ ਹਵਾ ਵੱਲ ਉਸ ਤਰ੍ਹਾਂ ਧਿਆਨ ਦੇਣਾ ਚਾਹੀਦਾ ਹੈ ਕਿ ਜਿਸ ਤਰ੍ਹਾਂ ਉਸ ਨੇ ਧਾਰਾ 370 ਦੇ ਮਾਮਲੇ ਵਿਚ ਕੀਤਾ ਹੈ। ਸਾਬਕਾ ਕੇਂਦਰੀ ਮੰਤਰੀ ਨੇ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰਨ ਦੇ ਫੈਸਲੇ ਦੇ ਸੰਦਰਭ ਵਿਚ ਕਿਹਾ, 'ਕੀ ਧਾਰਾ 370 ਪਿੱਛੇ ਸਿਆਸਤ ਸਾਡੇ ਸਾਫ ਹਵਾ ਵਿਚ ਸਾਹ ਲੈਣ ਦੇ ਅਧਿਕਾਰ ਤੋਂ ਵੀ ਵੱਧ ਮਹੱਤਵਪੂਰਨ ਹੈ। ਸਾਡੀ ਸਰਕਾਰ ਨੂੰ ਹਵਾ ਪ੍ਰਦੂਸ਼ਣ ਉਤੇ ਵੀ ਉਨਾ ਹੀ ਧਿਆਨ ਦੇਣਾ ਚਾਹੀਦਾ ਹੈ ਜਿੰਨਾ ਉਸ ਨੇ ਧਾਰਾ 370 ਦੇ ਮਾਮਲੇ ਵਿਚ ਦਿੱਤਾ ਸੀ।




The Law Firm
Of Fatima Johnson
3737 N. Meridian St., Ste 106, Indianapolis, IN 46208
vitalvisa
THE LAW FIRM OF FATIMA JOHNSON
ਤੁਸੀਂ ਸਾਡੇ ਲਈ ਬਹੁਤ ਅਹਿਮ ਹੋ
Are you planning on going to your immigration interview or court alone? Don't do it!
ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!
Did you enter the U.S. without a visa?
ਕੀ ਤੁਸੀਂ ਯੂਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?
Do you have family members outside the U.S.?
ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?
Does your application keep getting denied?
ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?

*We are experienced in.*
•Deportation Defense •VAWA •Asylum •Work Permit
•Family and Marriage Based •Investor Visa (H1B, E-2, EB-5)
•SIJS (Special Immigration Juvenile Status)

Come talk to an experienced immigration attorany. Call to schedule an appointment today
ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ
Languages Spoken
•English •Hindi •Punjabi •Urdu •Spanish •French •Arabic •Chinese
ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ
Licensed to Practice Immigration Law in all 50 States.
Ph: 317-252-0013
info@vitalvisa.com
*This is an attorney advertisement*



ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
1480 N. State Road 1, Cambridge City, IN 47327
ਕੈਬਰਿਜ ਸਿਟੀ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ
ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ
ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਨਜੀਤ ਨਾਗਰਾ
ਫੋਨ: 317-750-1900

# ਗਵਰਨਰ ਗਰੈਚਨ ਵਿਟਮਰ ਗੁਰਦੁਆਰਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਪਹੁੰਚੇ

**ਕੈਂਟਨ, ਮਿਸ਼ੀਗਨ (ਬਿਊਰੋ):** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਗੁਰਦੁਆਰਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਚੱਲ ਰਹੇ ਵਿਸ਼ੇਸ਼ ਸਮਾਗਮਾਂ ਦੌਰਾਨ ਮਿਸ਼ੀਗਨ ਸਟੇਟ ਦੀ ਗਵਰਨਰ ਗਰੈਚਨ ਵਿਟਮਰ ਵੀ ਨਤਮਸਤਕ ਹੋਣ ਲਈ ਪਹੁੰਚੇ। ਉਨ੍ਹਾਂ ਦੀਵਾਨ ਹਾਲ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਿਆ ਅਤੇ ਬੜੀ ਸ਼ਰਧਾ ਨਾਲ ਬੈਠ ਕੇ ਗੋਬਿੰਦਰ ਸਰਵਰ ਗੁਰਮਤਿ ਸਕੂਲ ਦੇ ਬੱਚਿਆਂ ਵਲੋਂ ਕੀਤਾ ਜਾ ਰਿਹਾ ਕੀਰਤਨ ਸਰਵਣ ਕੀਤਾ।


ਕੀਰਤਨ ਉਪਰੰਤ ਬੁਲਾਰਿਆਂ ਨੇ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਬਾਰੇ ਦੱਸਦਿਆਂ ਅਮਰੀਕਾ ਵਿਚ ਸਿੱਖਾਂ ਦੇ ਯੋਗਦਾਨ ਦੀ ਜਾਣਕਾਰੀ ਦਿੱਤੀ। ਇਸ ਮੌਕੇ ਸੰਗਤ ਨੂੰ ਗੁਰਪੁਰਬ ਦੀ ਵਧਾਈ ਦਿੰਦਿਆਂ ਗਵਰਨਰ ਨੇ ਗੁਰੂ ਨਾਨਕ ਸਾਹਿਬ ਦੇ ਮਾਨਵਤਾ ਪ੍ਰਤੀ ਸਰਬ ਸਾਂਝੀਵਾਲਤਾ ਦੇ ਸੁਨੇਹੇ ਨੂੰ ਯਾਦ ਕੀਤਾ।

ਦਰਬਾਰ ਸਾਹਿਬ ਦੇ ਸੇਵਾਦਾਰਾਂ ਅਤੇ ਪਤਵੰਤੇ ਸੱਜਣਾਂ ਨੇ ਗਵਰਨਰ ਨੂੰ ਜੀ ਆਇਆਂ ਆਖਿਆ ਅਤੇ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ। ਉਪਰੰਤ ਗਵਰਨਰ ਨੇ ਲੰਗਰ ਹਾਲ ਵਿਚ ਸੰਗਤ 'ਚ ਬੈਠ ਕੇ ਪ੍ਰਸ਼ਾਦ ਛਕਿਆ। ਉਨ੍ਹਾਂ ਨਾਲ ਕੈਂਟਨ ਦੇ ਸੁਪਰਵਾਈਜ਼ਰ ਪੈਟ ਵਿਲੀਅਮ, ਖਜਾਨਚੀ ਡਾਈਐਨ ਸਲੇਵਨਜ਼, ਕੈਂਟਨ ਪੁਲਿਸ ਦੇ ਡਿਪਟੀ ਡਾਇਰੈਕਟਰ ਚੈਡ ਬਾਹ ਅਤੇ ਕਲਰਕ ਮਾਈਕਲ ਸੀਗਰਿਸਟ ਵੀ ਆਏ ਹੋਏ ਸਨ। ਸੰਗਤ ਵੀ ਵੱਡੀ ਗਿਣਤੀ ਵਿਚ ਗੁਰੂ ਘਰ ਨਤਮਸਤਕ ਹੋਈ।






ਬਾਅਦ ਵਿਚ ਗਵਰਨਰ ਗਰੈਚਨ ਵਿਟਮਰ ਨੇ ਗੁਰਦੁਆਰਾ ਸਾਹਿਬ ਦੇ ਬਗੀਚੇ ਵਿਚ ਦਰਖਤ ਵੀ ਲਾਇਆ। ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਸੇਵਾਦਾਰਾਂ ਨੇ ਵੀ 55 ਦਰਖਤ ਲਾਏ। ਇਸ ਮੌਕੇ ਮਿਸ਼ੀਗਨ ਸਟੇਟ ਦੀਆਂ ਵੱਖ ਵੱਖ ਜਥੇਬੰਦੀਆਂ ਦੇ ਨੁਮਾਇੰਦੇ ਵੀ ਪਹੁੰਚੇ ਹੋਏ ਸਨ।











# ਮੰਤਰੀ ਦੀ ਕੋਠੀ ਅੱਗੇ ਬੇਰੁਜ਼ਗਾਰਾਂ 'ਤੇ ਲਾਠੀਚਾਰਜ

**ਸੰਗਰੂਰ:** ਸਿੱਖਿਆ ਮੰਤਰੀ ਦੀ ਕੋਠੀ ਅੱਗੇ ਪ੍ਰਦਰਸ਼ਨ ਕਰਨ ਪੁੱਜੇ ਬੇਰੁਜ਼ਗਾਰ ਬੀ.ਐਡ ਅਧਿਆਪਕਾਂ ਨੂੰ ਖਦੇੜਨ ਲਈ ਪੁਲਿਸ ਵੱਲੋਂ ਲਾਠੀਚਾਰਜ ਕੀਤਾ ਗਿਆ ਅਤੇ ਪਾਣੀ ਦੀਆਂ ਤੇਜ਼ ਬੁਛਾੜਾਂ ਵੀ ਮਾਰੀਆਂ ਗਈਆਂ। ਇਸ ਲਾਠੀਚਾਰਜ ਦੌਰਾਨ ਔਰਤਾਂ ਸਣੇ ਕਈ ਬੇਰੁਜ਼ਗਾਰ ਅਧਿਆਪਕਾਂ ਦੀ ਪੁਲਿਸ ਵੱਲੋਂ ਖਿੱਚ-ਧੂਹ ਕੀਤੀ ਗਈ, ਜਿਸ ਕਾਰਨ ਪ੍ਰਦਰਸ਼ਨਕਾਰੀਆਂ ਦੀਆਂ ਪੱਗਾਂ ਵੀ ਲੱਥ ਗਈਆਂ। ਪ੍ਰਦਰਸ਼ਨਕਾਰੀ ਅਧਿਆਪਕਾਂ ਵੱਲੋਂ ਪੁਲਿਸ ਉਤੇ ਮਹਿਲਾ ਅਧਿਆਪਕਾਂ ਉਤੇ ਡੰਡਾ ਵਰ੍ਹਾਉਣ, ਦੌੜਾ-ਦੌੜਾ ਕੇ ਕੁੱਟਣ ਤੇ ਪਥਰਾਅ ਕਰਨ ਦੇ ਦੋਸ਼ ਲਗਾਏ ਗਏ।

ਡਿਪਟੀ ਕਮਿਸ਼ਨਰ ਕੰਪਲੈਕਸ ਅੱਗੇ ਰੁਜ਼ਗਾਰ ਦੀ ਮੰਗ ਸਬੰਧੀ ਪਿਛਲੇ ਢਾਈ ਮਹੀਨਿਆਂ ਤੋਂ ਪੱਕਾ ਮੋਰਚਾ ਲਗਾਈ ਬੈਠੇ ਟੈਟ ਪਾਸ ਬੀ.ਐੱਡ ਬੇਰੁਜ਼ਗਾਰ ਅਧਿਆਪਕ ਬੀ.ਏ. 'ਚੋਂ 55 ਫੀਸਦੀ ਦੀ ਸ਼ਰਤ ਨੂੰ ਵਾਪਸ ਕਰਾਉਣ ਲਈ ਸਿੱਖਿਆ ਮੰਤਰੀ ਦੀ ਕੋਠੀ ਅੱਗੇ ਪ੍ਰਦਰਸ਼ਨ ਕਰਨ ਪੁੱਜੇ ਸਨ। ਪ੍ਰਦਰਸ਼ਨਕਾਰੀ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਦੀਆਂ ਤਸਵੀਰਾਂ ਵਾਲੇ ਪੁਤਲਿਆਂ ਨੂੰ ਗਧੀ ਉਤੇ ਬਿਠਾ ਕੇ ਸ਼ਹਿਰ ਦੇ ਬਾਜ਼ਾਰਾਂ 'ਚ ਰੋਸ ਮਾਰਚ ਕਰਨ ਮਗਰੋਂ ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਦੀ ਕੋਠੀ ਨੇੜੇ ਪੁੱਜੇ ਤਾਂ ਪੁਲਿਸ ਨੇ ਨਾਕਾ ਲਗਾ ਕੇ ਉਨ੍ਹਾਂ ਨੂੰ ਰੋਕ ਲਿਆ। ਇਸ ਦੌਰਾਨ ਦੋਵੇਂ ਧਿਰਾਂ 'ਚ ਝੜਪ ਹੋ ਗਈ ਤੇ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਖਦੇੜਨ ਲਈ ਲਾਠੀਚਾਰਜ ਕਰ ਦਿੱਤਾ ਅਤੇ ਪਾਣੀ ਦੀਆਂ ਤੇਜ਼ ਬੁਛਾੜਾਂ ਵੀ ਮਾਰੀਆਂ। ਲਾਠੀਚਾਰਜ 'ਚ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਢਿੱਲਵਾਂ ਸਮੇਤ ਕਈ ਪ੍ਰਦਰਸ਼ਨਕਾਰੀਆਂ ਦੀਆਂ ਪੱਗਾਂ ਲੱਥ ਗਈਆਂ ਤੇ ਉਹ ਹੇਠਾਂ ਡਿੱਗ ਗਏ। ਉਪਰੰਤ ਪ੍ਰਦਰਸ਼ਨਕਾਰੀਆਂ ਨੇ ਸਿੱਖਿਆ ਮੰਤਰੀ ਦੀ ਕੋਠੀ ਨੇੜੇ ਹੀ ਸੜਕ ਉਤੇ ਆਵਾਜਾਈ ਠੱਪ ਕਰ ਕੇ ਧਰਨਾ ਦਿੰਦਿਆਂ ਪੰਜਾਬ ਸਰਕਾਰ ਤੇ ਸਿੱਖਿਆ ਮੰਤਰੀ ਖਿਲਾਫ ਨਾਅਰੇਬਾਜ਼ੀ ਕੀਤੀ। ਯੂਨੀਅਨ ਦੇ ਸੂਬਾ ਪ੍ਰਧਾਨ ਸ੍ਰੀ ਢਿੱਲਵਾਂ ਅਤੇ ਗੁਰਜੀਤ ਕੌਰ ਖੇੜੀ ਨੇ ਦੋਸ਼ ਲਾਇਆ ਕਿ ਪੁਲਿਸ ਵੱਲੋਂ ਬੇਰੁਜ਼ਗਾਰ ਅਧਿਆਪਕਾਂ ਦੀਆਂ ਪੱਗਾਂ ਅਤੇ ਚੁੰਨੀਆਂ ਸੜਕਾਂ ਉਤੇ ਰੋਲੀਆਂ ਗਈਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਪੁਲਿਸ ਵੱਲੋਂ ਮਹਿਲਾ ਅਧਿਆਪਕਾਂ ਉਤੇ ਡੰਡਾ ਵਰ੍ਹਾਇਆ ਗਿਆ ਅਤੇ ਪਥਰਾਅ ਕੀਤਾ ਗਿਆ। ਉਨ੍ਹਾਂ ਐਲਾਨ ਕੀਤਾ ਕਿ ਰੁਜ਼ਗਾਰ ਲੈਣ, 55 ਫੀਸਦੀ ਨੰਬਰਾਂ ਦੀ ਸ਼ਰਤ ਰੱਦ ਕਰਾਉਣ ਅਤੇ ਉਮਰ ਹੱਦ 42 ਤੋਂ ਵਧਾ ਕੇ 47 ਸਾਲ ਕਰਾਉਣ ਲਈ ਚੱਲ ਰਿਹਾ ਪੱਕਾ ਮੋਰਚਾ ਸਰਕਾਰੀ ਜਬਰ ਦੀ ਪ੍ਰਵਾਹ ਕੀਤੇ ਬਿਨਾ ਜਾਰੀ ਰਹੇਗਾ।



# ਪੜ੍ਹਾਈ ਲਈ ਅਮਰੀਕਾ ਜਾਣ ਵਿਚ ਭਾਰਤੀ ਮੋਹਰੀ

**ਵਾਸ਼ਿੰਗਟਨ:** ਭਾਰਤ ਨੇ ਸਾਲ 2018-19 ਵਿਚ ਦੋ ਲੱਖ ਤੋਂ ਵੱਧ ਵਿਦਿਆਰਥੀਆਂ ਨੂੰ ਅਮਰੀਕਾ ਭੇਜਿਆ, ਜਦਕਿ ਚੀਨ ਲਗਾਤਾਰ 10ਵੇਂ ਸਾਲ ਸਭ ਤੋਂ ਵੱਧ ਵਿਦਿਆਰਥੀਆਂ ਨੂੰ ਅਮਰੀਕਾ ਭੇਜਣ ਵਾਲਾ ਦੇਸ਼ ਰਿਹਾ। ਇਸ ਸਬੰਧੀ ਜਾਰੀ ਕੀਤੀ ਰਿਪੋਰਟ- 2019 ਓਪਨ ਡੋਰਸ ਰਿਪੋਰਟ ਆਨ ਇੰਟਰਨੈਸ਼ਨਲ ਐਜੂਕੇਸ਼ਨ ਐਕਸਚੇਂਜ ਮੁਤਾਬਕ ਅਮਰੀਕਾ 'ਚ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਸਾਲ 2018-19 'ਚ ਸਭ ਤੋਂ ਵੱਧ ਰਹੀ। ਇਹ ਲਗਾਤਾਰ ਚੌਥਾ ਸਾਲ ਹੈ ਜਦੋਂ 10 ਲੱਖ ਤੋਂ ਜ਼ਿਆਦਾ ਵਿਦਿਆਰਥੀ ਅਮਰੀਕਾ ਪਹੁੰਚੇ।

ਯੂ.ਐਸ. ਦੇ ਵਣਜ ਵਿਭਾਗ ਦੇ ਅੰਕੜਿਆਂ ਅਨੁਸਾਰ ਸਾਲ 2018 ਵਿਚ ਅਮਰੀਕਾ ਦੀ ਆਰਥਿਕਤਾ ਵਿਚ ਵਿਦੇਸ਼ੀ ਵਿਦਿਆਰਥੀਆਂ ਦਾ ਯੋਗਦਾਨ 44.7 ਅਰਬ ਡਾਲਰ ਸੀ, ਜੋ ਪਿਛਲੇ ਸਾਲਾਂ ਨਾਲੋਂ 5.5 ਫੀਸਦੀ ਵੱਧ ਹੈ। ਹਾਲਾਂਕਿ, ਸਾਲ 2018-19 ਵਿਚ 3,69,548 ਵਿਦਿਆਰਥੀਆਂ ਦੇ ਨਾਲ, ਚੀਨ ਲਗਾਤਾਰ 10ਵੇਂ ਸਾਲ ਵਿਦਿਆਰਥੀਆਂ ਨੂੰ ਅਮਰੀਕਾ ਭੇਜਣ ਵਾਲਾ ਸਭ ਤੋਂ ਵੱਡਾ ਦੇਸ਼ ਬਣ ਗਿਆ। ਉਧਰ ਇਸੇ ਸਾਲ ਭਾਰਤ ਨੇ 2,02,014 ਵਿਦਿਆਰਥੀਆਂ ਨੂੰ ਅਮਰੀਕਾ ਭੇਜਿਆ। ਇਹ ਗਿਣਤੀ ਚੀਨ ਤੋਂ ਬਾਅਦ ਕਿਸੇ ਵੀ ਦੇਸ਼ ਦੀ ਸਭ ਤੋਂ ਵੱਧ ਹੈ।

ਰਿਪੋਰਟ ਅਨੁਸਾਰ ਅਮਰੀਕਾ ਜਾਣ ਵਾਲੇ ਕੁੱਲ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ 10,95,299 ਰਹੀ ਜੋ ਪਿਛਲੇ ਸਾਲ ਨਾਲੋਂ 0.05% ਵੱਧ ਹੈ। ਉਚ ਸਿੱਖਿਆ ਪ੍ਰਾਪਤ ਕਰਨ ਵਾਲੇ ਕੁੱਲ ਵਿਦਿਆਰਥੀਆਂ ਦਾ 5.5% ਹੈ। ਕੁੱਲ ਵਿਦੇਸ਼ੀ ਵਿਦਿਆਰਥੀਆਂ ਵਿਚੋਂ 50% ਤੋਂ ਵੱਧ ਭਾਰਤ ਤੇ ਚੀਨ ਤੋਂ ਹਨ। ਰਿਪੋਰਟ ਇੰਸਟੀਚਿਊਟ ਆਫ ਇੰਟਰਨੈਸ਼ਨਲ ਐਜੂਕੇਸ਼ਨ ਤੇ ਵਿਦੇਸ਼ ਮੰਤਰਾਲੇ ਦੇਵ ਬਿਊਰੋ ਆਫ ਐਜੂਕੇਸ਼ਨ ਤੇ ਕਲਚਰਲ ਅਫੇਅਰਜ਼ ਨੇ ਜਾਰੀ ਕੀਤੀ ਹੈ।

## ਅਗਨੀ-2 ਮਿਜ਼ਾਈਲ ਦਾ ਸਫਲ ਪ੍ਰੀਖਣ

**ਬਾਲਾਸੋਰ (ਉੜੀਸਾ):** ਉੜੀਸਾ ਦੇ ਬਾਲਾਸੋਰ ਤਟ ਤੋਂ ਸੈਨਾ ਨੇ ਪਹਿਲੀ ਵਾਰ ਸਤ੍ਹਾ ਤੋਂ ਸਤ੍ਹਾ ਤੱਕ 2000 ਕਿਲੋਮੀਟਰ ਦੀ ਰੇਂਜ ਵਾਲੀ ਅਗਨੀ-2 ਬੈਲਿਸਟਿਕ ਮਿਜ਼ਾਈਲ ਦਾ ਸਫਲ ਪ੍ਰੀਖਣ ਕੀਤਾ। ਇਹ ਮਿਜ਼ਾਈਲ 1000 ਕਿੱਲੋਗ੍ਰਾਮ ਨਿਊਕਲੀਅਰ ਹਥਿਆਰ 2000 ਕਿੱਲੋਮੀਟਰ ਤੱਕ ਲਿਜਾ ਸਕਦੀ ਹੈ। ਇਹ 20 ਮੀਟਰ ਲੰਮੀ ਅਤੇ 17 ਟਨ ਭਾਰ ਵਾਲੀ ਹੈ।

# ਪੰਜਾਬੀ ਕਲਚਰਲ ਸੁਸਾਇਟੀ ਦੇ ਸਮਾਗਮ 'ਚ ਗੂੰਜਿਆ ਪੰਜਾਬੀ ਸੰਗੀਤ

**ਸ਼ਿਕਾਗੋ (ਬਿਊਰੋ):** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਨੇ ਇਥੋਂ ਦੀ ਇਕ ਸਬਰਬ ਆਰਲਿੰਗਟਨ ਹਾਈਟਸ ਵਿਚ ਅਟਲਾਂਟਿਸ ਬੈਂਕੁਇਟ ਹਾਲ ਵਿਚ ਪਰਿਵਾਰਕ ਰਾਤਰੀ ਭੋਜ ਅਤੇ ਪੰਜਾਬੀ ਸੰਗੀਤ 'ਪੀ. ਸੀ. ਐਸ. ਨਾਈਟ' ਸਮਾਗਮ ਕਰਵਾਇਆ, ਜਿਸ ਵਿਚ ਭਰਵੀਂ ਗਿਣਤੀ ਵਿਚ ਲੋਕਾਂ ਨੇ ਹਿੱਸਾ ਲਿਆ। ਸਮਾਗਮ ਦੇ ਮੁੱਖ ਮਹਿਮਾਨ ਮਿਲਵਾਕੀ ਤੋਂ ਬੇਅੰਤ ਸਿੰਘ ਬੋਪਾਰਾਏ ਅਤੇ ਉਨ੍ਹਾਂ ਦੀ ਪਤਨੀ ਨਰਿੰਦਰ ਕੌਰ ਬੋਪਾਰਾਏ ਸਨ।

'ਵਾਇਸ ਆਫ ਪੰਜਾਬ-2011' ਦੀ ਚੈਂਪੀਅਨ ਜਸਪਿੰਦਰ ਰੈਣਾ ਅਤੇ ਰਾਜਨ ਸੰਧੂ ਨੇ ਸੁਰਾਂ ਦੀ ਖੂਬ ਛਹਿਬਰ ਲਾਈ। ਸਟੇਜ ਸੰਚਾਲਨ ਜਸ ਪੰਜਾਬ ਟੀ. ਵੀ. ਫੇਮ 'ਜਲਵੇ ਜੱਗੀ ਦੇ' ਦੇ ਕਲਾਕਾਰ ਜਗਤਾਰ ਜੱਗੀ ਨੇ ਕੀਤਾ। ਜਸਪਿੰਦਰ ਰੈਣਾ ਅਤੇ ਰਾਜਨ ਸੰਧੂ ਨੇ ਆਪਣੀਆਂ ਨਵੀਆਂ ਰਿਲੀਜ਼ ਹੋਈਆਂ ਐਲਬਮਾਂ ਦੇ ਚਰਚਿਤ ਗੀਤ ਗਾਏ। ਜਗਤਾਰ ਜੱਗੀ ਨੇ ਵੀ ਲਤੀਫਿਆਂ ਅਤੇ ਹਾਸੇ-ਠੱਠੇ ਨਾਲ ਪ੍ਰੋਗਰਾਮ ਨੂੰ ਚਾਰ ਚੰਨ ਲਾਏ। ਸਿੱਟੇ ਵਜੋਂ ਪੰਜਾਬੀ ਗੀਤਾਂ, ਨਾਚਾਂ ਅਤੇ ਖਾਣਿਆਂ ਦੀ ਇਹ ਮਹਿਫਿਲ ਪੂਰੀ ਤਰ੍ਹਾਂ ਪਰਿਵਾਰਕ ਹੋ ਨਿਬੜੀ।

ਸਮਾਗਮ ਦੇ ਗੈਸਟ ਆਫ ਆਨਰ ਸ਼ਿਕਾਗੋ ਵਿਚ ਭਾਰਤੀ ਕੌਂਸਲਖਾਨੇ ਦੇ ਕੌਂਸਲ ਰਣਜੀਤ ਸਿੰਘ ਸਨ। ਉਨ੍ਹਾਂ ਸਾਰੇ ਕਲਾਕਾਰਾਂ ਅਤੇ ਸਮਾਗਮ ਦੇ ਸਿਲਵਰ ਸਪਾਂਸਰਾਂ ਨੂੰ ਐਵਾਰਡ ਵੰਡੇ। ਸ. ਬੇਅੰਤ ਸਿੰਘ ਬੋਪਾਰਾਏ ਨੇ ਗੋਲਡਨ ਸਪਾਂਸਰਾਂ ਦਾ ਯਾਦ ਚਿੰਨਾਂ ਨਾਲ ਸਨਮਾਨ ਕੀਤਾ। ਇਸ ਮੌਕੇ ਮੁੱਖ ਮਹਿਮਾਨ ਸ. ਬੋਪਾਰਾਏ ਅਤੇ ਗੈਸਟ ਆਫ ਆਨਰ ਰਣਜੀਤ ਸਿੰਘ ਦਾ ਪੀ. ਸੀ. ਐਸ. ਦੇ ਚੇਅਰਮੈਨ ਗੁਰਦੀਪ ਸਿੰਘ ਨੰਦੜਾ, ਪ੍ਰਧਾਨ ਹਰਵਿੰਦਰ ਪਾਲ ਸਿੰਘ ਲੈਲ ਅਤੇ ਹੋਰ ਅਹੁਦੇਦਾਰਾਂ ਨੇ ਸਨਮਾਨ ਕੀਤਾ।

ਪ੍ਰੋਗਰਾਮ ਦੇ ਅਰੰਭ ਵਿਚ ਪੀ. ਸੀ. ਐਸ. ਦੇ ਮੀਤ ਪ੍ਰਧਾਨ ਵਿਕ ਸਿੰਘ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਪ੍ਰਧਾਨ ਹਰਵਿੰਦਰ ਪਾਲ ਸਿੰਘ ਲੈਲ ਨੇ ਕਲਾਕਾਰਾਂ ਬਾਰੇ ਜਾਣ-ਪਛਾਣ ਕਰਵਾਈ। ਚੇਅਰਮੈਨ ਗੁਰਦੀਪ ਸਿੰਘ ਨੰਦੜਾ ਨੇ ਪੀ. ਸੀ. ਐਸ. ਵਲੋਂ ਭਾਈਚਾਰੇ ਦੀ ਕੀਤੀ ਜਾ ਰਹੀ ਸੇਵਾ ਅਤੇ ਨੌਜਵਾਨਾਂ ਨੂੰ ਪੰਜਾਬੀ ਸਭਿਆਚਾਰ ਨਾਲ ਜੋੜਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ।

ਪੀ. ਸੀ. ਐਸ. ਵਲੋਂ ਹੁਣ ਅਗਲਾ ਸਮਾਗਮ ਥੈਂਕਸਗਿਵਿੰਗ ਦਿਵਸ ਪਰੇਡ ਮੌਕੇ ਸ਼ਿਕਾਗੋ ਦੀ ਸਟੇਟ ਸਟਰੀਟ ਵਿਖੇ 28 ਨਵੰਬਰ ਨੂੰ ਕੀਤਾ ਜਾਵੇਗਾ ਅਤੇ ਇਸ ਤੋਂ ਬਾਅਦ ਅਗਲੇ ਸਾਲ 11 ਅਪਰੈਲ ਨੂੰ ਐਲਜਿਨ (ਇਲੀਨਾਏ) ਦੇ ਹੈਮਨਜ਼ ਕਲਚਰਲ ਸੈਂਟਰ ਆਡੀਟੋਰੀਅਮ ਵਿਚ ਵਿਸਾਖੀ ਨੂੰ ਸਮਰਪਿਤ ਪ੍ਰੋਗਰਾਮ 'ਰੰਗਲਾ ਪੰਜਾਬ 2020' ਕਰਵਾਇਆ ਜਾਵੇਗਾ।









ਜ਼ਿਕਰਯੋਗ ਹੈ ਕਿ ਪੰਜਾਬੀ ਕਲਚਰਲ ਸੁਸਾਇਟੀ, ਸ਼ਿਕਾਗੋ 'ਨਾ ਨਫਾ ਨਾ ਨੁਕਸਾਨ' ਉਤੇ ਚੱਲਣ ਵਾਲੀ ਸੰਸਥਾ ਹੈ, ਜੋ ਪੰਜਾਬੀ ਸਭਿਆਚਾਰ, ਬੋਲੀ, ਕਲਾ, ਸਿੱਖਿਆ, ਵਧੀਆ ਨਾਗਰਿਕਤਾ, ਸਿਹਤਮੰਦ ਲਾਈਫ ਸਟਾਈਲ ਅਤੇ ਖੇਡਾਂ ਦੇ ਖੇਤਰ ਵਿਚ ਲਗਾਤਾਰ ਸਰਗਰਮੀ ਕਰ ਰਹੀ ਹੈ।

ਹੋਰ ਜਾਣਕਾਰੀ ਲਈ ਸੰਸਥਾ ਦੇ ਫੋਨ: 847-359-5727, ਈ-ਮੇਲ info@PCSChicago.org ਜਾਂ ਵੈਬਸਾਈਟ www.PCSChicago.org ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।












# ਬੋਲਿੰਗਬਰੁਕ ਦੇ ਨਵੇਂ ਗੁਰਦੁਆਰੇ ਵਿਚ ਗੁਰਪੁਰਬ ਮਨਾਇਆ

**ਸ਼ਿਕਾਗੋ (ਬਿਊਰੋ):** ਸ਼ਿਕਾਗੋ ਦੀ ਸਬਰਬ ਬੋਲਿੰਗਬਰੁਕ ਵਿਚ ਨਵਾਂ ਗੁਰਦੁਆਰਾ ਗੁਰੂ ਨਾਨਕ ਦਰਬਾਰ ਖੁੱਲ੍ਹਿਆ ਹੈ, ਜਿਥੇ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਉਤਸਵ ਮਨਾਇਆ ਗਿਆ ਅਤੇ ਨਾਲ ਹੀ ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਣ ਦੀ ਖੁਸ਼ੀ ਮਨਾਈ ਗਈ। ਇਸ ਪ੍ਰੋਗਰਾਮ ਦੌਰਾਨ ਕਈ ਤਕਰੀਰਾਂ ਹੋਈਆਂ ਤੇ ਨਾਲ ਕਵਿਤਾਵਾਂ ਵੀ ਪੇਸ਼ ਕੀਤੀਆਂ ਗਈਆਂ। ਪ੍ਰੋਗਰਾਮ ਸਿੱਖ ਅਤੇ ਮੁਸਲਿਮ ਭਾਈਚਾਰੇ ਨੇ ਰਲ ਕੇ ਕੀਤਾ। ਵਧੇਰੇ ਮੁਸਲਿਮ ਭਾਈਚਾਰਾ ਜਨਾਬ ਤਲਤ ਰਾਸ਼ੀਦ ਦੇ ਸੱਦੇ 'ਤੇ ਆਇਆ, ਜੋ ਬੋਲਿੰਗਬਰੁਕ ਸ਼ਹਿਰ ਨਾਲ ਜੁੜੇ ਹੋਏ ਹਨ। ਪ੍ਰੋਗਰਾਮ ਵਿਚ ਬੋਲਿੰਗਬਰੁਕ ਦੇ ਮੇਅਰ ਰੌਜਰ ਕਲਾਰ ਅਤੇ ਕੌਂਸਲ ਮੈਂਬਰ ਵੀ ਸ਼ਾਮਲ ਹੋਏ। ਇਸ ਮੌਕੇ ਮੇਅਰ ਦੇ ਸਿਰ 'ਤੇ ਦਸਤਾਰ ਵੀ ਸਜਾਈ ਗਈ, ਜੋ ਪੂਰੀ ਫਬਦੀ ਸੀ।

ਪ੍ਰੋਗਰਾਮ ਬੋਲਿੰਗਬਰੁਕ ਕਮਿਊਨਿਟੀ ਸੈਂਟਰ ਵਿਚ ਹੋਇਆ, ਜੋ ਪਹਿਲਾਂ ਚਰਚ ਹੁੰਦਾ ਸੀ। ਪ੍ਰੋਗਰਾਮ ਦੀ ਸ਼ੁਰੂਆਤ ਭਾਈ ਕੀਰਤ ਸਿੰਘ ਅਤੇ ਸਾਥੀਆਂ ਨੇ ਸ਼ਬਦ ਕੀਰਤਨ ਨਾਲ ਕੀਤੀ। ਪਿਛੋਂ ਗੁਰਸ਼ਰਨ ਸਿੰਘ ਉਰਫ ਗੁਰ ਸਿੰਘ ਨੇ ਦੱਸਿਆ ਕਿ ਬੋਲਿੰਗਬਰੁਕ ਵਿਖੇ ਨਵੇਂ ਗੁਰਦੁਆਰਾ ਸਾਹਿਬ ਦੀ ਕਿਉਂ ਲੋੜ ਪਈ। ਉਨ੍ਹਾਂ ਦੱਸਿਆ ਕਿ ਬੋਲਿੰਗਬਰੁਕ ਗੁਰਦੁਆਰੇ ਲਈ ਕਰੀਬ ਇਕ ਘੰਟੇ ਦਾ ਰਸਤਾ ਹੈ। ਵ੍ਹੀਟਨ ਗੁਰਦੁਆਰੇ ਨੂੰ ਵੱਡਾ ਕਰਨ ਦੀ ਗੁੰਜਾਇਸ਼ ਨਹੀਂ ਅਤੇ ਨੇੜੇ ਵਧਦੀ ਵਸੋਂ ਦੀ ਲੋੜ ਨੂੰ ਮੁੱਖ ਰੱਖ ਕੇ ਇਹ ਉਪਰਾਲਾ ਕੀਤਾ ਗਿਆ ਹੈ। ਹਾਲੇ ਥੋੜ੍ਹੀ ਦੇਰ ਗੁਰਦੁਆਰਾ ਸਾਹਿਬ ਇਸੇ ਚਰਚ ਦੀ ਬਿਲਡਿੰਗ ਵਿਚ ਰਹੇਗਾ, ਫਿਰ ਆਪਣੀ ਥਾਂ ਲੈ ਕੇ ਉਸਾਰੀ ਕੀਤੀ ਜਾਵੇਗੀ। ਉਨ੍ਹਾਂ ਮੇਅਰ ਅਤੇ ਆਏ ਸਾਥੀਆਂ ਨੂੰ 'ਜੀ ਆਇਆਂ' ਕਿਹਾ ਅਤੇ ਮੇਅਰ ਰੌਜਰ ਕਲਾਰ ਨੂੰ ਸਟੇਜ 'ਤੇ ਬੁਲਾਇਆ।

ਮੇਅਰ ਨੇ ਸੰਗਤ ਨੂੰ ਵਧਾਈ ਦਿੰਦਿਆਂ ਨਾਲ ਹੀ ਆਏ ਕੌਂਸਲਰਾਂ ਦੀ ਜਾਣ-ਪਛਾਣ ਕਰਾਈ। ਉਨ੍ਹਾਂ ਦੱਸਿਆ ਕਿ ਬੋਲਿੰਗਬਰੁਕ ਦੀ ਵਸੋਂ ਬਹੁਤ ਵਧੀ ਹੈ। ਇਥੇ ਨਵੇਂ ਇਮੀਗਰਾਂਟ ਬਹੁਤ ਆ ਕੇ ਵਸੇ ਹਨ। ਬੋਲਿੰਗਬਰੁਕ ਸਭ ਦਾ ਸਤਿਕਾਰ ਕਰਦਾ ਹੈ। ਇਥੇ ਪਹਿਲਾਂ ਦੋ ਮਸਜਿਦਾਂ ਹਨ ਤੇ ਸਿੱਖਾਂ ਨੂੰ ਆਪਣਾ ਧਰਮ ਸਥਾਨ ਬਣਾਉਣ 'ਚ ਕੋਈ ਦਿੱਕਤ ਨਹੀਂ ਆਵੇਗੀ। ਸਿੱਖ ਮਿਹਨਤਕਸ਼ ਅਤੇ ਭਰੋਸੇਯੋਗ ਲੋਕ ਹਨ ਤੇ ਬੋਲਿੰਗਬਰੁਕ ਉਨ੍ਹਾਂ ਨੂੰ 'ਜੀ ਆਇਆਂ' ਕਹਿੰਦਾ ਹੈ।

ਜ਼ਿਕਰਯੋਗ ਹੈ ਕਿ ਬੋਲਿੰਗਬਰੁਕ ਸ਼ਹਿਰ ਵਸਿਆ ਸੀ ਤਾਂ ਨਿਵਾਸੀਆਂ ਨੇ ਰੌਜਰ ਕਲਾਰ ਦੇ ਪਿਤਾ ਨੂੰ ਪਿਆਰ ਨਾਲ ਮੇਅਰ ਦੀ ਪਦਵੀ ਸੰਭਾਲ ਦਿੱਤੀ ਸੀ, ਜੋ ਅੱਜ ਕਲ੍ਹ ਉਨ੍ਹਾਂ ਦਾ ਪੁੱਤਰ ਰੌਜਰ ਕਲਾਰ ਨਿਭਾ ਰਿਹਾ ਹੈ।

ਇਸ ਪਿਛੋਂ ਸਕੱਤਰ ਕਮਲਦੀਪ ਸਿੰਘ ਸੰਘਾ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ 'ਤੇ



ਸੰਖੇਪ ਝਾਤ ਪਾਈ। ਫਿਰ ਉਨ੍ਹਾਂ ਬੀਬੀ ਰਾਖਿੰਦ ਕੌਰ ਸਿੰਘ ਨੂੰ ਸਟੇਜ 'ਤੇ ਕਵਿਤਾਵਾਂ ਬੋਲਣ ਲਈ ਬੁਲਾਇਆ, ਜੋ ਠਾਕਰ ਸਿੰਘ ਬਸਾਤੀ ਅਤੇ ਭਾਈਆ ਗੁਰ ਸਿੰਘ ਦੇ ਸੱਦੇ 'ਤੇ ਆਏ ਸਨ। ਉਨ੍ਹਾਂ ਗੁਰੂ ਸਾਹਿਬ ਦੇ ਸਿਧਾਂਤਾਂ 'ਤੇ ਚਾਨਣਾ ਪਾਇਆ। ਨਾਲ ਹੀ ਬੇਨਤੀ ਕੀਤੀ ਕਿ ਕਿਤੇ ਖੁਸ਼ੀਆਂ ਦੇ ਚਕਮੇ ਵਿਚ ਬਾਬੇ ਦਾ ਅਸਲੀ ਸੰਦੇਸ਼ ਨਾ ਭੁੱਲ ਜਾਈਏ। ਉਨ੍ਹਾਂ ਪੰਜਾਬੀ ਵਿਚ ਦੋ ਅਤੇ ਅੰਗਰੇਜ਼ੀ ਵਿਚ ਇਕ ਕਵਿਤਾ ਸੁਣਾਈ।

ਉਪਰੰਤ ਬੀਬੀ ਜਸਵੀਰ ਕੌਰ ਸਿੰਘ ਨੇ ਅੰਗਰੇਜ਼ੀ ਵਿਚ ਗੁਰੂ ਸਾਹਿਬ ਦੇ ਜੀਵਨ ਬਾਰੇ ਤਕਰੀਰ ਕੀਤੀ ਤਾਂ ਕਿ ਅੰਗਰੇਜ਼ੀ ਬੋਲਣ/ਸਮਝਣ ਵਾਲਿਆਂ ਨੂੰ ਸਮਝ ਆ ਸਕੇ। ਉਨ੍ਹਾਂ ਸਿੱਖੀ ਵਿਚ ਔਰਤਾਂ ਦੇ ਸਥਾਨ ਅਤੇ ਉਨ੍ਹਾਂ ਦੇ ਜੀਵਨ 'ਤੇ ਝਾਤ ਪਾਈ, ਜਿਨ੍ਹਾਂ ਦਾ ਸਿੱਖ ਇਤਿਹਾਸ ਵਿਚ ਅਹਿਮ ਸਥਾਨ ਹੈ।

ਸਟੇਜ ਦੀ ਡਿਊਟੀ ਠਾਕਰ ਸਿੰਘ ਬਸਾਤੀ ਨੇ ਨਿਭਾਈ, ਜਿਸ ਨੇ ਪ੍ਰੋਗਰਾਮ ਦੀ ਸ਼ੁਰੂਆਤ, ਪ੍ਰਕਾਸ਼ ਪੁਰਬ, ਕਰਤਾਰਪੁਰ ਲਾਂਘੇ ਦੇ ਖੁੱਲ੍ਹਣ ਅਤੇ ਨਾਲ ਹੀ ਮੁਸਲਿਮ ਭਰਾਵਾਂ ਨੂੰ ਪੈਗੰਬਰ ਮੁਹੰਮਦ ਸਾਹਿਬ ਦੇ ਜਨਮ ਦਿਨ ਦੀ ਵਧਾਈ ਦਿੱਤੀ। ਉਨ੍ਹਾਂ ਗੌਰਵ ਸਿੰਘ ਨੂੰ ਸਟੇਜ 'ਤੇ ਬੁਲਾਇਆ, ਜੋ ਗੁਰਬਾਣੀ ਦੀ ਅੱਛੀ ਮੁਹਾਰਤ ਰੱਖਦੇ ਹਨ। ਉਹ ਬਹੁਤ ਦੇਰ ਤੋਂ ਸਿੱਖ ਨੌਜਵਾਨਾਂ ਨਾਲ ਹਰ ਸ਼ੁਕਰਵਾਰ ਨੂੰ ਵਿਚਾਰ-ਚਰਚਾ ਕਰਦੇ ਆ ਰਹੇ ਹਨ। ਉਨ੍ਹਾਂ ਸਭ ਤੋਂ ਪਹਿਲਾਂ ਇਹ ਸਪਸ਼ਟ ਕੀਤਾ ਕਿ ਗੁਰੂ ਸਾਹਿਬ ਦਾ ਜਨਮ ਨਿਸਚਿਤ ਤੌਰ 'ਤੇ ਵਿਸਾਖੀ ਦਾ ਹੈ, ਭੰਬਲਭੂਸਿਆਂ 'ਚ ਪੈਣ ਕਰਕੇ ਕੱਤਕ 'ਚ ਮਨਾਉਣ ਲੱਗ ਪਏ ਹਨ। ਵੈਸੇ ਤਾਂ ਗੁਰੂ ਸਾਹਿਬ ਥਿਤ-ਵਾਰ ਵਿਚ ਵਿਸ਼ਵਾਸ ਨਹੀਂ ਸਨ ਰੱਖਦੇ, ਇਹ ਸਾਡੀ ਆਪਣੀ ਹੀ ਕਾਢ ਹੈ। ਉਨ੍ਹਾਂ ਵਿਸਥਾਰ ਨਾਲ ਸਿੱਖ ਕਦਰਾਂ-ਕੀਮਤਾਂ ਬਾਰੇ ਦੱਸਿਆ ਅਤੇ ਨਾਲ ਇਹ ਵੀ ਦਰਸਾਉਂਦੇ ਰਹੇ ਕਿ ਅੱਜ ਦਾ ਸਿੱਖ ਕਰਮ-ਕਾਂਡ ਪਿੱਛੇ ਲੱਗ ਤੁਰਿਆ ਹੈ। ਫਿਰ ਭਾਈਆ ਜੀ ਗੁਰ ਸਿੰਘ ਨੇ ਆਪਣੇ ਵਿਚਾਰ ਰੱਖੇ ਅਤੇ ਨਜ਼ਮ ਸੁਣਾਈ। ਉਸ ਪਿਛੋਂ ਐਤਵਾਰ ਸਿੱਖ ਸਕੂਲ ਦੇ ਬੱਚਿਆਂ ਨੇ ਭਾਗ ਲਿਆ, ਜਿਸ ਵਿਚ ਅਮਨੀਤ ਕੌਰ ਨੇ ਜਪੁਜੀ ਸਾਹਿਬ ਤੇ ਆਸਾ ਕੀ ਵਾਰ ਬਾਰੇ ਚਾਨਣਾ ਪਾਇਆ।

ਗਲੋਬਲ ਪੰਜਾਬੀ ਮਿਲਾਪ ਕਰਕੇ ਸਿੱਖਾਂ ਨਾਲ ਜੁੜੇ ਹੋਏ ਡਾ. ਤਾਹਿਰ ਰੋਹੇਲ ਨੇ ਸੰਗਤ ਨਾਲ ਉਰਦੂ ਸਾਹਿਤ ਵਿਚ ਬਾਬਾ ਜੀ ਬਾਰੇ ਲਿਖਿਆ ਡਾ. ਇਕਬਾਲ ਦਾ ਸ਼ੇਅਰ ਸਾਂਝਾ ਕੀਤਾ, "ਫਿਰ ਉਠੀ ਆਖਰ ਸਦਾ ਤੌਹੀਦ ਕੀ ਪੰਜਾਬ ਸੇ। ਹਿੰਦ ਕੋ ਏਕ ਮਰਦੇ-ਕਾਮਿਲ ਨੇ ਜਗਾਇਆ ਖਾਬ ਸੇ।"

ਇਸ ਤੋਂ ਬਾਅਦ ਐਤਵਾਰ ਸਿੱਖ ਸਕੂਲ ਦੀ ਬੱਚੀ ਸ਼ੁਭਰੀਤ ਨੇ ਭਾਈ ਗੁਰਦਾਸ ਦੀਆਂ ਵਾਰਾਂ ਬਾਰੇ ਗੋਸ਼ਟੀ ਕੀਤੀ। ਉਸ ਨੇ ਗੁਰੂ ਸਾਹਿਬ ਬਾਰੇ ਜੋ ਭਾਈ ਗੁਰਦਾਸ ਦੀਆਂ ਵਾਰਾਂ ਦਸਦੀਆਂ ਹਨ, ਬਾਰੇ ਦੱਸਿਆ। ਫਿਰ ਜਨਾਬ ਮੁਸਤਫਾ ਅੰਜੂਮਨ ਨੇ ਆਪਣੀ ਨਵੀਂ ਲਿਖੀ ਨਜ਼ਮ 'ਗੁਰੂ ਨਾਨਕ ਨੂੰ ਪ੍ਰਣਾਮ ਹੈ' ਸੁਣਾਈ, ਜੋ ਬਾਬੇ ਨਾਨਕ ਦੇ ਜੀਵਨ 'ਤੇ ਆਧਾਰਿਤ ਸੀ। ਉਹ ਪਾਕਿਸਤਾਨ ਕੌਂਸਲੇਟ ਦੇ ਡਿਪਟੀ ਕੌਂਸਲ ਜਨਰਲ ਸਨ, ਹੁਣ ਰਿਟਾਇਰ ਹੋ ਗਏ ਹਨ। ਆਪਣੇ ਕਾਰਜਕਾਲ ਦੌਰਾਨ ਉਹ ਹਮੇਸ਼ਾ ਸਿੱਖਾਂ ਨੂੰ ਪਾਕਿਸਤਾਨ ਜਾਣ ਦਾ ਸੱਦਾ ਦਿੰਦੇ ਸਨ। ਉਹ ਗਲੋਬਲ ਪੰਜਾਬੀ ਮਿਲਾਪ ਵਿਚ ਵੀ ਹਮੇਸ਼ਾ ਹਿੱਸਾ ਲੈਂਦੇ ਹਨ, ਜਿਸ ਵਿਚ ਸਾਰੇ ਲਾਂਘੇ ਖੋਲ੍ਹਣ ਲਈ ਦੁਆਵਾਂ ਅਕਸਰ ਹੁੰਦੀਆਂ ਰਹਿੰਦੀਆਂ ਹਨ।

ਪਾਕਿਸਤਾਨ ਦੀ ਤਰਫੋਂ ਗਲੋਬਲ ਪੰਜਾਬੀ ਮਿਲਾਪ ਦੇ ਸਹਿਪਾਠੀ ਜਨਾਬ ਸਾਜਿਦ ਚੌਧਰੀ ਨੇ ਦੱਸਿਆ ਕਿ ਮਿਲਾਪ 2003 ਵਿਚ ਸ਼ੁਰੂ ਹੋਇਆ ਸੀ ਅਤੇ ਉਹ ਆਪਸੀ ਮਿਲਵਰਤਣ ਦੀ ਹਮੇਸ਼ਾ ਦੁਆਵਾਂ ਕਰਦੇ ਸਨ, ਅੱਜ ਆ ਕੇ ਫਲ ਪਿਆ। ਉਹ ਠਾਕਰ ਸਿੰਘ ਬਸਾਤੀ ਦੇ ਪਹਿਲੇ ਮਿਲਾਪ ਤੋਂ ਪੱਗ-ਵੱਟ ਭਰਾ ਬਣੇ ਹੋਏ ਹਨ ਅਤੇ ਹਾਲੇ ਤਕ ਨਿਭ ਰਹੀ ਹੈ। ਮਾਹੌਲ ਨੂੰ ਥੋੜ੍ਹਾ ਬਦਲਣ ਲਈ ਉਨ੍ਹਾਂ ਆਪਣੀ ਨਜ਼ਮ 'ਬੰਦਾ ਗਵਾਚਾ' ਸੁਣਾਈ।

ਜ਼ਿਕਰਯੋਗ ਹੈ ਕਿ ਜਨਾਬ ਸਾਜਿਦ ਚੌਧਰੀ ਦੇ ਦੋ ਨਜ਼ਮ-ਸੰਗ੍ਰਿਹ ਆ ਚੁਕੇ ਹਨ। ਇਕ ਹੈ, 'ਰੰਗੋ ਰੰਗੀ', ਜਿਸ ਦੇ ਇਕ ਪੰਨੇ 'ਤੇ ਨਜ਼ਮ ਸ਼ਾਹਮੁਖੀ ਅਤੇ ਸਾਹਮਣੇ ਵਾਲੇ ਪੰਨੇ 'ਤੇ ਗੁਰਮੁਖੀ ਵਿਚ ਹੈ। ਦੂਜੀ ਕਿਤਾਬ 'ਆਪਣਾ ਖੋਜ' ਹੈ, ਜਿਸ ਦੇ ਇਕ ਪੰਨੇ ਉਤੇ ਸ਼ਾਹਮੁਖੀ ਅਤੇ ਦੂਜੇ ਪੰਨੇ 'ਤੇ ਰੋਮਨ ਪੰਜਾਬੀ। ਉਹ ਸੂਫੀਆਨਾ ਲਿਖਦੇ ਹਨ।

ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਈਨ ਦੇ ਸਾਬਕਾ ਪ੍ਰਧਾਨ ਪ੍ਰੋ. ਕੁਲਵੰਤ ਸਿੰਘ ਹੁੰਦਲ ਨੇ ਸਿੱਖੀ ਸੋਚ ਬਾਰੇ ਚਾਨਣਾ ਪਾਇਆ ਅਤੇ ਲੋਕਾਂ ਨੂੰ ਸਿੱਖੀ ਦੇ ਮੂਲ ਸਿਧਾਂਤਾਂ ਨਾਲ ਜੁੜਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਦਿਖਾਵੇ ਦਾ ਰਾਹ ਛੱਡ ਕੇ ਤਨ, ਮਨ, ਧਨ ਗੁਰੂ ਦੇ ਹਵਾਲੇ ਕਰਕੇ ਜੀਵਨ ਜੀਣਾ ਚਾਹੀਦਾ ਹੈ। ਜੋ ਨਸੀਹਤ ਗੁਰੂ ਸਾਹਿਬ ਨੇ ਕਾਜ਼ੀਆਂ, ਬ੍ਰਾਹਮਣਾਂ ਨੂੰ ਦਿੱਤੀ, ਉਹ ਸਿੱਖਾਂ 'ਤੇ ਵੀ ਲਾਗੂ ਹੁੰਦੀ ਹੈ। ਉਹ ਇੰਟਰਫੇਥ ਪ੍ਰੋਗਰਾਮਾਂ ਵਿਚ ਅਕਸਰ ਸ਼ਿਰਕਤ ਕਰਦੇ ਹਨ।

ਆਖੀਰ ਵਿਚ ਡਾ. ਜਾਵੇਦ ਭੱਟੀ ਦਾ ਸੁਨੇਹਾ ਪੜ੍ਹ ਕੇ ਸੁਣਾਇਆ ਗਿਆ। ਉਸੇ ਦਿਨ ਮੁਹੰਮਦ ਸਾਹਿਬ ਦਾ ਜਨਮ ਦਿਨ ਹੋਣ ਕਰਕੇ ਅਤੇ ਨਾਲੇ ਉਹ ਐਤਵਾਰ ਦਾ ਇਸਲਾਮਿਕ ਸਕੂਲ ਚਲਾਉਂਦੇ ਹਨ, ਇਸ ਲਈ ਆਪ ਹਾਜ਼ਰੀ ਨਹੀਂ ਭਰ ਸਕੇ। ਉਂਜ, ਉਹ ਵੀ ਗਲੋਬਲ ਪੰਜਾਬੀ ਮਿਲਾਪ ਵਿਚ ਹਮੇਸ਼ਾ ਸ਼ਰੀਕ ਹੁੰਦੇ ਹਨ। ਉਨ੍ਹਾਂ ਦੀ ਪੈਦਾਇਸ਼ ਸ੍ਰੀ ਕਰਤਾਰਪੁਰ ਸਾਹਿਬ ਦੇ ਨੇੜੇ ਦੀ ਹੈ। ਦੱਸਦੇ ਹਨ ਕਿ ਉਹ ਬਚਪਨ ਵਿਚ ਘੋੜੀਆਂ 'ਤੇ ਸ੍ਰੀ ਕਰਤਾਰਪੁਰ ਸਾਹਿਬ ਦੇ ਰੇਲਵੇ ਸਟੇਸ਼ਨ ਸ੍ਰੀ ਦਰਬਾਰ ਸਾਹਿਬ ਆਉਂਦੇ ਸਨ। ਉਨ੍ਹਾਂ ਦੀ ਤਮੰਨਾ ਹੈ ਕਿ ਮੁੜ ਇਹੀ ਨਾਂ ਸ੍ਰੀ ਕਰਤਾਰਪੁਰ ਸਾਹਿਬ ਦੇ ਰੇਲਵੇ ਸਟੇਸ਼ਨ ਦਾ ਰੱਖਿਆ ਜਾਵੇ। ਇਨ੍ਹਾਂ ਦਾ ਖਾਨਦਾਨ ਰਾਇ ਬੁਲਾਰ ਭੱਟੀ ਦੇ ਵੰਸ਼ ਵਿਚੋਂ ਹੈ, ਜੋ ਬਾਬਾ ਸ਼ੇਖ ਫਰੀਦ ਦੇ ਵਕਤ ਰਾਜਪੂਤਾਂ ਤੋਂ ਬਦਲ ਕੇ ਮੁਸਲਮਾਨ ਹੋਏ ਸਨ। ਭੱਟੀ ਸਾਹਿਬ ਦੇ ਪਿਤਾ ਜੀ ਸ੍ਰੀ ਨਨਕਾਣਾ ਸਾਹਿਬ ਵਿਖੇ ਹੈਡਮਾਸਟਰ ਸਨ। ਇਨ੍ਹਾਂ ਦੀ ਨਾਨੀ ਡੇਰਾ ਬਾਬਾ ਨਾਨਕ ਤੋਂ ਸੀ। ਭੂਆ ਸੱਚਾ ਸੌਦਾ ਰਹਿੰਦੀ ਸੀ। ਤਾਈ ਜੀ ਡੋਦੇ ਤੋਂ ਸੀ, ਜੋ ਸ੍ਰੀ ਕਰਤਾਰਪੁਰ ਸਾਹਿਬ ਤੋਂ ਅੱਧਾ ਕਿਲੋਮੀਟਰ 'ਤੇ ਹੈ। ਇਹ ਸਾਰੇ ਮੁਸਲਿਮ ਭਰਾ, ਭਾਈਆ ਜੀ ਗੁਰ ਸਿੰਘ ਦੇ ਗਲੋਬਲ ਪੰਜਾਬੀ ਮਿਲਾਪ ਵਿਚ ਹਿੱਸਾ ਲੈਣ ਕਰਕੇ ਵਾਕਿਫ ਸਨ।

ਪ੍ਰੋਗਰਾਮ ਉਪਰੰਤ ਸੰਗਤਾਂ ਲਈ ਲੰਗਰ ਅਤੁੱਟ ਵਰਤਿਆ। ਗੁਰਦੁਆਰਾ ਸਾਹਿਬ ਨਾਲ ਸੰਪਰਕ ਗੁਰ ਸਿੰਘ ਫੋਨ: 815-401-8566, ਡਾ. ਇੰਦਰਬੀਰ ਸਿੰਘ ਗਿੱਲ ਫੋਨ: 630-445-3255 ਅਤੇ ਕਮਲਦੀਪ ਸਿੰਘ ਸੰਘਾ ਫੋਨ: 630-946-4150 ਰਾਹੀਂ ਕੀਤਾ ਜਾ ਸਕਦਾ ਹੈ।

## ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਫਾਊਂਡਰ ਪ੍ਰਧਾਨ ਗਿਆਨ ਸਿੰਘ ਸੰਧੂ ਦਾ ਸਨਮਾਨ

**ਪਟਿਆਲਾ (ਬਿਊਰੋ):** ਕੈਨੇਡਾ ਵਿਚ ਸਿੱਖ ਜਗਤ ਦੇ ਹਿਤਾਂ 'ਤੇ ਪਹਿਰਾ ਦੇਣ ਵਾਲੇ ਅਤੇ ਮਨੁੱਖੀ ਹੱਕਾਂ ਦੇ ਅਲੰਬਰਦਾਰ ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਫਾਊਂਡਰ ਪ੍ਰਧਾਨ ਗਿਆਨ ਸਿੰਘ ਸੰਧੂ ਅਤੇ ਉਨ੍ਹਾਂ ਦੀ ਪਤਨੀ ਸੁਰਿੰਦਰ ਕੌਰ ਦਾ ਇੰਟਰਨੈਸ਼ਨਲ ਹਰਿਦਰਸ਼ਨ ਮੈਮੋਰੀਅਲ ਟਰੱਸਟ ਕੈਨੇਡਾ ਦੇ ਇੰਡੀਆ ਚੈਪਟਰ ਦੇ ਕੋਆਰਡੀਨੇਟਰ ਉਜਾਗਰ ਸਿੰਘ ਨੇ ਸਿੱਖ ਜਗਤ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦਿਆਂ ਸਨਮਾਨ ਕੀਤਾ।

ਜ਼ਿਕਰਯੋਗ ਹੈ ਕਿ ਵਰਲਡ ਸਿੱਖ ਆਰਗੇਨਾਈਜੇਸ਼ਨ ਮਨੁੱਖ ਹੱਕਾਂ ਦਾ ਇਕ ਪ੍ਰਮੁੱਖ ਵਕਾਲਤ ਸੰਗਠਨ ਹੈ। ਕਮਿਊਨਿਟੀ ਸਰਵਿਸ ਦੇ ਇਸ ਯੋਗਦਾਨ ਲਈ ਕੈਨੇਡਾ ਸਰਕਾਰ ਨੇ 2002 ਵਿਚ ਗਿਆਨ ਸਿੰਘ ਸੰਧੂ ਦਾ ਸਰਵਉਚ ਸਨਮਾਨ 'ਦਾ ਕੁਈਨ ਗੋਲਡਨ ਜੁਬਲੀ ਮੈਡਲ ਅਤੇ ਆਰਡਰ ਆਫ ਬ੍ਰਿਟਿਸ਼ ਕੋਲੰਬੀਆ' ਨਾਲ ਸਨਮਾਨ ਕੀਤਾ ਸੀ।



*ਗਿਆਨ ਸਿੰਘ ਸੰਧੂ ਅਤੇ ਉਨ੍ਹਾਂ ਦੀ ਪਤਨੀ ਸੁਰਿੰਦਰ ਕੌਰ ਦਾ ਸਨਮਾਨ ਕਰਦੇ ਹੋਏ ਉਜਾਗਰ ਸਿੰਘ*


ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਵਰਲਡ ਪੰਜਾਬੀ ਸੈਂਟਰ ਨੇ ਯੂਨੀਵਰਸਿਟੀ ਦੇ ਗੈਸਟ ਹਾਊਸ ਵਿਚ ਗਿਆਨ ਸਿੰਘ ਸੰਧੂ ਦੀ ਪੁਸਤਕ 'ਅਣਗਾਹੇ ਰਾਹ' ਜਾਰੀ ਕਰਨ ਲਈ ਸਮਾਗਮ ਕੀਤਾ ਗਿਆ, ਜਿਸ ਵਿਚ ਵੱਡੀ ਗਿਣਤੀ ਵਿਚ ਨਾਮਵਰ ਸਿੱਖ ਬੁੱਧੀਜੀਵੀਆਂ, ਵਿਦਵਾਨਾਂ, ਚਿੰਤਕਾਂ, ਲੇਖਕਾਂ, ਇਲੈਕਟਰਾਨਿਕ ਭਾਈਚਾਰੇ, ਗੁਰਮਤਿ ਸੰਗੀਤ, ਸੰਗੀਤ ਅਤੇ ਧਾਰਮਿਕ ਅਧਿਐਨ ਵਿਭਾਗ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।

ਇਸ ਮੌਕੇ ਉਪਕੁਲਪਤੀ ਡਾ. ਬੀ. ਐਸ. ਘੁੰਮਣ, ਸਾਬਕਾ ਉਪ ਕੁਲਪਤੀ ਡਾ. ਐਸ. ਪੀ. ਸਿੰਘ, ਵਰਲਡ ਪੰਜਾਬੀ ਸੈਂਟਰ ਦੇ ਡਾਇਰੈਕਟਰ ਡਾ. ਬਲਕਾਰ ਸਿੰਘ ਅਤੇ ਡਾ. ਅੰਮ੍ਰਿਤ ਕੌਰ ਨੇ ਕਿਹਾ ਕਿ ਗਿਆਨ ਸਿੰਘ ਸੰਧੂ ਵੱਲੋਂ ਪਰਵਾਸੀ ਪੰਜਾਬੀਆਂ ਅਤੇ ਖਾਸ ਤੌਰ 'ਤੇ ਸਿੱਖਾਂ ਦੀ ਕੈਨੇਡੀਅਨ ਧਰਤੀ 'ਤੇ ਗੁਆਚ ਰਹੀ ਪਛਾਣ ਨੂੰ ਬਰਕਰਾਰ ਰੱਖਣ ਲਈ ਕੀਤੇ ਯਤਨਾਂ ਦੀ ਸ਼ਲਾਘਾ ਕਰਨੀ ਬਣਦੀ ਹੈ।

ਇਸ ਮੌਕੇ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਦਰਸ਼ਨ ਸਿੰਘ ਆਸ਼ਟ, 'ਚਿਤਰਲੋਕ' ਦੇ ਮੁਖੀ ਜੋਤਇੰਦਰ ਸਿੰਘ, ਡਾ. ਹਰਵਿੰਦਰ ਸਿੰਘ ਭੱਟੀ, ਸ਼ਾਇਰ ਕੁਲਵੰਤ ਸਿੰਘ ਗਰੇਵਾਲ, ਡਾ. ਸੁਰਜੀਤ ਸਿੰਘ ਭੱਟੀ, ਗੁਰਮਤਿ ਕਾਲਜ ਪਟਿਆਲਾ ਦੀ ਪ੍ਰਿੰਸੀਪਲ ਜਸਬੀਰ ਕੌਰ, ਜਸਵੀਰ ਸਿੰਘ ਗਿੱਲ ਅਤੇ ਡਾ. ਮੁਹੰਮਦ ਅੰਦਰੀਸ਼ ਹਾਜ਼ਰ ਸਨ।

## ਡਾ. ਸੁਰਿੰਦਰ ਸਿੰਘ ਗਿੱਲ ਦਾ ਪੰਜਾਬ ਸਰਕਾਰ ਵਲੋਂ ਸਨਮਾਨ

**ਵਾਸ਼ਿੰਗਟਨ/ਜਲੰਧਰ (ਬਿਊਰੋ):** ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ 550ਵੇਂ ਜਨਮ ਦਿਹਾੜੇ 'ਤੇ ਸੰਸਾਰ ਦੀਆਂ 550 ਸ਼ਖਸੀਅਤਾਂ ਨੂੰ ਆਈ. ਕੇ. ਗੁਜਰਾਲ ਟੈਕਨੀਕਲ ਯੂਨੀਵਰਸਿਟੀ, ਕਪੂਰਥਲਾ ਦੇ ਗੁਰੂ ਨਾਨਕ ਐਡੀਟੋਰੀਅਮ ਦੇ ਹਾਲ ਵਿਚ ਸਨਮਾਨਤ ਕੀਤਾ



ਗਿਆ ਹੈ। ਡਾ. ਸੁਰਿੰਦਰ ਗਿੱਲ ਨੂੰ ਪੱਤਰਕਾਰ ਵਜੋਂ ਉਨ੍ਹਾਂ ਦੀਆਂ ਕੌਮਾਂਤਰੀ ਲਿਖਤਾਂ, ਟਰੰਪ ਦੀ ਜਿੱਤ ਸਬੰਧੀ ਲਿਖੀਆਂ ਖਬਰਾਂ, ਸਿਆਸਤ ਤੋਂ ਉਪਰ ਉਠ ਕੇ ਵਿਚਰਨ, ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰਨ, ਪੰਜਾਬੀ ਸਕੂਲ ਖੋਲ੍ਹ ਕੇ ਅਮਰੀਕਨਾਂ ਨੂੰ ਪੰਜਾਬੀ ਸਿਖਾਉਣ ਆਦਿ ਕਾਰਜਾਂ ਲਈ ਸਨਮਾਨਤ ਕੀਤਾ ਗਿਆ ਹੈ।

ਜਿਨ੍ਹਾਂ ਸ਼ਖਸੀਅਤਾਂ ਨੇ ਡਾ. ਸੁਰਿੰਦਰ ਸਿੰਘ ਗਿੱਲ ਨੂੰ ਵਧਾਈ ਦਿੱਤੀ ਹੈ, ਉਨ੍ਹਾਂ ਵਿਚ ਸ਼ਵਿਦੰਰ ਸਿੰਘ ਪੰਨੂ (ਮੈਨੇਜਿੰਗ ਡਾਇਰੈਕਟਰ ਮਮਤਾ ਨਿਕੇਤਨ ਸਕੂਲ ਤਰਨ-ਤਾਰਨ), ਅਨਿਲ ਜੋਸ਼ੀ (ਸਾਬਕਾ ਕੈਬਨਿਟ ਮੰਤਰੀ ਪੰਜਾਬ), ਪਰਮਵੀਰ ਸਿੰਘ ਐਡਵੋਕੇਟ, ਅਜਾਇਬ ਸਿੰਘ ਭੱਟੀ (ਡਿਪਟੀ ਸਪੀਕਰ ਪੰਜਾਬ), ਡਾ. ਜਤਿੰਦਰ ਸਿੰਘ ਪੰਨੂੰ (ਮੁਖੀ ਜਨਤਾ ਹਸਪਤਾਲ ਅੰਮ੍ਰਿਤਸਰ), ਕਰਨਲ ਹਰਬੰਸ ਸਿੰਘ, ਡਾ. ਜੇ. ਐਸ. ਕਲੇਰ (ਮੁਖੀ ਕਲੇਰ ਹਸਪਤਾਲ), ਸੁਖਦੇਵ ਸਿੰਘ ਚਾਹਲ (ਸਾਬਕਾ ਐਸ. ਐਸ. ਪੀ. ਵਿਜੀਲੈਂਸ), ਸੁਦਾਗਰ ਸਿੰਘ ਖਹਿਰਾ (ਓ. ਐਸ. ਡੀ. ਰੈਵੀਨਿਊ ਪੰਜਾਬ), ਕੁਲਜੀਤ ਸਿੰਘ ਮਾਹੀ (ਅਡੀਸ਼ਨਲ ਸੈਕਟਰੀ ਹੋਮ ਹਰਿਆਣਾ), ਆਈ. ਏ. ਐਸ. ਬਲਵਿੰਦਰ ਸਿੰਘ ਮੁਲਤਾਨੀ, ਆਈ. ਜੀ ਪਟਿਆਲਾ ਜਤਿੰਦਰ ਸਿੰਘ ਔਲਖ, ਨਿਹੰਗ ਮੁਖੀ ਬੁੱਢਾ ਦਲ ਬਾਬਾ ਬਲਬੀਰ ਸਿੰਘ, ਰਘਬੀਰ ਸਿੰਘ ਰਾਠੌਲ (ਰਜਿਸਟਰਾਰ ਲੋਕਪਾਲ), ਕੈਪਟਨ ਕੰਵਲਜੀਤ ਸਿੰਘ ਘੁੰਮਣ, ਰਾਜਿੰਦਰ ਕੌਰ ਪੰਨੂ (ਚੇਅਰਮੈਨ ਸਵਰਾਜ ਵਿੱਦਿਅਕ ਟਰਸਟ), ਏ. ਐਸ ਚਾਵਲਾ (ਵਾਈਸ ਚਾਂਸਲਰ ਚਿੱਤਕਾਰਾ ਯੂਨੀਵਰਸਟੀ), ਪੀ. ਸੀ. ਐਸ. ਭੁਪਿੰਦਰ ਸਿੰਘ (ਸਾਬਕਾ ਏ. ਡੀ. ਸੀ.), ਉਪਜੀਤ ਸਿੰਘ ਬਰਾੜ (ਸਾਬਕਾ ਪੀ. ਸੀ. ਐਸ.), ਗੀਤਕਾਰ ਸ਼ਮਸ਼ੇਰ ਸਿੰਘ ਸੰਧੂ, ਸਤਿੰਦਰ ਸੱਤੀ, ਖੁਸ਼ਬਾਜ ਸਿੰਘ (ਪ੍ਰਧਾਨ ਕਾਂਗਰਸ ਆਈ ਰੂਰਲ ਬਠਿੰਡਾ), ਜਬਰਜੰਗ ਸਿੰਘ ਕੈਨੇਡਾ, ਜੀਤ ਮਹਿੰਦਰ ਸਿੰਘ (ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ) ਅਤੇ ਡਾ. ਰਾਜ ਕੁਮਾਰ ਸ਼ਾਮਲ ਹਨ।

# ਜਸਵੰਤ ਸਿੰਘ ਕੰਵਲ ਦਾ ਅਜੋਕਾ ਹਾਲ-ਚਾਲ

ਚਲਦੇ-ਚਲਦੇ

ਪ੍ਰਿੰ. ਸਰਵਣ ਸਿੰਘ

ਜਸਵੰਤ ਸਿੰਘ ਕੰਵਲ ਦੀਆਂ ਦੋਵੇਂ ਤਸਵੀਰਾਂ 28 ਜਨਵਰੀ ਤੇ 8 ਨਵੰਬਰ 2019 ਦੀਆਂ ਹਨ। ਦਸਾਂ ਮਹੀਨਿਆਂ ਵਿਚ ਉਹਦੀ ਸਿਹਤ ਕਾਫੀ ਮਾਂਦੀ ਪੈ ਗਈ ਹੈ। ਵਜ਼ਨ ਘਟ ਗਿਆ ਹੈ। ਸੁਣਨਾ ਤੇ ਬੋਲਣਾ ਕਰੀਬ ਬੰਦ ਹੈ। ਹਾਲਤ ਗੂੰਗਾ ਤੇ ਬੋਲਾ ਹੋ ਜਾਣ ਜਿਹੀ ਹੈ, ਪਰ ਸੁਰਤ ਕੁਝ ਕਾਇਮ ਹੈ। ਅੱਖਰ ਪੜ੍ਹ ਲੈਂਦਾ ਹੈ। ਕਰੀਬ 4-5 ਮਹੀਨਿਆਂ ਤੋਂ ਆਪ ਮੰਗ ਕੇ ਕੁਝ ਨਹੀਂ ਖਾਂਦਾ-ਪੀਂਦਾ। ਉਸ ਦਾ ਸਪੁੱਤਰ ਸਰਬਜੀਤ ਸਿੰਘ, ਨੂੰਹ ਗੁਰਪ੍ਰੀਤ ਕੌਰ ਤੇ ਘਰ ਦੇ ਹੋਰ ਜੀਅ ਹਰ ਵੇਲੇ ਉਹਦੀ ਸੇਵਾ ਸੰਭਾਲ ਵਿਚ ਲੱਗੇ ਹੋਏ ਹਨ। ਏਨੀ ਚੰਗੀ ਸਾਂਭ ਸੰਭਾਲ ਕਿਸੇ ਕਰਮਾਂ ਵਾਲੇ ਬਜੁਰਗ ਦੀ ਹੀ ਹੁੰਦੀ ਹੈ।

27 ਜੂਨ 2019 ਨੂੰ ਜਦੋਂ ਕੰਵਲ ਸੌ ਸਾਲਾਂ ਦਾ ਹੋਇਆ ਸੀ ਤਾਂ ਪੰਜਾਬ ਸਰਕਾਰ ਨੇ ਇਲਾਜ ਲਈ ਪੰਜ ਲੱਖ ਰੁਪਏ ਦਾ ਚੈਕ ਭੇਜਿਆ ਸੀ, ਜੋ ਪਰਿਵਾਰ ਨੇ ਧੰਨਵਾਦ ਕਰਦਿਆਂ ਇਹ ਕਹਿ ਕੇ ਮੋੜ ਦਿੱਤਾ ਸੀ ਕਿ ਉਨ੍ਹਾਂ ਦੇ ਬਾਪੂ ਜੀ ਬਿਮਾਰ ਨਹੀਂ, ਬੁਢਾਪੇ ਕਾਰਨ ਕਮਜੋਰ ਹੋ ਰਹੇ ਹਨ ਅਤੇ ਅਸੀਂ ਸੇਵਾ ਸੰਭਾਲ ਕਰਨ ਦੇ ਯੋਗ ਹਾਂ। ਇਹ ਪੈਸੇ ਕਿਸੇ ਲੋੜਵੰਦ ਪੰਜਾਬੀ ਲੇਖਕ ਨੂੰ ਦੇ ਦਿੱਤੇ ਜਾਣ ਜਾਂ ਪੰਜਾਬੀ ਭਾਸ਼ਾ ਦੇ ਲੇਖੇ ਲਾ ਦਿੱਤੇ ਜਾਣ। ਸਾਨੂੰ ਬਾਪੂ ਜੀ ਨੇ ਪਾਲਿਆ ਹੈ ਤੇ ਬੁਢਾਪੇ 'ਚ ਉਨ੍ਹਾਂ ਦੀ ਸੇਵਾ ਕਰਨੀ ਸਾਡਾ ਫਰਜ਼ ਹੈ।

8 ਨਵੰਬਰ 2019 ਨੂੰ ਕੈਨੇਡਾ ਤੋਂ ਪਿੰਡ ਪਹੁੰਚਣ ਸਾਰ ਮੈਂ ਸਿੱਧਾ ਕੰਵਲ ਕੋਲ ਗਿਆ। ਸਰਬਜੀਤ ਨੇ ਬਾਪ ਨੂੰ ਨੁਹਾ-ਧੁਆ ਕੇ ਨਵੇਂ ਕੱਪੜੇ ਪਾ ਕੇ ਤੇ ਪੱਗ ਬੰਨ੍ਹ ਕੇ ਬਿਸਤਰੇ 'ਤੇ ਪਾਇਆ ਹੋਇਆ ਸੀ। ਉਸ ਦੀਆਂ ਅੱਖਾਂ ਅਧਮੀਟੀਆਂ ਸਨ। ਅੱਖਾਂ ਪੁੱਟੀਆਂ ਤਾਂ ਉਸ ਨੇ ਟਿਕਟਿਕੀ ਲਾ ਕੇ ਮੇਰੇ ਵੱਲ ਵੇਖਿਆ। ਮੈਂ ਤਪਾਕ ਨਾਲ ਹੱਥ ਫੜੇ ਅਤੇ ਸਰਬਜੀਤ ਨੇ ਸਹਾਰੇ ਨਾਲ ਕੁਰਸੀ 'ਤੇ ਬਿਠਾਇਆ। ਫਿਰ ਮੈਂ ਆਪਣੀ ਕਿਤਾਬ ਉਹਦੀਆਂ ਅੱਖਾਂ ਅੱਗੇ ਕੀਤੀ ਤਾਂ ਕਿ ਮੇਰਾ ਨਾਂ ਪੜ੍ਹ ਕੇ ਮੈਨੂੰ ਪਛਾਣ ਲਵੇ। ਉਸ ਨੇ ਮੈਨੂੰ ਸਿਆਣ ਤਾਂ ਲਿਆ, ਪਰ ਬੋਲ ਨਾ ਸਕਿਆ। ਅੱਖਾਂ ਵਿਚ ਕੁਝ ਖੁਸ਼ੀ ਦਿਸੀ ਤੇ ਰਤਾ ਕੁ ਤਰਾਵਟ ਵੀ। ਬੀਬੀ ਗੁਰਪ੍ਰੀਤ ਕੌਰ ਚਾਹ ਲੈ ਕੇ ਆਈ ਤਾਂ ਕੰਵਲ ਨੇ ਵੀ ਚਾਹ ਮੰਗ ਲਈ। ਉਹ ਹੈਰਾਨ ਹੋਈ ਕਿ ਬਾਪੂ ਜੀ ਨੇ 4-5 ਮਹੀਨਿਆਂ ਬਾਅਦ ਪਹਿਲੀ ਵਾਰ ਚਾਹ ਮੰਗੀ ਹੈ! ਮੇਰੇ ਨਾਲ ਉਸ ਨੇ ਚਾਹ ਦਾ ਅੱਧਾ ਕੁ ਕੱਪ ਪੀ ਵੀ ਲਿਆ। ਪੰਜ ਮਹੀਨਿਆਂ ਤੋਂ ਉਹ ਬਾਹਰਲੀ ਕੋਠੀ ਵਿਚ ਹੀ ਹੈ ਅਤੇ ਅੰਦਰਲੇ ਘਰ ਵੀਲ੍ਹ ਚੇਅਰ ਉਤੇ ਇਕ ਵਾਰ ਹੀ ਜਾ ਸਕਿਆ ਹੈ। ਖੈਰ-ਸੁੱਖ ਪੁੱਛਣ ਵਾਲੇ ਬਾਹਰਲੀ ਕੋਠੀ ਹੀ ਆ ਕੇ ਮਿਲਦੇ ਹਨ, ਜਿਥੇ ਘਰ ਦਾ ਕੋਈ ਨਾ ਕੋਈ ਜੀਅ ਹਾਜ਼ਰ ਹੁੰਦਾ ਹੈ।



28 ਜਨਵਰੀ 2019 ਨੂੰ ਜਸਵੰਤ ਸਿੰਘ ਕੰਵਲ, ਸਰਵਣ ਸਿੰਘ ਨਾਲ ਢੁੱਡੀਕੇ ਦੇ ਖੇਡ ਮੇਲੇ ਵਿਚ ਝੰਡੀ ਕਰਦਾ ਹੋਇਆ



8 ਨਵੰਬਰ 2019 ਨੂੰ ਕੰਵਲ, ਆਪਣੇ ਅੱਧੀ ਸਦੀ ਦੇ ਸਾਥੀ ਸਰਵਣ ਸਿੰਘ ਨੂੰ ਉਹਦੀ ਕਿਤਾਬ ਤੋਂ ਨਾਂ ਪੜ੍ਹ ਕੇ ਪਛਾਣ ਰਿਹਾ

ਕੰਵਲ ਨੇ ਅੱਸੀ ਸਾਲਾਂ ਤੋਂ ਲਿਖਦੇ ਰਹਿਣ ਤੇ ਸੌ ਸਾਲਾਂ ਤੋਂ ਵੱਧ ਜੀਂਦੇ ਰਹਿਣ ਦਾ ਰਿਕਾਰਡ ਰੱਖ ਦਿੱਤੈ। ਉਹਦੇ ਰੁਮਾਂਚਿਕ ਰਉਂ 'ਚ ਲਿਖੇ ਵਾਕ ਸਿੱਧੇ ਦਿਲਾਂ 'ਤੇ ਵਾਰ ਕਰਦੇ ਰਹੇ। ਉਸ ਨੇ ਹਜ਼ਾਰਾਂ ਸੰਵਾਦ ਰਚੇ, ਜੋ ਨੌਜੁਆਨਾਂ ਦੀਆਂ ਡਾਇਰੀਆਂ ਉਤੇ ਚੜ੍ਹਦੇ ਰਹੇ। ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਮੇਰੇ ਵੱਲੋਂ ਉਹਦੇ ਸ਼ਤਾਬਦੀ ਜਨਮ ਦਿਵਸ ਉਤੇ ਤੁੱਛ ਜਿਹੀ ਭੇਟਾ ਸੀ, ਜਿਸ ਦੀ ਪਹਿਲੀ ਐਡੀਸ਼ਨ ਚਹੁੰ ਮਹੀਨਿਆਂ 'ਚ ਮੁੱਕ ਚੁਕੀ ਹੈ।

ਪੁਸਤਕ 'ਜੀਵਨ ਕਣੀਆਂ' ਤੋਂ 'ਧੁਰ ਦਰਗਾਹ' ਤਕ ਪੁੱਜਦਿਆਂ ਕੰਵਲ ਨੇ ਜੀਵਨ ਦੇ ਅਨੇਕਾਂ ਰੰਗ ਵੇਖੇ ਤੇ ਪਾਠਕਾਂ ਨੂੰ ਵਿਖਾਏ। ਚੜ੍ਹਦੀ ਜਵਾਨੀ ਵਿਚ ਉਹ ਕਬੱਡੀ ਤੇ ਵਾਲੀਬਾਲ ਖੇਡਦਾ, ਹੀਰ ਗਾਉਂਦਾ, ਕਵਿਤਾ ਲਿਖਦਾ, ਸਾਧਾਂ ਸੰਤਾਂ ਤੇ ਵੈਲੀਆਂ ਬਦਮਾਸ਼ਾਂ ਦੀ ਸੰਗਤ ਕਰਦਾ, ਵੇਦਾਂਤ ਤੇ ਮਾਰਕਸਵਾਦ ਪੜ੍ਹਦਾ, ਸੱਜੇ ਖੱਬੇ ਕਾਮਰੇਡਾਂ ਤੇ ਨਕਸਲੀਆਂ ਦਾ ਹਮਦਰਦ ਬਣਦਾ, ਪ੍ਰੋ. ਕਿਸ਼ਨ ਸਿੰਘ ਦੇ ਮਾਰਕਸਵਾਦ ਤੋਂ ਸਿੱਖ ਇਨਕਲਾਬ ਵੱਲ ਮੋੜਾ ਪਾਉਂਦਾ, ਸਿੱਖ ਹੋਮਲੈਂਡ ਦਾ ਸਮਰਥਨ ਕਰਦਾ, ਖਾੜਕੂਆਂ ਦਾ ਹਮਦਰਦ ਬਣ ਗਿਆ। ਸਿਆਸੀ ਨੇਤਾਵਾਂ ਨੂੰ ਖੁੱਲ੍ਹੀਆਂ ਚਿੱਠੀਆਂ ਲਿਖਦਾ ਪੰਥ ਪੰਥ ਤੇ ਪੰਜਾਬ ਪੰਜਾਬ ਕੂਕਣ ਲੱਗ ਪਿਆ। ਅਖੀਰ ਉਹ 'ਪੰਜਾਬ ਤੇਰਾ ਕੀ ਬਣੂੰ?' ਦੇ ਝੋਰੇ ਝੂਰਨ ਲੱਗ ਪਿਆ।

ਮਾਰਚ 2019 ਵਿਚ ਕੈਨੇਡਾ ਮੁੜਨ ਵੇਲੇ ਮੈਂ ਉਸ ਨੂੰ ਜਾਂਦੀ ਵਾਰ ਮਿਲਣ ਗਿਆ ਤਾਂ ਉਹ ਇਹੋ ਸ਼ਿਅਰ ਦੁਹਰਾਈ ਗਿਆ ਸੀ:

ਹਮ ਜੋ ਗਏ ਤੋ ਰਾਹ ਗੁਜ਼ਰ ਨਾ ਥੀ,<br>
ਤੁਮ ਜੋ ਆਏ ਤੋ ਮੰਜ਼ਿਲੇਂ ਲਾਏ...।

ਰਾਤ ਮੈਂ ਉਹਦੇ ਕੋਲ ਰਿਹਾ। ਸਵੇਰੇ ਉਹਦੀ ਹੱਥ ਲਿਖਤ ਦੀ ਨਿਸ਼ਾਨੀ ਵਜੋਂ ਇਕ ਕਾਗਜ਼ ਮੇਜ ਤੋਂ ਚੁੱਕ ਲਿਆ, ਜੋ ਉਸ ਨੇ ਤਾਜ਼ਾ ਹੀ ਲਿਖਿਆ ਸੀ। ਮੈਂ ਤਹਿ ਕਰ ਕੇ ਬਟੂਏ 'ਚ ਪਾ ਲਿਆ। ਉਸ ਉਤੇ ਲਿਖੀ ਪਹਿਲੀ ਸਤਰ ਸੀ: ਕਾਲੀ ਗਾਨੀ ਮਿੱਤਰਾਂ ਦੀ, ਗਲ ਪਾ ਕੇ ਲੱਖਾਂ ਦੀ ਹੋ ਜਾਹ। ਦੂਜੀ ਸਤਰ ਸੀ: ਛੋਟੀਆਂ ਲੜਾਈਆਂ ਬੰਦ। ਚੜ੍ਹਦੀ ਕਲਾ ਬੁਲੰਦ! ਤੇ ਤੀਜੀ ਸਤਰ ਸੀ: ਸ਼ਕਤੀ ਬੰਦੇ ਨੂੰ ਲਲਕਾਰਦੀ ਹੈ; ਤੇਰੀ ਆਈ ਮੈਂ ਮਰ ਜਾਂ, ਤੇਰਾ ਵਾਲ ਵਿੰਗਾ ਨਾ ਹੋਵੇ। ਕਾਗਜ਼ ਦੇ ਦੋਹੀਂ ਪਾਸੀਂ ਵੀਹ ਕੁ ਸਤਰਾਂ ਸਨ, ਜਿਨ੍ਹਾਂ ਦਾ ਇਕ ਦੂਜੀ ਨਾਲ ਕੋਈ ਤਾਲ ਮੇਲ ਨਹੀਂ ਸੀ।

ਉਸ ਨੂੰ ਲਿਖਣ ਦੀ ਪ੍ਰੇਰਨਾ ਗੁਰਬਾਣੀ, ਵਾਰਸ ਦੀ ਹੀਰ, ਸੂਫੀ ਕਵਿਤਾ ਤੇ ਲੋਕ ਗੀਤਾਂ ਤੋਂ ਮਿਲੀ ਸੀ। ਪ੍ਰੋ. ਪੂਰਨ ਸਿੰਘ, ਵਿਕਟਰ ਹਿਊਗੋ, ਚਾਰਲਸ ਡਿਕਨਜ਼, ਬਾਲਜ਼ਾਕ ਤੇ ਟਾਲਸਟਾਏ ਆਦਿ ਲੇਖਕਾਂ ਤੋਂ ਪ੍ਰਭਾਵਿਤ ਹੋਇਆ। ਉਹ ਭਾਵੇਂ 10ਵੀਂ 'ਚ ਅੜ ਗਿਆ ਸੀ, ਪਰ ਲਿਖਣ 'ਚ ਏਨਾ ਅੱਗੇ ਵਧਿਆ ਕਿ ਉਸ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਡੀ. ਲਿੱਟ. ਦੀ ਆਨਰੇਰੀ ਡਿਗਰੀ ਦੇ ਕੇ ਸਨਮਾਨਿਆ। ਪੰਜਾਬ ਸਰਕਾਰ ਨੇ ਸਾਹਿਤ ਰਤਨ ਦਾ ਖਿਤਾਬ ਦਿੱਤਾ।

ਪੰਜਾਬੀ ਸਾਹਿਤ ਅਕਾਦਮੀ ਤੇ ਭਾਰਤੀ ਸਾਹਿਤ ਅਕਾਦਮੀ ਨੇ ਵੀ ਆਪੋ ਆਪਣੇ ਅਵਾਰਡ ਦਿੱਤੇ। ਉਸ ਨੂੰ ਸਰਵਸ੍ਰੇਸ਼ਟ ਪੁਰਸਕਾਰ ਨਾਲ ਵਡਿਆਇਆ ਗਿਆ। ਸੈਮਸੰਗ ਕੰਪਨੀ ਨੇ ਸਾਹਿਤ ਅਕਾਦਮੀ, ਦਿੱਲੀ ਰਾਹੀਂ ਟੈਗੋਰ ਯਾਦਗਾਰੀ ਅਵਾਰਡ ਦਿੱਤਾ।

ਉਸ ਨੇ ਢੁੱਡੀਕੇ ਦੀ ਸਰਪੰਚੀ ਤੋਂ ਲੈ ਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਨਰਲ ਸਕੱਤਰੀ, ਪ੍ਰਧਾਨਗੀ ਤੇ ਸਰਪ੍ਰਸਤੀ ਕੀਤੀ। ਪੰਜਾਬੀ ਕਨਵੈਨਸ਼ਨਾਂ ਦਾ ਕਨਵੀਨਰ ਰਿਹਾ। ਇੰਗਲੈਂਡ ਵਿਚ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਕਰਾਉਣ ਦਾ ਮੋਹਰੀ ਸੀ। ਪੰਜਾਬੀ ਨੂੰ ਦੇਵਨਾਗਰੀ ਲਿਪੀ ਵਿਚ ਲਿਖਣ ਅਤੇ ਹਿੰਦੀ ਸੰਸਕ੍ਰਿਤ ਦੀ ਸ਼ਬਦਾਵਲੀ 'ਚ ਖਚਿਤ ਹੋਣ ਤੋਂ ਬਚਾਇਆ। ਭਾਸ਼ਾ ਵਿਭਾਗ ਪੰਜਾਬ ਦੇ ਬੋਰਡ ਦਾ ਸਲਾਹਕਾਰ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਮੈਂਬਰ ਰਿਹਾ। ਸਾਹਿਤ ਟਰਸਟ ਢੁੱਡੀਕੇ ਤਾਂ ਹੈ ਹੀ ਉਹਦਾ, ਜਿਸ ਨੇ ਸੌ ਕੁ ਲੇਖਕਾਂ ਨੂੰ ਅਵਾਰਡ ਦਿੱਤੇ ਹਨ। ਉਹ ਹੋਰ ਵੀ ਬਹੁਤ ਕੁਝ ਹੈ, ਜਿਸ ਦਾ ਵਿਸਥਾਰ ਪੀਪਲਜ਼ ਫੋਰਮ, ਬਰਗਾੜੀ ਵੱਲੋਂ ਪ੍ਰਕਾਸ਼ਿਤ ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਵਿਚੋਂ ਪੜ੍ਹਿਆ ਜਾ ਸਕਦੈ।

## ਸੁਪਰੀਮ ਕੋਰਟ ਦਾ ਸਵਾਲ: ਲੋਕ ਸਾਹ ਕਿਵੇਂ ਲੈਣ?

**ਨਵੀਂ ਦਿੱਲੀ:** ਦਿੱਲੀ-ਐਨ.ਸੀ.ਆਰ. 'ਚ ਪ੍ਰਦੂਸ਼ਣ ਦਾ ਪੱਧਰ ਵਧਣ ਉਤੇ ਫਿਕਰ ਜਤਾਉਂਦਿਆਂ ਸੁਪਰੀਮ ਕੋਰਟ ਨੇ ਸਖਤ ਟਿੱਪਣੀ ਕੀਤੀ ਕਿ 'ਲੋਕ ਕਿਵੇਂ ਸਾਹ ਲੈਣ?' ਉਨ੍ਹਾਂ ਪ੍ਰਦੂਸ਼ਣ ਨਾਲ ਨਜਿੱਠਣ ਲਈ ਉਠਾਏ ਗਏ ਕਦਮਾਂ ਬਾਬਤ ਜਾਣਕਾਰੀ ਦੇਣ ਲਈ ਪੰਜਾਬ, ਹਰਿਆਣਾ, ਦਿੱਲੀ ਅਤੇ ਉਤਰ ਪ੍ਰਦੇਸ਼ ਦੇ ਮੁੱਖ ਸਕੱਤਰਾਂ ਨੂੰ 25 ਨਵੰਬਰ ਨੂੰ ਤਲਬ ਕੀਤਾ ਹੈ।

ਸੁਪਰੀਮ ਕੋਰਟ ਨੇ ਕਿਹਾ, "ਪ੍ਰਦੂਸ਼ਣ ਦਾ ਪੱਧਰ ਵਧਣ ਕਰਕੇ ਦਿੱਲੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ ਅਤੇ ਅਧਿਕਾਰੀਆਂ ਵੱਲੋਂ ਪ੍ਰਦੂਸ਼ਣ ਨੂੰ ਘਟਾਉਣ ਲਈ ਸਖਤ ਤੇ ਢੁਕਵੇਂ ਕਦਮ ਉਠਾਉਣ ਦੀ ਲੋੜ ਹੈ।"

ਜਸਟਿਸ ਅਰੁਣ ਮਿਸ਼ਰਾ ਅਤੇ ਦੀਪਕ ਗੁਪਤਾ ਦੇ ਬੈਂਚ ਨੇ ਕਿਹਾ ਕਿ ਦਿੱਲੀ ਸਾਫ-ਸੁਥਰੀ ਕਿਉਂ ਨਹੀਂ ਹੋ ਸਕਦੀ? ਉਨ੍ਹਾਂ ਅਧਿਕਾਰੀਆਂ ਨੂੰ ਕੌਮੀ ਰਾਜਧਾਨੀ ਦੇ 13 ਪ੍ਰਦੂਸ਼ਿਤ ਸਥਾਨਾਂ ਨੂੰ ਹਫਤੇ ਦੇ ਅੰਦਰ ਅੰਦਰ ਸਾਫ ਕਰਨ ਦੀ ਹਦਾਇਤ ਕੀਤੀ। ਸੁਪਰੀਮ ਕੋਰਟ ਮੁਤਾਬਕ ਦਿੱਲੀ 'ਚ ਜਿਸਤ-ਟਾਂਕ ਵਾਹਨ ਯੋਜਨਾ ਪ੍ਰਦੂਸ਼ਣ ਘਟਾਉਣ 'ਚ ਕਾਮਯਾਬ ਨਹੀਂ ਰਹੀ ਅਤੇ ਹਵਾ ਗੁਣਵੱਤਾ ਸੂਚਕ ਅੰਕ ਹੋਰ ਡਿੱਗ ਗਿਆ ਹੈ।

ਕਿਚਨ ਹੈਲਪਰ, ਡਿਸ਼ ਵਾਸ਼ਰ ਅਤੇ ਵੇਟਰ ਦੀ ਲੋੜ ਹੈ

ਬਰੁਕਫੀਲਡ, ਵਿਸਕਾਨਸਿਨ ਵਿਚ 'ਟੇਸਟ ਆਫ ਇੰਡੀਆ' ਰੈਸਟੋਰੈਂਟ ਲਈ ਕਿਚਨ ਹੈਲਪਰ, ਡਿਸ਼ ਵਾਸ਼ਰ ਅਤੇ ਵੇਟਰ ਦੀ ਲੋੜ ਹੈ।



ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ, ਮਨਜੀਤ ਸਿੰਘ


ਫੋਨ: 262-894-0913

46-47

Sistar Mortgage

Minimizing Cost, Maximizing Investment

www.SistarMortgage.com



Balbir (Bill) Grewal, Loan Officer (NMLS 353442)

Residential & Commercial Loans

(734) 330-8859 Mobile

(586) 802-7385 Fax

Balbir.Grewal@SistarMortgage.com

Loans Available In Most States!

*Refinance up to 125% value of the house.

•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

Michigan Truck Driving School

6405 Middlebelt Road, Romulus, MI 48174

ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !

ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298

# ਸਨੋਡਨ ਦੀ ਕਹਾਣੀ, ਆਪਣੀ ਜ਼ੁਬਾਨੀ



ਸੁਰਿੰਦਰ ਸਿੰਘ ਤੇਜ

ਘਟਨਾ ਸਾਲ 1777 ਦੀ ਹੈ। ਅਮਰੀਕੀ ਆਜ਼ਾਦੀ ਸੰਗਰਾਮ ਜ਼ੋਰਾਂ 'ਤੇ ਸੀ। ਅਮਰੀਕੀ ਜੰਗੀ ਬੇੜੇ ਯੂ.ਐਸ.ਐਸ. ਵਾਰੈਨ ਉਤੇ ਤਾਇਨਾਤ 10 ਅਫਸਰਾਂ ਨੇ ਸੀਨੀਅਰ ਫੌਜੀ ਅਧਿਕਾਰੀਆਂ (ਮੇਰੀਨ ਕਮੇਟੀ) ਨੂੰ ਸ਼ਿਕਾਇਤ ਪੱਤਰ ਭੇਜਿਆ ਕਿ ਬੇੜੇ ਦਾ ਕਮਾਂਡਰ ਈਜ਼ਕ ਹੌਪਕਿਨਜ਼ ਬ੍ਰਿਟਿਸ਼ ਜੰਗੀ ਕੈਦੀਆਂ ਉਪਰ ਤਸੀਹੇ ਢਾਹੁੰਦਾ ਆ ਰਿਹਾ ਹੈ। ਪੱਤਰ ਬਾਰੇ ਪਤਾ ਲੱਗਣ 'ਤੇ ਹੌਪਿਕਨਜ਼ ਨੇ ਸਾਰੇ ਦਸ ਅਫਸਰਾਂ ਨੂੰ ਬਰਤਰਫ ਕਰ ਦਿੱਤਾ। ਨਾਲ ਹੀ ਉਨ੍ਹਾਂ ਵਿਚੋਂ ਦੋ (ਸੈਮੂਅਲ ਸ਼ਾਅ ਤੇ ਰਿਚਰਡ ਮੈਰਵਿਨ) ਖਿਲਾਫ ਫੌਜਦਾਰੀ ਮਾਣਹਾਨੀ ਦਾ ਦਾਅਵਾ ਠੋਕ ਦਿੱਤਾ। ਇਸ ਕਾਰਵਾਈ ਤੋਂ ਸ਼ਾਅ ਤੇ ਮੈਰਵਿਨ ਦੇ ਸਹਿਕਰਮੀ ਰੋਹ ਵਿਚ ਆ ਗਏ। ਉਨ੍ਹਾਂ ਨੇ ਆਰਜ਼ੀ ਕਾਂਗਰਸ (ਆਰਜ਼ੀ ਸੰਸਦ) ਅੱਗੇ ਮਾਮਲਾ ਪੇਸ਼ ਕੀਤੇ ਜਾਣ 'ਤੇ ਜ਼ੋਰ ਦਿੱਤਾ। ਸੁਣਵਾਈ ਦੇ ਅਮਲ ਦੌਰਾਨ ਹੌਪਕਿਨਜ਼ ਖਿਲਾਫ ਜੋ ਜੋ ਕੁਝ ਸਾਹਮਣੇ ਆਇਆ, ਉਸ ਨੇ ਅਮਰੀਕੀ ਸੰਵਿਧਾਨ ਵਿਚ ਦੂਜੀ ਤਰਮੀਮ ਲਈ ਆਧਾਰ ਤਿਆਰ ਕੀਤਾ। ਕਾਂਗਰਸ ਨੇ ਨਾ ਸਿਰਫ ਦੋਵਾਂ ਅਫਸਰਾਂ ਦਾ ਕਾਨੂੰਨੀ ਖਰਚਾ, ਸਰਕਾਰੀ ਖਜ਼ਾਨੇ ਵਿਚੋਂ ਤਾਰੇ ਜਾਣ ਦਾ ਹੁਕਮ ਦਿੱਤਾ ਸਗੋਂ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਕਿ "ਸਰਕਾਰੀ ਅਧਿਕਾਰੀਆਂ/ਉਚ ਅਹਿਲਕਾਰਾਂ ਦੇ ਕੁਕਰਮਾਂ/ਕੁਰੀਤੀਆਂ ਦੀ ਜਾਣਕਾਰੀ ਵਿਧਾਨ ਮੰਡਲ ਜਾਂ ਸਬੰਧਤ ਹੁਕਾਮ ਨੂੰ ਦਿੱਤੇ ਜਾਣਾ ਸਾਰੇ ਅਮਰੀਕੀ ਨਾਗਰਿਕਾਂ ਦਾ ਵਿਧਾਨਕ ਹੱਕ ਤੇ ਫਰਜ਼ ਮੰਨਿਆ ਜਾਵੇਗਾ।"

ਇਹ ਉਸ ਮਤੇ ਦਾ ਹੀ ਅਸਰ ਹੈ ਕਿ ਅਮਰੀਕੀ ਰਾਸ਼ਟਰਪਤੀਆਂ, ਉਚ ਸਰਕਾਰੀ ਅਹਿਲਕਾਰਾਂ ਜਾਂ ਉਚ ਸਿਆਸੀ/ਸੰਸਦੀ ਹਸਤੀਆਂ ਦੇ ਜੁਰਮਾਂ/ਕੁਕਰਮਾਂ ਦੇ ਮਾਮਲੇ ਸਮੇਂ-ਸਮੇਂ ਬੇਪਰਦ ਹੁੰਦੇ ਆਏ ਹਨ।

ਅਜਿਹੇ ਇੰਕਸ਼ਾਫਾਂ ਕਰਕੇ ਕਈਆਂ ਨੂੰ ਆਪਣੇ ਅਹੁਦੇ ਤਿਆਗਣੇ ਪਏ, ਕਈਆਂ ਨੂੰ ਜੇਲ੍ਹਾਂ ਹੋਈਆਂ ਅਤੇ ਕਈਆਂ ਦੀ ਸਿਆਸੀ ਤੇ ਸਮਾਜਿਕ ਸਾਖ ਸਦਾ ਲਈ ਸਮਾਪਤ ਹੋ ਗਈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਖਿਲਾਫ ਸੰਸਦੀ ਮੁਕੱਦਮੇ ਦਾ ਰਾਹ ਖੁੱਲ੍ਹਣਾ ਵੀ ਉਕਤ ਅਮਲ ਦਾ ਹੀ ਹਿੱਸਾ ਹੈ। ਅਜਿਹੀਆਂ ਮਿਸਾਲਾਂ ਤੇ ਪ੍ਰਥਾਵਾਂ ਦੇ ਬਾਵਜੂਦ ਕੌਮੀ ਰਾਜ਼ਦਾਰੀ ਜਾਂ ਕੌਮੀ ਸੁਰੱਖਿਆ ਦੀ ਆੜ ਹੇਠ ਅਜਿਹੇ ਮੁਲਾਜ਼ਮਾਂ ਜਾਂ ਆਮ ਲੋਕਾਂ ਦਾ ਸ਼ੋਸ਼ਣ ਤੇ ਦਮਨ ਜਾਰੀ ਹੈ, ਜਿਨ੍ਹਾਂ ਨੇ ਵੱਡਿਆਂ ਦੇ ਕੁਕਰਮਾਂ 'ਤੇ ਉਂਗਲ ਧਰਨ ਦੀ ਜੁਰੱਅਤ ਕੀਤੀ। ਪਾਰਦਰਸ਼ਤਾ, ਫਰਜ਼ਸ਼ੱਨਾਸੀ ਤੇ ਇਨਸਾਫ ਦੇ ਤਕਾਜ਼ਿਆਂ ਉਤੇ ਕੌਮੀ ਸੁਰੱਖਿਆ ਦੀ ਆੜ ਹੇਠ ਮਿੱਟੀ ਕਿਵੇਂ ਪਾਉਣੀ ਹੈ, ਅਜਿਹੇ ਦਾਅ-ਪੇਚਾਂ ਤੇ ਤੌਰ-ਤਰੀਕਿਆਂ ਨਾਲ ਨਿਜ਼ਾਮਤ ਸਦਾ ਹੀ ਲੈਸ ਰਹੀ ਹੈ। ਇਨ੍ਹਾਂ ਹੀ ਤੌਰ-ਤਰੀਕਿਆਂ ਅਤੇ ਹਥਿਆਰਾਂ-ਔਜ਼ਾਰਾਂ ਦੀ ਵਰਤੋਂ ਸਨੋਡਨ ਖਿਲਾਫ 2013 ਤੋਂ ਕੀਤੀ ਜਾਂਦੀ ਆ ਰਹੀ ਹੈ।




ਸਨੋਡਨ ਦੇ ਹੱਕ ਵਿਚ ਵਿਖਾਵਾ ਕਰ ਰਹੇ ਲੋਕ।

ਛੱਤੀ ਵਰ੍ਹਿਆਂ ਦਾ ਸਨੋਡਨ ਪਿਛਲੇ ਛੇ ਸਾਲਾਂ ਤੋਂ ਰੂਸ ਵਿਚ ਪਨਾਹ ਲੈਣ ਅਤੇ ਅਮਰੀਕਾ ਖਿਲਾਫ ਰੂਸੀ ਪ੍ਰਾਪੇਗੰਡੇ ਦਾ ਵਸੀਲਾ ਜਾਂ ਔਜ਼ਾਰ ਬਣੇ ਰਹਿਣ ਲਈ ਮਜਬੂਰ ਹੈ। ਇਹੋ ਵਿਅਥਾ ਉਸ ਦੀ ਸਵੈ-ਜੀਵਨੀਨੁਮਾ ਕਿਤਾਬ 'ਪਰਮਾਨੈਂਟ ਰਿਕਾਰਡ' ਦਾ ਮੁੱਖ ਆਧਾਰ ਹੈ। ਵਿਕੀਲੀਕਸ ਵਾਲੇ ਜੂਲੀਅਨ ਅਸਾਂਜ ਦੀ ਕਹਾਣੀ ਜੱਗ ਜਾਣਦਾ ਹੈ। ਸਨੋਡਨ ਉਸ ਵਾਂਗ ਦੰਦ-ਕਥਾਵਾਂ ਜਾਂ ਚੁੰਝ-ਚਰਚਾ ਦਾ ਪਾਤਰ ਨਹੀਂ ਬਣ ਸਕਿਆ ਪਰ ਅਸਾਂਜ ਤੋਂ ਉਲਟ ਉਸ ਦੀ ਜਾਨ ਅਤੇ ਜਹਾਨ ਨੂੰ ਖਤਰਾ ਵੱਧ ਹੈ। ਅਮਰੀਕੀ ਕੌਮੀ ਸੁਰੱਖਿਆ ਏਜੰਸੀ (ਐਨ.ਐਸ.ਏ.) ਵਲੋਂ ਕਰੋੜਾਂ ਅਮਰੀਕੀ ਨਾਗਰਿਕਾਂ ਅਤੇ ਦਰਜਨਾਂ ਮੁਲਕਾਂ ਦੀਆਂ ਅਹਿਮ ਹਸਤੀਆਂ ਦੀ ਡਿਜੀਟਲ ਵਿਧੀਆਂ ਰਾਹੀਂ ਜਾਸੂਸੀ ਕੀਤੇ ਜਾਣ ਅਤੇ ਉਨ੍ਹਾਂ ਨਾਲ ਜੁੜੀ ਸਾਰੀ ਜਾਣਕਾਰੀ ਗੈਰ-ਕਾਨੂੰਨੀ ਢੰਗ ਨਾਲ ਇਕੱਤਰ ਕੀਤੇ ਜਾਣ ਦਾ ਉਸ ਨੇ ਅਮਰੀਕੀ ਨਾਗਰਿਕ ਹੋਣ ਦੇ ਬਾਵਜੂਦ ਨਾ ਸਿਰਫ ਪਰਦਾਫਾਸ਼ ਕੀਤਾ ਸਗੋਂ ਇਸ ਸਮੁੱਚੇ ਕਾਂਡ ਸਬੰਧੀ ਦਸਤਾਵੇਜ਼, ਵਿਦੇਸ਼ੀ ਮੀਡੀਆ ਨੂੰ ਸੌਂਪੇ। ਅਮਰੀਕੀ ਏਜੰਸੀਆਂ ਦੀਆਂ ਨਜ਼ਰਾਂ ਵਿਚ ਇਹ ਬਹੁਤ ਵੱਡਾ ਦੇਸ਼-ਧ੍ਰੋਹ ਸੀ। ਇਸ ਲਈ ਸਨੋਡਨ ਦੀ ਦਲੇਰੀ ਤੇ ਇਖਲਾਕਪ੍ਰਸਤੀ, ਸ਼ਾਬਾਸ਼ੀ ਦਾ ਬਾਇਜ਼ ਬਣਨ ਦੀ ਥਾਂ ਉਸ ਲਈ ਜਾਨ ਦਾ ਖੌਅ ਬਣ ਗਈ। ਤਤਕਾਲੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਪ੍ਰਸ਼ਾਸਨ ਨੇ ਉਸ ਨੂੰ ਜਾਸੂਸੀ ਐਕਟ ਦੀ ਉਲੰਘਣਾ ਦਾ ਦੋਸ਼ੀ ਕਰਾਰ ਦਿੱਤਾ। ਅਮਰੀਕੀ ਨਿਆਂ ਵਿਭਾਗ ਨੇ ਉਸ ਉਪਰ "ਸਰਕਾਰੀ ਸੰਪਤੀ ਚੁਰਾਉਣ ਅਤੇ ਦੇਸ਼ ਦੋਖੀਆਂ ਨੂੰ ਸੌਂਪਣ" ਦੇ ਦੋਸ਼ ਲਾਏ। ਜ਼ਿਕਰਯੋਗ ਹੈ ਕਿ 1917 ਤੋਂ ਬਾਅਦ ਅਮਰੀਕਾ ਵਿਚ ਅਜਿਹੇ ਦੋਸ਼ ਸਿਰਫ ਤਿੰਨ ਵਾਰ ਲਾਏ ਗਏ ਹਨ। ਇਸ ਤੋਂ ਜ਼ਾਹਿਰ ਹੈ ਕਿ ਐਕਸ-ਕੀਅ ਸਕੋਰ (ਜਾਂ ਐਕਸ.ਕੇ.ਐਸ.) ਵਰਗੇ ਪ੍ਰੋਗਰਾਮਾਂ ਦੀ ਅਸਲੀਅਤ ਬੇਪਰਦ ਹੋਣ ਤੋਂ ਅਮਰੀਕੀ ਨਿਜ਼ਾਮਤ ਕਿਸ ਹੱਦ ਤਕ ਖਫਾ ਹੈ।

ਸਨੋਡਨ ਦੀ ਕਹਾਣੀ ਲਿਊਕ ਹਾਰਡਿੰਗ ਦੀ 2014 ਵਿਚ ਛਪੀ ਕਿਤਾਬ 'ਦਿ ਸਨੋਡਨ ਫਾਈਲਜ਼' ਦਾ ਵਿਸ਼ਾ-ਵਸਤੂ ਸੀ। ਇਸੇ ਕਹਾਣੀ 'ਤੇ 2015 ਵਿਚ ਬਣੀ ਲੰਮੀ ਦਸਤਾਵੇਜ਼ੀ 'ਸਿਟੀਜ਼ਨਫੋਰ' ਨੂੰ ਆਸਕਰ ਐਵਾਰਡ ਨਾਲ ਸਨਮਾਨਿਆ ਗਿਆ। ਬਾਅਦ ਵਿਚ ਉਘੇ ਅਮਰੀਕੀ ਫਿਲਮਸਾਜ਼ ਓਲਿਵਰ ਸਟੋਨ ਨੇ 'ਸਨੋਡਨ' ਨਾਮੀ ਫੀਚਰ ਫਿਲਮ ਵੀ ਬਣਾਈ। ਇਨ੍ਹਾਂ ਕ੍ਰਿਤੀਆਂ ਵਿਚ ਉਹ ਸਭ ਕੁਝ ਮੌਜੂਦ ਹੈ ਜੋ ਸਨੋਡਨ ਕਹਿਣਾ/ਦੱਸਣਾ ਚਾਹੁੰਦਾ ਸੀ। 'ਪਰਮਾਨੈਂਟ ਰਿਕਾਰਡ' ਬਕਲਮ ਖੁਦ ਵਾਲੀ ਚਾਹਤ ਦੀ ਪੈਦਾਇਸ਼ ਹੈ। ਰੂਸ ਵਿਚ ਜਲਾਵਤਨੀ ਭੋਗ ਰਹੇ ਸਨੋਡਨ ਅੱਗੇ ਚੁਣੌਤੀ ਸੀ ਕਿ ਜੋ ਕੁਝ ਲਿਖਿਆ/ਦੱਸਿਆ ਜਾ ਚੁੱਕਾ ਹੈ, ਉਸ ਤੋਂ ਅੱਗੇ ਜਾ ਕੇ ਉਹ ਕੁਝ ਨਵਾਂ ਪੇਸ਼ ਕਰੇ। ਇਸ ਚੁਣੌਤੀ 'ਤੇ ਕਾਬੂ ਪਾਉਣ ਵਿਚ ਉਹ ਕਾਮਯਾਬ ਰਿਹਾ ਹੈ। ਕਿਤਾਬ ਦੇ ਪਹਿਲੇ ਦੋ ਭਾਗ ਨੌਰਥ ਕੈਰੋਲਾਈਨਾ ਸੂਬੇ ਵਿਚ ਉਸ ਦੇ ਬਚਪਨ, ਮਾਪਿਆਂ, ਰੁਚੀਆਂ ਅਤੇ ਕੰਪਿਊਟਰਾਂ ਪ੍ਰਤੀ ਉਸ ਦੀ ਖਬਤ ਬਾਰੇ ਦੱਸਦੇ ਹਨ ਤੇ ਇਸੇ ਖਬਤ ਨੇ ਉਸ ਨੂੰ ਕੰਪਿਊਟਰਾਂ ਦੇ ਅੰਤਰੀਵ ਤਕ ਪੁੱਜਣ ਅਤੇ ਡੇਟਾ ਇਕੱਤਰਨ/ਵਿਸ਼ਲੇਸ਼ਣ ਦੀਆਂ ਨਵੀਆਂ-ਨਿਵੇਕਲੀਆਂ ਵਿਧੀਆਂ ਈਜਾਦ ਕਰਨ ਦੇ ਸਮਰੱਥ ਬਣਾਇਆ। ਇਸੇ ਸਮਰੱਥਾ ਦੀ ਬਦੌਲਤ ਉਸ ਨੂੰ ਅਮਰੀਕੀ ਸੂਹੀਆ ਏਜੰਸੀ ਸੀ.ਆਈ.ਏ. ਵਿਚ ਨੌਕਰੀ ਮਿਲੀ ਅਤੇ ਇਹ ਨੌਕਰੀ ਛੱਡਣ ਤੋਂ ਬਾਅਦ ਡੈੱਲ ਜਾਂ ਬੂਜ਼ ਐਲਨ ਵਰਗੀਆਂ ਕੰਪਨੀਆਂ ਦੇ ਜ਼ਰੀਏ ਐਨ.ਐਸ.ਏ. ਲਈ ਠੇਕੇ 'ਤੇ ਕੰਮ ਕਰਨ ਦੇ ਰਾਹ ਪਾਇਆ। ਬੂਜ਼ ਐਲਨ ਲਈ ਕੰਮ ਕਰਦਿਆਂ ਹੀ ਉਸ ਦੇ ਹੱਥ ਉਹ ਫਾਈਲਾਂ ਲੱਗੀਆਂ ਜੋ ਉਸ ਨੂੰ ਅਮਰੀਕੀ ਨਾਗਰਿਕਾਂ ਦੇ ਜੀਵਨ ਵਿਚ ਗੈਰ-ਕਾਨੂੰਨੀ ਘੁਸਪੈਠ ਅਤੇ ਉਨ੍ਹਾਂ ਦੇ ਸੰਵਿਧਾਨਕ ਹੱਕਾਂ ਪ੍ਰਤੀ ਘੋਰ ਅਵੱਗਿਆਕਾਰੀ ਜਾਪੀਆਂ। ਪੁਸਤਕ ਦੇ ਅਗਲੇ ਤਿੰਨ ਭਾਗਾਂ ਵਿਚ ਉਹ ਆਪਣੀ ਨੌਕਰੀ ਤੇ ਪੇਸ਼ੇ ਦੀਆਂ ਮਜਬੂਰੀਆਂ, ਜ਼ਿੰਮੇਵਾਰੀਆਂ ਤੇ ਦੁਸ਼ਵਾਰੀਆਂ ਅਤੇ ਭਵਿੱਖੀ ਸੰਭਾਵਨਾਵਾਂ, ਖਦਸ਼ਿਆਂ ਤੇ ਖਤਰਿਆਂ ਦਾ ਖੁਲਾਸਾ ਕਰਦਾ ਹੈ। ਇਨ੍ਹਾਂ ਭਾਗਾਂ ਵਿਚਲੀ ਉਸ ਦੀ ਲੇਖਣੀ ਵਿਚ ਤਣਾਅ ਤੇ ਰੋਹ ਨਿਹਿਤ ਹੈ। ਪੁਸਤਕ ਰੂਸ ਵਿਚਲੇ ਉਸ ਦੇ ਕਿਆਮ ਬਾਰੇ ਖਾਮੋਸ਼ ਹੈ। ਜ਼ਾਹਿਰ ਹੈ ਕਿ ਉਹ ਆਪਣੇ ਸ਼ਰਨਦਾਤਿਆਂ ਨੂੰ ਨਾਰਾਜ਼ ਨਹੀਂ ਕਰ ਸਕਦਾ। ਉਂਜ, ਉਸ ਦਾ ਦਾਅਵਾ ਹੈ ਕਿ ਰੂਸ ਵਿਚ ਗੁਪਤਵਾਸ ਉਸ ਦੀ ਮਜਬੂਰੀ ਹੈ। ਹਾਂਗ ਕਾਂਗ ਤੋਂ ਮਾਸਕੋ ਦੇ ਰਸਤੇ ਕੁਇਟੋ (ਇਕੁਏਡੋਰ) ਜਾਂਦਿਆਂ ਉਸ ਦਾ ਪਾਸਪੋਰਟ ਅਮਰੀਕੀ ਪ੍ਰਸ਼ਾਸਨ ਨੇ ਜਿਵੇਂ ਰੱਦ ਕੀਤਾ, ਉਸ ਤੋਂ ਉਸ ਕੋਲ ਮਾਸਕੋ ਵਿਚ ਪਨਾਹ ਲੈਣ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਬਚਿਆ।




ਸਨੋਡਨ ਦੀ ਕਿਤਾਬ 'ਪਰਮਾਨੈਂਟ ਰਿਕਾਰਡ' ਦਾ ਮੁਖੜਾ।

ਡਿਜਿਟਲਾਈਜ਼ੇਸ਼ਨ ਦੇ ਨਾਮ 'ਤੇ ਨਿੱਜਤਾ ਦਾ ਕਿਸ ਬਾਰੀਕਬੀਨੀ ਨਾਲ ਕਤਲ ਕੀਤਾ ਜਾ ਰਿਹਾ ਹੈ, ਇਸ ਦਾ ਬਿਆਨ ਇਜ਼ਰਾਇਲੀ ਸੂਹੀਆ ਵਿਧੀ ਪੈਗਾਸਸ ਰਾਹੀਂ ਵੱਟਸਐਪ ਨੂੰ ਸੰਨ੍ਹ ਲਾਉਣ ਅਤੇ ਇਸ ਦੇ ਜ਼ਰੀਏ ਵੱਟਸਐਪ ਦੇ ਵਰਤੋਂਕਾਰਾਂ ਉਪਰ ਮੁਕੰਮਲ ਨਜ਼ਰ ਰੱਖਣ ਦੇ ਤਾਜ਼ਾਤਰੀਨ ਪ੍ਰਗਟਾਵਿਆਂ ਰਾਹੀਂ ਹੋ ਹੀ ਗਿਆ ਹੈ। ਸਨੋਡਨ ਨੇ ਅਜਿਹੇ ਐਪਸ ਅਤੇ ਪ੍ਰੋਗਰਾਮਾਂ ਦੀ ਮੌਜੂਦਗੀ ਅਤੇ ਉਨ੍ਹਾਂ ਨਾਲ ਜੁੜੇ ਖਤਰਿਆਂ ਨੂੰ ਛੇ ਸਾਲ ਪਹਿਲਾਂ ਬੇਪਰਦ ਕੀਤਾ ਸੀ। ਉਸ ਨੇ ਜੋ ਦੱਸਿਆ, ਉਹ ਸੱਚ ਸਾਬਤ ਹੋ ਰਿਹਾ ਹੈ ਪਰ ਹੁਣ ਵਾਲੇ ਪ੍ਰਗਟਾਵਿਆਂ ਦੇ ਬਾਵਜੂਦ ਸਨੋਡਨ ਨੂੰ ਨਿਆਂ ਮਿਲਣਾ ਗੈਰ-ਮੁਮਕਿਨ ਜਾਪਦਾ ਹੈ। ਅਮਰੀਕੀ ਏਜੰਸੀਆਂ ਉਸ ਨੂੰ ਨਾ ਖੁੱਲ੍ਹ ਕੇ ਜਿਊਣ ਦੇਣਗੀਆਂ ਅਤੇ ਨਾ ਹੀ ਮਰਨ ਦੇਣਗੀਆਂ। ਸਨੋਡਨ ਇਸ ਅਸਲੀਅਤ ਤੋਂ ਵਾਕਫ ਹੈ ਅਤੇ ਉਸ ਦੀ ਇਹੋ ਲਾਚਾਰੀ 'ਪਰਮਾਨੈਂਟ ਰਿਕਾਰਡ' ਨੂੰ ਮਾਰਮਿਕ ਬਿਰਤਾਂਤ ਬਣਾਉਂਦੀ ਹੈ।



ਆਪਣਾ ਪੱਖ ਪੇਸ਼ ਕਰ ਰਿਹਾ ਐਡਵਰਡ ਸਨੋਡਨ।

# ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ ਵਲੋਂ ਨਵੰਬਰ ਮਹੀਨੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ




**ਨਿਊ ਯਾਰਕ (ਬਿਊਰੋ):** ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ ਨੇ ਨਵੰਬਰ ਮਹੀਨੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਹੈ ਕਿ ਭਾਰਤ ਉਤੇ ਅੰਗਰੇਜ਼-ਰਾਜ ਵਿਰੁਧ ਆਜ਼ਾਦੀ ਦੀ ਜੰਗ ਲੜਦਿਆਂ ਹਜ਼ਾਰਾਂ ਯੋਧਿਆਂ ਨੇ ਤਸੀਹੇ ਝੱਲੇ, ਜਾਇਦਾਦਾਂ ਕੁਰਕ ਕਰਵਾਈਆਂ ਅਤੇ ਜਲਾਵਤਨੀ ਸਹਿੰਦਿਆਂ ਫਾਂਸੀਆਂ ਦੇ ਰੱਸੇ ਚੁੰਮੇ। ਸਿਰੜੀ ਯੋਧਿਆਂ ਨੇ ਆਖਿਰ ਨੂੰ ਜ਼ਾਲਿਮ ਅੰਗਰੇਜ਼ ਦੇ ਰਾਜ ਨੂੰ ਢਹਿ ਢੇਰੀ ਕਰਕੇ ਸਾਹ ਲਿਆ। ਉਨ੍ਹਾਂ ਯੋਧਿਆਂ ਨੂੰ ਯਾਦ ਕਰਨਾ ਅੱਜ ਦੇ ਭਾਰਤੀ ਸਮਾਜ ਦਾ ਫਰਜ਼ ਹੈ।

ਆਜ਼ਾਦੀ ਦਾ ਬਿਗਲ 1857 ਦੇ ਗਦਰ ਤੋਂ ਪਹਿਲਾਂ ਹੀ ਵੱਜ ਗਿਆ ਸੀ, ਜਿਸ ਦਾ ਸਿਹਰਾ ਮਹਾਰਾਜ ਸਿੰਘ ਦੇ ਸਿਰ ਬੱਝਦਾ ਹੈ। ਇਤਿਹਾਸ ਗਵਾਹ ਹੈ ਕਿ ਮਹਾਰਾਜ ਸਿੰਘ ਦਾ ਲੋਕਾਂ ਵਿਚ ਬੜਾ ਮਾਣ ਸਤਿਕਾਰ ਸੀ ਅਤੇ ਅੰਗਰੇਜ਼ ਉਸ ਤੋਂ ਥਰ ਥਰ ਕੰਬਦੇ ਸਨ। ਉਸ ਤੋਂ ਛੇਤੀ ਬਾਅਦ ਕੂਕਾ ਲਹਿਰ ਦੇ ਬਾਨੀ ਬਾਬਾ ਰਾਮ ਸਿੰਘ ਨੇ ਅੰਗਰੇਜ਼ ਰਾਜ ਵਿਰੁਧ ਆਜ਼ਾਦੀ ਦਾ ਬੀੜਾ ਚੁੱਕਿਆ। ਸਹੀ ਅਰਥਾਂ ਵਿਚ ਬਾਬਾ ਜੀ ਆਜ਼ਾਦੀ ਦੀ ਲਹਿਰ ਨੂੰ ਪ੍ਰਚੰਡ ਕਰਨ ਵਾਲੇ ਪਹਿਲੇ ਘੁਲਾਟੀਏ ਸਨ।

26 ਨਵੰਬਰ 1871 ਨੂੰ ਜ਼ਾਲਮ ਫਿਰੰਗੀਆਂ ਨੇ ਲੁਧਿਆਣਾ ਸ਼ਹਿਰ ਵਿਚ ਦੋ ਕੂਕਿਆਂ-ਗਿਆਨੀ ਰਤਨ ਸਿੰਘ ਤੇ ਸੂਬਾ ਰਤਨ ਨੂੰ ਲੋਕਾਂ ਦੇ ਸਾਹਮਣੇ ਦਰਖਤ ਨਾਲ ਬੰਨ੍ਹ ਕੇ ਸ਼ਹੀਦ ਕਰ ਦਿੱਤਾ। ਇਸ ਘਟਨਾ ਨੂੰ 'ਸ਼ਹੀਦੀ ਸਾਕਾ ਲੁਧਿਆਣਾ' ਕਿਹਾ ਜਾਂਦਾ ਹੈ।

16 ਨਵੰਬਰ 1915 ਨੂੰ 'ਪਹਿਲੇ ਲਾਹੌਰ ਸਾਜਿਸ਼ ਕੇਸ' ਵਿਚ ਸੱਤ ਗਦਰੀ ਯੋਧਿਆਂ-ਕਰਤਾਰ ਸਿੰਘ ਸਰਾਭਾ (ਲੁਧਿਆਣਾ), ਵਿਸ਼ਨੂੰ ਗਣੇਸ਼ ਪਿੰਗਲੇ (ਤਾਲੇਗਾਓਂ ਧਮਧੇਰਾ, ਪੂਨਾ, ਮਹਾਂਰਾਸ਼ਟਰ), ਜਗਤ ਸਿੰਘ (ਸੁਰਸਿੰਘ, ਅੰਮ੍ਰਿਤਸਰ), ਹਰਨਾਮ ਸਿੰਘ (ਭੱਟੀ ਗੁਰਾਇਆ, ਸਿਆਲਕੋਟ), ਸੁਰੈਣ ਸਿੰਘ ਸਪੁੱਤਰ ਬੂੜ ਸਿੰਘ (ਗਿੱਲਵਾਲੀ, ਅੰਮ੍ਰਿਤਸਰ), ਸੁਰੈਣ ਸਿੰਘ ਸਪੁੱਤਰ ਈਸ਼ਰ ਸਿੰਘ (ਗਿੱਲਵਾਲੀ, ਅੰਮ੍ਰਿਤਸਰ) ਅਤੇ ਬਖਸ਼ੀਸ਼ ਸਿੰਘ (ਗਿੱਲਵਾਲੀ, ਅੰਮ੍ਰਿਤਸਰ) ਨੂੰ ਦੋਸ਼ੀ ਠਹਿਰਾ ਕੇ ਸੈਂਟਰਲ ਜੇਲ੍ਹ ਲਾਹੌਰ ਵਿਚ ਫਾਂਸੀ 'ਤੇ ਚਾੜ੍ਹਿਆ ਗਿਆ।

6 ਨਵੰਬਰ 1915 ਨੂੰ ਆਲੀਦੀਨ ਢਾਲਾ ਸਪੁੱਤਰ ਪੂਰਤੀ ਫਕੀਰ ਮੁਹੰਮਦ (ਜੰਜੀ ਬਾਰ, ਗੁਜਰਾਤ) ਅਤੇ 22 ਨਵੰਬਰ 1915 ਨੂੰ ਨਰਿੰਦਰ ਦਾਸ ਗੁਪਤਾ ਤੇ ਮਨੋਰੰਜਨ ਸੇਨਗੁਪਤਾ ਨੇ ਸ਼ਹੀਦੀ ਜਾਮ ਪੀਤਾ। 26 ਨਵੰਬਰ 1915 ਨੂੰ ਗਣੇਸ਼ ਦਾਸ ਬਾਲੀ ਪੁੱਤਰ ਰਤਨ ਦਾਸ (ਰਾਵਲਪਿੰਡੀ) ਅਤੇ ਜੋਗਰਾਜ (ਰਾਵਲਪਿੰਡੀ) ਨੂੰ ਕੀਨੀਆ ਵਿਚ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ।

ਇਨ੍ਹਾਂ ਸ਼ਹੀਦਾਂ ਦਾ ਕਸੂਰ ਸਿਰਫ ਇਹ ਸੀ ਕਿ ਉਹ ਅੰਗਰੇਜ਼ ਸਰਕਾਰ ਤੋਂ ਹਿੰਦੋਸਤਾਨ ਨੂੰ ਆਜ਼ਾਦ ਕਰਾਉਣਾ ਚਾਹੁੰਦੇ ਸਨ। ਆਜ਼ਾਦੀ ਦੀ ਮੰਗ ਦੇ ਦੋ ਨੁਕਤੇ ਸਨ-ਪਹਿਲਾ, ਨਿਰਾਦਰ ਨਾ ਸਹਿਣਾ ਤੇ ਦੂਜਾ, ਦੇਸ਼ 'ਚੋਂ ਗੋਰਿਆਂ ਨੂੰ ਕੱਢ ਕੇ ਆਜ਼ਾਦੀ ਦਾ ਅਨੰਦ ਮਾਣਨਾ।

ਸੰਸਥਾ ਨੇ ਕਿਹਾ ਹੈ ਕਿ ਅੰਗਰੇਜ਼ ਰਾਜ ਤੋਂ ਮੁਕਤੀ ਪਾਉਣ ਲਈ ਯੋਧਿਆਂ ਨੂੰ ਆਜ਼ਾਦੀ ਦਾ ਵੱਡਾ ਮੁੱਲ ਤਾਰਨਾ ਪਿਆ। ਸ਼ਹੀਦਾਂ ਦੀ ਸੋਚ ਅਤੇ ਦ੍ਰਿਸ਼ਟੀ ਨੂੰ ਮੁੱਖ ਰੱਖਦਿਆਂ ਸਾਰੇ ਭਾਰਤੀਆਂ ਦਾ ਫਰਜ਼ ਬਣ ਜਾਂਦਾ ਹੈ ਕਿ ਇਨ੍ਹਾਂ ਸ਼ਹੀਦਾਂ ਨੂੰ ਯੋਗ ਤੇ ਬਣਦੀ ਸ਼ਰਧਾਂਜਲੀ ਭੇਟ ਕਰੀਏ।

# ਸੋਭਾ ਪੱਤਰ ਮਾਮਲੇ 'ਤੇ ਲੇਖਕਾਂ ਵੱਲੋਂ ਪੰਜਾਬ ਸਰਕਾਰ ਨੂੰ ਘੇਰਾ

**ਪਟਿਆਲਾ:** ਪੰਜਾਬ ਸਰਕਾਰ ਵੱਲੋਂ 550ਵੇਂ ਪ੍ਰਕਾਸ਼ ਪੁਰਬ ਮੌਕੇ 550 ਸ਼ਖਸੀਅਤਾਂ ਦੇ ਸਨਮਾਨ ਸਮਾਰੋਹ ਦੌਰਾਨ ਰਾਜ ਭਾਸ਼ਾ ਪੰਜਾਬੀ ਨੂੰ ਅਣਡਿੱਠ ਕਰਕੇ ਅੰਗਰੇਜ਼ੀ 'ਚ 'ਸੋਭਾ ਪੱਤਰ' ਦਿੱਤੇ ਜਾਣ ਦੇ ਮਾਮਲੇ 'ਤੇ ਪੰਜਾਬੀ ਲੇਖਕਾਂ ਨੇ ਸਰਕਾਰ ਖਿਲਾਫ ਲਾਮਬੰਦੀ ਵਿੱਢ ਦਿੱਤੀ ਹੈ।

ਪੰਜਾਬੀ ਸਾਹਿਤਕਾਰਾਂ ਨੂੰ ਵੀ ਸੱਦਾ ਦਿੱਤਾ ਗਿਆ ਹੈ ਕਿ ਉਹ ਅੰਗਰੇਜ਼ੀ 'ਚ ਦਿੱਤੇ ਗਏ ਸੋਭਾ ਪੱਤਰ ਸਰਕਾਰ ਨੂੰ ਵਾਪਸ ਕਰਕੇ ਪੰਜਾਬੀ ਦੀ ਪਹਿਰੇਦਾਰੀ ਲਈ ਦਬਾਅ ਬਣਾਉਣ ਲਈ ਅੱਗੇ ਆਉਣ। ਕੇਂਦਰੀ ਪੰਜਾਬੀ ਲੇਖਕ ਸਭਾ 'ਸੇਖੋਂ' ਦੇ ਪ੍ਰਧਾਨ ਡਾ. ਤੇਜਵੰਤ ਮਾਨ ਨੇ ਇਸ ਮਾਮਲੇ 'ਚ ਜ਼ੋਰਦਾਰ ਮੁਹਿੰਮ ਵਿੱਢਣ ਦਾ ਐਲਾਨ ਕੀਤਾ ਹੈ ਜਦਕਿ ਉਘੀ ਲੇਖਿਕਾ ਡਾ. ਅਰਵਿੰਦਰ ਕੌਰ ਕਾਕੜਾ, ਸਾਹਿਤਕਾਰ ਗੁਰਚਰਨ ਸਿੰਘ ਪੱਬਾਰਾਲੀ ਤੇ ਸਾਹਿਤ ਸਾਧਨਾ ਮੰਚ ਦੇ ਜਨਰਲ ਸਕੱਤਰ ਬਲਬੀਰ ਜਲਾਲਾਬਾਦੀ ਨੇ ਵੀ ਇਸ ਮਾਮਲੇ 'ਚ ਸਰਕਾਰ ਨੂੰ ਕੋਸਦਿਆਂ ਕਿਹਾ ਕਿ ਸੋਭਾ ਪੱਤਰਾਂ ਦੀ ਸੋਭਾ ਤਾਂ ਹੀ ਮੰਨੀ ਜਾਏਗੀ ਜੇਕਰ ਸਰਕਾਰ ਪੈਰ ਪਿਛਾਂਹ ਖਿੱਚ ਕੇ ਸੋਭਾ ਪੱਤਰਾਂ ਨੂੰ ਅੰਗਰੇਜ਼ੀ ਦੀ ਥਾਂ ਪੰਜਾਬੀ ਭਾਸ਼ਾ 'ਚ ਬਦਲੇ। ਲੇਖਕਾਂ ਨੇ ਕਿਹਾ ਕਿ ਪੰਜਾਬੀ ਲਈ ਸੇਵਾ ਕਰਨ ਦੇ ਦਾਅਵੇ ਕਰਨ ਵਾਲੇ ਅੰਗਰੇਜ਼ੀ ਦੇ ਸੋਭਾ ਪੱਤਰਾਂ ਨਾਲ ਸਨਮਾਨਿਤ ਹੋਏ ਪੰਜਾਬੀ ਸਾਹਿਤਕਾਰਾਂ ਨੂੰ ਮਾਂ ਬੋਲੀ ਦੇ ਹੱਕ 'ਚ ਨਿੱਤਰਦਿਆਂ ਤੁਰਤ ਸਨਮਾਨ ਵਾਪਸ ਕਰਨੇ ਚਾਹੀਦੇ ਹਨ।

ਡਾ. ਤੇਜਵੰਤ ਮਾਨ ਨੇ ਹੈਰਾਨੀ ਅਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਕਿੰਨੀ ਨਿੰਦਣਯੋਗ ਗੱਲ ਹੈ ਕਿ ਪੰਜਾਬੀ ਅਤੇ ਪੰਜਾਬੀਅਤ ਦੀ ਸੇਵਾ ਕਰ ਰਹੇ ਵਿਅਕਤੀਆਂ ਨੂੰ ਮਾਣ ਪੱਤਰ ਅੰਗਰੇਜ਼ੀ ਵਿਚ ਦਿੱਤੇ ਜਾਣ। ਇਸ ਤੋਂ ਵੱਧ ਮਾੜੀ ਗੱਲ ਕੀ ਹੋ ਸਕਦੀ ਹੈ ਕਿ ਪੰਜਾਬੀ ਭਾਸ਼ਾ ਦੇ ਅਖੌਤੀ ਮੁਦਈਆਂ, ਉਚ ਕੋਟੀ ਦੇ ਪੰਜਾਬੀ ਲੇਖਕਾਂ ਨੇ ਅੰਗਰੇਜ਼ੀ ਵਿਚ ਦਿੱਤੇ ਇਹ ਸੋਭਾ ਪੱਤਰ ਪੰਜਾਬ ਸਰਕਾਰ ਦੀ ਮਿਹਰਬਾਨੀ ਸਮਝਦਿਆਂ ਖੁਸ਼ੀ ਖੁਸ਼ੀ ਸਵੀਕਾਰ ਕੀਤੇ। ਉਨ੍ਹਾਂ ਅਪੀਲ ਕੀਤੀ ਕਿ ਪੰਜਾਬੀ ਲੇਖਕ ਅੰਗਰੇਜ਼ੀ ਵਿਚ ਦਿੱਤੇ ਇਹ ਸੋਭਾ ਪੱਤਰ ਪੰਜਾਬ ਸਰਕਾਰ ਨੂੰ ਵਾਪਸ ਕਰਕੇ ਮੰਗ ਕਰਨ ਕਿ ਉਨ੍ਹਾਂ ਨੂੰ ਦਿੱਤੇ ਇਹ ਸਨਮਾਨ ਪੱਤਰ ਪੰਜਾਬੀ ਭਾਸ਼ਾ ਵਿੱਚ ਦਿੱਤੇ ਜਾਣ।

# ਹੱਬਾ ਖ਼ਾਤੂਨ ਦਾ ਕਸ਼ਮੀਰ

ਕਸ਼ਮੀਰ ਨੂੰ ਧਰਤੀ 'ਤੇ ਜੰਨਤ ਆਖਿਆ ਜਾਂਦਾ ਹੈ। ਕੁਦਰਤ ਇਸ ਧਰਤੀ 'ਤੇ ਬੜੀ ਮਿਹਰਬਾਨ ਹੈ। ਅੱਜ ਕਸ਼ਮੀਰ ਸਿਆਸਤ ਦੇ ਸੌੜੇ ਸਿਆਸੀ ਮੋਹਰਿਆਂ ਵਿਚ ਉਲਝ ਕੇ ਰਹਿ ਗਿਆ ਹੈ। ਕਸ਼ਮੀਰੀਅਤ ਤੜਫ ਰਹੀ ਹੈ। ਬੇਸ਼ੱਕ ਸਦੀਆਂ ਤੋਂ ਕਸ਼ਮੀਰ ਭਾਰਤ ਦਾ ਅੰਗ ਰਿਹਾ ਹੈ ਤੇ ਇਹਦਾ ਹੀ ਅੰਗ ਰਹੇਗਾ, ਪਰ ਇਹ ਜ਼ਰੂਰੀ ਹੈ ਕਿ ਉਥੋਂ ਦੀ ਰੱਤ ਭਿੱਜੀ ਧਰਤ ਨੂੰ ਨਫਰਤ, ਸਿਆਸੀ ਚਾਲਾਂ ਜਾਂ ਦਮਨਕਾਰੀ ਨੀਤੀਆਂ ਨਾਲ ਨਾ ਨਜਿੱਠਿਆ ਜਾਵੇ। ਹੱਬਾ ਖਾਤੂਨ ਦੇ ਕਸ਼ਮੀਰ ਨੂੰ ਇੰਜ ਨਾ ਮਰਨ ਦੇਈਏ। ਉਹਦੇ ਹਰ ਗੀਤ ਵਿਚੋਂ ਕਸ਼ਮੀਰੀਅਤ ਦੀ ਸੁਗੰਧ ਆਉਂਦੀ ਹੈ। ਉਸ ਦੇ ਗੀਤਾਂ ਨੇ ਇਸ ਧਰਤੀ ਦੀਆਂ ਹੁਸੀਨ ਵਾਦੀਆਂ ਦੇ ਸੋਹਲੇ ਗਾਏ। ਕਲ-ਕਲ ਕਰਦੇ ਚਸ਼ਮਿਆਂ ਨੂੰ ਗੀਤਾਂ ਦੀਆਂ ਧੁਨਾਂ ਬਣਾਇਆ। ਬਨਸਪਤੀ ਦੀ ਮਹਿਕ ਨੂੰ ਗੀਤਾਂ ਵਿਚ ਗਾਇਆ।

ਹੱਬਾ ਖਾਤੂਨ ਦਾ ਜਨਮ ਉਸ ਸਮੇਂ ਹੋਇਆ, ਜਦੋਂ ਕਸ਼ਮੀਰ ਅੱਜ ਵਾਂਗੂੰ ਹੀ ਸਿਆਸੀ, ਸਮਾਜਕ ਤੇ ਆਰਥਕ ਸੰਤਾਪ ਹੰਢਾ ਰਿਹਾ ਸੀ। ਕਸ਼ਮੀਰ

**ਪਰਮਜੀਤ ਢੀਂਗਰਾ**
ਫੋਨ: +91-941733-58120

ਨੂੰ ਸ਼ਕਤੀਸ਼ਾਲੀ ਰਾਜ ਬਣਾਉਣ ਵਾਲੇ ਸੁਲਤਾਨ ਵੰਸ਼ ਦੇ ਤੇਜਸਵੀ ਵਾਰਿਸਾਂ ਸ਼ਹਾਬੂਦੀਨ ਅਤੇ ਜੈਨੂਲਾਬਦੀਨ ਦਾ ਸੂਰਜ ਢਲ ਚੁਕਾ ਸੀ ਤੇ ਰਾਜ ਸੱਤਾ ਜਾਗੀਰਦਾਰਾਂ, ਨਵਾਬਾਂ ਦੇ ਹੱਥਾਂ ਵੱਲ ਤਿਲ੍ਹਕ ਗਈ ਸੀ, ਜਿਨ੍ਹਾਂ ਨੇ ਰਾਜ ਸੱਤਾ ਹਥਿਆਉਣ ਤੇ ਆਪਣੀ ਦਾਅਵੇਦਾਰੀ ਦੀ ਮਜ਼ਬੂਤੀ ਲਈ ਕੋਝੀਆਂ ਚਾਲਾਂ ਚੱਲਣੀਆਂ ਸ਼ੁਰੂ ਕਰ ਦਿੱਤੀਆਂ ਸਨ। ਇਨ੍ਹਾਂ ਸਵਾਰਥੀ ਟੋਲਿਆਂ ਨੂੰ ਧਨਾਢਾਂ ਤੇ ਵੱਡਿਆਂ ਦੀ ਸ਼ਹਿ ਪ੍ਰਾਪਤ ਸੀ। ਵਿਰੋਧੀਆਂ ਦੇ ਆਪਸੀ ਸੰਘਰਸ਼ਾਂ ਵਿਚ ਲਗਾਤਾਰ ਕਸ਼ਮੀਰ ਦੀਆਂ ਵੱਡੀਆਂ ਇਮਾਰਤਾਂ, ਮੁਹੱਲਿਆਂ ਦੇ ਮੁਹੱਲੇ ਤੇ ਅਨੇਕਾਂ ਪੁਲ ਅਗਨ ਭੇਟ ਕਰ ਦਿੱਤੇ ਗਏ।

ਉਧਰ ਕਸ਼ਮੀਰ ਘਾਟੀ ਨੂੰ ਭਿਆਨਕ ਕਾਲ ਨੇ ਡਸ ਲਿਆ। ਭੁੱਖ ਨਾਲ ਬੇਹਾਲ ਕਸ਼ਮੀਰ ਤਬਾਹੀ ਕੰਢੇ ਜਾ ਪੁੱਜਾ। ਸੁਲਤਾਨ ਵੰਸ਼ ਦਾ ਆਖਰੀ ਰਾਜਾ ਹਬੀਬ ਸ਼ਾਹ ਏਨਾ ਕਮਜ਼ੋਰ ਤੇ ਕਾਇਰ ਨਿਕਲਿਆ ਕਿ 1554 ਵਿਚ ਭਰੇ ਦਰਬਾਰ ਵਿਚ ਉਹਨੂੰ ਗੱਦੀਓਂ ਲਾਹ ਦਿੱਤਾ ਗਿਆ ਤੇ ਕਿਸੇ ਨੇ ਉਹਦੇ ਲਈ ਹਾਅ ਦਾ ਨਾਅਰਾ ਨਾ ਮਾਰਿਆ। ਰਾਜਗੱਦੀ 'ਤੇ ਚੱਕ ਘਰਾਣੇ ਦੇ ਇਕ ਹੋਰ ਪ੍ਰਭਾਵਸ਼ਾਲੀ ਰਾਜੇ ਅਲੀ ਖਾਨ ਨੇ ਕਬਜ਼ਾ ਕਰ ਲਿਆ। ਅਲੀ ਖਾਨ ਡਾਢਾ, ਨਿਡਰ, ਬਹਾਦਰ ਤੇ ਲੜਾਕਾ ਯੋਧਾ ਸੀ। ਉਹਦਾ ਸਾਰਾ ਸਮਾਂ ਬਗਾਵਤਾਂ ਦਬਾਉਣ ਤੇ ਝਗੜੇ ਫਸਾਦਾਂ ਦੇ ਨਿਬੇੜੇ ਕਰਨ ਵਿਚ ਬੀਤਿਆ। ਸਿੱਟੇ ਵਜੋਂ ਉਹ ਨਾ ਤਾਂ ਆਵਾਮ ਦੀਆਂ ਲੋੜਾਂ ਪੂਰੀਆਂ ਕਰ ਸਕਿਆ ਤੇ ਨਾ ਉਹਦੇ ਦੁੱਖ ਦਰਦ ਸਮਝ ਸਕਿਆ। ਉਹਦੇ ਵਾਰਿਸ ਵੀ ਘਾਟੀ ਵਿਚ ਸ਼ਾਂਤੀ ਕਾਇਮ ਕਰਨ ਵਿਚ ਨਾਕਾਮ ਰਹੇ, ਜਿਸ ਦੀ ਉਸ ਸਮੇਂ ਅੱਜ ਵਾਂਗੂੰ ਹੀ ਵੱਡੀ ਲੋੜ ਸੀ। ਇਸ ਤੋਂ ਬਿਨਾ ਕੁਝ ਹੋਰ ਜਟਿਲ ਕਾਰਨਾਂ ਕਰਕੇ ਚੱਕਾਂ ਦੇ ਰਾਜ 'ਚ ਕਸ਼ਮੀਰੀ ਲੋਕ ਮੁਸੀਬਤਾਂ 'ਚ ਫਾਥੇ ਰਹੇ। ਚੱਕ ਮੂਲ ਰੂਪ ਵਿਚ ਸ਼ੀਆ ਸਨ। ਸੁੰਨੀਆਂ ਨਾਲ ਉਨ੍ਹਾਂ ਦੇ ਟਕਰਾ ਦਾ ਖਮਿਆਜ਼ਾ ਕਸ਼ਮੀਰੀਆਂ ਨੂੰ ਭੁਗਤਣਾ ਪਿਆ। ਜਦੋਂ ਸ਼ੀਆ ਸੁੰਨੀ ਫਸਾਦ ਭਿਆਨਕ ਰੂਪ ਧਾਰ ਗਏ ਤਾਂ ਹਾਲਾਤ ਹੋਰ ਖਰਾਬ ਹੋ ਗਏ, ਜਿਸ ਨਾਲ ਦੋਹਾਂ ਭਾਈਚਾਰਿਆਂ 'ਚ ਸਿਰ ਵੱਢਵਾਂ ਵੈਰ ਵਧ ਗਿਆ।

ਮੁਗਲ ਬਾਦਸ਼ਾਹ ਅਕਬਰ ਦਿੱਲੀ ਬੈਠਾ ਕਸ਼ਮੀਰ ਨੂੰ ਹਥਿਆਉਣ ਦੀ ਤਾਕ ਵਿਚ ਸੀ। ਉਥੋਂ ਦੀ ਅਦਭੁੱਤ ਸੁੰਦਰਤਾ ਤੇ ਸੁਹਜ ਬੋਧ ਉਹਨੂੰ ਲੁਭਾਉਂਦੇ ਸਨ। ਕਸ਼ਮੀਰ ਵਿਚਲੇ ਖੂਨ ਖਰਾਬੇ ਤੇ ਵਿਗੜਦੀ ਹਾਲਤ ਨੂੰ ਲੈ ਕੇ ਜਾਗੀਰਦਾਰ, ਸਰਦਾਰ ਅਕਸਰ ਮਦਦ ਲਈ ਅਕਬਰ ਦੇ ਦਰਬਾਰ ਦਾ ਰੁਖ ਕਰਦੇ ਤੇ ਉਹਦੇ ਕੋਲੋਂ ਕਸ਼ਮੀਰ ਦੇ ਬਚਾਅ ਲਈ ਮਦਦ ਦੀ ਤਵੱਕੋ ਰੱਖਦੇ।

1534 ਵਿਚ ਕਾਸ਼ਗਰੀ ਦਾ ਧੰਦਾ ਚੌਪਟ ਹੋ ਗਿਆ ਤੇ ਘਾਟੀ ਵਿਚ ਅਜਿਹਾ ਕਾਲ ਪਿਆ ਕਿ ਬਹੁਤੇ ਕਿਸਾਨ ਭੁੱਖਮਰੀ ਕਾਰਨ ਜਾਨਾਂ ਬਚਾਉਣ ਲਈ ਘਰ ਤੇ ਖੇਤ ਛੱਡ ਕੇ ਜੰਗਲਾਂ ਤੇ ਪਹਾੜੀ ਗੁਫਾਵਾਂ ਵੱਲ ਕੂਚ ਕਰ ਗਏ। ਲਗਪਗ 50 ਵਰ੍ਹੇ ਜਾਗੀਰਦਾਰ, ਸਰਦਾਰ ਇਨ੍ਹਾਂ ਦਾ ਸ਼ੋਸ਼ਣ ਅਤੇ ਦਮਨ ਕਰਦੇ ਰਹੇ। ਕਿਸਾਨਾਂ ਨੂੰ ਉਨ੍ਹਾਂ ਲਈ ਮਿਹਨਤ ਮੁਸ਼ੱਕਤ ਕਰਨੀ ਪੈਂਦੀ, ਅਨਾਜ ਪੈਦਾ ਕਰਨਾ ਪੈਂਦਾ, ਦੁੱਧ ਲਈ ਪਸ਼ੂ ਪਾਲਣੇ ਪੈਂਦੇ, ਪਰ ਕਿਸਾਨਾਂ ਲਈ ਸਿੰਜਾਈ ਆਦਿ ਦੀਆਂ ਸਹੂਲਤਾਂ ਨਾਂ ਦੇ ਬਰਾਬਰ ਸਨ। ਹੜ੍ਹਾਂ ਦੀ ਰੋਕਥਾਮ ਲਈ ਕੋਈ ਪ੍ਰਬੰਧ ਨਹੀਂ ਸਨ। ਸ਼ਾਲ ਉਦਯੋਗ ਤੇ ਹੱਥ-ਕਲਾਵਾਂ ਨਿੱਘਰਦੀਆਂ ਜਾ ਰਹੀਆਂ ਸਨ। ਲੋਕ ਆਰਥਕ ਮੰਦਹਾਲੀ ਕਰਕੇ ਬੇਚੈਨ ਸਨ, ਪਰ ਕੋਈ ਰਾਹ ਨਹੀਂ ਸੀ ਲੱਭ ਰਿਹਾ।

1576 ਵਿਚ ਘਾਟੀ ਵਿਚ ਸਰਦੀ ਦੇ ਮੌਸਮ ਤੋਂ ਪਹਿਲਾਂ ਹੀ ਭਾਰੀ ਬਰਫਬਾਰੀ ਸ਼ੁਰੂ ਹੋ ਗਈ, ਜਿਸ ਨੇ ਇੱਥੋਂ ਦੀ ਆਰਥਕਤਾ ਨੂੰ ਬੁਰੀ ਤਰ੍ਹਾਂ ਝੰਬ ਦਿੱਤਾ ਤੇ ਲੋਕ ਘਰਾਂ ਵਿਚ ਵੜ ਕੇ ਮੌਸਮ ਦੇ ਕੈਦੀ ਬਣ ਗਏ। ਇਹੀ ਉਹ ਵੇਲਾ ਸੀ ਜਿਸ ਨੇ ਬਾਦਸ਼ਾਹ ਅਕਬਰ ਨੂੰ ਮੌਕਾ ਦਿੱਤਾ। ਉਸ ਨੇ ਕਸ਼ਮੀਰ ਨੂੰ ਆਪਣੀ ਬਾਦਸ਼ਾਹਤ ਦੇ ਤਾਜ ਵਿਚ ਟੁੰਗ ਲਿਆ। ਉਹਨੇ ਕਿਲ੍ਹੇ ਦੀ ਫਸੀਲ ਬਣਾਉਣ ਲਈ ਵੱਡੀ ਰਕਮ ਜਾਰੀ ਕੀਤੀ ਤਾਂ ਜੋ ਭੁੱਖੇ ਭਾਣੇ, ਮੌਸਮ ਦੇ ਝੰਬੇ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ। ਇਸ ਫਸੀਲ ਦਾ ਖੰਡਿਤ ਹਿੱਸਾ ਹਾਰੀ ਪਰਬਤ ਕੋਲ ਅੱਜ ਵੀ ਮੌਜੂਦ ਹੈ। ਅਜਿਹੇ ਬੁਰੇ ਹਾਲਾਤ ਵਿਚ ਹੱਬਾ ਖਾਤੂਨ ਦਾ ਜਨਮ ਹੋਇਆ।

ਸ੍ਰੀਨਗਰ ਦੇ ਦੱਖਣ ਵੱਲ ਪੰਪੋਰ ਅਜਿਹਾ ਉਪਜਾਊ ਇਲਾਕਾ ਹੈ, ਜਿਸ ਦੇ ਪਿੰਡ ਕੇਸਰ ਦੀ ਪੈਦਾਵਾਰ ਲਈ ਮਸ਼ਹੂਰ ਹਨ। ਇਹ ਜੰਗਲੀ ਧਰਤੀ ਪਰਬਤਾਂ ਦੇ ਪਰਛਾਵਿਆਂ ਓਹਲੇ ਹੈ। ਇਸ ਜ਼ਰਖੇਜ਼ ਧਰਤੀ ਨੇ ਕਸ਼ਮੀਰੀ ਭਾਸ਼ਾ ਤੇ ਸਾਹਿਤ ਨੂੰ ਕਵਿੱਤਰੀਆਂ ਦੇ ਰੂਪ ਵਿਚ ਅਨਮੋਲ ਹੀਰੇ ਦਿੱਤੇ। ਇਨ੍ਹਾਂ ਵਿਚੋਂ ਇਕ ਸੀ ਲੱਲਧਦ, ਜੋ ਲਲੇਸ਼ਵਰੀ ਦੇ ਨਾਂ ਨਾਲ ਪ੍ਰਸਿੱਧ ਹੈ ਤੇ ਦੂਜੀ ਸੀ, ਹੱਬਾ ਖਾਤੂਨ। ਹੱਬਾ ਖਾਤੂਨ ਦਾ ਜਨਮ ਚੰਦਹਾਰ ਨਾਂ ਦੇ ਪਿੰਡ ਵਿਚ ਹੋਇਆ। ਉਹਦਾ ਜਨਮ ਦਾ ਨਾਂ ਜ਼ੂਨ ਸੀ। ਸੰਸਕ੍ਰਿਤ 'ਚ ਇਹਦਾ ਅਰਥ ਹੈ, ਪ੍ਰਕਾਸ਼ ਜਾਂ ਰੌਸ਼ਨੀ ਤੇ ਕਸ਼ਮੀਰੀ ਵਿਚ ਚੰਦਰਮਾ। ਚੰਦਹਾਰ ਦੀ ਉਤਪਤੀ ਚੰਦਰ ਸ਼ੇਖਰ ਤੋਂ ਮੰਨੀ ਜਾਂਦੀ ਹੈ, ਜਿਸ ਦਾ ਅਰਥ ਹੈ, ਚੰਦਰਮਾ ਦਾ ਸੁਆਮੀ। ਜ਼ੂਨ ਦਾ ਪਿਤਾ ਚੰਗੇ ਪੈਸੇ ਵਾਲਾ ਕਿਸਾਨ ਸੀ।

ਕੁਝ ਵਿਦਵਾਨ ਮੰਨਦੇ ਹਨ ਕਿ ਹੱਬਾ ਖਾਤੂਨ ਦਾ ਜਨਮ ਜਿਹਲਮ ਘਾਟੀ ਦੇ ਉਤਰ ਵਿਚ ਵਸੇ ਗੁਰੇਸ ਕੋਲ ਇਕ ਗੁਫਾ ਵਿਚ ਹੋਇਆ। ਕੁਝ ਗੁਰੇਸ ਕੋਲ ਚੂਰਵਾਨ ਨੇੜਲੇ ਇਕ ਸਥਾਨ ਨਾਲ ਉਹਦਾ ਜਨਮ ਜੋੜਦੇ ਹਨ, ਜਿਸ ਨੂੰ ਅੱਜ ਵੀ 'ਹੱਬਾ ਖਾਨ ਦੀ ਟੇਕਰੀ' ਕਿਹਾ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਉਹ ਗੁਰੇਸ ਦੇ ਇਕ ਸਰਦਾਰ ਦੀ ਬੇਟੀ ਸੀ। ਉਹ ਕਰਜ਼ਾਈ ਹੋ ਗਿਆ ਤੇ ਕਰਜ਼ੇ ਦੀ ਅਦਾਇਗੀ ਦੇ ਤੌਰ 'ਤੇ ਉਹਨੇ ਆਪਣੀ ਬੇਟੀ ਹੱਬਾ ਖਾਤੂਨ ਇਕ ਕਸ਼ਮੀਰੀ ਵਪਾਰੀ ਹਯਾਬਾਂਡ ਨੂੰ ਸੌਂਪ ਦਿੱਤੀ। ਹਯਾਬਾਂਡ ਨੇ ਉਹਦਾ ਵਿਆਹ ਆਪਣੇ ਬੇਟੇ ਹੱਬ ਲਾਲ ਨਾਲ ਕਰ ਦਿੱਤਾ ਤੇ ਉਹ ਹੱਬਾ ਖਾਤੂਨ ਭਾਵ ਹੱਬ ਦੀ ਵਹੁਟੀ ਬਣ ਗਈ, ਪਰ ਇਹ ਵਿਆਹ ਬਹੁਤਾ ਚਿਰ ਨਾ ਚੱਲ ਸਕਿਆ। ਸਿੱਟੇ ਵਜੋਂ ਹੱਬਾ ਖਾਤੂਨ ਨੇ ਆਪਣੀਆਂ ਕੋਮਲ ਭਾਵਨਾਵਾਂ ਨੂੰ ਗੀਤਾਂ ਵਿਚ ਢਾਲਣਾ ਸ਼ੁਰੂ ਕਰ ਦਿੱਤਾ।


ਪੰਪੋਰ (ਕਸ਼ਮੀਰ) ਦਾ ਕੇਸਰ ਦੀ ਖੇਤੀ ਵਾਲਾ ਇਲਾਕਾ, ਜਿਸ ਦੇ ਇਕ ਪਿੰਡ ਵਿਚ ਹੱਬਾ ਖਾਤੂਨ ਦਾ ਜਨਮ ਹੋਇਆ।

ਇਕ ਦਿਨ ਖੇਤਾਂ ਦੀਆਂ ਕੇਸਰ ਕਿਆਰੀਆਂ ਵਿਚ ਉਸ ਦੇ ਗੀਤ 'ਚਾਰ ਕਰ ਮਿਓ' ਦੀ ਮਿੱਠੀ ਧੁਨ ਗੂੰਜ ਰਹੀ ਸੀ। ਕਵਿੱਤਰੀ ਸੂਰਜ, ਆਕਾਸ਼, ਮੀਂਹ, ਹਵਾ, ਪਹਾੜ, ਵਾਦੀਆਂ, ਫੁੱਲਾਂ ਤੇ ਪੰਛੀਆਂ ਨੂੰ ਹਾਜ਼ਰ ਮੰਨ ਕੇ ਬਿਰਹਾ ਦਾ ਗੀਤ ਗਾ ਰਹੀ ਸੀ। ਉਦੋਂ ਹੀ ਪਰੀ ਕਹਾਣੀਆਂ ਵਾਂਗੂੰ ਜੰਗਲ ਵਲੋਂ ਘੋੜੇ 'ਤੇ ਸਵਾਰ ਇਕ ਸ਼ਹਿਜ਼ਾਦਾ ਉਸ ਆਵਾਜ਼ 'ਤੇ ਮੋਹਿਤ ਹੋ ਕੇ, ਉਹਦੀ ਤੰਦ ਫੜ ਕੇ ਉਹਦੀ ਦਿਸ਼ਾ ਵੱਲ ਵਧਣ ਲੱਗਾ। ਉਹ ਗੀਤ ਦੀ ਧੁਨ 'ਤੇ ਮੰਤਰ ਮੁਗਧ ਹੋਇਆ ਹੱਬਾ ਖਾਤੂਨ ਸਾਹਮਣੇ ਜਾ ਪਹੁੰਚਾ। ਇਹ ਹੋਰ ਕੋਈ ਨਹੀਂ, ਦਰਦਿਸਤਾਨ ਅਤੇ ਗੁਰੇਸ ਵਿਚ ਵਸਦੀ ਦਰਦ ਜਾਤੀ ਦਾ ਸ਼ਹਿਜ਼ਾਦਾ ਯੂਸਫ ਸ਼ਾਹ ਸੀ। ਉਹ ਉਹਦੇ ਗੀਤ 'ਤੇ ਮਰ ਮਿਟਿਆ ਸੀ। ਉਹਦੀ ਅਲੌਕਿਕ ਸੁੰਦਰਤਾ ਦੇਖ ਕੇ ਉਹਦੇ ਦਿਲ 'ਚੋਂ ਹੂਕ ਉਠੀ। ਇਹ ਮੁਲਾਕਾਤ ਅਦਭੁੱਤ ਸੀ। ਹੱਬਾ ਖਾਤੂਨ ਨੇ ਗਾਉਣਾ ਬੰਦ ਕਰ ਦਿੱਤਾ। ਉਹਦੀਆਂ ਅੱਖਾਂ ਸ਼ਰਮ ਨਾਲ ਝੁਕ ਗਈਆਂ। ਇਨ੍ਹਾਂ ਚੰਦ ਘੜੀਆਂ ਵਿਚ ਜਿਵੇਂ ਯੁੱਗ ਬੀਤ ਗਏ।


ਹੱਬਾ ਖਾਤੂਨ ਅਤੇ ਸ਼ਹਿਜ਼ਾਦਾ ਯੂਸਫ ਸ਼ਾਹ ਦੀ ਪਹਿਲੀ ਮਿਲਣੀ ਇਕ ਚਿੱਤਰਕਾਰ ਦੀ ਨਜ਼ਰ ਵਿਚ।

ਚੰਦਹਾਰ ਪਿੰਡ ਦੇ ਕਿਸਾਨ ਦੀ ਬੇਟੀ ਕਸ਼ਮੀਰ ਦੇ ਭਵਿਖੀ ਰਾਜਕੁਮਾਰ ਯੂਸਫ ਸ਼ਾਹ ਚੱਕ ਦੀ ਬੇਗਮ ਬਣ ਗਈ ਸੀ।

ਉਹਨੇ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਉਹ ਕਸ਼ਮੀਰ ਦੇ ਰਾਜ ਮਹਿਲਾਂ ਦੀ ਰਾਣੀ ਬਣ ਜਾਵੇਗੀ। ਦਰਅਸਲ, ਉਹਨੇ ਆਪਣੇ ਪਹਿਲੇ ਪਤੀ ਨੂੰ ਰੱਜ ਕੇ ਪਿਆਰ ਕੀਤਾ ਸੀ, ਪਰ ਉਹ ਉਹਦੇ ਕਾਬਲ ਨਹੀਂ ਸੀ। ਸਹੁਰੇ ਘਰ ਵਿਚ ਉਹਦੀ ਕੋਈ ਇੱਜਤ ਨਹੀਂ ਸੀ। ਉਹਦੀ ਸੱਸ ਹਰ ਵੇਲੇ ਉਹਦੇ 'ਤੇ ਜ਼ੁਲਮ ਢਾਹੁੰਦੀ ਰਹਿੰਦੀ ਸੀ। ਉਹ ਇਕ ਗੀਤ ਵਿਚ ਲਿਖਦੀ ਹੈ,

ਚਰਖਾ ਕਤਦਿਆਂ ਅੱਖ ਜਦ ਲੱਗ ਗਈ ਮੇਰੀ
ਟੁੱਟ ਗਈ ਮਾਲ ਮੇਰੇ ਚਰਖੇ ਦੀ
ਸੱਸ ਨੇ ਖਿੱਚੇ ਫਿਰ ਵਾਲ ਜ਼ੋਰ ਨਾਲ
ਮੌਤ ਵਾਂਗ ਹੋਈ ਮੈਂ ਪੀੜ ਪੀੜ
ਬਚਾ ਲਓ ਮੇਰੇ ਪੇਕਿਓ ਮੇਰੇ ਕਸ਼ਟ ਹਰੋ।

ਇਨ੍ਹਾਂ ਦੁੱਖਾਂ ਵਿਚ ਪਿਸਦੀ ਉਹ ਆਪਣੇ ਗੀਤਾਂ ਨਾਲ ਗੱਲਾਂ ਕਰਦੀ, ਉਨ੍ਹਾਂ ਨੂੰ ਗਲ ਲਾਉਂਦੀ ਤੇ ਐਸੇ ਇਕ ਗੀਤ ਦੀ ਧੁਨ ਨੂੰ ਫੜੀ ਰਾਜਕੁਮਾਰ ਉਹਨੂੰ ਮਹਿਲਾਂ ਵਿਚ ਲੈ ਗਿਆ। ਇਹ ਸਮਾਂ 1570 ਦੇ ਨੇੜੇ ਤੇੜੇ ਦਾ ਹੈ।

ਜਿਸ ਸਮੇਂ ਉਹਨੇ ਰਾਜ ਮਹਿਲ ਵਿਚ ਕਦਮ ਰੱਖਿਆ ਤਾਂ ਕਸ਼ਮੀਰੀ ਭਾਸ਼ਾ ਤੇ ਕਲਾ ਦੀ ਸਥਿਤੀ ਬਹੁਤੀ ਚੰਗੀ ਨਹੀਂ ਸੀ। ਉਹਦੇ 'ਤੇ ਬੇਕਦਰੀ ਤੇ ਬੇਗਾਨਗੀ ਦੇ ਬੱਦਲ ਮੰਡਰਾ ਰਹੇ ਸਨ। ਫਾਰਸੀ ਜ਼ੁਬਾਨ ਦਾ ਦਬਦਬਾ ਵਧ ਰਿਹਾ ਸੀ।

ਮੰਨਿਆ ਜਾਂਦਾ ਹੈ ਕਿ ਕਸ਼ਮੀਰ ਘਾਟੀ ਦੇ ਸਭ ਤੋਂ ਸੁੰਦਰ ਸਥਾਨ ਗੁਲਮਰਗ ਨੂੰ ਸਭ ਤੋਂ ਪਹਿਲਾਂ ਯੂਸਫ ਸ਼ਾਹ ਤੇ ਹੱਬਾ ਖਾਤੂਨ ਨੇ ਖੋਜਿਆ ਸੀ। ਉਹ ਦੋਵੇਂ ਘੁੰਮਦੇ ਫਿਰਦੇ ਇਸ ਥਾਂ ਪਹੁੰਚੇ ਤੇ ਇਥੋਂ ਦੀ ਰਮਣੀਕਤਾ ਦੇਖ ਕੇ ਮੋਹਿਤ ਹੋ ਗਏ। ਉਨ੍ਹਾਂ ਨੇ ਬਾਅਦ ਵਿਚ ਅਹਿਰਬਲ, ਇੱਛਾਬਲ ਤੇ ਸੋਨਮਰਗ ਨੂੰ ਵੀ ਵਿਕਸਿਤ ਕੀਤਾ।

ਯੂਸਫ ਸ਼ਾਹ ਚੱਕ ਦੇ ਸਮੇਂ ਉਹਦੇ ਰਾਜ ਦੀ ਸਥਿਤੀ ਚੰਗੀ ਨਹੀਂ ਸੀ। ਹੱਬਾ ਖਾਤੂਨ ਵਿਚ ਇੰਨੀ ਸਮਰੱਥਾ ਨਹੀਂ ਸੀ ਕਿ ਉਹ ਰਾਜ-ਭਾਗ ਨੂੰ ਦਰੁਸਤ ਕਰ ਸਕਦੀ। ਸੋਲ੍ਹਵੀਂ ਸਦੀ ਦੇ ਮੱਧ ਵਿਚ ਮੁਗਲ ਰਾਜ ਦੀ ਨੀਂਹ ਪੱਕੀ ਹੋ ਚੁਕੀ ਸੀ। ਮੁਗਲ ਹਕੂਮਤ ਕਸ਼ਮੀਰ ਵੱਲ ਲਲਚਾਈਆਂ ਨਜ਼ਰਾਂ ਨਾਲ ਦੇਖ ਰਹੀ ਸੀ। 1579 ਵਿਚ ਯੂਸਫ ਸ਼ਾਹ ਚੱਕ ਰਾਜਗੱਦੀ 'ਤੇ ਬੈਠਾ ਤੇ ਰਾਜਨੀਤਕ ਸੂਝ-ਬੂਝ ਤੋਂ ਕੋਰਾ ਹੋਣ ਕਰਕੇ ਸੱਤਾ 'ਤੇ ਉਹਦਾ ਕੰਟਰੋਲ ਢਿੱਲਾ ਪੈਣ ਲੱਗਾ ਤੇ ਅੰਦਰੂਨੀ ਲੜਾਈ ਝਗੜੇ ਵਧਣ ਲੱਗੇ। ਚੌਦਾਂ ਮਹੀਨਿਆਂ ਦੇ ਸ਼ਾਸਨ ਪਿਛੋਂ 1580 ਵਿਚ ਉਹਨੂੰ ਰਾਜਗੱਦੀ ਤੋਂ ਹੱਥ ਧੋਣੇ ਪਏ। ਇਸ ਨਾਲ ਹੱਬਾ ਖਾਤੂਨ ਦੀ ਕਿਸਮਤ ਇਕ ਵਾਰ ਫੇਰ ਧੋਖਾ ਦੇ ਗਈ।

ਯੂਸਫ ਸ਼ਾਹ ਨੇ ਮੁੜ ਰਾਜ ਪ੍ਰਾਪਤੀ ਲਈ ਬੜੇ ਯਤਨ ਕੀਤੇ, ਪਰ ਉਹਦੀ ਪੇਸ਼ ਨਾ ਗਈ। ਉਹ ਬਾਦਸ਼ਾਹ ਅਕਬਰ ਦੇ ਦਰਬਾਰ ਵਿਚ ਫੌਜੀ ਮਦਦ ਲਈ ਪੱਲਾ ਅੱਡਣ ਗਿਆ, ਪਰ ਉਹਨੇ ਸਿਰਫ ਲਾਰੇ ਲੱਪੇ ਲਾਏ ਤੇ ਉਹਨੂੰ ਧੋਖੇ ਵਿਚ ਰੱਖਿਆ। ਉਹਨੇ ਭਗੌੜੇ ਯੂਸਫ ਸ਼ਾਹ ਨੂੰ ਸਿਆਸੀ ਸ਼ਰਨ ਦੇ ਕੇ ਫੌਜ ਵਿਚ ਛੋਟਾ ਮੋਟਾ ਅਹੁਦਾ ਦੇ ਦਿੱਤਾ, ਪਰ ਫੌਜੀ ਇਮਦਾਦ ਵਾਲੀ ਗੱਲ ਲਟਕਾਈ ਰੱਖੀ। ਉਧਰ ਮਹਿਲਾਂ ਵਿਚ ਉਹਨੂੰ ਉਡੀਕਦੀ ਹੱਬਾ ਖਾਤੂਨ ਬਿਰਹਾ ਵਿਚ ਤੜਫਣ ਲੱਗੀ। ਯੂਸਫ ਕਸ਼ਮੀਰੋਂ ਕੁਝ ਹਫਤਿਆਂ ਲਈ ਗਿਆ ਸੀ ਕਿ ਉਹ ਬਾਦਸ਼ਾਹ ਕੋਲੋਂ ਮੁਗਲ ਫੌਜ ਤੇ ਗੋਲੀ ਸਿੱਕਾ ਲੈ ਕੇ ਮੁੜੇਗਾ ਅਤੇ ਦੁਸ਼ਮਣ ਨੂੰ ਖਦੇੜ ਕੇ ਮੁੜ ਰਾਜਗੱਦੀ 'ਤੇ ਬੈਠੇਗਾ ਪਰ ਉਹਦੇ ਬਾਰੇ ਕੋਈ ਖਬਰਸਾਰ ਨਾ ਆਉਣ ਕਰਕੇ ਹੱਬਾ ਖਾਤੂਨ ਨੇ ਸਮਝ ਲਿਆ ਕਿ ਉਹ ਕਿਸੇ ਹੋਰ ਦੇ ਮੋਹ ਜਾਲ ਵਿਚ ਫਸ ਕੇ ਉਹਨੂੰ ਭੁੱਲ ਗਿਆ ਹੈ। ਉਹ ਬਿਰਹਾ ਦੀ ਸਤਾਈ ਆਪਣੇ ਪਿਆਰੇ ਨੂੰ ਢੂੰਡਣ ਲਈ ਗੀਤ ਦਾ ਸਹਾਰਾ ਲੈਂਦੀ ਹੈ,

ਚਲੀ ਸਖੀ ਸੱਜਣ ਨੂੰ ਢੂੰਡ ਲਿਆਈਏ
ਪੁਰਾਣੀਆਂ ਥਾਂਵਾਂ 'ਤੇ ਹੋ ਆਈਏ
ਵਿਛੜ ਗਿਆ ਹੈ ਜਦ ਤੋਂ ਉਹ
ਮੇਰੀ ਚਾਨਣੀ ਗੁੰਮੀ ਵਿਚ ਹਨੇਰ
ਹੋਰਾਂ ਨੂੰ ਜਦ ਉਹਨੇ ਆਪਣਾ ਬਣਾ ਲਿਆ
ਪਰਦੇਸ ਵਿਚ ਉਹ ਹੋ ਗਿਆ ਦੂਰ।

ਪੂਰੇ ਗਿਆਰਾਂ ਮਹੀਨੇ ਉਹ ਅਕਬਰ ਦੇ ਇਸ਼ਾਰਿਆਂ 'ਤੇ ਨੱਚਦਾ ਰਿਹਾ। ਇਕ ਦਿਨ ਬਾਦਸ਼ਾਹ ਨੇ ਉਹਨੂੰ ਫੌਜ ਦਿੱਤੀ ਤੇ ਨਾਲ ਸੈਨਾਪਤੀ ਰਾਜਾ ਮਾਨ ਸਿੰਘ ਨੂੰ ਭੇਜ ਦਿੱਤਾ, ਪਰ ਉਹ ਬਾਦਸ਼ਾਹ ਦੀ ਖੋਟੀ ਨੀਅਤ ਤਾੜ ਗਿਆ ਤੇ ਰਸਤੇ ਵਿਚ ਧੋਖਾ ਦੇ ਕੇ ਅੱਗੇ ਨਿਕਲ ਗਿਆ। ਉਹਨੇ ਖੁਦ ਆਪਣੇ ਕੁਝ ਸਹਿਯੋਗੀਆਂ ਦੀ ਮਦਦ ਨਾਲ ਸੋ-ਪੋਰ ਕੋਲ ਹਮਲੇ ਕਰਕੇ ਖੁੱਸਿਆ ਰਾਜ ਪ੍ਰਾਪਤ ਕੀਤਾ। ਅਸਲ ਵਿਚ ਦਿੱਲੀ ਰਹਿ ਕੇ ਉਹ ਸਿਆਸੀ ਚਾਲਾਂ ਸਿੱਖ ਗਿਆ ਸੀ ਕਿ ਦੁਸ਼ਮਣ ਦਾ ਮੁਕਾਬਲਾ ਕਿਵੇਂ ਕਰਨਾ ਹੈ? ਉਹਨੂੰ ਮਿਲ ਕੇ ਹੱਬਾ ਖਾਤੂਨ ਪ੍ਰਸੰਨ ਹੋ ਗਈ, ਪਰ ਉਹਦੀ ਇਹ ਖੁਸ਼ੀ ਥੋੜ੍ਹ ਚਿਰੀ ਸਾਬਤ ਹੋਈ।

1581 ਵਿਚ ਯੂਸਫ ਸ਼ਾਹ ਮੁੜ ਗੱਦੀ 'ਤੇ ਬੈਠਾ, ਪਰ ਉਹਦੇ ਵਿਰੋਧੀਆਂ ਨੇ ਉਹਦੇ ਖਿਲਾਫ ਮੋਰਚਾ ਖੋਲ੍ਹ ਦਿੱਤਾ। ਉਨ੍ਹਾਂ ਨੂੰ ਦਿੱਲੀ ਤੇ ਲਾਹੌਰ ਤੋਂ ਸ਼ਹਿ ਮਿਲ ਰਹੀ ਸੀ। 1585 ਵਿਚ ਮੁਗਲ ਫੌਜਾਂ ਲਾਮ ਲਸ਼ਕਰ ਲੈ ਕੇ ਕਸ਼ਮੀਰ ਵੱਲ ਕੂਚ ਕਰ ਗਈਆਂ ਤੇ ਸਿੱਧੀ ਕਾਰਵਾਈ ਦੀ ਯੋਜਨਾ ਬਣਾਈ, ਪਰ ਉਹ ਸਫਲ ਨਾ ਹੋ ਸਕੀ ਤਾਂ ਉਨ੍ਹਾਂ ਕੂਟਨੀਤਕ ਦਾਅ ਪੇਚ ਖੇਡੇ। ਯੂਸਫ ਦੇ ਪੁੱਤਰ ਯਾਕੂਬ ਰਾਹੀਂ ਪਿਓ 'ਤੇ ਦਬਾਅ ਬਣਾਇਆ ਕਿ ਉਹ ਦਿੱਲੀ ਦਾ ਮੁਕਾਬਲਾ ਨਹੀਂ ਕਰ ਸਕਦਾ, ਇਸ ਲਈ ਕਸ਼ਮੀਰ ਦੇ ਭਲੇ ਲਈ ਆਤਮ-ਸਮਰਪਣ ਕਰ ਦੇਵੇ। ਜਿਉਂ ਹੀ ਯੂਸਫ ਸ਼ਾਹ ਆਤਮ-ਸਮਰਪਣ ਲਈ ਤਿਆਰ ਹੋਇਆ ਤਾਂ ਦਿੱਲੀ ਹਕੂਮਤ ਨੇ ਬਾਹੂਬਲ ਨਾਲ ਉਹਨੂੰ ਜਕੜ ਕੇ ਜਲਾਵਤਨ ਕਰ ਦਿੱਤਾ। ਯਾਕੂਬ ਬਹਾਦਰ ਜ਼ਰੂਰ ਸੀ, ਪਰ ਦੂਰਦਰਸ਼ੀ ਨਹੀਂ ਸੀ। ਇਉਂ ਯੂਸਫ ਸ਼ਾਹ ਦੇ ਰਾਜ ਦਾ ਪਤਨ ਹੋ ਗਿਆ।

ਬਾਦਸ਼ਾਹ ਅਕਬਰ ਨੇ ਉਹਨੂੰ ਪਟਨੇ ਤੋਂ 75 ਕਿਲੋਮੀਟਰ ਦੂਰ ਬਸੋਕ ਨਾਂ ਦੇ ਸਥਾਨ 'ਤੇ ਭੇਜ ਦਿੱਤਾ, ਜਿਥੇ ਉਹ ਗੁੰਮਨਾਮੀ ਦੀ ਹਾਲਤ ਵਿਚ ਮਰਿਆ। ਉਥੇ ਹੀ ਉਹਦੀ ਕਬਰ ਬਣੀ ਹੋਈ ਹੈ। ਉਹਦੀ ਕਬਰ ਦੇ ਨਾਲ ਹੀ ਇਕ ਹੋਰ ਕਬਰ ਹੈ, ਜੋ ਹੱਬਾ ਖਾਤੂਨ ਦੀ ਮੰਨੀ ਜਾਂਦੀ ਹੈ। ਹੱਬਾ ਉਹਦੀ ਮੌਤ ਤੋਂ ਵੀਹ ਵਰ੍ਹੇ ਪਿਛੋਂ ਫੌਤ ਹੋਈ। ਯਾਕੂਬ ਤੇ ਹੋਰ ਕਈ ਕਸ਼ਮੀਰੀ ਪਰਿਵਾਰਾਂ ਦੀਆਂ ਕਬਰਾਂ ਵੀ ਉਥੇ ਹਨ। ਯਾਕੂਬ ਨੇ ਬਹਾਦਰੀ ਨਾਲ ਮੁਗਲ ਫੌਜਾਂ ਦਾ ਮੁਕਾਬਲਾ ਕੀਤਾ, ਪਰ ਅੰਤ ਉਹਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਹੱਬਾ ਖਾਤੂਨ ਦੀ ਜ਼ਿੰਦਗੀ ਵਿਚ ਦੁੱਖਾਂ ਦਾ ਪਰਛਾਵਾਂ ਉਹਦੇ ਸਿਰ ਤੋਂ ਕਦੇ ਨਹੀਂ ਢਲਿਆ, ਪਰ ਉਹ ਸਦਾ ਕਸ਼ਮੀਰੀਅਤ ਦੇ ਗੀਤ ਗਾਉਂਦੀ ਰਹੀ। ਉਹਦੇ ਕੋਲ ਸੰਗੀਤ ਦਾ ਜਾਦੂ ਸੀ, ਜੋ ਉਹਦੇ ਲਈ ਵਰਦਾਨ ਸਾਬਤ ਹੋਇਆ। ਇਸ ਨੇ ਉਹਨੂੰ ਕਸ਼ਮੀਰੀ ਗੀਤਾਂ ਦੀ ਰਾਣੀ ਬਣਾ ਦਿੱਤਾ,

ਗੁਲਦਸਤਾ ਸਜਾਇਆ ਮੈਂ ਤੇਰੇ ਲਈ
ਮੇਰੇ ਖਿੜੇ ਅਨਾਰੀ ਫੁੱਲਾਂ ਦਾ ਅਨੰਦ ਲੈ ਲੈ
ਮੈਂ ਹਾਂ ਧਰਤੀ ਤੂੰ ਅਕਾਸ਼ ਮੇਰਾ
ਪਰਦਾ ਤੂੰ ਹੈਂ ਮੇਰੇ ਮਰਮਾਂ ਦਾ
ਮੈਂ ਇਕ ਭੋਜਨ ਸੁਆਦੀ
ਤੂੰ ਪ੍ਰਾਹੁਣਾ ਪਿਆਰਾ ਮੇਰਾ
ਮੇਰੇ ਖਿੜੇ ਅਨਾਰੀ ਫੁੱਲਾਂ ਦਾ ਅਨੰਦ ਲੈ ਲੈ।

ਅੱਜ ਕਸ਼ਮੀਰ ਉਦਾਸ ਹੈ, ਉਹਦੇ ਚਿਨਾਰ ਮੁਰਝਾ ਰਹੇ ਹਨ, ਨਦੀਆਂ ਚੁੱਪ ਹਨ, ਪੰਛੀ ਗਾਉਣਾ ਭੁੱਲ ਗਏ ਹਨ, ਸ਼ੋਖ ਹਵਾਵਾਂ ਨੇ ਰੰਗ ਬਦਲ ਲਏ ਹਨ। ਪਤਾ ਨਹੀਂ ਕਾਲੀਆਂ ਹਵਾਵਾਂ ਕਿਵੇਂ ਫਰਾਟੇ ਮਾਰਨ ਲੱਗੀਆਂ। ਹੱਬਾ ਖਾਤੂਨ ਕਹਿੰਦੀ ਹੈ, ਮੈਨੂੰ ਮੋੜ ਦਿਓ ਮੇਰੀ ਸਰ ਜ਼ਮੀਨ, ਮੈਂ ਫਿਰ ਗੀਤ ਗਾਉਣਾ ਚਾਹੁੰਦੀ ਹਾਂ, ਮੈਂ ਫੁੱਲਾਂ ਨਾਲ ਖੇਡਣਾ ਚਾਹੁੰਦੀ ਹਾਂ, ਜੰਗਲੀ ਬੂਟੀਆਂ ਦੀਆਂ ਸੁਗੰਧਾਂ ਦੇ ਹਾਰ ਪਰੋਣੇ ਚਾਹੁੰਦੀ ਹਾਂ, ਮੈਂ ਅਜੇ ਥੱਕੀ ਨਹੀਂ। ਮੇਰੇ ਸੰਗੀਤ 'ਚ ਅਜੇ ਵੀ ਜਾਦੂ ਹੈ, ਮੇਰੀ ਕਸ਼ਮੀਰੀ ਭਾਸ਼ਾ ਅਜੇ ਵੀ ਸਾਹ ਲੈਂਦੀ, ਧੜਕਦੀ ਹੈ।

ਉਹਦੀ ਪੁਕਾਰ ਵੱਡੀ ਹੈ, ਉਹਦੇ ਅਰਥ ਬਦਲ ਗਏ ਹਨ। ਉਹ ਅੱਜ ਦੇ ਸਮਿਆਂ ਦੇ ਹਾਣ ਦੀ ਹੋ ਗਈ ਹੈ। ਡਰਾਉਣੀ ਮੌਤ ਤੋਂ ਉਹਨੂੰ ਡਰ ਨਹੀਂ ਲੱਗਦਾ, ਡਰ ਲੱਗਦਾ ਹੈ ਕਿ ਇਹ ਦਿਨ ਕਿਵੇਂ ਬੀਤਣਗੇ? ਕਸ਼ਮੀਰੀਅਤ ਮੁੜ ਕਿਵੇਂ ਸਾਹ ਲਏਗੀ? ਕਿਵੇਂ ਫਿਰ ਗੂੰਜਣਗੇ ਗੀਤ?

ਮੇਰੇ ਗੁਨਾਹ ਮੁਆਫ ਕਰੀਂ, ਹੇ ਖੁਦਾ
ਕੀ ਮਿਲੇਗਾ ਭਲਾ ਤੈਨੂੰ ਮੇਰੀ ਮੌਤ ਨਾਲ
ਜਾ ਰਹੀ ਹਾਂ ਦੁੱਖ ਵਿਚ ਮੈਂ
ਕਿਵੇਂ ਬੀਤਣਗੇ ਇਹ ਦਿਨ
ਚੰਪਾ ਸੀ ਮੈਂ ਹਰੀ ਭਰੀ
ਹੁਣ ਗਈ ਮੁਰਝਾ
ਦਿਲ ਵਿਚ ਇਹ ਕੇਹੀ ਅੱਗ
ਮੇਰੀ ਮੌਤ ਤੋਂ ਤੈਨੂੰ ਭਲਾ ਕੀ ਮਿਲੇਗਾ
ਚਲ ਸਖੀ ਤੁਲਸੀ ਢੂੰਡ ਲਿਆਈਏ
ਉਸ ਬੇਦਰਦੀ ਦਿੱਤਾ ਜ਼ਖਮ ਏ ਡੂੰਘਾ
ਠੀਕ ਨਾ ਹੋਣ ਨੂੰ ਆਏ
ਨਾ ਆਇਆ ਉਹ ਸੁਧ ਲੈਣ
ਮੇਰੇ 'ਤੇ ਕਰ ਗਿਆ ਇਕ ਕਠੋਰ ਵਾਰ
ਚੱਲ ਸਖੀ...।

ਹੱਬਾ ਖਾਤੂਨ ਦੀ ਉਦਾਸੀ ਦੂਰ ਕਰਨ ਦੀ ਲੋੜ ਹੈ। ਮੁਰਝਾਏ ਚਿਹਰਿਆਂ 'ਤੇ ਮੁਸਕਾਨਾਂ ਵੰਡਦੀ ਬਹਾਰ ਦੀ ਲੋੜ ਹੈ। ਆਓ, ਮੌਸਮਾਂ ਦੇ ਬਦਲਣ ਦੀ ਉਡੀਕ ਕਰਦਿਆਂ ਹੱਬਾ ਖਾਤੂਨ ਦੀਆਂ ਸੰਗੀਤਕ ਧੁਨਾਂ ਸੁਣੀਏ,

ਇਸ ਘੋਰ ਬਿਰਹਾ ਦੀ ਅੱਗ 'ਚ
ਮੇਰਾ ਤਨ-ਮਨ ਝੁਲਸ ਰਿਹਾ
ਵਹਿ ਰਹੇ ਨੇ ਖੂਨ ਦੇ ਹੰਝੂ
ਸੁਰਖ ਨੇ ਹੋਈਆਂ ਬਾਦਾਮੀ ਅੱਖੀਆਂ
ਪਿਘਲ ਰਹੀ ਹਾਂ ਓਵੇਂ ਹੀ
ਜਿਉਂ ਪਿਘਲਣ ਸਾਵਣ ਮਾਂਹ ਬਰਫਾਂ
ਜੂਹੀ ਸੀ ਮੈਂ, ਖਿੜੀ ਪੂਰੀ
ਨਾ ਤੂੰ ਆਇਆ, ਨਾ ਕੋਈ ਸੁਖ ਸੁਨੇਹਾ
ਹੱਬਾ ਖਾਤੂਨ ਨੂੰ ਦੁਖ ਹੈ
ਬਸ ਇਸ ਛੋਟੀ ਜਿਹੀ ਗੱਲ ਦਾ
ਸੇਵਾ ਦਾ ਬਦਲਾ ਬੇਰੁਖੀ ਨਾਲ ਚੁਕਾਇਆ
ਯਾਦ ਆ ਰਹੀਆਂ ਨੇ ਬੀਤੇ ਦੀਆਂ ਲਰਜ਼ਿਸ਼ਾਂ।

# ਚਿੱਤਰਕਾਰਾਂ ਦਾ ਸ਼ਹਿਜ਼ਾਦਾ



ਰਾਫੇਲ ਦਾ ਮਸ਼ਹੂਰ ਚਿੱਤਰ 'ਸਕੂਲ ਆਫ ਏਥੇਨਜ਼'।

## ਕਲਾ ਪਰਿਕਰਮਾ

ਰਾਫੇਲ ਦਾ ਜਨਮ 6 ਅਪਰੈਲ 1483 ਨੂੰ ਹੋਇਆ (ਇਕ ਰਾਏ ਇਹ ਵੀ ਹੈ ਕਿ ਉਸ ਦਾ ਜਨਮ 28 ਮਾਰਚ ਦਾ ਹੈ) ਅਤੇ ਉਸ ਦੀ ਮੌਤ ਆਪਣੇ 37ਵੇਂ ਜਨਮ ਦਿਨ ਮੌਕੇ, 6 ਅਪਰੈਲ 1520 ਨੂੰ ਹੋ ਗਈ। ਰਾਫੇਲ ਜਿਸ ਦਾ ਪੂਰਾ ਨਾਂ ਰਾਫੇਲੋ ਸਾਂਤੀ ਸੀ, ਇਤਾਲਵੀ ਮੁੜ-ਸੁਰਜੀਤੀ (High Renaissance) ਲਹਿਰ ਦੇ



**ਰਣਦੀਪ ਮੱਦੋਕੇ**
**ਫੋਨ: +91-98146-93368**

ਮਸ਼ਹੂਰ ਕਲਾਕਾਰਾਂ ਵਿਚੋਂ ਇਕ ਹਨ ਜੋ ਚਿੱਤਰਕਾਰ ਦੇ ਨਾਲ ਨਾਲ ਬਿਹਤਰੀਨ ਇਮਾਰਤਸਾਜ਼ ਵੀ ਸਨ। ਰਾਫੇਲ ਨੂੰ ਮੈਡੋਨਾ (ਕੁਆਰੀ ਮਰੀਅਮ, ਰੱਬ ਦੀ ਮਾਂ) ਅਤੇ ਵੈਟੀਕਨ ਦੇ ਵੱਡ-ਆਕਾਰੀ ਚਿੱਤਰਾਂ ਕਰਕੇ ਜਾਣਿਆ ਜਾਂਦਾ ਹੈ। ਉਨ੍ਹਾਂ ਦੀਆਂ ਕਿਰਤਾਂ ਨੂੰ ਸਪਸ਼ਟ ਰਚਨਾਕਾਰੀ, ਸੰਰਚਨਾ ਦੀ ਸਰਲਤਾ ਦੀ ਦਰਸ਼ਨੀ ਪ੍ਰਾਪਤੀ ਲਈ ਜਾਣਿਆ ਜਾਂਦਾ ਹੈ।

ਰਾਫੇਲ ਜਿਓਵਾਨਨੀ ਦੇ ਪੁੱਤਰ ਸਨ ਜਿਨ੍ਹਾਂ ਨੇ ਪ੍ਰਸਿਧ ਕਲਾਕਾਰ ਜਿਓਰਜੀਓ ਵਾਸਰੀ ਦੀ ਜੀਵਨੀ ਲਿਖੀ ਸੀ; ਉਂਜ ਆਪ ਮਹਾਨ ਯੋਗਤਾ ਵਾਲੇ ਚਿੱਤਰਕਾਰ ਨਹੀ ਗਿਣੇ ਗਏ। ਹਾਲਾਂਕਿ ਉਹ ਖੁਦ ਸਭਿਆ ਇਨਸਾਨ ਸਨ ਜੋ ਅਰਬੀਨੋ ਦਰਬਾਰ ਵਿਚ ਉਤਮ ਵਿਚਾਰਾਂ ਦੇ ਲਗਾਤਾਰ ਸੰਪਰਕ ਵਿਚ ਸਨ ਅਤੇ ਉਨ੍ਹਾਂ ਨੇ ਹੀ ਰਾਫੇਲ ਨੂੰ ਚਿਤਰਕਲਾ ਦੀ ਮੁਢਲੀ ਸਿਖਿਆ ਤੇ ਮਨੁੱਖਤਾਵਾਦੀ ਸਿਧਾਂਤਾਂ ਤੋ ਜਾਣੂ ਕਰਾਇਆ। ਅਰਬੀਨੋ ਡਿਊਕ ਫੈਡਰਿਕੋ-ਦਾ-ਮੌਂਤੇਫੇਲਤ੍ਰੋ ਦੇ ਰਾਜ ਸਮੇਂ ਸਭਿਆਚਾਰਕ ਕੇਂਦਰ ਸੀ ਜਿਥੇ ਖਾਸ ਹੁਨਰ ਦੀਆਂ ਮਾਲਕ ਪ੍ਰਤਿਭਾਵਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਸੀ।

ਇਥੇ ਹੀ ਰਾਫੇਲ ਫਲੋਰੈਂਸ ਅਤੇ ਰੋਮ ਦੇ ਮੁਖ ਕਲਾਕਾਰਾਂ ਤੋਂ ਪ੍ਰਭਾਵਿਤ ਹੋਇਆ। ਅਰਬੀਨੋ ਉਸ ਦੀ ਅਗਲੀ ਸਾਰੀ ਸਿਖਲਾਈ ਦਾ ਆਧਾਰ ਬਣਾਇਆ। ਇਸ ਤੋਂ ਇਲਾਵਾ ਸ਼ਹਿਰ ਦੇ ਸਭਿਆਚਾਰਕ ਜੋਸ਼ ਨੇ ਸ਼ਾਇਦ ਨੌਜਵਾਨ ਕਲਾਕਾਰ ਦੀ ਬੇਮਿਸਾਲ ਪੇਚੀਦਗੀ ਨੂੰ ਉਤੇਜਿਤ ਕੀਤਾ।

ਰਾਫੇਲ ਨੇ ਭਾਵੇਂ ਇਸਾਈ ਧਾਰਮਿਕ ਸ਼ਖਸੀਅਤਾਂ ਅਤੇ ਪੁਰਾਤਨ ਰੋਮਨ ਯੂਨਾਨੀ ਕਿਰਦਾਰਾਂ ਦੇ ਚਿੱਤਰ ਸਿਰਜੇ ਪਰ ਉਸ ਨੇ ਧਾਰਮਿਕ ਚਿੱਤਰਾਂ ਅੰਦਰਲੀਆਂ ਸ਼ਖਸੀਅਤਾਂ ਦੇ ਰੱਬੀਪਣ ਨੂੰ ਕਿਸੇ ਹੱਦ ਤਕ ਘਟਾ ਕੇ ਉਨ੍ਹਾਂ ਦਾ ਮਨੁੱਖੀਕਰਨ ਕੀਤਾ ਤਾਂ ਕਿ ਉਹ ਕਿਸੇ ਸਵਰਗ ਦੇ ਵਾਸੀਆਂ ਨਾਲੋਂ ਧਰਤੀ 'ਤੇ ਵਸਦੇ ਮਨੁੱਖਾਂ ਵਰਗੇ ਹੀ ਲੱਗਣ; ਖਾਸਕਰ ਮਰੀਅਮ ਦੇ ਚਿੱਤਰਾਂ ਵਿਚ ਇਕ ਸਾਧਾਰਨ ਔਰਤ ਨੂੰ ਰੱਬ ਦੀ ਮਾਂ ਹੋਣ ਦਾ ਸਨਮਾਨ ਦੇਣਾ ਉਸ ਦੀ ਖਾਸੀਅਤ ਹੈ।



ਰਾਫੇਲ ਦਾ ਇਕ ਹੋਰ ਮਸ਼ਹੂਰ ਚਿੱਤਰ 'ਸਿਸਟਾਈਨ ਮੈਡੋਨਾ'।



ਰਾਫੇਲ ਦਾ ਆਪਣੇ ਇਕ ਦੋਸਤ ਨਾਲ ਬਣਾਇਆ ਖੁਦ ਦਾ ਚਿੱਤਰ।

ਰਾਫੇਲ ਨੂੰ ਆਰਕੀਟੈਕਟ ਡੋਨੈਟੋ ਬ੍ਰਾਮੈਂਟ ਦੇ ਸੁਝਾਅ 'ਤੇ ਪੋਪ ਜੂਲੀਅਸ ਦੂਸਰੇ ਨੇ 1508 ਵਿਚ ਰੋਮ ਬੁਲਾਇਆ ਸੀ। ਇਸ ਸਮੇਂ ਰਾਫੇਲ ਰੋਮ ਵਿਚ ਬਹੁਤ ਘੱਟ ਜਾਣਿਆ ਜਾਂਦਾ ਸੀ ਪਰ ਇਸ ਨੌਜਵਾਨ ਨੇ ਜਲਦੀ ਹੀ ਅਸਥਿਰ ਜੂਲੀਅਸ ਅਤੇ ਪੋਪ ਦੇ ਦਰਬਾਰ ਵਿਚ ਡੂੰਘੀ ਛਾਪ ਛੱਡੀ ਅਤੇ ਉਸਤਾਦ ਵਜੋਂ ਉਸ ਦੀ ਸੋਭਾ ਦਿਨੋ-ਦਿਨ ਵਧਦੀ ਗਈ। ਰਾਫੇਲ ਨੂੰ ਆਪਣੀ ਉਤਮ ਕਲਾਤਮਕ ਪ੍ਰਤਿਭਾ ਤੋਂ ਇਲਾਵਾ ਸੁੰਦਰ ਦਿੱਖ ਅਤੇ ਮਹਾਨ ਨਿੱਜੀ ਸੁਹਜ ਕੇ ਜਾਣਿਆ ਜਾਂਦਾ ਹੈ। ਆਖਰਕਾਰ ਉਹ ਇੰਨਾ ਪ੍ਰਸਿਧ ਹੋ ਗਿਆ ਕਿ ਉਸ ਨੂੰ 'ਚਿੱਤਰਕਾਰਾਂ ਦਾ ਸ਼ਹਿਜ਼ਾਦਾ' ਕਿਹਾ ਜਾਣ ਲੱਗਿਆ।

ਰਾਫੇਲ ਨੇ ਆਪਣੀ ਛੋਟੀ ਜਿਹੀ ਜ਼ਿੰਦਗੀ ਦੇ ਆਖਰੀ 12 ਸਾਲ ਰੋਮ ਵਿਚ ਬਿਤਾਏ। ਉਹ ਸਾਲਾਂ ਦੀਆਂ ਤਪਸ਼ ਭਰੀਆਂ ਗਤੀਵਿਧੀਆਂ ਅਤੇ ਕ੍ਰਿਆਸ਼ੀਲ ਉਤਮ ਕਿਰਤੀਆਂ ਕਰਕੇ ਮਸ਼ਹੂਰ ਹੋਇਆ। ਸ਼ਹਿਰ ਵਿਚ ਉਸ ਦਾ ਪਹਿਲਾ ਕੰਮ ਵੈਟੀਕਨ ਦੇ ਪੋਪ ਰਿਹਾਇਸ਼ ਮੱਧਮ ਆਕਾਰ ਦੇ ਕੰਧ ਚਿੱਤਰ ਬਣਾਉਣਾ ਸੀ, ਜਿਥੇ ਜੂਲੀਅਸ ਖੁਦ ਰਹਿੰਦਾ ਸੀ ਅਤੇ ਕੰਮ ਕਰਦਾ ਸੀ। ਇਹ ਕਮਰੇ ਖੁਦ ਰਾਫੇਲ ਦੁਆਰਾ ਪੂਰੀ ਤਰ੍ਹਾਂ ਸਜਾਏ ਅਤੇ ਡਿਜ਼ਾਇਨ ਕੀਤੇ ਗਏ ਸਨ ਪਰ ਉਸ ਦੇ ਅਣਗਿਣਤ ਸਹਾਇਕ ਅਤੇ ਵਿਦਿਆਰਥੀ ਵੀ ਉਸੇ ਸਮੇਂ 1511 ਵਿਚ ਮੌਜੂਦ ਸਨ। ਰਾਫੇਲ ਨੇ ਰੋਮ ਦੇ ਵਿਲਾ ਫਰਨੇਸੀਨਾ ਵਿਚ ਧਰਮ ਨਿਰਪੱਖ ਵਿਸ਼ਿਆਂ 'ਤੇ ਵੀ ਕੰਮ ਕੀਤਾ ਜੋ ਉਚ ਮੁੜ-ਸੁਰਜੀਤੀ ਦੀ ਕਲਾਸਕੀ ਪੁਰਾਤਨਤਾ ਦੀ ਜੀਵਤ ਆਤਮਾ ਦਾ ਸਫਲਤਾਪੂਰਵਕ ਨਮੂਨਾ ਸਨ।

**ਰਾਫੇਲ ਦੇ ਮਸ਼ਹੂਰ ਚਿੱਤਰ:** 'ਸਿਸਟਾਈਨ ਮੈਡੋਨਾ' ਵਿਚ ਬਾਲ ਈਸਾ ਨੂੰ ਮੈਡੋਨਾ ਨੇ ਗੋਦੀ ਚੁਕਿਆ ਹੋਇਆ ਹੈ ਅਤੇ ਸੰਤ ਸਿਕਟਸ ਅਤੇ ਬਾਰਬਰਾ ਖੱਬੇ ਸੱਜੇ ਖੜ੍ਹੇ ਹਨ। ਮਰੀਅਮ ਦੇ ਹੇਠਾਂ ਖੰਭਾਂ ਵਾਲੇ ਦੋ ਨੰਨ੍ਹੇ ਫਰਿਸ਼ਤੇ ਵੀ ਹਨ ਜੋ ਸ਼ਾਇਦ ਕਿਸੇ ਵੀ ਹੋਰ ਚਿੱਤਰ ਨਾਲੋਂ ਵਿਲੱਖਣ ਅਤੇ ਮਸ਼ਹੂਰ ਹਨ। ਸਿਸਟਾਈਨ ਮੈਡੋਨਾ ਨੂੰ ਬਹੁਤ ਸਾਰੇ ਪ੍ਰਸਿਧ ਆਲੋਚਕਾਂ ਦੁਆਰਾ ਸਭ ਤੋਂ ਵਧੀਆ ਪੇਂਟਿੰਗਾਂ ਵਿਚੋਂ ਇਕ ਮੰਨਿਆ ਜਾਂਦਾ ਹੈ ਅਤੇ ਵਿਸ਼ੇਸ਼ ਤੌਰ 'ਤੇ ਜਰਮਨੀ ਵਿਚ ਪ੍ਰਸਿਧ ਹੈ ਜਿਥੇ ਇਸ ਨੂੰ ਸੰਸਾਰ ਦੀਆਂ ਪੇਂਟਿੰਗਾਂ ਵਿਚੋਂ ਸਰਵੋਤਮ ਮੰਨਿਆ ਜਾਂਦਾ ਹੈ ਅਤੇ ਦੈਵੀ ਉਪਾਧੀ ਦਿੱਤੀ ਗਈ ਹੈ।

'ਸਕੂਲ ਆਫ ਏਥੇਨਜ਼' ਰਾਫੇਲ ਦੀ ਇਕ ਹੋਰ ਉਤਮ ਕਿਰਤ ਹੈ। ਵੈਟੀਕਨ ਦੇ ਅਪੋਸਟੋਲਿਕ ਪੈਲੇਸ 'ਚ ਸਟੈਨਜ਼ ਡੀ ਰਫੈਲੋ ਦੀਵਾਰਾਂ ਦੀਆਂ 4 ਮੁੱਖ ਤਸਵੀਰਾਂ ਵਿਚੋਂ ਇਕ ਹੈ। ਇਹ ਚਾਰੇ ਚਿੱਤਰਕਾਰੀ ਫਲਸਫੇ, ਕਵਿਤਾ, ਧਰਮ ਸਿਧਾਂਤ ਅਤੇ ਕਾਨੂੰਨ ਦਾ ਪ੍ਰਤੀਕ ਹਨ। ਏਥਨਜ਼ ਦੇ ਸਕੂਲ ਜੋ ਦਰਸ਼ਨ ਦੀ ਨੁਮਾਇੰਦਗੀ ਕਰਦਾ ਹੈ, ਦੇ ਆਲੋਚਕਾਂ ਦਾ ਮੰਨਣਾ ਹੈ ਕਿ ਹਰ ਮਹਾਨ ਯੂਨਾਨੀ ਦਾਰਸ਼ਨਿਕ ਚਿੱਤਰ ਵਿਚਲੇ 21 ਲੋਕਾਂ ਵਿਚ ਦੇਖਿਆ ਜਾ ਸਕਦਾ ਹੈ; ਹਾਲਾਂਕਿ ਪਲੈਟੋ ਅਤੇ ਅਰਸਤੂ ਨੂੰ ਇਸ ਦੇ ਕੇਂਦਰ ਵਿਚ ਰੱਖਿਆ ਗਿਆ ਹੈ। ਕਿਸੇ ਦੀ ਵੀ ਪਛਾਣ ਨਿਸ਼ਚਤ ਤੌਰ 'ਤੇ ਪ੍ਰਤਖ ਨਹੀਂ ਕੀਤੀ। ਇਸ ਦੀ ਖਾਸੀਅਤ ਇਹ ਹੈ ਕਿ ਇਸ ਇਕੋ ਚਿੱਤਰ ਵਿਚ ਪੁਰਾਤਨ ਯੂਨਾਨੀ ਦਾਨਿਸ਼ਮੰਦਾਂ ਨੂੰ ਇਕੱਠੇ ਦਿਖਾਇਆ ਗਿਆ ਹੈ ਜਿਨ੍ਹਾਂ ਵਿਚੋਂ ਬਹੁਤੇ ਬਹਿਸ ਵਿਚਾਰਾਂ ਕਰਦੇ ਦਿਸਦੇ ਹਨ। ਏਥਨਜ਼ ਦੇ ਸਕੂਲ ਨੂੰ ਉਚ ਮੁੜ-ਸੁਰਜੀਤੀ ਦੀ ਕਲਾਸਕੀ ਭਾਵਨਾ ਦਾ ਸੰਪੂਰਨ ਰੂਪ ਮੰਨਿਆ ਜਾਂਦਾ ਹੈ ਅਤੇ ਇਹ ਰਾਫੇਲ ਦੀ ਸਭ ਤੋਂ ਮਸ਼ਹੂਰ ਪੇਂਟਿੰਗ ਹੈ। ਰਾਫੇਲ ਦੇ ਦਰਜਨਾਂ ਹੋਰ ਚਿੱਤਰ ਹਨ ਜਿਨ੍ਹਾਂ ਦੀ ਬਣਤਰ ਸ਼ੈਲੀ ਅਤੇ ਸੁਹਜ ਪਖੋਂ ਉਤਮ ਦਰਜੇ ਦੇ ਹਨ।

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਨਵੰਬਰ 2019 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-405




*ਹੱਥ ਜੋੜ ਕਰਤਾਰਪੁਰੇ ਨੂੰ ਜਾਂਦਾ ਰਾਹੀ।*
*ਰਹਿਮਤ ਕਰਕੇ ਲਾਂਘਾ ਦਿੱਤਾ ਉਸ ਦੇ ਮਾਹੀ!*

## ਕੈਪਸ਼ਨ ਮੁਕਾਬਲਾ-403



ਆ ਗਿਆ ਸਿਆਲ
ਬੇਬੇ ਵੱਟਦੀ ਹੈ ਪਿੰਨੀਆਂ।
ਘਾਣਾ ਹੈਗਾ ਵੱਡਾ,
ਹੱਥ ਵਟਾਉਂਦੀ ਪ੍ਰਸਿੰਨੀ ਆ।
ਦੇਸੀ ਘਿਉ, ਆਟਾ, ਮੇਵਾ,
ਅਲਸੀ ਵੀ ਪਾਈ ਆ,
ਜਵਾਨਾਂ ਦੀ ਖੁਰਾਕ
ਬੁੱਢਿਆਂ ਲਈ ਦਵਾਈ ਆ।
*-ਸੇਵਾ ਸਿੰਘ ਨੂਰਪੁਰੀ*

---

ਤਿਉਹਾਰਾਂ ਦੇ ਮੌਸਮ 'ਚ
ਵੱਟਣ ਖਾਲਸ ਪਿੰਨੀਆਂ,
ਇਕ ਤਾਂ ਲੱਗਦੀ ਬੇਬੇ ਮੇਰੀ,
ਦੂਜੀ ਲੱਗੇ ਚਾਚੀ।
ਧੀਆਂ, ਭੈਣਾਂ ਨੂੰ ਲੋਕ
ਭੇਜਣ ਤੋਹਫੇ ਵਿਚ ਸੰਧਾਰੇ,
ਸਾਡੇ ਸਭਿਆਚਾਰ ਦੀ ਪਾਉਂਦੀ ਝਾਤੀ।
ਸਮੇਂ ਨਾਲ ਸਾਂਝੀਵਾਲਤਾ ਦਾ
ਅਕਸ ਪਿਆ ਧੁੰਦਲਾ
ਮਿਲਾਵਟੀ ਤੇ ਬਨਾਵਟੀ ਪਿਆਰ ਨੇ
ਛੱਡੀ ਕੋਈ ਕਸਰ ਨਾ ਬਾਕੀ।
*-ਅਮਰਜੀਤ ਸਿੰਘ ਤੂਰ, ਚੰਡੀਗੜ੍ਹ*
*ਫੋਨ: 91-98784-69639*

---

ਤਾਜ਼ਾ ਦੁੱਧ ਮੱਝੀਆਂ ਦਾ ਚੋਅ ਕੇ,
ਖੋਆ ਘਰੇ ਬਣਾਇਆ।
ਦੇਸੀ ਘਿਉ ਨਾਲ ਆਟਾ ਭੁੰਨ ਕੇ,
ਮਿੱਠਾ ਵਿਚ ਮਿਲਾਇਆ।
ਰੂਹ ਨਾਲ ਵੱਟੀਆਂ ਪਿੰਨੀਆਂ,
ਵਿਚ ਪਰਾਤ ਟਿਕਾਈਆਂ।
ਜੋ ਵੀ ਖਾਵੇ ਮੂੰਹੋਂ ਜਸ ਗਾਵੇ,
ਫਿੱਕੀਆਂ ਨੇ ਮਠਿਆਈਆਂ।
ਪੋਹ-ਮਾਘ ਦੇ ਸਰਦ ਮਹੀਨੇ,
ਰੱਜ ਕੇ ਚੋਬਰ ਖਾਣ ਖੁਰਾਕਾਂ।
ਲਾ ਕੇ ਦੌੜਾਂ ਕਰਨ ਵਰਜਿਸ਼ਾਂ,
ਜੋ ਦਿਨ ਦੇਖਣ ਨਾ ਰਾਤਾਂ।
*-ਪ੍ਰੀਤਮ ਸਿੰਘ ਲੰਮੇ*
*ਫੋਨ: 925-325-2486*

---

ਆ ਗਈ ਰੁੱਤ ਸਿਆਲਾਂ ਵਾਲੀ
ਠੰਢ ਵੀ ਰੰਗ ਦਿਖਾਵਣ ਲੱਗੀ।
ਚੁੱਲ੍ਹਿਉਂ ਲਹੀ ਕੜਾਹੀ ਵਿਚੋਂ
ਖੁਸ਼ਬੋ ਮਿੱਠੀ ਆਵਣ ਲੱਗੀ।
ਹੱਥੀਂ ਵੱਟੀਆਂ ਦੇਖ ਪਿੰਨੀਆਂ
ਰੂਹ ਵੀ ਨਸ਼ਿਆਵਣ ਲੱਗੀ।
*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਆਟਾ, ਘਿਉ, ਖੋਆ, ਖੰਡ, ਸੁੱਕੇ ਮੇਵੇ
ਚੜ੍ਹਦੇ ਸਿਆਲ ਪਿੰਨੀਆਂ ਬਣਦੀਆਂ ਆਮ।
ਨਿੱਗਰ ਖੁਰਾਕ, ਜ਼ੋਰ ਵਾਲੇ ਕੰਮ
ਲੱਠ ਵਰਗੀ ਦੇਹ, ਨਾ ਸਰਦੀ ਜ਼ੁਕਾਮ।
ਰੂਹ ਨਾਲ ਬੀਬੀਆਂ ਵੱਟ, ਪੀਪੇ ਭਰਦੀਆਂ,
ਨਿਆਣਾ, ਸਿਆਣਾ ਰੱਜ ਖਾਵੇ,
ਘੌਲ ਨਾ ਕਰਦੀਆਂ।
*-ਦਵਿੰਦਰ ਕੌਰ*

*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*
*Visit us on the web:wwwpunjabtimesusa.com*

# ਡੁੱਬਦੇ ਸੂਰਜ ਨੂੰ ਸਲਾਮ ਕਹਿੰਦਿਆਂ...


## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080


***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਤਾਰੀਫ ਦੀ ਤਾਰੀਫ ਵਿਚ ਫੁਰਮਾਇਆ ਸੀ, "ਤਾਰੀਫ ਉਹ ਹੁੰਦੀ, ਜੋ ਲੋਕ, ਸਾਥੀ ਜਾਂ ਸਮਾਜ ਕਰਦਾ, ਕਿਉਂਕਿ ਤੁਹਾਡੀ ਅਸਲੀਅਤ ਤਾਂ ਦੂਜਿਆਂ ਦੀ ਤੱਕੜੀ ਵਿਚ ਹੀ ਤੁਲਦੀ। ਵਿਅਕਤੀ ਖੁਦ ਤਾਂ ਹਮੇਸ਼ਾ ਪਾਸਕੂੰ ਹੀ ਰੱਖਦਾ। ਸੱਚੀ ਤਾਰੀਫ ਕਮਾਈ ਜਾਂਦੀ, ਮੁੱਲ ਨਹੀਂ ਮਿਲਦੀ।" ਹਥਲੇ ਲੇਖ ਵਿਚ ਡਾ. ਭੰਡਾਲ ਜ਼ਿੰਦਗੀ ਦੇ ਪਿਛਲੇਰੇ ਪੰਧ ਦੀ ਗੱਲ ਕਰਦਿਆਂ ਕਹਿੰਦੇ ਹਨ, "ਡੁੱਬਦਾ ਸੂਰਜ ਕਦੇ ਵੀ ਅਕਾਰਥ ਨਹੀਂ। ਸੂਰਜ ਡੁੱਬਣ ਲੱਗਦਾ ਤਾਂ ਪਰਿੰਦੇ ਘਰਾਂ ਨੂੰ ਪਰਤਦੇ, ਬੋਟਾਂ ਦੀ ਭੁੱਖ ਨੂੰ ਟੁੱਕਰ ਦੀ ਆਸ ਹੁੰਦੀ, ਦਰੀਂ ਉਡੀਕਦੇ ਕਲੀਰਿਆਂ ਨੂੰ ਪਿਆਰੇ ਦੀ ਦਸਤਕ ਦਾ ਹਰ ਦਮ ਭੁਲੇਖਾ ਪੈਂਦਾ ਅਤੇ ਬੁੱਢੇ ਮਾਪਿਆਂ ਦੇ ਮਨਾਂ 'ਚ ਪਰਦੇਸੀ ਪੁੱਤ ਦੇ ਵਾਪਸ ਪਰਤਣ ਦੀ ਆਸ ਜਾਗਦੀ।...ਡੁੱਬਦਾ ਸੂਰਜ ਹਮੇਸ਼ਾ ਹੀ ਅਨੂਠੀ ਤੋਰ ਤੇ ਆਵੇਸ਼ ਵਿਚ ਹੌਲੀ ਹੌਲੀ ਪੱਛਮ ਵਿਚ ਉਤਰਦਾ ਅਤੇ ਲਾਲ ਭਾਅ ਮਾਰਦਾ ਅਲੋਪ ਹੁੰਦਾ।" -ਸੰਪਾਦਕ***

ਜ਼ਿੰਦਗੀ ਇਕ ਸੁਪਨੇ ਦਾ ਸੱਚ, ਜੋ ਕਦੇ ਸਰਘੀ, ਕਦੇ ਛਾਹ ਵੇਲਾ, ਕਦੇ ਲੌਢਾ ਵੇਲਾ, ਕਦੇ ਤਿੱਖੜ ਦੁਪਹਿਰ, ਕਦੇ ਪੈ ਰਹੀਆਂ ਤ੍ਰਿਕਾਲਾਂ ਅਤੇ ਕਦੇ ਉਤਰ ਰਿਹਾ ਘੁਸਮੁਸਾ। ਜ਼ਿੰਦਗੀ ਦਾ ਸਫਰ, ਦਿਨ ਦੇ ਨਿਆਈਂ। ਪਹੁ ਫੁੱਟਦੀ, ਸੂਰਜ ਅੰਗੜਾਈ ਭਰਦਾ ਅਤੇ ਸਰਘੀ ਦੀ ਦਸਤਕ ਕੁਦਰਤ-ਬਰੂਹਾਂ 'ਤੇ ਹੁੰਦੀ। ਕਿਰਨਾਂ ਦੀ ਖੁਸ਼ਬੋਈ ਧਰਤ ਨੂੰ ਭਿਉਂਦੀ, ਤ੍ਰੇਲ-ਤੁਪਕਿਆਂ ਦੀ ਲਬਰੇਜ਼ਤਾ ਫੁੱਲ-ਪੱਤੀਆਂ 'ਤੇ ਥਰਥਰਾਉਂਦੀ, ਚੌਗਿਰਦੇ 'ਚ ਰੰਗਾਂ ਦਾ ਬਿਖਰਾਅ ਅਤੇ ਇਸ ਵਿਚੋਂ ਜੀਵਨ ਦੇ ਰੰਗਾਂ ਦੀ ਕਸੀਦਾਕਾਰੀ ਨਜ਼ਰ ਪੈਂਦੀ।

ਜ਼ਿੰਦਗੀ ਦਾ ਹਰ ਪਹਿਰ ਹੀ ਖੂਬਸੂਰਤ ਅਤੇ ਖਾਸ। ਇਸ ਦੇ ਤੁਰ ਜਾਣ ਪਿਛੋਂ ਕੁਝ ਯਾਦਾਂ ਬਚਦੀਆਂ, ਜੋ ਮਨੁੱਖ ਦਾ ਖਜਾਨਾ ਬਣਦੀਆਂ ਅਤੇ ਮਨ-ਬੀਹੀ ਵਿਚ ਫੇਰਾ ਪਾਉਂਦੀਆਂ। ਬਚਪਨ ਦਾ ਵੇਲਾ ਕੇਹਾ ਕਿ ਮਨ ਬਚਪਨ ਨੂੰ ਮੁੜ ਕੇ ਜਿਉਣਾ ਚਾਹੁੰਦਾ, ਪਰ ਇਹ ਕਦੇ ਨਹੀਂ ਪਰਤਦਾ। ਹੁੰਦੜਹੇਲ ਉਮਰ ਦੀਆਂ ਖਰਮਸਤੀਆਂ, ਅਲਬੇਲਾਪਨ ਅਤੇ ਬੇਫਿਕਰੀ ਦਾ ਚੇਤਾ, ਮਨ ਦੀ ਅਲਮਸਤੀ ਨੂੰ ਪੁਨਰ-ਸਜੀਵ ਕਰਦਾ, ਜਦ ਅਸੀਂ ਜੀਵਨ ਦੇ ਪਿਛਲੇ ਪਹਿਰ ਦੀ ਆਮਦ ਵਿਚ ਕੁਝ ਕੁ ਉਦਾਸ ਹੁੰਦੇ। ਜਵਾਨੀ ਦੀਆਂ ਬਹਾਰਾਂ ਅਤੇ ਰਾਂਗਲੇ ਦਿਨ ਕਦੋਂ ਪਰਤਦੇ ਨੇ! ਮਨ ਨਹੀਂ ਸੀ ਰਜਦਾ। ਉਸ ਵੇਲੇ ਤਾਂ ਮਨੁੱਖ ਖੁਦ ਬੁਢਾਪੇ ਬਾਰੇ ਸੋਚ ਵੀ ਨਹੀਂ ਸਕਦਾ ਅਤੇ ਕਦੇ ਵੀ ਬੁੱਢਾ ਨਹੀਂ ਹੋਣਾ ਚਾਹੁੰਦਾ।

ਪਰ ਬੁਢਾਪਾ ਜ਼ਿੰਦਗੀ ਦਾ ਉਹ ਸੱਚ, ਜਿਸ ਦੇ ਸਨਮੁੱਖ ਹੋਣ ਤੋਂ ਹਰ ਕੋਈ ਤ੍ਰਹਿੰਦਾ। ਡੁੱਬਦੇ ਸੂਰਜ ਵਰਗੇ ਪਲ ਜਦ ਜੀਵਨ-ਗਲੀ ਵਿਚ ਹੋਕਰਾ ਦਿੰਦੇ ਤਾਂ ਮਨ ਇਸ ਆਵਾਜ਼ ਨੂੰ ਸੁਣਨ ਤੋਂ ਮੁਨਕਰ ਹੋਣਾ ਚਾਹੁੰਦਾ, ਪਰ ਇਹ ਮੁਨਕਰੀ ਥੋੜ੍ਹ-ਚਿਰੀ ਹੁੰਦੀ, ਜਦੋਂ ਕਿ ਸੱਚ ਸਾਹਮਣੇ ਦ੍ਰਿਸ਼ਟਮਾਨ ਹੁੰਦਾ। ਜੇ ਅਸੀਂ ਚੜ੍ਹਦੇ ਸੂਰਜ ਦੀ ਆਰਤੀ ਉਤਾਰਦੇ ਹਾਂ, ਇਸ ਦੀਆਂ ਰਹਿਮਤਾਂ ਤੇ ਨਿਆਮਤਾਂ ਨੂੰ ਆਪਣਾ ਹਾਸਲ ਮੰਨਦੇ ਹਾਂ ਅਤੇ ਇਸ ਵਿਚੋਂ ਹੀ ਜੀਵਨ ਦੀਆਂ ਬਹੁਤ ਸਾਰੀਆਂ ਬਰਕਤਾਂ ਹਾਸਲ ਕਰਦੇ ਹਾਂ ਤਾਂ ਸਾਨੂੰ ਡੁੱਬਦੇ ਸੂਰਜ ਨੂੰ ਵੀ ਖੁਸ਼-ਆਮਦੀਦ ਕਹਿਣਾ ਚਾਹੀਦਾ।

ਡੁੱਬਦਾ ਸੂਰਜ, ਜਸ਼ਨ ਦਾ ਸਬੱਬ। ਸੰਧੂਰੀ ਕਿਰਨਾਂ ਵਿਚ ਜੀਵਨ ਦੇ ਸੰਧੂਰੀ ਅਤੇ ਸਾਂਵਲੇ ਰੰਗਾਂ ਦੀ ਕਲਾ-ਨਕਾਸ਼ੀ। ਇਹ ਚਿੱਤਰਕਾਰੀ ਹੀ ਮਨੁੱਖ ਦੀ ਸਮੁੱਚੀ ਜ਼ਿੰਦਗੀ ਦਾ ਦਰਪਣ।

ਡੁੱਬਦਾ ਸੂਰਜ ਕਦੇ ਵੀ ਅਕਾਰਥ ਨਹੀਂ। ਸੂਰਜ ਡੁੱਬਣ ਲੱਗਦਾ ਤਾਂ ਪਰਿੰਦੇ ਘਰਾਂ ਨੂੰ ਪਰਤਦੇ, ਬੋਟਾਂ ਦੀ ਭੁੱਖ ਨੂੰ ਟੁੱਕਰ ਦੀ ਆਸ ਹੁੰਦੀ, ਦਰੀਂ ਉਡੀਕਦੇ ਕਲੀਰਿਆਂ ਨੂੰ ਪਿਆਰੇ ਦੀ ਦਸਤਕ ਦਾ ਹਰ ਦਮ ਭੁਲੇਖਾ ਪੈਂਦਾ ਅਤੇ ਬੁੱਢੇ ਮਾਪਿਆਂ ਦੇ ਮਨਾਂ 'ਚ ਪਰਦੇਸੀ ਪੁੱਤ ਦੇ ਵਾਪਸ ਪਰਤਣ ਦੀ ਆਸ ਜਾਗਦੀ।

ਜੀਵਨ ਦੇ ਡੁੱਬ ਰਹੇ ਸੂਰਜ ਦੀ ਕਦੇ ਵੀ ਚੜ੍ਹਦੇ ਸੂਰਜ ਨਾਲ ਤੁਲਨਾ ਨਾ ਕਰੋ। ਚੜ੍ਹਦਾ ਸੂਰਜ ਦਿਨ ਲੈ ਕੇ ਆਉਂਦਾ, ਜਦੋਂ ਕਿ ਡੁੱਬਦੇ ਸੂਰਜ ਨਾਲ ਰਾਤ ਉਤਰਦੀ। ਜੀਵਨ ਦੇ ਚੜ੍ਹਦੇ ਪਹਿਰ ਵਿਚ ਸਾਡੀ ਸੰਭਾਲ ਮਾਂਵਾਂ ਕਰਦੀਆਂ। ਲੋਰੀਆਂ ਸੁਣਾਉਂਦੀਆਂ ਤੇ ਸਦਕੇ ਜਾਂਦੀਆਂ। ਆਪ ਗਿੱਲੇ ਥਾਂ 'ਤੇ ਪੈ ਕੇ ਬੱਚੇ ਨੂੰ ਸੁੱਕੇ ਥਾਂ 'ਤੇ ਸੁਆਉਂਦੀਆਂ। ਬੱਚੇ ਦੇ ਕੰਡਾ ਲੱਗਣ 'ਤੇ ਦਰਦ-ਹੁੰਗਰ ਬਣਦੀਆਂ ਅਤੇ ਉਸ ਦੀ ਪੀੜਾ ਵਿਚ ਖੁਦ ਨੂੰ ਸੂਲੀ 'ਤੇ ਟੰਗਦੀਆਂ, ਪਰ ਜਦ ਬੁਢਾਪੇ ਵਿਚ ਸੰਭਾਲ ਦੀ ਲੋੜ ਪਈ ਤਾਂ ਇਹ ਕਿਸੇ ਨਰਸਿੰਗ ਹੋਮ ਵਿਚ ਨਰਸਾਂ ਜਾਂ ਘਰ ਵਿਚ ਬੱਚਿਆਂ ਨੇ ਕਰਨੀ! ਪਰ ਬੱਚਿਆਂ ਕੋਲੋਂ ਮਾਂ ਵਰਗੀ ਸੇਵਾ ਦੀ ਆਸ ਨਾ ਰੱਖਿਓ। ਮਾਂ ਤਾਂ ਸਮੁੱਚੀ ਤੁਹਾਡੇ ਲਈ ਸੀ, ਪਰ ਬੱਚਿਆਂ ਦੀਆਂ ਹੋਰ ਵੀ ਬਹੁਤ ਸਾਰੀਆਂ ਜਿੰਮੇਵਾਰੀਆਂ ਨੇ, ਜਿਨ੍ਹਾਂ ਨੂੰ ਸਮਝਣ ਅਤੇ ਉਸ ਅਨੁਸਾਰ ਖੁਦ ਨੂੰ ਢਾਲਣਾ, ਬੁਢਾਪੇ ਦੀ ਜਿੰਮੇਵਾਰੀ ਆ। ਸਮੇਂ ਮੁਤਾਬਕ ਖੁਦ ਨੂੰ ਢਾਲ ਕੇ ਖੁਸ਼ ਰਿਹਾ ਜਾ ਸਕਦਾ ਅਤੇ ਬੁਢਾਪਾ ਨਹੀਂ ਰੁਲਦਾ।

ਬਚਪਨ ਵਿਚ ਮਾਪਿਆਂ ਨੇ ਗਡੀਰਾ ਦਿਤਾ ਸੀ, ਤੁਰਨ ਦੇ ਆਸਰੇ ਲਈ, ਜਿਸ ਦੇ ਛਣਕਦੇ ਘੁੰਗਰੂਆਂ ਦੀ ਲੋਰ ਵਿਚ ਬਚਪਨੀ ਬਾਦਸ਼ਾਹਤ ਨੂੰ ਬਾਖੂਬੀ ਮਾਣਿਆ; ਪਰ ਬੁਢਾਪੇ ਵਿਚ ਡੰਗੋਰੀ ਤੁਹਾਡਾ ਆਸਰਾ ਹੋਵੇਗੀ। ਗਡੀਰੇ ਤੋਂ ਡੰਗੋਰੀ ਤੀਕ ਦਾ ਸਫਰ ਔਖਾ ਤਾਂ ਜਾਪਦਾ, ਪਰ ਇਹੀ ਸੱਚ ਆ। ਗਡੀਰੇ ਨਾਲ ਡਿੱਗਣ ਦੀ ਸੰਭਾਵਨਾ ਬਹੁਤ ਘੱਟ ਸੀ, ਕਿਉਂਕਿ ਮਾਂ ਦੀ ਨਜ਼ਰ ਹਮੇਸ਼ਾ ਤੁਹਾਡੇ ਵਿਚ ਸੀ; ਪਰ ਡੰਗੋਰੀ ਨਾਲ ਖੁਦ ਨੂੰ ਸੰਭਾਲਣ ਦੀ ਜਿੰਮੇਵਾਰੀ ਤੁਹਾਡੀ ਹੋਣੀ ਆ। ਬੱਚਿਆਂ ਕੋਲ ਸ਼ਾਇਦ ਵਿਹਲ ਨਾ ਹੋਵੇ ਕਿ ਉਹ ਤੁਹਾਡੀ ਡੰਗੋਰੀ ਬਣ ਸਕਣ। ਬਚਪਨ ਵਿਚ ਬਾਪ ਦੀ ਉਂਗਲ ਫੜ ਕੇ ਤੁਰਨਾ ਸਿੱਖਣ ਵਾਲਿਆ, ਹੁਣ ਬੱਚਿਆਂ ਜਾਂ ਅਗਲੀ ਪੀੜ੍ਹੀ ਨੇ ਉਂਗਲ ਨਹੀਂ ਫੜਾਉਣੀ। ਆਪਣਾ ਆਸਰਾ ਖੁਦ ਹੀ ਬਣਨਾ ਪੈਣਾ। ਮਾਪਿਆਂ ਦੀ ਸੰਘਣੀ ਛਾਂ ਹੇਠ ਜੇਠ-ਹਾੜ ਦੀਆਂ ਧੁੱਪਾਂ ਨੂੰ ਵੀ ਠਾਰਨ ਵਾਲਿਓ, ਬਜੁਰਗੀ ਦੀਆਂ ਵਗਣ ਵਾਲੀਆਂ ਲੂੰਆਂ ਨੂੰ ਜਰਨ ਲਈ ਤਿਆਰ ਰਹੋ। ਇਸ ਨੂੰ ਸਰਾਪ ਨਹੀਂ, ਸਗੋਂ ਜੀਵਨ ਦਾ ਇਕ ਪੜਾਅ ਹੀ ਸਮਝਣਾ। ਇਸ ਨੂੰ ਪਾਰ ਕਰਨ ਲਈ ਖੁਦ ਨੂੰ ਤਕੜਾ ਹੋਣਾ ਪੈਣਾ।

ਹੁੰਦੜਹੇਲ ਉਮਰ ਵਿਚ ਅਵਾਰਗੀ ਨਾਲ ਮਾਪਿਆਂ ਨੂੰ ਸਤਾਉਣ ਵਾਲਿਓ, ਬਜੁਰਗੀ ਵਿਚ ਹੁਣ ਕਿਸ ਨੂੰ ਸਤਾਉਗੇ। ਹੁਣ ਤੁਹਾਡੀ ਵਾਰੀ ਆ। ਬੱਚਿਆਂ ਦੀ ਆਪਣੀ ਜ਼ਿੰਦਗੀ, ਆਪਣੇ ਫਰਜ਼, ਆਪਣੀਆਂ ਤਰਜੀਹਾਂ ਤੇ ਤਮੰਨਾਵਾਂ ਹਨ, ਉਨ੍ਹਾਂ ਵਿਚ ਖਲਲ ਨਾ ਪਾਇਓ। ਸਗੋਂ ਬੱਚਿਆਂ ਨੂੰ ਆਪਣੀ ਜ਼ਿੰਦਗੀ ਜਿਉਣ ਦਿਓ। ਬੁੱਢੇ ਵਾਰੇ ਕਮਰੇ ਤੀਕ ਹੀ ਸੀਮਤ ਹੋਣ ਦੀ ਸੋਚੋ। ਆਪਣੇ ਵਿਚਾਰਾਂ ਨੂੰ ਬਦਲੋ। ਸਮਿਆਂ ਦੇ ਹਾਣੀ ਬਣਾਓ। ਖੁਦ ਨੂੰ ਨਵੀਂ ਪੀੜ੍ਹੀ ਦੇ ਹਾਣੀ ਨਾ ਸਮਝਣਾ ਅਤੇ ਨਾ ਹੀ ਉਨ੍ਹਾਂ ਨੇ ਤੁਹਾਡੀ ਸੋਚ ਦੇ ਹਾਣੀ ਹੋ ਸਕਣਾ। ਨਵੀਂ ਪੀੜ੍ਹੀ ਲਈ ਤਾਂ ਬਜੁਰਗ ਬਿਲਕੁਲ ਅਨਪੜ੍ਹ ਤੇ ਗਵਾਰ। ਕੋਈ ਨਹੀਂ ਸਮਝ। ਦੁਨੀਆਂ ਦਾ ਕੁਝ ਨਹੀਂ ਪਤਾ। ਸੋਸ਼ਲ ਮੀਡੀਏ ਜਾਂ ਨਿੱਤ ਬਦਲਦੀ ਦੁਨੀਆਂ ਦੀ ਕੋਈ ਨਹੀਂ ਖਬਰ। ਆਪਣੇ ਆਪ ਨੂੰ ਕਰੋ ਅਨਪੜ੍ਹ ਅਤੇ ਬੋਝ ਸਦਵਾਉਣ ਲਈ ਤਿਆਰ ਰਹੋ। ਇਸ ਅਨੁਸਾਰ ਹੀ ਆਪਣੀ ਜੀਵਨ-ਜੁਗਤ ਨੂੰ ਸੋਧਤ ਕਰਨ ਦਾ ਟੀਚਾ ਮਿੱਥੋ। ਜੇ ਸਮੇਂ ਅਨੁਸਾਰ ਨਾ ਬਦਲੇ ਤਾਂ ਤੁਸੀਂ ਬਹੁਤ ਹੀ ਮਾਯੂਸ ਤੇ ਉਦਾਸ ਹੋਵੋਗੇ। ਸਮਾਂ ਤੁਹਾਨੂੰ ਲਿਤਾੜ ਕੇ ਬਹੁਤ ਅੱਗੇ ਲੰਘ ਜਾਵੇਗਾ ਅਤੇ ਪਿੱਛੇ ਰਹਿ ਗਏ ਲੋਕ ਬਹੁਤ ਜਲਦੀ ਬੇਪਛਾਣ ਹੋ ਕੇ ਚੇਤਿਆਂ ਵਿਚੋਂ ਕਿਰ ਜਾਂਦੇ।

ਬਜੁਰਗੀ ਦੌਰਾਨ ਢਲਦੇ ਸੂਰਜ ਜਿਹੇ ਸੁਪਨਿਆਂ ਵਿਚ ਸਿਰਫ ਧੁੰਦਲਕਾ ਹੀ ਬਚਦਾ। ਕੁਝ ਵੀ ਸੰਧੂਰੀ ਜਾਂ ਸੁਨਹਿਰੀ ਨਹੀਂ ਹੁੰਦਾ। ਇਸ ਵਿਚੋਂ ਹੀ ਆਪਣਾ ਰਾਹ ਪਛਾਣਨਾ ਅਤੇ ਜੀਵਨ-ਤੋਰ ਨੂੰ ਜਾਰੀ ਰੱਖਣਾ ਪੈਣਾ। ਇੰਜ ਕਰਕੇ ਤੁਸੀਂ ਕਿਸੇ 'ਤੇ ਨਹੀਂ, ਸਗੋਂ ਖੁਦ 'ਤੇ ਅਹਿਸਾਨ ਕਰੋਗੇ। ਜ਼ਿੰਦਗੀ ਸੁਖੀ ਤੇ ਅਸਾਨ ਹੋਵੇਗੀ ਅਤੇ ਮਾਨਸਿਕ ਪੀੜਾ ਵਿਚੋਂ ਗੁਜਰਨਾ ਨਹੀਂ ਪਵੇਗਾ।

ਕਈ ਵਾਰ ਸੂਰਜ ਡੁੱਬਣ ਲੱਗਦਾ ਤਾਂ ਤਿੱਤਰਖੰਭੀ ਵੀ ਇਸ ਨੂੰ ਹੋਰ ਮੱਧਮ ਕਰਦੀ। ਤ੍ਰਿਕਾਲੀਂ ਅੰਬਰ 'ਚ ਗਹਿਰ ਚੜ੍ਹਦੀ। ਇਹ ਗਹਿਰ ਸਰੀਰਕ ਅਲਾਮਤਾਂ ਦੇ ਰੂਪ ਵਿਚ ਤੁਹਾਡਾ ਨਸੀਬ ਹੀ ਬਣਦੀ। ਕਈ ਬਿਮਾਰੀਆਂ ਨੇ ਬੁਢਾਪੇ ਵਿਚ ਤੁਹਾਡੇ ਦਰੀਂ ਦਸਤਕ ਜਰੂਰ ਦੇਣੀ ਅਤੇ ਤੁਸੀਂ ਇਸ ਤੋਂ ਅਵੇਸਲੇ ਵੀ ਨਹੀਂ ਹੋ ਸਕਦੇ। ਕਦੇ ਇਕ ਇਕ ਕਰਕੇ ਦੰਦ ਆਏ ਅਤੇ ਦਾੜ੍ਹਾਂ ਨਿਕਲਣ ਲੱਗਿਆਂ ਬਹੁਤ ਤਕਲੀਫ ਵੀ ਹੋਈ ਸੀ। ਬੁਢਾਪੇ ਵਿਚ ਫਿਰ ਦੰਦਾਂ ਨੇ ਇਕ ਇਕ ਕਰਕੇ ਜਾਣ ਲੱਗਿਆਂ ਪੀੜ ਦੇਣੀ ਹੈ, ਜੁਬਾੜਾ ਵੀ ਵੈਰਾਨ ਕਰਨਾ ਅਤੇ ਬੋੜਾ ਵੀ ਬਣਾਉਣਾ। ਫਿਰ ਕਿਸੇ ਡੈਂਚਰ ਦੇ ਆਸਰੇ ਹੀ ਬਾਕੀ ਜ਼ਿੰਦਗੀ ਨੂੰ ਜਿਉਣਾ ਪੈਣਾ; ਪਰ ਯਾਦ ਤਾਂ ਬਹੁਤ ਆਵੇਗਾ ਕਿ ਕਦੇ ਗੰਨੇ ਵੀ ਚੂਪਦੇ ਸੀ ਜਾਂ ਦਾਣੇ ਵੀ ਚੱਬਦੇ ਸੀ। ਅਫਸੋਸ ਮਨ ਵਿਚ ਨਾ ਪਾਲਣਾ ਕਿਉਂਕਿ ਝੋਰੇ ਵਿਚ ਜ਼ਿੰਦਗੀ ਵੀ ਮਸੋਸੀ ਜਾਂਦੀ। ਨਕਲੀ ਦੰਦਾਂ ਨਾਲ ਜੇ ਜੀਵਨ ਸੌਖਾ ਹੁੰਦਾ ਹੋਵੇ ਤਾਂ ਪਿੱਛਲਖੁਰੀ ਨਾ ਝਾਕਣਾ ਕਿਉਂਕਿ ਨਵੇਂ ਦੰਦ ਤਾਂ ਹੁਣ ਆਉਣੇ ਨਹੀਂ!

ਜਦ ਜਿੰਦ-ਸੂਰਜ ਨੇ ਡੁੱਬਣ ਦੀ ਤਿਆਰੀ ਕਰਨੀ ਤਾਂ ਕਿਸੇ ਨੇ ਤੁਹਾਡੀਆਂ ਪ੍ਰਾਪਤੀਆਂ, ਰੁਤਬਿਆਂ, ਸਮਾਜਕ ਦੇਣਾਂ ਜਾਂ ਕੀਰਤੀਆਂ ਨੂੰ ਉਹ ਸਨਮਾਨ ਨਹੀਂ ਦੇਣਾ, ਜਿਸ ਦੀ ਤਵੱਕੋ ਪਹਿਲਾਂ ਤੁਹਾਡੇ ਮਨ ਵਿਚ ਹੁੰਦੀ ਸੀ ਤੇ ਮਿਲਦਾ ਸੀ। ਹੁਣ ਤੁਸੀਂ ਬੇਪਛਾਣ ਜਿਹੇ ਹੋ ਕੇ ਭੀੜ ਦਾ ਹਿੱਸਾ ਬਣਨਾ। ਕਿਸੇ ਨੇ ਤੁਹਾਨੂੰ ਦੇਖ ਕੇ ਖੁਸ਼ ਨਹੀਂ ਹੋਣਾ, ਤੁਹਾਡੇ ਨਾਲ ਸੈਲਫੀ ਲੈਣ ਲਈ ਉਤੇਜਿਤ ਨਹੀਂ ਹੋਣਾ ਜਾਂ ਤੁਹਾਡੇ ਨਾਲ ਸਾਂਝ 'ਤੇ ਨਾਜ਼ ਕਰਨਾ। ਆਪਣਿਆਂ ਨੇ ਵੀ ਦੁਰਕਾਰਨਾ ਤੇ ਨਕਾਰਨਾ। ਸਰੀਰਕ ਟੁੱਟ-ਭੱਜ ਦੇ ਨਾਲ ਮਨ ਵਿਚ ਵੀ ਬਹੁਤ ਸਾਰੀ ਟੁੱਟਭੱਜ ਤੇ ਤਿੜਕਣ ਤਾਂ ਹੋਵੇਗੀ; ਪਰ ਇਸ ਦੀ ਮੁਰੰਮਤ ਵੀ ਖੁਦ ਹੀ ਕਰਨੀ ਪੈਣੀ। ਕਈ ਵਾਰ ਤਾਂ ਤੁਹਾਡਾ ਦੁੱਖ ਵੰਡਾਉਣ ਵਾਲਾ ਅਤੇ ਤੁਹਾਡੇ ਨਾਲ ਬੀਤੇ ਦੀਆਂ ਬਾਤਾਂ ਸਾਂਝੀਆਂ ਕਰਨ ਵਾਲਾ ਜੀਵਨ-ਸਾਥੀ ਵੀ ਸ਼ਾਇਦ ਤੁਹਾਥੋਂ ਪਹਿਲਾਂ ਤੁਰ ਜਾਵੇ। ਅਜਿਹੇ ਵੇਲੇ ਖੁਦ ਦੀ ਮਜਬੂਤੀ ਹੀ ਕੰਮ ਆਉਣੀ।

ਢਲਦੇ ਪ੍ਰਛਾਵਿਆਂ ਦੀ ਰੁੱਤੇ ਬਲੱਡ ਪ੍ਰੈਸ਼ਰ ਵੀ ਵਧਣਾ, ਕੋਲੈਸਟਰੋਲ ਵੀ ਵਧਣਾ; ਕਦੇ ਦਿਲ ਦੀ ਬਿਮਾਰੀ, ਕਦੇ ਗੋਡਿਆਂ ਵਲੋਂ ਜੁਵਾਬ, ਕਦੇ ਬਾਈਪਾਸ ਸਰਜਰੀ, ਕਦੇ ਅੱਖਾਂ ਦਾ ਆਪਰੇਸ਼ਨ ਅਤੇ ਕਦੇ ਹੱਡੀਆਂ ਦੇ ਕਮਜੋਰ ਹੋਣ ਕਾਰਨ ਕਿਸੇ ਹੱਡੀ ਦਾ ਟੁੱਟਣਾ ਜਾਂ ਚੂਲੇ ਦੇ ਟੁੱਟਣ ਕਾਰਨ ਤੁਰਨ ਫਿਰਨ ਤੋਂ ਆਵਾਜ਼ਾਰ ਹੋਣਾ। ਅਜਿਹੇ ਵੇਲੇ ਬੈਡ ਤੀਕ ਸੀਮਤ, ਤੁਹਾਡੇ ਸੁਪਨ-ਸੰਸਾਰ ਨੂੰ ਸੌੜਾ ਤੇ ਸੀਮਤ ਕਰੇਗੀ। ਜੇ ਮਨ ਦੀਆਂ ਭਾਵਨਾਵਾਂ ਅਤੇ ਸੁੱਚੇ ਵਿਚਾਰਾਂ ਨੂੰ ਅੰਬਰੀਂ ਪਰਵਾਜ਼ ਦਿਓਗੇ ਤਾਂ ਜੀਵਨ ਦਾ ਆਖਰੀ ਸਫਰ ਸੁਖਾਲਾ ਹੋ ਜਾਵੇਗਾ।

ਜਦ ਜੀਵਨ-ਪ੍ਰਛਾਵੇਂ ਬਹੁਤ ਲੰਮੇ ਹੋ ਜਾਂਦੇ ਤਾਂ ਕਿਸੇ ਵੀ ਕਾਰਜ ਵਿਚ ਤੁਹਾਡੀ ਸਲਾਹ ਜਾਂ ਰਾਏ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ ਜਾਵੇਗੀ। ਜੇ ਬੱਚਿਆਂ ਨੂੰ ਖੁਦ ਫੈਸਲੇ ਲੈਣ ਅਤੇ ਆਪ ਬੇਪ੍ਰਵਾਹ ਜ਼ਿੰਦਗੀ ਜਿਉਣ ਨੂੰ ਪਹਿਲ ਦੇਵੋਗੇ ਤਾਂ ਜ਼ਿੰਦਗੀ ਸੁਖਾਲੀ ਹੋਵੇਗੀ। ਇਹ ਅਹਿਸਾਸ ਤੁਹਾਡੀ ਮਾਨਸਿਕ ਪੀੜਾ ਨਹੀਂ ਵਧਾਏਗਾ ਕਿ ਵੱਡੇ ਹੋਣ ਦੇ ਨਾਤੇ ਮੇਰੀ ਕੋਈ ਪੁੱਛ-ਗਿੱਛ ਨਹੀਂ। ਮੈਨੂੰ ਕੋਈ ਨਹੀਂ ਸਿਆਣਦਾ ਜਾਂ ਮੇਰੇ ਅਨੁਭਵ ਤੋਂ ਕੋਈ ਕੁਝ ਨਹੀਂ ਸਿੱਖਦਾ। ਬੱਚੇ ਸਾਡੇ ਤੋਂ ਸਿਆਣੇ ਤੇ ਸਮਝਦਾਰ। ਉਨ੍ਹਾਂ ਦੀਆਂ ਤਰਜੀਹਾਂ ਤੇ ਤਮੰਨਾਵਾਂ ਅਤੇ ਜੀਵਨ ਢੰਗ ਵੱਖਰਾ। ਬਜੁਰਗੀ ਜੀਵਨ-ਸ਼ੈਲੀ ਨੂੰ ਬੱਚਿਆਂ 'ਤੇ ਨਹੀਂ ਥੋਪਿਆ ਜਾ ਸਕਦਾ। ਬਜੁਰਗਾਂ ਨੂੰ ਇਹ ਜਾਣ ਲੈਣਾ ਚਾਹੀਦਾ ਕਿ ਤਬਦੀਲੀ ਕੁਦਰਤ ਦਾ ਨਿਯਮ ਏ। ਖੁਦ ਇਸ ਨੂੰ ਮਨਜ਼ੂਰ ਕਰ ਕੇ ਇਸ ਅਨੁਸਾਰ ਜੀਵਨ ਤੋਰ ਨੂੰ ਨਿਰਧਾਰਤ ਕਰੋਗੇ ਤਾਂ ਘੱਟ ਮਾਨਸਿਕ ਪ੍ਰੇਸ਼ਾਨੀਆਂ ਵਿਚੋਂ ਲੰਘਣਾ ਆਸਾਨ ਹੀ ਹੋਵੇਗਾ।

ਜਦ ਸੂਰਜ ਡੁੱਬਣ ਕਿਨਾਰੇ ਹੁੰਦਾ ਤਾਂ ਸੂਰਜ ਆਪਣੀ ਸਫ ਲਪੇਟਦਾ ਅਤੇ ਰੁਖਸਤ ਹੋਣ ਦੀ ਕਾਹਲ ਕਰਦਾ। ਉਹ ਬੀਤੇ 'ਤੇ ਸ਼ੁਕਰਗੁਜ਼ਾਰ ਹੁੰਦਾ। ਇਸ ਕ੍ਰਿਤਾਰਥ ਵਿਚੋਂ ਹੀ ਉਹ ਜੀਵਨ-ਯਾਤਰਾ ਦੀਆਂ ਪ੍ਰਾਪਤੀਆਂ ਨੂੰ ਨਵੇਂ ਉਪਨਾਮ ਦਿੰਦਾ। ਬਜੁਰਗੀ ਅਵਸਥਾ ਵਿਚ ਖੁਦ ਨੂੰ ਬੜੇ ਸਹਿਜ, ਸੰਜਮ ਅਤੇ ਸੰਤੋਖ ਨਾਲ ਸਮੇਟਣਾ ਚਾਹੀਦਾ। ਬੀਤੇ ਪਲਾਂ ਨੂੰ ਮਨ-ਚਿਰਾਗ ਵਿਚ ਬਾਲ ਕੇ ਖੁਦ ਨੂੰ ਰੁਸ਼ਨਾਇਆ ਜਾਵੇ। ਬਚਪਨੀ ਸ਼ਰਾਰਤਾਂ ਨੂੰ ਚਿੱਤ 'ਚ ਕਿਆਸੋਗੇ ਤਾਂ ਜੀਵਨ ਦੇ ਦੁਖਦ ਪਲ, ਸੁਖਦ ਅਹਿਸਾਸਾਂ 'ਚ ਢਲ ਜਾਣਗੇ।

ਬਜੁਰਗੀ ਪਲਾਂ ਦੌਰਾਨ ਕੁਝ ਅਜਿਹੇ ਆਹਰ ਬਣਾਓ, ਤੁਹਾਡੀ ਸੋਚ ਅਤੇ ਬਿਰਤੀ ਉਸਾਰੂ ਪਾਸੇ ਲੱਗੇ। ਇਕ ਰੁਝੇਵਾਂ ਹੋਵੇ, ਕੁਝ ਕਰਨ ਤੇ ਨਵਾਂ ਸਿਰਜਣ ਦਾ। ਨਵੀਂ ਪੀੜ੍ਹੀ ਨੂੰ ਕੁਝ ਦੇਣ, ਉਨ੍ਹਾਂ ਨਾਲ ਉਨ੍ਹਾਂ ਜਿਹੀਆਂ ਗੱਲਾਂ ਕਰਨ ਅਤੇ ਉਨ੍ਹਾਂ ਦੇ ਰੰਗ ਵਿਚ ਰੰਗੇ ਜਾਣ ਦਾ ਚਾਅ ਹੋਵੇ। ਬੱਚਿਆਂ ਵਿਚ ਬੱਚਾ ਬਣੋਗੇ ਤਾਂ ਨਵੀਂ ਪੀੜ੍ਹੀ ਅਪਨਾਵੇਗੀ। ਵਰਨਾ ਉਹ ਤੁਹਾਡੇ ਤੋਂ ਦੂਰ ਜਾਣ ਲਈ ਮੌਕੇ ਦੀ ਤਲਾਸ਼ ਵਿਚ ਰਹੇਗੀ।

ਜੀਵਨ ਦੇ ਡੁੱਬਦੇ ਸੂਰਜ ਨੂੰ ਸਲਾਮ ਕਰੋ, ਜਿੰਦ-ਸਾਹ ਨੂੰ ਰੌਸ਼ਨ ਮਾਰਗ ਬਣਾਉਣ ਲਈ, ਯਖ ਪਲਾਂ ਵਿਚ ਕੋਸੀ ਕੋਸੀ ਧੁੱਪ ਤ੍ਰੌਂਕਣੀ ਲਈ ਅਤੇ ਚਾਨਣ ਵਿਚ ਜੀਵਨ ਨੂੰ ਨਵੇਂ ਉਪਨਾਵਾਂ ਤੇ ਸਿਰਜਣਾਵਿਆਂ ਸੰਗ ਲਬਰੇਜ਼ ਕਰਨ ਲਈ।

ਡੁੱਬਦਾ ਸੂਰਜ ਹਮੇਸ਼ਾ ਹੀ ਅਨੂਠੀ ਤੋਰ ਤੇ ਆਵੇਸ਼ ਵਿਚ ਹੌਲੀ ਹੌਲੀ ਪੱਛਮ ਵਿਚ ਉਤਰਦਾ ਅਤੇ ਲਾਲ ਭਾਅ ਮਾਰਦਾ ਅਲੋਪ ਹੁੰਦਾ। ਕੁਝ ਅਜਿਹਾ ਹੀ ਹਰੇਕ ਬਜੁਰਗੀ ਦਾ ਹਾਸਲ ਹੋਵੇ ਤਾਂ ਬਜੁਰਗੀ ਦੇ ਪਲ ਵੀ ਬਾਦਸ਼ਾਹਤ ਦੀ ਬੁਲੰਦੀ ਹੁੰਦੇ।

ਡੁੱਬਦੇ ਸੂਰਜ ਨੂੰ ਨਿਹਾਰਨਾ, ਇਸ ਦੇ ਰੰਗਾਂ ਨੂੰ ਦੇਖਣਾ, ਕਿੰਨਾ ਸੁੰਦਰ ਜਾਪਦਾ। ਸੂਰਜ ਵਾਂਗ ਖੁਦ ਨੂੰ ਸੋਹਣਾ ਬਣਾਓ, ਸੁੰਦਰ ਵਿਚਾਰਾਂ, ਸੁੱਚੇ ਖਿਆਲਾਂ, ਸੁਚੱਜੀ ਜੀਵਨ-ਜਾਚ ਅਤੇ ਸੁਹੰਢਣੇ ਅਚਾਰ ਨਾਲ। ਅਜਿਹੀ ਸੁੰਦਰਤਾ ਹਰੇਕ ਨੂੰ ਤੁਹਾਡੇ ਵੰਨੀਂ ਆਕਰਸ਼ਿਤ ਕਰੇਗੀ ਅਤੇ ਚਹਿਕਦਾ ਚੌਗਿਰਦਾ ਤੁਹਾਡੀ ਹਾਮੀ ਭਰੇਗਾ। ਮਹਿਕਦੀ ਸ਼ਖਸੀਅਤ ਅਤੇ ਲਹਿਜ਼ੇ ਵਿਚ ਬਾਸਲੀਕਾ ਬੋਲ, ਜੀਵਨ-ਯਾਤਰਾ ਦੇ ਆਖਰੀ ਪੜਾਅ ਨੂੰ ਜਿਥੇ ਸੁਖਦ ਕਰਦੇ, ਉਥੇ ਹੀ ਜੀਵਨ-ਤੰਗਦਸਤੀਆਂ ਵਿਚ ਖੁੱਲ੍ਹੇਪਣ ਦਾ ਮੁਹਾਂਦਰਾ ਬਣਦੇ।

ਬਜੁਰਗੀ ਨੂੰ ਬਿਹਤਰੀਨ ਬਣਾਉਣ ਲਈ ਜਰੂਰੀ ਹੈ ਕਿ ਸਮਾਂ ਮਿਲਣ 'ਤੇ ਹਾਣੀਆਂ ਨਾਲ ਬੀਤੇ ਪਲਾਂ ਨੂੰ ਸਾਂਝਾ ਕਰੋ। ਜਦ 'ਕੱਠੇ ਚੋਰੀ ਦੇ ਬੇਰ ਤੋੜਦੇ ਸੀ, ਕਿਸੇ ਦੇ ਕਮਾਦ 'ਚੋਂ ਗੰਨੇ ਭੰਨਦੇ ਸੀ ਜਾਂ ਕਿਸੇ ਦੀਆਂ ਛੱਲੀਆਂ ਤੋੜ, ਧੂਣੀ ਬਾਲ ਕੇ ਭੁੰਨਣ ਤੇ ਚੱਬਣ ਦਾ ਅਨੂਠਾ ਨਜ਼ਾਰਾ ਹੁੰਦਾ ਸੀ। ਮੰਡ ਵਿਚ ਚਾਰੇ ਪਸ਼ੂਆਂ, ਦਰਿਆ ਦੇ ਪਾਣੀ ਵਿਚ ਲਾਈਆਂ ਤਾਰੀਆਂ ਅਤੇ ਖਾਧੇ ਗੋਤਿਆਂ ਦੀ ਯਾਦ ਕੁਝ ਸਮੇਂ ਲਈ ਵਰਤਮਾਨ ਨੂੰ ਭੁਲਾ ਦੇਵੇਗੀ। ਫਿਰ ਜਿਉਣਾ ਹੀ ਯਾਦ ਰਹੇਗਾ ਅਤੇ ਪੀੜ 'ਚ ਕਰਾਹੁਣਾ ਜਾਂ ਮੌਤ ਹੀ ਉਡੀਕੀ ਜਾਣਾ, ਕੁਝ ਸਮੇਂ ਲਈ ਮੁਲਤਵੀ ਹੋ ਜਾਵੇਗਾ। ਮੌਤ-ਉਡੀਕ ਨੂੰ ਮੁਲਤਵੀ ਕਰਨਾ, ਜੀਵਨ ਦੇ ਹਰੇਕ ਪਲ ਨੂੰ ਹੀ ਰੱਜ ਕੇ ਜਿਉਣਾ, ਕੁਦਰਤੀ ਸੁੰਦਰਤਾ ਨੂੰ ਨਿੱਠ ਕੇ ਵਾਚਣਾ ਅਤੇ ਅੰਤਰੀਵੀ ਸੁੰਦਰਤਾ ਦੀ ਅਮੀਰੀ ਵਿਚ ਵਾਧਾ ਜੇ ਜੀਵਨ ਦਾ ਮੰਤਵ ਹੋ ਜਾਵੇ ਤਾਂ ਜੀਵਨ-ਭਰਪੂਰਤਾ ਜੀਵਨ ਦੇ ਖਾਲੀਪਣ ਨੂੰ ਵੀ ਭਰਨ ਵਿਚ ਅਹਿਮ ਹੋਵੇਗੀ।

ਬਜੁਰਗੀ ਵਿਚ ਰਹਿ ਗਈਆਂ ਖਾਲੀ ਥਾਂਵਾਂ ਬਾਰੇ ਕਦੇ ਉਦਾਸ ਜਾਂ ਮਾਯੂਸ ਨਾ ਹੋਵੋ ਸਗੋਂ ਮਿਲੇ ਮੌਕਿਆਂ, ਮਾਣੇ ਸਾਥ, ਨਿਭਾਈਆਂ ਜਿਗਰੀ ਯਾਰੀਆਂ ਅਤੇ ਮਾਣ-ਮੱਤੀਆਂ ਰਿਸ਼ਤੇਦਾਰੀਆਂ, ਜ਼ਿਕਰਯੋਗ ਜੀਵਨ-ਯਾਦਾਂ ਜਾਂ ਜੀਵਨ ਤੋਰ ਨੂੰ ਸੁਚਾਰੂ ਪਾਸੇ ਮੋੜਨ ਵਾਲੇ ਪਲਾਂ ਨੂੰ ਜ਼ਰੂਰ ਯਾਦ ਕਰਨਾ, ਉਸਾਰੂ ਨਜ਼ਰੀਆ ਬਜੁਰਗੀ ਦਾ ਸਭ ਤੋਂ ਖੂਬਸੂਰਤ ਸਾਥ ਹੋਵੇਗਾ। ਇਹ ਯਾਦਾਂ ਹੀ ਹੁੰਦੀਆਂ, ਜੋ ਜੀਵਨ ਦੇ ਆਖਰੀ ਪੜਾਅ ਵਿਚ ਜਿੰਦ ਦਾ ਮੂਲ ਆਧਾਰ ਹੁੰਦੀਆਂ। ਕੌੜੀਆਂ-ਕੁਸੈਲੀਆਂ ਯਾਦਾਂ ਨੂੰ ਭੁਲਾ ਕੇ ਪਿਆਰੀਆਂ ਯਾਦਾਂ ਵਿਚ ਸਰਸ਼ਾਰ ਹੋਣਾ, ਤੁਹਾਨੂੰ ਜੀਵਨ-ਸੁਗੰਧੀ ਦਾ ਸਰਗਮ ਸਾਥ ਮਿਲੇਗਾ।

ਕੁਝ ਉਨ੍ਹਾਂ ਪਲਾਂ ਨੂੰ ਜ਼ਰੂਰ ਯਾਦ ਕਰਨਾ, ਜਦ ਔਕੜਾਂ ਤੋਂ ਉਕਤਾ ਕੇ ਨਿਰਾਸ਼ ਹੋਏ ਸੀ; ਪਰ ਉਸ ਪਲ-ਭੰਗਰੀ ਨਿਰਾਸ਼ਾ ਨੇ ਆਸ ਦਾ ਇਕ ਅਜਿਹਾ ਦੀਵਾ ਡੰਗਿਆ ਕਿ ਜੀਵਨ ਹਨੇਰੇ ਵਿਚ ਚਾਨਣ ਹੀ ਚਾਨਣ ਭਰ ਗਿਆ ਅਤੇ ਜੀਵਨ ਨੂੰ ਸੰਦਲੀ ਰੁੱਤ ਵਰ ਗਿਆ।

ਮਨ-ਜੂਹ ਵਿਚ ਸੂਰਜ-ਸੁਨੇਹਾ ਕੂਕਦਾ ਕਿ

ਡੁੱਬਦਾ ਸੂਰਜ ਸੁਖਨ-ਸੁਨੇਹਾ,
ਚੇਤਰ ਮਨ 'ਚ ਧਰਦਾ
ਸੁਰਖ ਰੰਗਾਂ ਦੀ ਆਬਸ਼ਾਰ,
ਅੰਬਰ ਨਾਂਵੇਂ ਕਰਦਾ
ਦਿਨ ਦਾ ਪੰਧ ਪੂਰਾ ਕਰਕੇ,
ਖੁਦ 'ਤੇ ਨਾਜ਼ ਕਰੇਂਦਾ
ਚਾਨਣ ਤੇ ਨਿੰਘ ਦਾ ਕਿਰਨ-ਕਸੋਰਾ,
ਹਰ ਜੂਹੇ ਵਰਤੇਂਦਾ
ਸੂਰਜ ਸੋਚੇ ਆਸ-ਆਭਾ ਦੀ,
ਜੀਵਨੀ ਰੰਗਤ ਹੋਵੇ
ਤਾਂ ਜ਼ਿੰਦਗੀ ਦਾ ਬਾਗ-ਬਗੀਚਾ,
ਰੰਗ ਮਹਿਕਾਂ ਸੰਗ ਸੋਹਵੇ
ਪ੍ਰਛਾਵੇਂ ਜਦ ਹੋਣ ਲੰਮੇਰੇ
ਤਾਂ ਜੀਵਨ ਛੋਟਾ ਹੋਵੇ
ਪਰ ਸੂਰਜ ਦੇ ਕਿਰਤ-ਕਰਮ ਦੀ
ਹਰ ਦਰ ਸੋਭਾ ਹੋਵੇ
ਉਤਰੇ ਸ਼ਾਮ ਤਾਂ ਚਾਨਣ ਸਹਿਕੇ,
ਪੱਛਮ ਘੁਸਮੁਸਾ ਢੋਵੇ
ਸਾਹਾਂ ਦੀ ਖੜਤਾਲ ਵਿਚਾਰੀ,
ਆਖਰੀ ਬੋਲ ਅਲੋਵੇ
ਸੂਰਜ ਬੰਦਗੀ ਤੇ ਸੂਰਜ ਪੂਜਾ,
ਸੂਰਜ ਸ਼ਾਮ ਸਵੇਰਾ
ਸੂਰਜ ਵਰਗਾ ਜੀਵਨ ਹੁੰਦਾ,
ਯੁਗਾਂ ਤੋਂ ਬਹੁਤ ਲੰਮੇਰਾ
ਵੇ ਬੀਬਾ! ਇਸ ਸੂਰਜ-ਪੰਧ ਨੂੰ
ਪਾਕ-ਪਹਿਲ ਤਾਂ ਵਰੀਏ
ਲੋਕ ਮਨਾਂ ਵਿਚ ਸਦਾ ਜੀਵੀਏ,
ਆ ਕੁਝ ਐਸਾ ਕਰੀਏ।

ਡੁੱਬਦਾ ਸੂਰਜ ਤਾਂ ਆਖਰੀ ਵੇਲੇ ਵੀ ਲਾਲ-ਸੂਹਾ ਹੋ ਕੇ ਆਖਰੀ ਅਲਵਿਦਾ ਕਹਿੰਦਾ। ਤੁਸੀਂ ਵੀ ਖੁਸ਼-ਮਿਜਾਜ਼ ਅਦਾ ਨਾਲ ਜੀਵਨ ਨੂੰ ਅਲਵਿਦਾ ਕਹੋਗੇ ਤਾਂ ਲੋਕ ਚੇਤਿਆਂ ਵਿਚ ਤੁਹਾਡਾ ਆਖਰੀ ਰੂਪ ਹੀ ਯਾਦ ਰਹੇਗਾ। ਚੇਤੇ ਰੱਖਣਾ! ਲੋਕ ਸਿਰਫ ਤੁਹਾਡੇ ਆਖਰੀ ਵੇਲੇ ਨੂੰ ਆਖਰੀ ਵਕਤ ਯਾਦ ਕਰਦੇ ਨੇ। ਬੀਤੇ ਸਮੇਂ ਤਾਂ ਜਲਦੀ ਹੀ ਲੋਕ-ਮਨਾਂ ਵਿਚੋਂ ਮਨਫੀ ਹੋ ਜਾਂਦੇ।

ਡੁੱਬਦੇ ਸੂਰਜ ਦੇ ਚਾਨਣ ਨੂੰ ਸ਼ਾਮ ਵੇਲੇ ਕੁਝ ਬਦਲੋਟੀਆਂ ਵੀ ਘੱਟ ਕਰਨ ਲਈ ਤਾਣ ਲਾਉਂਦੀਆਂ, ਪਰ ਸੂਰਜ ਹਾਰ ਨਹੀਂ ਮੰਨਦਾ। ਇਸ ਤਰ੍ਹਾਂ ਹੀ ਜੀਵਨ ਦੇ ਆਖਰੀ ਵਕਤ ਸਰੀਰਕ, ਮਾਨਸਿਕ, ਆਰਥਕ, ਸਮਾਜਕ ਤੇ ਘਰੇਗੀ ਚਿੰਤਾਵਾਂ, ਕਠਿਨਾਈਆਂ ਤੇ ਫਿਕਰਾਂ ਨੇ ਵੀ ਚਾਰੇ ਪਾਸਿਉਂ ਘੇਰਨਾ; ਪਰ ਇਸ ਘੇਰਾਬੰਦੀ ਦੌਰਾਨ ਸਿਰਫ ਤੁਹਾਡੀ ਨਿਜੀ ਤਕੜਾਈ, ਮਜਬੂਤ ਇੱਛਾ-ਸ਼ਕਤੀ, ਸਿਰੜ, ਧੁਨ-ਪਕੇਰਤਾ ਅਤੇ ਕਦੇ ਵੀ ਹਾਰ ਨਾ ਮੰਨਣ ਦੀ ਦਲੇਰੀ ਤੇ ਜ਼ਿੰਦਾਦਿਲੀ ਨੇ ਹੀ ਇਸ ਦੁਖਦਾਈ ਮੰਝਧਾਰ ਵਿਚੋਂ ਪਾਰ ਕਰਨਾ। ਇਹ ਮੁਸ਼ਕਿਲਾਂ ਵੀ ਤੁਹਾਡੀਆਂ ਹਰਦਿਲ-ਅਜ਼ੀਜ਼ ਬਣ ਜਾਣਗੀਆਂ।

ਸੂਰਜ ਚੜ੍ਹਦਾ ਵੀ ਲਾਲ ਅਤੇ ਲਹਿੰਦਾ ਵੀ ਲਾਲ। ਇਸ ਦਾ ਸੁਹੱਪਣ ਹੀ ਇਸ ਦੀ ਨੂਰੀ ਪਛਾਣ। ਲੋਕ ਚੜ੍ਹਦੇ ਤੇ ਡੁੱਬਦੇ ਸੂਰਜ ਦੀ ਆਭਾ ਨੂੰ ਨਿਹਾਰਦੇ। ਸੂਰਜ ਤੋਂ ਜ਼ਰੂਰ ਕੁਝ ਸਿਖਣਾ। ਕਦੇ ਵੀ ਆਪਣੇ ਰੰਗ ਨੂੰ ਫਿੱਕਾ ਨਾ ਪੈਣ ਦੇਣਾ। ਦੋਹੀਂ ਹੱਥੀਂ ਖੈਰਾਂ ਵੰਡਦੇ ਅਤੇ ਖਿੜੇ ਚਿਹਰੇ ਨਾਲ ਸੰਸਾਰ ਤੋਂ ਰੁਖਸਤ ਹੋਣਾ, ਤੁਹਾਡੀ ਰੁਖਸਤਗੀ ਹੋਰਨਾਂ ਲਈ ਸੁਰਖ-ਰੰਗਾ ਸੰਦੇਸ਼ ਹੋਵੇਗੀ। ਇਸ ਰਾਹੀਂ ਅਗਲੀਆਂ ਪੀੜ੍ਹੀਆਂ ਨੂੰ ਕੁਝ ਸਿੱਖਣ ਅਤੇ ਖੁਦ ਨੂੰ ਕਿਸੇ ਅਕੀਦੇ ਪ੍ਰਤੀ ਅਰਪਿਤ ਹੋਣ ਦਾ ਸੂਖਮ ਅਤੇ ਅਰਥ-ਭਰਪੂਰ ਸੁਨੇਹਾ ਮਿਲੇਗਾ। ਉਨ੍ਹਾਂ ਦੀ ਚੇਤਨਾ ਵਿਚ ਸਰਬ-ਵਿਆਪਕ ਸ਼ੁਭ-ਚਿੰਤਨ ਧਰਿਆ ਜਾਵੇਗਾ।

ਜੀਵਨ-ਸਫਰ ਜਦ ਸੂਰਜੀ ਸਫਰ ਬਣ ਗਿਆ ਤਾਂ ਸਫਰ ਦੀ ਸੁੰਦਰ, ਸਦ-ਉਪਯੋਗੀ ਸੰਪੂਰਨਤਾ, ਮਨੁੱਖ ਦਾ ਹਾਸਲ ਹੋਵੇਗੀ। ਸੂਰਜ ਤਾਂ ਤੁਹਾਨੂੰ ਉਡੀਕਦਾ ਹੈ, ਪਹਿਲ ਤਾਂ ਖੁਦ ਹੀ ਕਰਨੀ ਹੈ।

# ਸਿੱਖੀ ਦਾ ਆਧਾਰ ੴ

ੴ ਗੁਰਬਾਣੀ ਦਾ ਮੂਲ ਸੂਤਰ ਹੈ ਤੇ 'ਮੂਲਮੰਤਰ' ਦਾ ਅਭਿੰਨ ਅੰਗ। ਇਹ ਜਪੁਜੀ ਸਾਹਿਬ ਦੀ ਬਾਣੀ ਦੇ ਅਰੰਭ ਵਿਚ ਲਿਖਿਆ ਹੋਇਆ ਹੈ ਤੇ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚ 567 ਵਾਰ ਹੋਰ ਥਾਂਵਾਂ 'ਤੇ ਆਇਆ ਹੋਇਆ ਹੈ। ਇਹ 32 ਬਾਣੀਆਂ ਦੇ ਮੁੱਢ ਵਿਚ ਸੰਪੂਰਨ ਮੂਲਮੰਤਰ ਦੇ ਹਿੱਸੇ ਵਜੋਂ ਆਇਆ ਹੈ ਤੇ ਨੌਂ ਬਾਣੀਆਂ ਦੇ ਮੁੱਢ ਵਿਚ ਅੰਸ਼ਕ ਰੂਪ ਵਿਚ ਭਾਵ 'ੴ ਸਤਿ ਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ' ਕਰ ਕੇ ਲਿਖਿਆ ਮਿਲਦਾ ਹੈ। ਇਸ ਤੋਂ ਇਲਾਵਾ ਦੋ ਬਾਣੀਆਂ ਦੇ ਅੱਗੇ ਇਹ ਕੇਵਲ 'ੴ ਸਤਿ ਨਾਮੁ ਗੁਰਪ੍ਰਸਾਦਿ' ਕਰਕੇ ਦਰਜ ਹੈ। ਬਾਕੀ ਥਾਂਵਾਂ 'ਤੇ ਇਹ 'ੴ ਸਤਿਗੁਰ ਪ੍ਰਸਾਦਿ' ਦੀ ਸੰਖੇਪ ਇਬਾਰਤ ਨਾਲ ਲਿਖਿਆ ਹੋਇਆ ਮਿਲਦਾ ਹੈ।

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-991-4249**

ੴ ਦਾ ਇਹ ਸੂਤਰ ਤਿੰਨ ਚਿੰਨ੍ਹਾਂ ਭਾਵ ੧, ੳ ਤੇ ੑ ਤੋਂ ਮਿਲ ਕੇ ਬਣਿਆ ਹੈ, ਜਿਨ੍ਹਾਂ ਦੇ ਸ੍ਰੋਤ ਵੱਖੋ ਵੱਖਰੇ ਹਨ। ਇਹ ਸਾਰੇ ਚਿੰਨ ਅੱਖਰ ਨਹੀਂ ਹਨ, ਇਸ ਲਈ ਇਨ੍ਹਾਂ ਦੇ ਜੋੜ ਨਾਲ ਕੋਈ ਵਿਆਕਰਣਕ ਸ਼ਬਦ ਨਹੀਂ ਬਣਦਾ। ਇਕ ਸ਼ਬਦ ਨਾ ਹੋਣ ਕਰਕੇ ੴ ਦਾ ਕੋਈ ਸ਼ਾਬਦਿਕ ਅਰਥ ਤੇ ਉਚਾਰਣ ਵੀ ਨਹੀਂ ਹੋ ਸਕਦਾ। ਪਰ ਤਾਂ ਵੀ ਸਾਰੇ ਵਿਦਵਾਨ, ਟੀਕਾਕਾਰ, ਰਾਗੀ, ਢਾਡੀ, ਪ੍ਰਚਾਰਕ ਤੇ ਕਥਾਕਾਰ ਆਪਣੇ ਮਨੋਂ ਹੀ ਇਸ ਨੂੰ 'ਏਕੋਂਕਾਰ' ਕਹਿ ਕੇ ਉਚਾਰਦੇ ਹਨ ਤੇ ਇਸ ਦਾ ਅਰਥ 'ਰੱਬ' ਕਰਦੇ ਆ ਰਹੇ ਹਨ। ਇਸ ਕਾਰਨ ਆਮ ਸਿੱਖ ਸ਼ਰਧਾਲੂ ਵੀ ਸੁਣ ਸੁਣਾ ਕੇ ਇਸ ਦਾ ਅਰਥ ਰੱਬ ਜਾਂ ਪਰਮਾਤਮਾ ਹੀ ਸਮਝੀ ਜਾਂਦੇ ਹਨ।

ਜੇ ੴ ਕੋਈ ਸ਼ਬਦ ਨਹੀਂ ਹੈ ਤੇ ਇਸ ਦਾ ਕੋਈ ਸ਼ਾਬਦਿਕ ਅਰਥ ਵੀ ਨਹੀਂ ਬਣਦਾ, ਤਾਂ ਸਾਫ ਹੈ ਕਿ ਗੁਰੂ ਨਾਨਕ ਨੇ ਇਸ ਦੇ ਤਿੰਨਾਂ ਚਿੰਨਾਂ ਨੂੰ ਕੋਈ ਵੱਡਾ ਤੇ ਉਚੇਰਾ ਅਰਥ ਦੇਣ ਲਈ ਸੂਤਰ-ਬੱਧ ਕੀਤਾ ਹੋਵੇਗਾ। ਇਸ ਸੂਰਤ ਵਿਚ ਇਸ ਸਾਂਝੇ ਸੂਤਰ ਦਾ ਕੋਈ ਸ਼ਾਬਦਿਕ ਅਰਥ ਨਾ ਹੋ ਕੇ ਵੀ ਇਕ ਸੂਤਰਕ ਅਰਥ ਹੋਵੇਗਾ, ਜਿਸ ਦੀ ਤਲਾਸ਼ ਕਰਨ ਦੀ ਲੋੜ ਹੈ। ਇਸ ਕਾਰਜ ਦੀ ਪੂਰਤੀ ਲਈ ਲੱਭਣਾ ਪਵੇਗਾ ਕਿ ਇਨ੍ਹਾਂ ਚਿੰਨਾਂ ਵਿਚ ਅਜਿਹੀ ਕਿਸ ਗੱਲ ਦੀ ਸਾਂਝ ਹੈ, ਜੋ ਗੁਰੂ ਸਾਹਿਬ ਨੇ ਇਨ੍ਹਾਂ ਤਿੰਨਾਂ ਨੂੰ ਇਕੱਠਿਆਂ ਇਕ ਸੂਤਰ ਵਿਚ ਉਤਾਰਨ ਬਾਰੇ ਸੋਚਿਆ। ਭਾਵ ਜੇ ਇਹ ਸਾਰੇ ਗਿਣਤੀ ਦੇ ਅੰਕ ਨਹੀਂ ਹਨ, ਪੈਂਤੀ ਦੇ ਅੱਖਰ ਨਹੀਂ ਹਨ ਤੇ ਸ਼ਕਲਾਂ ਦੇ ਆਕਾਰ ਵੀ ਨਹੀਂ, ਤਾਂ ਫਿਰ ਇਹ ਕਿਸ ਪ੍ਰਣਾਲੀ ਨਾਲ ਸਬੰਧਤ ਹਨ? ਅਜਿਹਾ ਕੀਤੇ ਬਿਨਾ ਇਸ ਨੂੰ ਕੋਈ ਅਰਥ ਦੇਣਾ ਮਨਮੁੱਖਤਾ (subjectivity) ਹੈ।

ਬੜੇ ਗਹੁ ਨਾਲ ਵਿਚਾਰਨ ਪਿਛੋਂ ਪਤਾ ਲਗਦਾ ਹੈ ਕਿ ਇਹ ਸਾਰੇ ਸੰਕੇਤ ਗਣਿਤ ਵਿਗਿਆਨ ਨਾਲ ਸਬੰਧਤ ਹਨ। ਮੁਢਲਾ ੧ ਅੰਕ ਗਣਿਤ ਦੀ, ਵਿਚਕਾਰਲਾ ੳ ਬੀਜ ਗਣਿਤ ਦੀ ਤੇ ਅੰਤਲੀ ਕਾਰ (ੑ) ਰੇਖਾ ਗਣਿਤ ਦੀ ਪ੍ਰਤੀਨਿਧਤਾ ਕਰਦੇ ਹਨ। ਭਾਵ ਤਿੰਨੇ ਅੰਗ ਮਿਲ ਕੇ ਸਮੂਹਿਕ ਰੂਪ ਵਿਚ ਤਤਕਾਲੀਨ ਗਣਿਤ ਵਿਗਿਆਨ ਦੇ ਤਿੰਨਾਂ ਅੰਗਾਂ ਦੇ ਪ੍ਰਤੀਕ ਹਨ। ਕਿਉਂਕਿ ਮੱਧ ਕਾਲ ਤੀਕ ਗਣਿਤ ਹੀ ਮੁੱਖ ਵਿਗਿਆਨ ਸੀ, ਇਸ ਲਈ ਗੁਰੂ ਨਾਨਕ ਦੀ ਰਚਨਾ ੴ ਇਕ ਵਿਗਿਆਨਕ ਸੂਤਰ ਹੈ।

ਕਈ ਸਿੱਖ ਵਿਦਵਾਨਾਂ ਨੂੰ ਗੁਰੂ ਸਾਹਿਬ ਦੀ ਗਣਿਤੀ ਚਿੰਨ੍ਹਾਂ ਦੀ ਵਰਤੋਂ ਇਕ ਓਪਰੀ ਗੱਲ ਲਗਦੀ ਹੈ ਤੇ ਕਈਆਂ ਨੂੰ ਇਹ ਅੱਖਰਦੀ ਹੈ। ਉਨ੍ਹਾਂ ਅਨੁਸਾਰ ਉਸ ਵੇਲੇ ਭਾਰਤੀ ਪਾਠਸ਼ਾਲਾਵਾਂ ਤੇ ਮਦਰੱਸਿਆਂ ਵਿਚ ਸਿਰਫ ਗੁਜ਼ਾਰੇ ਜੋਗਾ ਹੀ ਅੰਕ ਗਣਿਤ ਪੜ੍ਹਾਇਆ ਜਾਂਦਾ ਸੀ। ਬੀਜ ਗਣਿਤ ਤੇ ਰੇਖਾ ਗਣਿਤ ਦਾ ਤਾਂ ਸ਼ਾਇਦ ਕਿਸੇ ਨੂੰ ਕੋਈ ਪਤਾ ਵੀ ਨਹੀਂ ਸੀ। ਫਿਰ ਗੁਰੂ ਨਾਨਕ ਨੇ ਤਾਂ ਮੁਢਲੀ ਸਿੱਖਿਆ ਵੀ ਕਿਸੇ ਸਕੂਲ ਵਿਚੋਂ ਨਹੀਂ ਸੀ ਲਈ। ਉਹ ਤਾਂ ਵਿਰਾਗਮਈ ਰੰਗ ਵਿਚ ਰੰਗੇ ਵਿਅਕਤੀ ਵਾਂਗ ਸੋਚ ਵਿਚਾਰਾਂ ਵਿਚ ਰੁੱਝੇ ਰਹਿੰਦੇ ਸਨ। ਇਸ ਲਈ ਉਨ੍ਹਾਂ ਨੂੰ ਗਣਿਤ ਦਾ ਕੀ ਪਤਾ ਸੀ ਤੇ ਉਨ੍ਹਾਂ ਦੀ ਬਾਣੀ ਦਾ ਗਣਿਤ ਨਾਲ ਕੀ ਸਬੰਧ ਹੈ? ਪਰ ਮਾੜਾ ਮੋਟਾ ਵਿਚਾਰ ਕਰਨ ਉਪਰੰਤ ਹੀ ਇਹ ਦਲੀਲ ਅਰਥਹੀਣ ਜਾਪੇਗੀ।

ਭਲਾ ਉਹ ਗੁਰੂ ਨਾਨਕ, ਜੋ ਹਰ ਵੇਲੇ ਬ੍ਰਹਿਮੰਡ ਦਾ ਮਾਤ੍ਰਿਕ ਲੇਖਾ-ਜੋਖਾ ਜਾਣਨ ਦੀ ਤਾਂਘ ਵਿਚ ਬੇਚੈਨ ਹੋਵੇ, ਜਿਸ ਨੇ ਇਸ ਨੂੰ ਪ੍ਰਗਟਾਉਣ ਲਈ ਕੇਤੇ, ਲਖ, ਕੋਟਿ, ਅਸੰਖ ਤੇ ਅਨੰਤ ਜਿਹੀ ਗਣਿਤੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੋਵੇ, ਜੋ ਗਣਿਤੀ ਸ਼ਬਦਾਵਲੀ ਦੇ ਇਨ੍ਹਾਂ ਸ਼ਬਦਾਂ ਦਾ ਬਾਰੀਕੀ ਨਾਲ ਅੰਤਰ ਜਾਣਦਾ ਹੋਵੇ, ਜੋ ਇਨ੍ਹਾਂ ਗਣਿਤੀ ਹੱਦਾਂ ਨੂੰ ਪੁਲਾਂਘ ਕੇ ਕਾਇਨਾਤ ਦਾ ਅੰਤ ਜਾਣਨ ਲਈ ਬੇਤਾਬ ਹੋਵੇ, ਜਿਸ ਨੇ ਸਮਕਾਲੀ ਖੋਜ ਵਿਧੀਆਂ ਨੂੰ ਬੇਅਰਥ ਕਹਿ ਕੇ ਨਕਾਰਿਆ ਹੋਵੇ, ਜਿਸ ਨੇ ਇਨ੍ਹਾਂ ਤੋਂ ਉਪਜੀਆਂ ਧਾਰਨਾਵਾਂ ਨੂੰ ਕੂੜ ਦੀ ਦੀਵਾਰ ਦੱਸ ਕੇ ਢਾਹੁਣ ਦਾ ਇਸ਼ਾਰਾ ਕੀਤਾ ਹੋਵੇ, ਜਿਸ ਨੇ ਕੁਦਰਤ ਦੇ ਹੁਕਮ ਦੀ ਮੁੱਢ ਤੋਂ ਨਿਰਪੱਖ (Objective) ਤੇ ਹਉਮੈ-ਰਹਿਤ (Non-Subjective) ਖੋਜ 'ਤੇ ਜੋਰ ਦਿੱਤਾ ਹੋਵੇ, ਜਿਸ ਨੇ ਵਿਗਿਆਨਕ ਅਸੂਲਾਂ ਅਨੁਸਾਰ ਸਮਾਜਕ ਉਸਾਰੀ ਦੀ ਗੱਲ ਕੀਤੀ ਹੋਵੇ ਅਤੇ ਜੋ ਖੋਜ ਕਾਰਜਾਂ ਵਿਚ ਲਗਾਤਾਰ ਨਿਰਪੱਖ ਦ੍ਰਿਸ਼ਟੀਕੋਣ ਭਾਵ 'ਨਦਰ' (Objective Observation) ਅਪਨਾਉਣ ਦੀ ਗੱਲ ਦ੍ਰਿੜਾਉਂਦਾ ਹੋਵੇ, ਤਾਂ ਕੀ ਉਸ ਜਿਹੇ ਗੁਰੂ-ਰੂਪੀ ਪ੍ਰਤਿਭਾਸ਼ਾਲੀ ਵਿਦਵਾਨ ਦਾ ਸਬੰਧ ਗਣਿਤ ਜਿਹੇ ਵਿਗਿਆਨ ਨਾਲ ਨਾ ਹੋ ਕੇ ਕਿਸੇ ਅਗਿਆਨ ਭਰਪੂਰ ਕਰਮ-ਕਾਂਡੀ ਅੰਧ-ਵਿਸ਼ਵਾਸ ਨਾਲ ਹੋਵੇਗਾ?

ਤਸੱਲੀ ਦੀ ਗੱਲ ਇਹ ਹੈ ਕਿ ਜਪੁਜੀ ਦੀ ਸਹੀ ਵਿਆਖਿਆ ਲਈ ੴ ਦੇ ਵਿਗਿਆਨਕ ਤੇ ਗਣਿਤੀ ਅਰਥ ਹੀ ਅਰੰਭ ਤੋਂ ਅਖੀਰ ਤੀਕ ਪੂਰੇ ਉਤਰਦੇ ਹਨ। ਇਸ ਦੇ ਦੈਵੀ ਅਰਥ ਮੁੱਢੋਂ ਹੀ ਤਰਕ-ਸੰਗਤ ਨਹੀਂ ਹਨ, ਜੇ ਕੋਈ ਗੁਰੂ ਸਾਹਿਬ ਦੀ 'ਨਦਰ' ਨਾਲ ਵੇਖੇ। ਗੁਰੂ ਨਾਨਕ ਸਾਹਿਬ ਸੱਚ ਦੇ ਹਾਮੀ ਸਨ ਤੇ ਸ੍ਰਿਸ਼ਟੀ ਰਚਨਾ ਦੀ ਖੋਜ ਵਿਚ ਹਉਮੈ ਦਾ ਰਲਾ ਨਹੀਂ ਸਨ ਚਾਹੁੰਦੇ। ਉਹ ਟਪਾਰਾਂ ਦੀ ਥਾਂ ਸਹੀ ਸਹੀ, ਨਪੀ ਤੁਲੀ ਤੇ ਨਿਰਪੱਖ ਵਿਆਖਿਆ ਚਾਹੁੰਦੇ ਸਨ। ਕਿਉਂਕਿ ਇਹ ਸਭ ਬੇਲਾਗ ਵਿਸ਼ੇਸ਼ਤਾਈਆਂ ਗਣਿਤੀ ਵਿਗਿਆਨ ਵਿਚ ਹੀ ਮਿਲਦੀਆਂ ਸਨ, ਇਸ ਲਈ ਉਨ੍ਹਾਂ ਨੇ ਗਣਿਤ ਵਿਗਿਆਨ ਦੀਆਂ ਸਭ ਸ਼ਾਖਾਵਾਂ ਦੇ ਸੰਕੇਤਾਂ ਨੂੰ ਸੂਤਰ-ਬੱਧ ਕਰਕੇ ਜਪੁਜੀ ਦੇ ਅਰੰਭ ਵਿਚ ਲਿਖ ਦਿੱਤਾ। ਇੱਦਾਂ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਮਿਥਿਹਾਸ ਤੇ ਅਗਿਆਨ ਦੇ ਭੁਲੇਖਿਆਂ ਤੋਂ ਦੂਰ ਰੱਖ ਕੇ ਵਿਗਿਆਨਕ ਸੋਚ ਰਾਹੀਂ ਕੁਦਰਤ ਦੀਆਂ ਵਡਿਆਈਆਂ ਵਿਚਾਰਨ ਦਾ ਰਾਹ ਸੁਝਾਇਆ। ਇਹ ਉਨ੍ਹਾਂ ਦਾ ਮਾਡਲ ਵੀ ਸੀ ਤੇ ਮਨੋਰਥ ਵੀ। ਉਨ੍ਹਾਂ ਦਾ ਸੰਕਲਪ ਸੀ ਕਿ ਕੁਦਰਤ ਦੀਆਂ ਵਡਿਆਈਆਂ ਦੇ ਵਿਗਿਆਨਕ ਅਧਿਐਨ ਨਾਲ ਹੀ ਇਸ ਦੇ ਕਾਦਰ ਭਾਵ ਪ੍ਰਚਲਨ-ਪ੍ਰਬੰਧ ਦਾ ਅਸਲ ਅਕਸ਼ ਖੁਲ੍ਹ ਕੇ ਸਾਹਮਣੇ ਆਵੇਗਾ।

ਉਕਤ ਸੰਦਰਭ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬ ਦੀ ਤੀਖਣ ਗਣਿਤੀ ਚੇਤਨਾ ਸ਼ਾਇਦ ਪਹਿਲਾਂ ਨਿੱਖਰ ਕੇ ਸਾਹਮਣੇ ਨਾ ਆਈ ਹੋਵੇ। ਭਾਵੇਂ ਇਹ ਗੱਲ ਸਿਰਫ ਇਤਫਾਕ ਹੋਵੇ, ਪਰ ਇਸ ਤਰ੍ਹਾਂ ਜਾਪਦਾ ਹੈ ਕਿ ਗੁਰੂ ਸਾਹਿਬ ਦੀ ਗਣਿਤੀ ਚੇਤਨਾ ਉਨ੍ਹਾਂ ਦੇ ਮੱਧ ਏਸ਼ੀਆਈ, ਖਾਸ ਕਰ ਕੇ ਅਰਬ ਦੇਸ਼ਾਂ ਦੇ ਦੌਰੇ ਪਿਛੋਂ ਤੇਜੀ ਨਾਲ ਉਭਰੀ। ਉਸ ਵੇਲੇ ਪੁਰਾਤਨ ਯੁਨਾਨੀ ਪੁਸਤਕਾਂ ਦਾ ਅਰਬੀ ਭਾਸ਼ਾ ਵਿਚ ਨਵਾਂ ਨਵਾਂ ਉਲਥਾ ਹੋਇਆ ਸੀ, ਜਿਨ੍ਹਾਂ ਦੀ ਵਿਗਿਆਨਕਤਾ ਨੇ ਅਰਬ ਵਾਸੀਆਂ ਨੂੰ ਪੂਰੀ ਤਰ੍ਹਾਂ ਚੁੰਧਿਆ ਰੱਖਿਆ ਸੀ। ਯੁਨਾਨ ਦਾ ਪ੍ਰਸਿੱਧ ਦਾਰਸ਼ਨਿਕ ਪਲੈਟੋ ਗਣਿਤ ਵਿਦਿਆ ਨੂੰ ਇੰਨਾ ਜਰੂਰੀ ਸਮਝਦਾ ਸੀ ਕਿ ਉਸ ਨੇ ਆਪਣੇ ਸਕੂਲ, ਜਿਸ ਨੂੰ 'ਅਕੈਡਮੀ' ਕਹਿੰਦੇ ਸਨ, ਦੇ ਗੇਟ 'ਤੇ ਲਿਖ ਕੇ ਲਾਇਆ ਹੋਇਆ ਸੀ, "ਗਣਿਤ ਤੋਂ ਕੋਰਾ ਵਿਅਕਤੀ ਇੱਥੇ ਨਾ ਵੜੇ।"

ਵਿਗਿਆਨ ਦਾ ਪਿਤਾਮਾ ਕਹਾਉਣ ਵਾਲਾ ਜਗਤ-ਪ੍ਰਸਿੱਧ ਦਾਰਸ਼ਨਿਕ ਅਰਸਤੂ ਪਲੈਟੋ ਦਾ ਸ਼ਾਗਿਰਦ ਸੀ। ਇਨ੍ਹਾਂ ਤੇ ਹੋਰ ਮਹਾਨ ਪੁਰਾਤਨ ਯੂਨਾਨੀ ਫਿਲਾਸਫਰਾਂ ਦੀ ਵਿਗਿਆਨਕ ਸੋਚ ਵਾਲਾ ਗਿਆਨ ਅਰਬੀ ਉਲਥਿਆਂ ਰਾਹੀਂ ਯੂਰਪੀ ਮੁਲਕਾਂ ਵਿਚ ਪੁੱਜ ਰਿਹਾ ਸੀ, ਜਿਸ ਕਾਰਨ ਉਥੇ ਸਕਾਲਿਸਟਿਕ ਤੇ ਰੈਨੇਸਾਂਸ ਜਿਹੀਆਂ ਤਰਕਸ਼ੀਲ ਲਹਿਰਾਂ ਚਲ ਰਹੀਆਂ ਸਨ। ਉਲਥਾ ਹੋਈਆਂ ਯੁਨਾਨੀ ਪੁਸਤਕਾਂ ਵਿਚ ਇਕ ਯੂਕਲਿਡ ਦੀ 13 ਜਿਲਦਾਂ ਵਾਲੀ ਜਿਉਮੈਟਰੀ ਦੀ ਕਿਤਾਬ ਵੀ ਸ਼ਾਮਿਲ ਸੀ, ਜਿਸ ਵਿਚ ਉਸ ਨੇ ਇਕ ਸਰਲ ਰੇਖਾ ਦੀ ਕਲਪਨਾ ਕਰਕੇ ਸਿਰਫ ਦਲੀਲਾਂ ਸਹਾਰੇ ਚਾਰ ਸੌ ਤੋਂ ਵੱਧ ਪ੍ਰੋਪੋਜੀਸ਼ਨਾਂ ਹੱਲ ਕੀਤੀਆਂ ਸਨ। ਅੱਜ ਕੱਲ ਇਹ ਗਣਿਤ ਦਾ ਅਭਿੰਨ ਅੰਗ ਹਨ ਤੇ ਰੇਖਾ ਗਣਿਤ ਦੇ ਵਿਸ਼ੇ ਵਜੋਂ ਵਿਸ਼ਵ ਦੇ ਹਰ ਹਾਈ ਸਕੂਲ ਵਿਚ ਪੜ੍ਹਾਈਆਂ ਜਾਂਦੀਆਂ ਹਨ।

ਅਰਬੀ ਲੋਕਾਂ ਨੂੰ ਬੀਜ ਗਣਿਤ ਦਾ ਵੀ ਭਲੀ ਭਾਂਤ ਪਤਾ ਸੀ ਕਿ ਅਲਜਬਰੇ ਦਾ ਜਨਮਦਾਤਾ ਮੁਹੰਮਦ ਇਬਨ ਮੂਸਾ ਅਲਖਵਾਰਿਜ਼ਮੀ ਅਰਬ ਦਾ ਹੀ ਰਹਿਣ ਵਾਲਾ ਸੀ। ਨੌਂਵੀਂ ਸਦੀ ਦੇ ਇਸ ਗਣਿਤ-ਵਿਗਿਆਨੀ ਨੇ ਕਿਤਾਬ ਅਲਜ਼ਬਰ ਲਿਖ ਕੇ ਗਣਿਤ ਦੀ ਇਸ ਨਵੀਂ ਸ਼ਾਖਾ ਨੂੰ ਜਨਮ ਦਿੱਤਾ ਸੀ। ਫਿਰ ਗੁਰੂ ਨਾਨਕ ਗਣਿਤੀ ਗਿਆਨ ਦੀ ਇਸ ਫੁਹਾਰ ਤੋਂ ਕਿਵੇਂ ਅਣਭਿੱਜ ਰਹਿ ਸਕਦੇ ਸਨ? ਆਪਣੀਆਂ ਪ੍ਰਚਾਰ ਫੇਰੀਆਂ ਸਮੇਂ ਅਰਬੀ ਵਿਦਵਾਨਾਂ ਨਾਲ ਗੋਸ਼ਟੀਆਂ ਵੇਲੇ ਵਿਚਾਰਾਂ ਦੇ ਆਦਾਨ-ਪ੍ਰਦਾਨ ਨਾਲ ਉਨ੍ਹਾਂ ਨੇ ਨਵੇਂ ਗਣਿਤ ਦੇ ਮਹੱਤਵ ਨੂੰ ਹੋਰ ਦ੍ਰਿੜਤਾ ਨਾਲ ਪਰਖ ਲਿਆ ਹੋਵੇਗਾ। ਇਹੀ ਕਾਰਨ ਹੈ ਕਿ ਉਨ੍ਹਾਂ ਨੇ ਆਪਣੀਆਂ ਉਦਾਸੀਆਂ ਖਤਮ ਕਰਦਿਆਂ ਹੀ ਕਰਤਾਰਪੁਰ ਟਿਕ ਕੇ ਆਪਣੇ ਸਿੱਖੀ-ਦਰਸ਼ਨ ਦੇ ਨੀਂਹ-ਪੱਥਰ ਮੂਲਮੰਤਰ ਦਾ ਅਰੰਭ ਗਣਿਤ ਦੇ ਵਿਗਿਆਨਕ ਸੂਤਰ ੴ ਨਾਲ ਕੀਤਾ, ਜਿਸ ਵਿਚ ਗਣਿਤ ਦੀਆਂ ਸਭ ਵਿਗਿਆਨਕ ਸੰਭਾਵਨਾਵਾਂ ਸਮਾਈਆਂ ਹੋਈਆਂ ਹਨ।

ਪਰ ਅਜੋਕੇ ਸਾਰੇ ਹੀ ਸਿੱਖ ਵਿਦਵਾਨ ੴ ਦਾ ਅਰਥ ਇਕ ਸਰਬਸ਼ਕਤੀਮਾਨ ਰੱਬ ਜਾਂ ਪਰਮਾਤਮਾ ਕਰਦੇ ਹਨ। ਉਨ੍ਹਾਂ ਅਨੁਸਾਰ ੧ ਦਾ ਭਾਵ ਇਕ, ੳ ਦਾ ਮਤਲਬ ਰੱਬ ਤੇ ੑ ਦਾ ਅਰਥ ਅਸੀਮ ਪ੍ਰਭੁਤਾ ਹੈ। ਇਹ ਅਰਥ ਬਾਣੀ ਦੇ ਸੂਤਰ ਅਨੁਸਾਰ ਸਹੀ ਨਹੀਂ ਹਨ, ਕਿਉਂਕਿ ਇਹ ਗੁਰੂ ਸਾਹਿਬ ਦੀ ਸੋਚ ਅਨੁਸਾਰ ਨਾ ਹੋ ਕੇ ਅਰਥ-ਕਰਤਾਵਾਂ ਦੀ ਮਰਜੀ ਮੁਤਾਬਕ ਹਨ। ਇਸ ਸੂਤਰ ਦੇ ਜੋ ਵੀ ਅਰਥ ਹੋਣ, ਉਹ ਤਰਕਸੰਗਤ ਹੋਣ ਤੇ ਬਾਕੀ ਦੀ ਬਾਣੀ ਲਈ ਢੁਕਵੇਂ ਹੋਣੇ ਚਾਹੀਦੇ ਹਨ। ਜੋ ਵਿਦਵਾਨ ਕਹਿੰਦੇ ਹਨ ਕਿ ੳ ਰੱਬ ਜਾਂ ਪਰਮਾਤਮਾ ਹੈ, ਉਹ ਇਹ ਨਹੀਂ ਦੇਖਦੇ ਕਿ ਅਜਿਹੀ ਪ੍ਰਕ੍ਰਿਤੀ ਦਾ ਸਬਦ ਤਾਂ ਗੁਰੂ ਸਾਹਿਬ ਨੇ ਜਪੁਜੀ ਵਿਚ ਕਿਧਰੇ ਨਹੀਂ ਵਰਤਿਆ, ਫਿਰ ਟੇਢੇ ਢੰਗ ਨਾਲ ਇਸ ਨੂੰ ਇਸ ਮੁਢਲੇ ਸੂਤਰ ਵਿਚ ਵਰਤਣ ਦਾ ਉਨ੍ਹਾਂ ਦਾ ਕੀ ਭਾਵ ਸੀ? ਗੁਰੂ ਸਾਹਿਬ ਲੋਕਾਂ ਦੀ ਬਾਣੀ ਵਿਚ ਸਿੱਖਿਆ ਦਿੰਦੇ ਸਨ। ਜੇ ਉਨ੍ਹਾਂ ਰੱਬ ਜਿਹਾ ਕੋਈ ਸ਼ਬਦ ਵਰਤਣਾ ਹੁੰਦਾ ਤਾਂ ਉਹ ੴ ਜਿਹੇ ਇਕ ਭੇਦ ਭਰੇ ਸੂਤਰ ਦੀ ਥਾਂ ਲੋਕਾਂ ਦੇ ਸਮਝ ਆਉਣ ਵਾਲਾ ਕੋਈ ਸਿੱਧਾ ਸਿੱਧਾ ਸ਼ਬਦ ਵਰਤਦੇ। ਸ਼ਬਦਾਂ ਦੇ ਤਾਂ ਉਹ ਧਨੀ ਸਨ ਕਿ ਉਨ੍ਹਾਂ ਨੂੰ ਕਈ ਜ਼ੁਬਾਨਾਂ ਵਿਚ ਮੁਹਾਰਤ ਹਾਸਲ ਸੀ। ਜੇ ਉਨ੍ਹਾਂ ਨੇ ੳ ਨੂੰ ਰੱਬ ਜਿਹੇ ਕਿਸੇ ਸੰਕਲਪ ਲਈ ਵਰਤਿਆ ਹੀ ਨਹੀਂ ਤਾਂ ਫਿਰ ਅਰੰਭਕ ੧ ਦਾ ਵੀ ਉਨ੍ਹਾਂ ਰਾਹੀਂ ਦੱਸਿਆ ਅਰਥ ਨਹੀਂ ਬਣਦਾ।

ਜਦੋਂ ਕਈ ਵਿਦਵਾਨਾਂ ਨੂੰ ਵਿਸ਼ੇਸ਼ ਪੁੱਛਿਆ ਗਿਆ ਕਿ ਉਹ ਰੱਬ ਦੇ 'ਇਕ' ਕਹਿਣ ਨੂੰ ਗੁਰੂ ਨਾਨਕ ਦੀ ਵੱਡੀ ਉਪਲਭਦੀ ਕਿਉਂ ਸਮਝਦੇ ਹਨ, ਭਾਵ ਜੇ ਰੱਬ ਇਕ ਦੀ ਥਾਂ ਦੋ ਹੁੰਦੇ ਤਾਂ ਕੀ ਫਰਕ ਪੈ ਜਾਂਦਾ, ਤਾਂ ਉਨ੍ਹਾਂ ਦਾ ਜਵਾਬ ਸੀ ਕਿ ਬਹੁਤਿਆਂ ਦਾ ਗੁਣਗਾਨ ਕਰਨ ਨਾਲੋਂ ਇਕ ਦਾ ਗੁਣਗਾਨ ਕਰਨਾ ਆਸਾਨ ਕਾਰਜ ਹੈ। ਜਦੋਂ ਉਨ੍ਹਾਂ ਨੂੰ ਮੋੜਵਾਂ ਪ੍ਰਸ਼ਨ ਕੀਤਾ ਗਿਆ ਕਿ ਉਹ ਤਾਂ ਗੁਰੂ ਗ੍ਰੰਥ ਸਾਹਿਬ ਸਮੇਤ ਗਿਆਰਾਂ ਗੁਰੂਆਂ ਦਾ ਸਨਮਾਨ ਕਰਦੇ ਹਨ ਤੇ ਆਪਣੀ ਅਰਦਾਸ ਵਿਚ ਉਨ੍ਹਾਂ ਦਾ ਹਰ ਰੋਜ਼ ਗੁਣਗਾਨ ਕਰਦੇ ਹਨ। ਕੀ ਅਜਿਹਾ ਕਰਨਾ ਉਨ੍ਹਾਂ ਨੂੰ ਔਖਾ ਲਗਦਾ ਹੈ? ਤਾਂ ਉਨ੍ਹਾਂ ਦਾ ਉਤਰ ਨਾਂਹ ਵਿਚ ਸੀ। ਇਸ ਤੋਂ ਵੀ ਸਪਸ਼ਟ ਹੁੰਦਾ ਹੈ ਕਿ ੴ ਦੇ ਪ੍ਰਚਲਿਤ ਅਰਥ ਮਨਘੜਤ ਹਨ।

ਜੋ ਵਿਦਵਾਨ ੧ ਨੂੰ ਇਸਲਾਮ ਤੋਂ ਪ੍ਰਾਪਤ ਕੀਤਾ ਤੇ ੳ ਨੂੰ ਵੈਦਿਕ ਮੂਲ ਦਾ 'ਓਂਮ' ਸਮਝਦੇ ਹਨ, ਉਹ ਵੀ ਗੁਰੂ ਨਾਨਕ ਦੀ ਅਦੁੱਤੀ ਪ੍ਰਤਿਭਾ ਨਾਲ ਇਨਸਾਫ ਨਹੀਂ ਕਰਦੇ। ਗੁਰੂ ਸਾਹਿਬ ਨੇ ਇਨ੍ਹਾਂ ਦੋਹਾਂ ਧਰਮਾਂ ਦੀਆਂ ਕੁਰੀਤੀਆਂ ਦੀ ਪੜਚੋਲ ਕੀਤੀ ਸੀ ਤੇ ਆਪਣੇ ਸਿੱਖਾਂ ਨੂੰ ਉਚ-ਪੱਧਰੀ ਵਿਗਿਆਨਕ ਸਿੱਖੀ ਸੋਚ ਨਾਲ ਜੋੜਿਆ ਸੀ। ਉਹ ਉਨ੍ਹਾਂ ਦੇ ਉਤਾਰੇ ਹੋਏ ਪੁਰਾਣੇ ਤੇ ਅਣਵਿਗਿਆਨਕ ਚਿੰਨ੍ਹ ਕਿਉਂ ਵਰਤਦੇ? ਸਭ ਤੋਂ ਵੱਡੀ ਹਾਸੋਹੀਣੀ ਤੇ ਨਿਰਾਸ਼ਾਜਨਕ ਸਥਿਤੀ ਤਾਂ ਉਨ੍ਹਾਂ ਵਿਦਵਾਨਾਂ ਦੀ ਹੈ, ਜੋ ਇਕ ਪਾਸੇ ੳ ਨੂੰ ਮੂਲ ਵੈਦਿਕ ਓਂਮ ਨਾਲ ਜੋੜਦੇ ਹਨ ਤੇ ਦੂਜੇ ਪਾਸੇ ਕਹਿੰਦੇ ਹਨ, "ਹਮ ਹਿੰਦੂ ਨਹੀਂ।" ਦਰਅਸਲ ਸਿੱਖ ਵਿਦਵਾਨਾਂ ਦੀ ਸਭ ਤੋਂ ਵੱਡੀ ਭੁੱਲ ਇਹ ਹੈ ਕਿ ਉਹ ਗੁਰਬਾਣੀ ਦੇ ਅਰਥ ਗੁਰੂ ਦੀ ਲਿਖਤ ਅਨੁਸਾਰ ਨਹੀਂ, ਸਗੋਂ ਆਪਣੀ ਮਰਜ਼ੀ ਤੇ ਸੁਵਿਧਾ ਅਨੁਸਾਰ ਕਰਦੇ ਹਨ।

ਇਹੀ ਕਾਰਨ ਹੈ ਕਿ ਜਦੋਂ ਇਹ ਵਿਦਵਾਨ ਆਪਣੇ ਅਰਥਾਂ ਨੂੰ ਬਾਣੀ ਵਿਚ ਲਾਗੂ ਕਰਦੇ ਹਨ ਤਾਂ ਫਿਰ ਅੱਗੇ ਜਾ ਕੇ ਕਠਿਨਾਈਆਂ ਵਿਚ ਪੈਂਦੇ ਹਨ। ਗੁਰੂ ਸਾਹਿਬ ਨੇ 'ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨਾ ਸੋਹੈ' ਲਿਖ ਕੇ ਇਸ ਬਾਰੇ ਪੂਰਵ-ਤਾੜਨਾ ਵੀ ਕੀਤੀ ਹੋਈ ਹੈ। ਮਿਸਾਲ ਵਜੋਂ ਗੁਰੂ ਨਾਨਕ ਨੇ ੴ ਤੋਂ ਬਾਅਦ 'ਸਤਿ ਨਾਮੁ ਕਰਤਾ ਪੁਰਖੁ' ਲਿਖਿਆ ਹੈ। ਕਰੀਬ ਸਾਰੇ ਸਿੱਖ ਵਿਦਵਾਨ ਇਸ ਦਾ ਅਰਥ ਕਰਦੇ ਹਨ, "ਇਕ ਸਰਬ ਸ਼ਕਤੀਮਾਨ ਪਰਮਾਤਮਾ ਸੱਚੇ ਨਾਂ ਵਾਲਾ ਹੈ ਤੇ ਸੰਸਾਰ ਰਚਣ ਵਾਲਾ ਪਰਮੇਸ਼ਰ ਹੈ।"

ਇਹ ਤਾਂ ਸਾਰੇ ਧਰਮਾਂ ਵਾਲੇ ਕਹੀ ਜਾਂਦੇ ਹਨ, ਇਸ ਵਿਚ ਸਿੱਖੀ ਦਾ ਵਿਗਿਆਨਕ ਦ੍ਰਿਸ਼ਟੀਕੋਣ ਵਾਲਾ ਉਹ ਵਿਲੱਖਣ ਸੰਦੇਸ਼ ਕੀ ਹੋਇਆ, ਜੋ ਗੁਰੂ ਨਾਨਕ ਨੇ ਆਪਣੇ ਸਿੱਖਾਂ ਨੂੰ ਦਿੱਤਾ? ਸੂਤਰ ੴ ਦੇ ਚਿੰਨ੍ਹਾਤਮਕ ਸੰਕੇਤਾਂ ਅਨੁਸਾਰ ਇਸ ਦਾ ਅਰਥ ਹੈ ਕਿ ਸ੍ਰਿਸ਼ਟੀ ਦੇ ਸਿਰਜਣਾਤਮਕ ਕਾਰਕ ਦਾ ਅਸਲ ਨਾਂ-ਪਤਾ ਵਿਗਿਆਨਕ ਖੋਜ ਰਾਹੀਂ ਪਤਾ ਲੱਗੇਗਾ, ਸੋ ਲਾਓ। ਭਾਵ ਕਰਤਾ ਪੁਰਖੁ ਨੂੰ ਜਾਣਨ ਲਈ ਗਣਿਤ ਜਿਹੀ ਠੋਸ, ਸਹੀ ਤੇ ਸਾਪੇਖਿਅਕ ਵਿਧੀ ਰਾਹੀਂ ਅਟੁੱਟ ਘਾਲਣਾਵਾਂ ਦੀ ਲੋੜ ਹੈ, ਜੋ ਆਉਣ ਵਾਲੇ ਜਗਿਆਸੂਆਂ ਨੇ ਘਾਲਣੀਆਂ ਹਨ। ਹਾਲੇ ਨਾ ਤਾਂ ਪੂਰੀ ਤਰ੍ਹਾਂ ਇਹ ਪਤਾ ਹੈ ਕਿ ਇਹ ਕਾਰਕ ਹੈ ਕੀ ਤੇ ਨਾ ਹੀ ਇਹ ਪਤਾ ਹੈ ਕਿ ਇਹ ਕਿੱਥੇ ਹੈ? ਪਰ ਇਸੇ ਸੂਤਰ ਦੇ ਗੁਰ (Formula) ਦੀ ਵਰਤੋਂ ਦੇ ਪ੍ਰਤਾਪ ਨਾਲ ਇੰਨੀ ਜਾਣਕਾਰੀ ਜਰੂਰ ਆਈ ਹੈ ਕਿ ਇਹ ਕਿਸੇ ਤਰ੍ਹਾਂ ਦੇ ਡਰ, ਭੈ ਤੇ ਦਬਾਓ ਤੋਂ ਪ੍ਰਭਾਵਿਤ ਨਹੀਂ ਹੁੰਦਾ, ਵੈਰ ਭਾਵ ਤੋਂ ਮੁਕਤ ਹੈ, ਜੂਨ ਧਾਰਨ ਕੀਤੇ ਬਿਨਾ ਆਪਣੇ ਆਪ ਵਿਚ ਹੀ ਹੋਂਦ ਵਿਚ ਆਇਆ ਹੋਇਆ ਤੇ ਇਕ ਕਾਲ-ਰਹਿਤ ਭਾਵ ਸਦਾ-ਸਦੀਵੀ ਬਿੰਬ ਵਾਂਗ ਹੈ।

ਗੁਰੂ ਸਾਹਿਬ ਨੇ ਹਰ ਵਿਅਕਤੀ ਖਾਸ ਤੌਰ 'ਤੇ ਹਰ ਸਿੱਖ ਜਿੰਮੇ ਇਹ ਫਰਜ਼ ਲਾਇਆ ਹੈ ਕਿ ਉਹ ਪੂਰੀ ਤਨਦੇਹੀ ਨਾਲ ਇਸ ਕਰਤੇ ਦੇ ਇਨ੍ਹਾਂ ਗੁਣਾਂ ਨੂੰ ਪਛਾਣੇ ਤੇ ਹੋਰ ਅਜਿਹੀਆਂ ਵਡਿਆਈਆਂ ਦੀ ਪਛਾਣ ਕਰੇ। ਅਜਿਹੇ ਅਣਥੱਕ ਯਤਨਾਂ ਨਾਲ ਹੀ ਉਸ ਦੀ ਪੂਰੀ ਸ਼ਖਸੀਅਤ ਉਭਰ ਕੇ ਸਾਹਮਣੇ ਆਵੇਗੀ। ਤਦ ਹੀ ਇਸ ਨੂੰ ਇਸ ਦੇ ਸਮੁੱਚੇ ਗੁਣਾਂ ਦੀ ਪ੍ਰਤੀਨਿਧਤਾ ਕਰਦਾ ਤੇ ਸਹੀ ਪਛਾਣ ਵਾਲਾ ਨਾਂ ਦਿੱਤਾ ਜਾਵੇਗਾ। ਉਨ੍ਹਾਂ ਅਨੁਸਾਰ ਹੋਰ ਸਭ ਪ੍ਰਚਲਿਤ ਵਿਧੀਆਂ ਜਿਵੇਂ ਸੋਚਣਾ, ਮੌਨ ਸਮਾਧੀ ਲਾਉਣਾ, ਭੁੱਖੇ ਰਹਿ ਕੇ ਉਪਾਸ਼ਨਾ ਕਰਨਾ ਤੇ ਕਾਲੇ ਜਾਦੂ ਦੀਆਂ ਸਿਆਣਪਾਂ ਵਰਤਣਾ ਆਦਿ ਇਸ ਕਾਰਜ ਲਈ ਅਰਥਹੀਣ ਹਨ। ਇਨ੍ਹਾਂ ਦੀ ਵਰਤੋਂ ਨਾਲ ਸੱਚ ਦੁਆਲੇ ਇਕ ਝੂਠ ਦੀ ਦੀਵਾਰ ਉਸਰੀ ਹੋਈ ਹੈ, ਜਿਸ ਨੂੰ ਤਹਿਸ-ਨਹਿਸ ਕਰ ਕੇ ਹੀ ਅਗਲਾ ਖੋਜ ਕਾਰਜ ਸ਼ੁਰੂ ਹੋ ਸਕਦਾ ਹੈ। ਗੁਰੂ ਸਾਹਿਬ ਨੇ ਇਸ ਮਹਾਨ ਕਾਰਜ ਨੂੰ ਹਮੇਸ਼ਾ ਯਾਦ ਰੱਖਣ ਦੀ ਤਾਕੀਦ ਕੀਤੀ ਹੈ ਤੇ ਇਸ ਨੂੰ ਧਿਆਨ ਨਾਲ ਨੇਪਰੇ ਚਾੜ੍ਹਨ ਲਈ 'ਧਿਆਉਣ' ਅਤੇ 'ਜਪਣ' ਜਿਹੇ ਕ੍ਰਿਆ-ਪ੍ਰਧਾਨ ਸ਼ਬਦਾਂ ਦੀ ਵਰਤੋਂ ਕੀਤੀ ਹੈ। ਮੂਲ ਮੰਤਰ ਦੀ ਇਹ ਵਿਗਿਆਨਕ ਵਿਆਖਿਆ ਪੂਰੇ ਜਪੁਜੀ ਸਾਹਿਬ ਅਤੇ ਇਸ ਤੋਂ ਵੀ ਅੱਗੇ ਪੂਰੇ ਗੁਰੂ ਗ੍ਰੰਥ ਸਾਹਿਬ 'ਤੇ ਪੂਰੀ ਉਤਰਦੀ ਹੈ ਤੇ ਇਸ ਨੂੰ ਚੜ੍ਹਦੀਕਲਾ ਵਾਲੇ ਅਗਾਹਾਂ-ਮੁਖੀ ਅਰਥ ਪ੍ਰਦਾਨ ਕਰਦੀ ਹੈ।

ਸਮੁੱਚੇ ਸਿੱਖ ਜਗਤ ਲਈ ਮਾਣ ਵਾਲੀ ਗੱਲ ਹੈ ਕਿ ਗੁਰੂ ਨਾਨਕ ਦਾ ਸਿੱਖੀ ਦਾ ਸਿਧਾਂਤ ਇਕ ਵਿਗਿਆਨਕ ਸੂਤਰ ਨਾਲ ਅਰੰਭ ਹੁੰਦਾ ਹੈ। ਕੁਲ ਸੰਸਾਰ ਵਿਚ ਕੋਈ ਅਜਿਹੀ ਲਿਖਤ ਨਹੀਂ ਹੈ, ਜੋ ਗਣਿਤ ਦੇ ਕਿਸੇ ਵਿਗਿਆਨਕ ਸੂਤਰ ਨਾਲ ਸ਼ੁਰੂ ਹੋਈ ਹੋਵੇ। ਵਿਗਿਆਨ ਅਗਿਆਨ ਦਾ ਹਨੇਰਾ ਦੂਰ ਕਰ ਕੇ ਚਾਨਣ ਦਾ ਸੰਦੇਸ਼ ਦਿੰਦਾ ਹੈ। ਚਾਨਣ ਚੀਜ਼ਾਂ ਨੂੰ ਰੁਸ਼ਨਾਉਂਦਾ ਹੈ, ਇਸ ਲਈ ਇਹ ਗਿਆਨ ਤੇ ਸੱਚ ਦਾ ਵਾਹਨ ਹੈ। ਗਣਿਤੀ ਸੂਤਰ ੴ ਨਾਲ ਅਰੰਭ ਹੋਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਜਪੁਜੀ ਸਾਹਿਬ ਸਤਿ ਨੂੰ ਪ੍ਰਣਾਇਆ ਹੋਇਆ ਹੈ। ਦੁਨੀਆਂ ਦੀ ਹੋਰ ਕੋਈ ਪੁਸਤਕ ਜਾਂ ਇਬਾਰਤ ਇਸ ਤਰ੍ਹਾਂ ਵਿਗਿਆਨ ਤੇ ਸੱਚ ਦੇ ਲੇਖੇ ਲੱਗੀ ਹੋਈ (Dedicated) ਨਹੀਂ, ਜਿਵੇਂ ਗੁਰੂ ਨਾਨਕ ਦੇ ਸਿੱਖੀ ਸਿਧਾਂਤ ਦਾ ਸ੍ਰੋਤ ਜਪੁਜੀ ਸਾਹਿਬ। ਗੁਰੂ ਨਾਨਕ ਦਾ ੴ ਪਹਿਲਾ ਅਜਿਹਾ ਵਿਗਿਆਨਕ ਸੂਤਰ ਹੈ, ਜੋ ਮਨੁੱਖਤਾ ਰਾਹੀਂ ਸਭ ਤੋਂ ਵੱਧ ਸਿਮਰਿਆ ਗਿਆ ਹੋਵੇ। ਹਰ ਇਕ ਦੀ ਜੁਬਾਨ 'ਤੇ ਚੜ੍ਹਿਆ ਵਿਗਿਆਨ ਦੀ ਪ੍ਰੌੜਤਾ ਕਰਦਾ ਇਹ ਸੂਤਰ ਪਿਛਲੀਆਂ ਪੰਜ ਸਦੀਆਂ ਤੋਂ ਮਨੁੱਖਤਾ ਨੂੰ ਹੱਕ-ਸੱਚ ਦੀ ਅਗਵਾਈ ਦਿੰਦਾ ਆ ਰਿਹਾ ਹੈ। ਇਸ ਦੀ ਲੋਅ ਵਿਚ ਮਨੁੱਖ ਨੇ ਮਾਦੇ (Matter) ਦਾ ਸੀਨਾ ਖੋਲ੍ਹ ਕੇ ਅੰਦਰ ਝਾਕ ਲਿਆ ਹੈ। ਇਸ ਦੇ ਅੰਦਰ ਪਏ ਅਣੂਆਂ, ਪ੍ਰਮਾਣੂਆਂ ਦੀਆਂ ਪ੍ਰਕ੍ਰਿਆਵਾਂ ਦਾ ਹਿਸਾਬ-ਕਿਤਾਬ ਵੀ ਮਨੁੱਖ ਨੇ ਸਮਝ ਲਿਆ ਹੈ। ਇਸੇ ਦੀ ਸੇਧੇ ਚਲਦਾ-ਚਲਦਾ ਮਨੁੱਖ ਹੁਣ ਆਈਨਸਟੀਨ ਦੇ $e=mc^2$ ਦੇ ਸੂਤਰ 'ਤੇ ਪਹੁੰਚ ਗਿਆ ਹੈ ਤੇ 'ਰੱਬੀ-ਕਣ' (Higgs-Boson Particle) ਵੀ ਖੋਜ ਚੁਕਾ ਹੈ।

ਪਰ ਗੁਰੂ ਸਾਹਿਬ ਦੇ ਕਹਿਣ ਮੁਤਾਬਕ ਇਹ ਵੀ ਕੋਈ ਅੰਤ ਨਹੀਂ, ਕਿਉਂਕਿ ਜਿਸ ਅੰਤ ਕਾਰਨ ਕੇਤੇ ਜਗਿਆਸੂ ਸਦੀਆਂ ਤੋਂ ਕੁਰਲਾ ਰਹੇ ਹਨ, ਉਹ ਅਨੰਤ ਹੈ। ਸੱਚ ਅਨੰਤ ਹੈ, ਇਸ ਨੂੰ ਕਲਾਵੇ ਵਿਚ ਲੈਣਾ ਅਸੰਭਵ ਹੈ। ਸੱਚ ਜਦੋਂ ਵੀ ਦਿਸਿਆ, ਰਾਜ ਮਹਿਲ ਦੇ ਮੁੱਖ ਦਰ 'ਤੇ ਲੱਗੇ ਝੰਡੇ ਵਾਂਗ ਦੂਰੋਂ ਹੀ ਦਿਸੇਗਾ। ਉਸ ਹਾਲਤ ਤੀਕ ਪਹੁੰਚਦਿਆਂ ਕਈ ਹੋਰ ਅਜਿਹੇ ਸੂਤਰ ਆਉਣਗੇ, ਜੋ ਸ਼ਾਹ-ਮਾਰਗਾਂ ਦੇ ਮੀਲ ਪੱਥਰਾਂ ਵਾਂਗ ਇਸ ਦੀ ਸੇਧ ਦੇਣਗੇ। ਇਸ ਤਰ੍ਹਾਂ ੴ ਦੇ ਗਣਿਤੀ ਸੂਤਰ ਰਾਹੀਂ ਗੁਰੂ ਨਾਨਕ ਦੀਆਂ ਸਿੱਖਿਆਵਾਂ ਪੂਰੇ ਵਿਸ਼ਵ ਦੇ ਵਿਗਿਆਨ-ਤੰਤਰ ਤੇ ਇਸ ਤੋਂ ਵੀ ਅੱਗੇ ਇਸ ਦੀਆਂ ਪ੍ਰਕ੍ਰਿਆਵਾਂ ਨਾਲ ਜੁੜੀਆਂ ਹੋਈਆਂ ਹਨ। ਇਹ ਸੂਤਰ ਉਨ੍ਹਾਂ ਨੂੰ ਰਹਿੰਦੀ ਦੁਨੀਆਂ ਤੀਕ ਇਕੋ ਇਕ ਭਾਵੀ ਤੇ ਪ੍ਰਭਾਵੀ ਵਿਸ਼ਵ-ਚਿੰਤਨ ਪ੍ਰਣਾਲੀ ਦਾ ਦਰਜਾ ਪ੍ਰਦਾਨ ਕਰਦਾ ਰਹੇਗਾ। ਇਹ ਗੱਲ ਵੱਖਰੀ ਹੈ ਕਿ ਬਹੁਤੇ ਸਿੱਖ ਵਿਦਵਾਨ ਆਪਣੀ ਅਵਿਗਿਆਨਕ ਤੇ ਰੂੜ੍ਹੀਵਾਦੀ ਸੋਚ ਕਾਰਨ ਇਸ ਅਦੁੱਤੀ ਮੰਜ਼ਰ ਨੂੰ ਨਾ ਦੇਖ ਰਹੇ ਹੋਣ।

***ਤਸੱਲੀ ਦੀ ਗੱਲ ਇਹ ਹੈ ਕਿ ਜਪੁਜੀ ਦੀ ਸਹੀ ਵਿਆਖਿਆ ਲਈ ੴ ਦੇ ਵਿਗਿਆਨਕ ਤੇ ਗਣਿਤੀ ਅਰਥ ਹੀ ਅਰੰਭ ਤੋਂ ਅਖੀਰ ਤੀਕ ਪੂਰੇ ਉਤਰਦੇ ਹਨ। ਇਸ ਦੇ ਦੈਵੀ ਅਰਥ ਮੁੱਢੋਂ ਹੀ ਤਰਕ-ਸੰਗਤ ਨਹੀਂ ਹਨ, ਜੇ ਕੋਈ ਗੁਰੂ ਸਾਹਿਬ ਦੀ 'ਨਦਰ' ਨਾਲ ਵੇਖੇ। ਗੁਰੂ ਨਾਨਕ ਸਾਹਿਬ ਸੱਚ ਦੇ ਹਾਮੀ ਸਨ ਤੇ ਸ੍ਰਿਸ਼ਟੀ ਰਚਨਾ ਦੀ ਖੋਜ ਵਿਚ ਹਉਮੈ ਦਾ ਰਲਾ ਨਹੀਂ ਸਨ ਚਾਹੁੰਦੇ। ਉਹ ਟਪਾਰਾਂ ਦੀ ਥਾਂ ਸਹੀ ਸਹੀ, ਨਪੀ ਤੁਲੀ ਤੇ ਨਿਰਪੱਖ ਵਿਆਖਿਆ ਚਾਹੁੰਦੇ ਸਨ। ਕਿਉਂਕਿ ਇਹ ਸਭ ਬੇਲਾਗ ਵਿਸ਼ੇਸ਼ਤਾਈਆਂ ਗਣਿਤੀ ਵਿਗਿਆਨ ਵਿਚ ਹੀ ਮਿਲਦੀਆਂ ਸਨ, ਇਸ ਲਈ ਉਨ੍ਹਾਂ ਨੇ ਗਣਿਤ ਵਿਗਿਆਨ ਦੀਆਂ ਸਭ ਸ਼ਾਖਾਵਾਂ ਦੇ ਸੰਕੇਤਾਂ ਨੂੰ ਸੂਤਰ-ਬੱਧ ਕਰਕੇ ਜਪੁਜੀ ਦੇ ਅਰੰਭ ਵਿਚ ਲਿਖ ਦਿੱਤਾ। ਇੱਦਾਂ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਮਿਥਿਹਾਸ ਤੇ ਅਗਿਆਨ ਦੇ ਭੁਲੇਖਿਆਂ ਤੋਂ ਦੂਰ ਰੱਖ ਕੇ ਵਿਗਿਆਨਕ ਸੋਚ ਰਾਹੀਂ ਕੁਦਰਤ ਦੀਆਂ ਵਡਿਆਈਆਂ ਵਿਚਾਰਨ ਦਾ ਰਾਹ ਸੁਝਾਇਆ। ਇਹ ਉਨ੍ਹਾਂ ਦਾ ਮਾਡਲ ਵੀ ਸੀ ਤੇ ਮਨੋਰਥ ਵੀ। ਉਨ੍ਹਾਂ ਦਾ ਸੰਕਲਪ ਸੀ ਕਿ ਕੁਦਰਤ ਦੀਆਂ ਵਡਿਆਈਆਂ ਦੇ ਵਿਗਿਆਨਕ ਅਧਿਐਨ ਨਾਲ ਹੀ ਇਸ ਦੇ ਕਾਦਰ ਭਾਵ ਪ੍ਰਚਲਨ-ਪ੍ਰਬੰਧ ਦਾ ਅਸਲ ਅਕਸ਼ ਖੁਲ੍ਹ ਕੇ ਸਾਹਮਣੇ ਆਵੇਗਾ।***

***ਜੋ ਵਿਦਵਾਨ ਕਹਿੰਦੇ ਹਨ ਕਿ ੳ ਰੱਬ ਜਾਂ ਪਰਮਾਤਮਾ ਹੈ, ਉਹ ਇਹ ਨਹੀਂ ਦੇਖਦੇ ਕਿ ਅਜਿਹੀ ਪ੍ਰਕ੍ਰਿਤੀ ਦਾ ਸਬਦ ਤਾਂ ਗੁਰੂ ਸਾਹਿਬ ਨੇ ਸਾਰੇ ਜਪੁਜੀ ਵਿਚ ਕਿਧਰੇ ਨਹੀਂ ਵਰਤਿਆ, ਫਿਰ ਟੇਢੇ ਢੰਗ ਨਾਲ ਇਸ ਨੂੰ ਇਸ ਮੁਢਲੇ ਸੂਤਰ ਵਿਚ ਵਰਤਣ ਦਾ ਉਨ੍ਹਾਂ ਦਾ ਕੀ ਭਾਵ ਸੀ? ਗੁਰੂ ਸਾਹਿਬ ਲੋਕਾਂ ਦੀ ਬਾਣੀ ਵਿਚ ਸਿੱਖਿਆ ਦਿੰਦੇ ਸਨ। ਜੇ ਉਨ੍ਹਾਂ ਰੱਬ ਜਿਹਾ ਕੋਈ ਸ਼ਬਦ ਵਰਤਣਾ ਹੁੰਦਾ ਤਾਂ ਉਹ ੴ ਜਿਹੇ ਇਕ ਭੇਦ ਭਰੇ ਸੂਤਰ ਦੀ ਥਾਂ ਲੋਕਾਂ ਦੇ ਸਮਝ ਆਉਣ ਵਾਲਾ ਕੋਈ ਸਿੱਧਾ ਸਿੱਧਾ ਸ਼ਬਦ ਵਰਤਦੇ। ਸ਼ਬਦਾਂ ਦੇ ਤਾਂ ਉਹ ਧਨੀ ਸਨ ਕਿ ਉਨ੍ਹਾਂ ਨੂੰ ਕਈ ਜ਼ੁਬਾਨਾਂ ਵਿਚ ਮੁਹਾਰਤ ਹਾਸਲ ਸੀ। ਜੇ ਉਨ੍ਹਾਂ ਨੇ ੳ ਨੂੰ ਰੱਬ ਜਿਹੇ ਕਿਸੇ ਸੰਕਲਪ ਲਈ ਵਰਤਿਆ ਹੀ ਨਹੀਂ ਤਾਂ ਫਿਰ ਅਰੰਭਕ ੧ ਦਾ ਵੀ ਉਨ੍ਹਾਂ ਰਾਹੀਂ ਦੱਸਿਆ ਅਰਥ ਨਹੀਂ ਬਣਦਾ।***

# ਗੁਰੂ ਨਾਨਕ ਦਾ ਨਿਰਮਲ ਪੰਥ

ਫਿਰ ਉਠੀ ਆਖਰ
ਸਦਾ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਏਕ ਮਰਦੇ-ਕਾਮਿਲ ਨੇ
ਜਗਾਇਆ ਖਾਬ ਸੇ।

ਗੁਰੂ ਨਾਨਕ ਨੇ ਪੰਜਾਬ ਦੀ ਧਰਤੀ ਤੋਂ ਪਰਮਾਤਮਾ ਤੇ ਮਨੁੱਖੀ ਭਾਈਚਾਰਕ ਏਕਤਾ ਦਾ ਨਾਹਰਾ ਬੁਲੰਦ ਕੀਤਾ ਅਤੇ ਹਿੰਦੋਸਤਾਨ ਦੇ ਲੋਕਾਂ ਨੂੰ ਇਕ ਖੁਆਬ, ਇਕ ਸੁਪਨੇ ਵਿਚੋਂ ਜਗਾ ਕੇ ਤਲਖ ਹਕੀਕਤਾਂ ਨਾਲ ਜੂਝਣ ਦੀ ਕਲਾ ਸਿਖਾਈ।

ਗੁਰੂ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ ਦੇ ਅਨਮੋਲ ਪਲ ਸਾਡੀ ਉਮਰ ਦੇ ਹਿੱਸੇ ਆਏ ਹਨ, ਸਾਡੇ ਵੀ ਧੰਨ ਭਾਗ ਹਨ। ਸੋ ਆਓ! ਇਸ 550ਵੇਂ ਪੁਰਬ ਨੂੰ ਸਮਰਪਿਤ ਹੋ ਕੇ ਆਪਣੀ ਜ਼ਿੰਦਗੀ ਨੂੰ ਉਚੇ ਸੁੱਚੇ, ਸਦਾਚਾਰਕ ਜੀਵਨ ਨਾਲ ਜੋੜ ਕੇ ੧ੴ ਨਾਲ ਇਕ ਰਸ ਹੋ ਜਾਣ ਦਾ ਅਹਿਦ ਕਰੀਏ।

ਸੰਸਾਰ ਵਿਚ ਕਰੀਬ ਛੇ ਹਜ਼ਾਰ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਪਰ ਮੁੱਖ ਤੌਰ 'ਤੇ ਮੁਢਲੀਆਂ ਤਿੰਨ ਹੀ ਹਨ, ਬਾਕੀ ਤਾਂ ਉਨ੍ਹਾਂ ਦਾ ਹੀ ਰੁਪਾਂਤਰਣ ਹੁੰਦਾ ਹੈ। ਪਹਿਲੀ ਗਣਿਤ ਦੀ ਭਾਸ਼ਾ

ਮਨਜੀਤ ਕੌਰ ਸੇਖੋਂ
ਫੋਨ: 916-690-2378
mksekhon1@yahoo.com

'ਅੰਕ ਵਿਗਿਆਨ' (Numerical); ਦੂਜੀ ਹੈ, ਲਿਪੀ (Alphabetical) ਤੇ ਤੀਜੀ ਹੈ, ਚਿੰਨਾਂ ਦੀ ਭਾਸ਼ਾ (Symbols).

ਅੱਜ ਤੱਕ ਕੋਈ ਐਸਾ ਭਾਸ਼ਾ ਵਿਗਿਆਨੀ ਨਹੀਂ ਹੋਇਆ, ਜਿਹਨੇ ਤਿੰਨਾਂ ਭਾਸ਼ਾਵਾਂ ਦਾ ਸੁਮੇਲ ਕੀਤਾ ਹੋਵੇ। ਕੋਈ ਵੀ ਅਜਿਹਾ ਗ੍ਰੰਥ ਨਹੀਂ, ਜਿਸ ਦੀ ਸ਼ੁਰੂਆਤ ਅੰਕ ਤੋਂ ਹੋਵੇ। ਸਿਰਫ ਤੇ ਸਿਰਫ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਸ਼ਬਦ ੧ੴ ਵਿਚ ਇਹ ਅਦੁੱਤੀ ਸੁਮੇਲ ਉਪਲਬਧ ਹੈ। ੧ ਗਿਣਤੀ ਦਾ ਪਹਿਲਾ ਅੰਕ 'ਇਕ', ਓ ਗੁਰਮੁਖੀ ਲਿਪੀ ਦਾ ਪਹਿਲਾ ਅੱਖਰ 'ਊੜਾ', ⌒ ਚਿੰਨ੍ਹ ਭਾਸ਼ਾ ਭਾਵ ਅਨੰਤ, ਜੋ ਊੜੇ ਨੂੰ ਓਅੰਕਾਰ ਬਣਾਉਂਦਾ।

ਸੋ ਗੱਲ ਜ਼ੋਰ ਨਾਲ ਨਹੀਂ ਬਣਦੀ, ਨਾਲ ਜੁਗਤ ਜੋੜਨੀ ਪੈਂਦੀ ਹੈ। ਕਈ ਸਾਲ ਮੀਂਹ ਨਾ ਪਵੇ, ਧਰਤੀ 'ਤੇ ਤਵਾਰੀਖ ਦੇ ਬੀਜ ਮਚ ਨਹੀਂ ਜਾਂਦੇ। ਜਦੋਂ ਵੀ ਬਾਰਸ਼ ਆਵੇਗੀ, ਸ਼ਾਨਦਾਰ ਹਰਿਆਵਲ ਉਠੇਗੀ। "ਆਓ! ਆਪਾਂ ਆਪਣੇ ਖੁਆਬ ਦੀ ਨੀਂਦ ਵਿਚੋਂ ਜਾਗੀਏ। ਆਪਣੀ ਅੰਤਰ ਆਤਮਾ ਨਾਲ ਅਹਿਦ ਕਰੀਏ ਕਿ ਅਨੰਤ ਨਾਲ ਇਕ ਸੁਰ, ਇਕ ਰਸ ਹੋ ਕੇ ਤੁਰੀਏ, ਤਾਂ ਜੁ ਇਸ ਖ਼ੂਬਸੂਰਤ ਵਰ੍ਹੇ ਸਾਡੀ ਜ਼ਿੰਦਗੀ ਵਿਚ ਸ਼ਾਨਦਾਰ ਹਰਿਆਲੀ ਆ ਜਾਵੇ।"

ਸਾਡੇ ਨਾਲ ਹੋਰ ਵੀ ਬੜੇ ਸੁਭਾਗ ਜੁੜੇ ਨੇ। ਅਸਾਂ ਗੁਰੂਆਂ, ਪੀਰਾਂ ਦੀ ਧਰਤੀ 'ਤੇ ਜਨਮ ਲਿਆ। ਸਾਡੀ ਮਾਂ ਬੋਲੀ ਗੁਰਮੁਖੀ ਹੈ। ਸਾਡੇ ਗੁਰੂ, ਗੁਰੂ ਗ੍ਰੰਥ ਸਾਹਿਬ ਹਨ। ਅਸੀਂ ਆਪਣੀ ਚੋਗ ਚੁਗਣ ਲਈ ਪਰਵਾਸੀ ਧਰਤੀ 'ਤੇ ਆਏ। ਪੈਰਾਂ ਸਿਰ ਹੋ ਕੇ ਇੱਥੇ ਗੁਰੂ ਅਸਥਾਨ, ਗੁਰੂ-ਘਰ ਬਣਾਏ। ਸਿਰ ਤੋੜ ਯਤਨ ਕਰ ਰਹੇ ਹਾਂ ਕਿ ਆਪਣੀ ਅਗਲੀ ਪੀੜ੍ਹੀ ਨੂੰ ਊੜੇ ਤੇ ਜੂੜੇ ਨਾਲ ਜੋੜਨ ਦੇ ਸਮਰੱਥ ਹੋ ਸਕੀਏ। ਸਾਡੇ ਬੱਚੇ ਇੱਥੋਂ ਦੇ ਸਕੂਲਾਂ ਵਿਚ ਅੰਗਰੇਜ਼ੀ ਪੜ੍ਹਦੇ ਹਨ। ਬੇਸ਼ਕ ਰੁਜ਼ਗਾਰ ਖਾਤਰ ਇੱਥੋਂ ਦੀ ਤਾਲੀਮ ਲੈਣੀ ਪੈਂਦੀ ਹੈ, ਪਰ ਹਰ ਐਤਵਾਰ ਗੁਰੂ ਘਰਾਂ ਵਿਚ ਚੱਲ ਰਹੇ ਗੁਰਮਤਿ ਪੰਜਾਬੀ ਸਕੂਲਾਂ ਵਿਚ ਗੁਰਮੁਖੀ, ਗੁਰਬਾਣੀ, ਕੀਰਤਨ ਤੇ ਗਤਕਾ ਆਦਿ ਸਿੱਖਣ ਲਈ ਆ ਜੁੜਦੇ ਹਨ। ਕਈ ਸਰਕਾਰੀ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਹੀ ਹੁਣ ਸਪੈਨਿਸ਼, ਜਰਮਨੀ, ਫਰੈਂਚ ਆਦਿ ਦੇ ਮੁਕਾਬਲੇ 'ਤੇ ਪੰਜਾਬੀ ਭਾਸ਼ਾ ਵੀ ਆਣ ਖਲੋਤੀ ਹੈ, ਜਿਸ ਨੂੰ ਪੰਜਾਬੀਆਂ ਤੋਂ ਇਲਾਵਾ ਹੋਰ ਸਭਿਆਚਾਰਾਂ ਦੇ ਲੋਕ ਵੀ ਸ਼ੌਕ ਨਾਲ ਪੜ੍ਹਦੇ ਹਨ। ਇਹੀ ਤਾਂ ਮੇਰੇ ਗੁਰੂ ਨਾਨਕ ਦੀਆਂ ਰਹਿਮਤਾਂ ਨੇ।

ਪਿਛਲੇ ਵਰ੍ਹੇ ਸਿਟੀ ਕਾਲਜ ਦੇ ਵਿਦਿਆਰਥੀਆਂ ਨਾਲ ਪੰਜਾਬੀ ਯੂਨੀਵਰਸਿਟੀ ਦੇ ਵਿਦਵਾਨ ਨੇ ਪ੍ਰਾਪਤ ਇਕ ਟਰੈਕਟ ਦੇ ਕੁਝ ਅੰਸ਼ ਸਾਂਝੇ ਕੀਤੇ ਸਨ। ਉਨ੍ਹਾਂ ਦਾ ਇੱਥੇ ਜ਼ਿਕਰ ਕਰਨਾ ਵੀ ਸਹਾਈ ਹੋਵੇਗਾ। ਅਸੀਂ ਜਾਣਦੇ ਹਾਂ ਕਿ ਅੰਗਰੇਜ਼ੀ ਤਾਂ ਪਹਿਲਾਂ ਹੀ ਵੰਡੀ ਪਈ ਹੈ, ਛੋਟੀ ਅੰਗਰੇਜ਼ੀ ਤੇ ਵੱਡੀ ਅੰਗਰੇਜ਼ੀ, ਪਰ ਸਾਡੀ ਪੰਜਾਬੀ ਬੋਲੀ "ਮਾਨਸਿ ਕੀ ਜਾਤਿ ਸਭੈ ਏਕੈ ਪਹਿਚਾਨਬੋ"

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭਿ ਬੰਦੇ॥

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ (ਪੰਨਾ 1249)

ਫਿਰ ਅੱਖਰ ਕਿਵੇਂ ਵੱਡੇ ਛੋਟੇ ਹੁੰਦੇ। ਸਾਨੂੰ ਚਾਰ ਲਕੀਰੀ ਕਾਪੀ ਨ੍ਹੀਂ ਚਾਹੀਦੀ। ਸਾਡੇ ਅੱਖਰ ਸੁਭਾਵਿਕ ਜੁੜਦੇ ਨੇ। ਸਾਡੇ ਲੋਕ ਵੀ ਜੁੜ ਕੇ ਰਹਿੰਦੇ ਨੇ। ਵੱਡੇ ਪਰਿਵਾਰਾਂ ਵਿਚ, ਰਿਸ਼ਤੇਦਾਰਾਂ ਵਿਚ, ਮਹਿਮਾਨ ਨਿਵਾਜ਼ੀ ਵਿਚ; ਇੱਕਠੇ ਸਫਰ ਕਰਨਾ ਪਿਆ ਤਾਂ ਓਪਰੇ ਨਾਲ ਵੀ ਜਾਣ-ਪਛਾਣ ਬਣਾ ਕੇ ਤੁਰਤ ਹੀ ਦੋਸਤੀ 'ਚ ਜੁੜ ਜਾਂਦੇ ਹਾਂ। ਸਿਮਰਤੀ ਵਿਚ ਉਭਰਦੈ, ਜਦੋਂ ਸਭ ਤੋਂ ਪਹਿਲੀ ਸੰਥਿਆ, ਗੁਰੂ ਗ੍ਰੰਥ ਸਾਹਿਬ ਦਾ ਪਾਠ ਸਿੱਖਣ ਲਈ ਕੀਤੀ ਸੀ, ਉਹ ਸਮੁੱਚੇ ਲੜੀਵਾਰ ਸਰੂਪ ਸਨ। ਸਾਰੀ ਦੀ ਸਾਰੀ ਬਾਣੀ, ਸਾਰੇ ਸ਼ਬਦ ਸਮੁੱਚੇ ਇਕੋ ਧਾਗੇ ਵਿਚ ਪਰੋਏ ਹੋਏ। ਸੋ ਅਕਾਲ ਪੁਰਖ ਦੀ ਮਿਹਰ-ਦ੍ਰਿਸ਼ਟੀ ਸਦਕਾ ਤੇ ਸੰਥਿਆ ਕਰਵਾਉਣ ਵਾਲੇ ਅਧਿਆਪਕ ਗੁਰੂ ਗ੍ਰੰਥ ਸਾਹਿਬ ਦੀ ਯੋਗ ਅਗਵਾਈ ਤੇ ਮਿਹਨਤ ਸਦਕਾ ਸਿਖਾਂਦਰੂ ਸਹਿਜੇ ਹੀ ਸ਼ੁੱਧ ਉਚਾਰਣ ਸਿੱਖ ਲੈਂਦਾ ਹੈ।

ਜਦੋਂ ਪੈਂਤੀ ਲਿਖੀ ਗਈ ਤਾਂ 'ੳ' ਊੜੇ ਨੂੰ ਪੁੱਛਿਆ ਗਿਆ, ਬਾਕੀ ਅੱਖਰ ਬਰਾਬਰ ਨੇ ਤੇ ਤੂੰ ਰਤਾ ਬਾਹਰ ਨੂੰ ਕਿਉਂ? ਕਹਿੰਦਾ, ਮੈਂ ਓਅੰਕਾਰ ਬਣਨਾ। ਫਿਰ ਸਭ ਤੋਂ ਅੰਤਲੇ ਅੱਖਰ 'ੜ' ੜਾੜਾ ਨੂੰ ਥੋੜਾ ਥੱਲੇ ਵੱਲ ਨਿਕਲਿਆ ਵੇਖਿਆ ਤਾਂ ਪੁੱਛਿਆ ਕਿ ਤੂੰ ਬਾਹਰ ਨੂੰ ਕਿਉਂ? 'ੜ' ੜਾੜਾ ਨੇ ਕਿਹਾ ਕਿ ਊੜਾ ਅਰਸ਼ ਵੱਲ ਜਾਵੇਗਾ ਤੇ ਮੈਂ ਫਰਸ਼ ਵੱਲ। ਮੈਂ ਪੈਰ ਧਰਤ 'ਤੇ ਟਿਕਾਏ ਨੇ। ਸੋ ਸਾਡੀ ਲਿਪੀ ਅਰਸ਼ ਤੋਂ ਫਰਸ਼ ਤੱਕ ਫੈਲੀ ਹੋਈ ਹੈ। ਫਿਰ ਵੀ 'ੜ' ਨੂੰ ਬਾਹਰ ਜਾਣ ਦੀ ਗਲਤੀ ਕਾਰਨ ਸਜ਼ਾ ਮਿਲੀ ਕਿ ਤੇਰੇ ਨਾਂ ਤੋਂ ਕਦੀ ਕੋਈ ਅੱਖਰ ਸ਼ੁਰੂ ਨਹੀਂ ਹੋਵੇਗਾ। ਸਿਰਫ ਜੇ 'ੜਾੜਾ' ਲਿਖਣਾ ਹੋਵੇ ਤਾਂ ਦੋ ਵਾਰ 'ੜਾੜਾ' ਪਵੇਗਾ, ਪਰ ਨਾਲ ਹੀ ਥਾਪੜਾ ਮਿਲਿਆ ਕਿ ਤੇਰੇ ਨਾਲ ਜੁੜ ਜਾਣ ਬਾਅਦ ਕਿਸੇ ਵੀ ਸ਼ਬਦ ਦੇ ਅਰਥ ਗੂੜ੍ਹੇ ਹੋ ਜਾਣਗੇ। ਜਿਵੇਂ ਪਿਆਰ ਤੋਂ ਪਿਆਰੜਾ, ਮਿੱਠਾ ਤੋਂ ਮਿੱਠੜਾ। ਬਿਰਹਾ ਨੂੰ ਭਗਤੀ ਬਣਾਉਣ ਲਈ ਬਿਰਹੜਾ। ਯਾਰ ਦਾ ਅਦਬ ਗੂੜ੍ਹਾ ਕਰਨ ਲਈ ਯਾਰੜਾ।

ਯਾਰੜੇ ਦਾ ਸਾਨੂੰ ਸੱਥਰ ਚੰਗਾ,
ਭੱਠ ਖੇੜਿਆਂ ਦਾ ਰਹਿਣਾ॥

ਸੋ ਜਾਹਰ ਹੈ, ਇਕੋ ਇਕ ਭਾਸ਼ਾ ਪੰਜਾਬੀ ਹੈ, ਜਿਹਦੀ ਵਿਆਕਰਣ ਵਿਚ ਵੀ ਸਭਿਆਚਾਰ ਹੈ। ਸਾਡੇ ਅਗੇਤਰ-ਪਿਛੇਤਰ ਲੱਗਦੇ ਹਨ। ਜੇ 'ਸ' ਅਗੇਤਰ ਲੱਗ ਜਾਵੇ ਤਾਂ ਸ਼ਬਦ+ਸਾਕਾਰ (Positive) ਹੋ ਜਾਂਦਾ ਹੈ, ਜੇ 'ਕ' ਅਗੇਤਰ ਲੱਗ ਗਿਆ ਤਾਂ ਸ਼ਬਦ ਦੀ ਤਾਸੀਰ ਰਿਣਾਤਮਕ (Negative) ਹੋ ਜਾਂਦੀ ਹੈ। ਜਿਵੇਂ,

ਪੁੱਤਰ-ਸਪੁੱਤਰ, ਪੁੱਤਰੀ-ਸਪੁੱਤਰੀ
ਪੁੱਤਰ-ਕਪੁੱਤਰ, ਪੁੱਤਰੀ-?

ਸਾਡੀ ਭਾਸ਼ਾ ਵਿਚ ਪੁੱਤਰੀ ਨੂੰ 'ਕ' ਅਗੇਤਰ ਨਹੀਂ ਲਾ ਸਕਦੇ। ਇੰਜ ਹੀ ਸੁਪਤਨੀ ਤਾਂ ਹੁੰਦਾ ਹੈ, ਪਰ ਕੁਪਤਨੀ ਨਹੀਂ। ਔਰਤ ਦਾ ਅਦਬ ਗੁਰੂ ਨਾਨਕ ਪਾਤਸ਼ਾਹ ਦਾ ਬਖਸ਼ਿਆ ਵਰਦਾਨ ਹੈ।

ਇਸ ਤੋਂ ਪਹਿਲਾਂ ਔਰਤ ਜਾਤ ਨੂੰ ਤ੍ਰਿਸਕਾਰ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ। ਤੁਲਸੀ ਦਾਸ ਨੇ ਲਿਖਿਆ ਸੀ,

ਢੋਲ ਗਵਾਰ ਸ਼ੂਦਰ ਪਸ਼ੂ ਨਾਰੀ।
ਇਹ ਸਭ ਤਾੜਨ ਕੇ ਅਧਿਕਾਰੀ।

ਗੁਰੂ ਨਾਨਕ ਨੇ ਔਰਤ ਜਾਤ ਦੇ ਹੱਕ ਵਿਚ ਆਵਾਜ਼ ਬੁਲੰਦ ਕਰਕੇ ਮਰਦ ਪ੍ਰਧਾਨ ਸਮਾਜ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਤੇ ਦਰਸਾ ਦਿੱਤਾ ਕਿ ਔਰਤ ਤੇ ਮਰਦ-ਦੋਵੇਂ ਇਕ ਦੂਜੇ ਦੇ ਪੂਰਕ ਹਨ,

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
(ਮ: ੧ ਆਸਾ ਦੀ ਵਾਰ॥ ਪੰਨਾ 473)

ਔਰਤ ਦੇ ਗਰਭ ਵਿਚ ਪ੍ਰਾਣੀ ਦਾ ਸਰੀਰ ਬਣਦਾ, ਵਿਗਸਦਾ ਤੇ ਜਨਮ ਲੈਂਦਾ ਹੈ। ਔਰਤ ਨਾਲ ਹੀ ਉਸ ਦੀ ਕੁੜਮਾਈ ਤੇ ਵਿਆਹ ਹੁੰਦਾ ਹੈ। ਔਰਤ ਦਾ ਸਾਥ ਪਾ ਕੇ ਔਰਤ ਤੋਂ ਹੀ ਸੰਸਾਰ ਦੀ ਉਤਪਤੀ ਦਾ ਰਾਹ ਚੱਲਦਾ ਹੈ। ਔਰਤ ਦੀ ਮੌਤ ਪਿਛੋਂ ਹੋਰ ਔਰਤ ਦੀ ਭਾਲ ਕੀਤੀ ਜਾਂਦੀ ਹੈ। ਔਰਤ ਤੋਂ ਹੀ ਹੋਰਾਂ ਨਾਲ ਰਿਸ਼ਤੇਦਾਰੀ ਬਣਦੀ ਹੈ।

ਉਸ ਔਰਤ ਨੂੰ ਮੰਦਾ ਕਿਉਂ ਕਹੀਏ, ਜੋ ਰਾਜਿਆਂ ਨੂੰ ਜਨਮ ਦੇਣ ਵਾਲੀ ਹੈ? ਇਸ ਦਾ ਭਾਵ ਇਹ ਨਹੀਂ ਕਿ ਸਿਰਫ ਉਸੇ ਔਰਤ ਨੂੰ ਮੰਦਾ ਨਹੀਂ ਕਹਿਣਾ, ਜਿਨ੍ਹੇ ਮਹਾਰਾਜਾ ਰਣਜੀਤ ਸਿੰਘ ਦੀ ਮਾਂ ਵਾਂਗ ਰਾਜੇ ਨੂੰ ਪੈਦਾ ਕੀਤਾ ਹੋਵੇ। ਭਾਵ ਅਰਥ ਇਹੀ ਹੈ ਕਿ ਹਰ ਮਾਂ ਦੀ ਸੰਤਾਨ ਉਸ ਲਈ 'ਰਾਜੇ' ਵਾਂਗ ਹੁੰਦੀ ਹੈ, ਭਾਵੇਂ ਉਹ ਗਰੀਬ ਪਰਿਵਾਰ 'ਚੋਂ ਏ ਜਾਂ ਅਮੀਰ 'ਚੋਂ। ਹਰ ਮਾਂ ਆਪਣੀ ਸਮਰੱਥਾ 'ਚੋਂ ਸਭ ਸੁੱਖ ਸਹੂਲਤਾਂ ਦੇ ਕੇ ਬੱਚੇ ਨੂੰ ਰਾਜਿਆਂ ਵਾਂਗ ਪਾਲਦੀ ਹੈ, ਫਿਰ ਉਸ ਨੂੰ ਕਿਉਂ ਮੰਦਾ ਕਹੀਏ? ਗੁਰੂ ਨਾਨਕ ਨੇ ਉਹ ਗੱਲ ਸਮਝਾਈ, ਜਿੱਥੇ ਦੂਜੇ ਧਰਮਾਂ ਦੀ ਪਹੁੰਚ ਨਹੀਂ ਸੀ ਹੋ ਪਾਈ।

ਗੁਰੂ ਨਾਨਕ ਦਾ ਪੰਥ ਨਿਆਰਾ ਹੈ, ਸਤਿਵਾਦੀ ਹੈ, ਆਸ਼ਾਵਾਦੀ ਹੈ; ਜਿਹਦੇ ਵਿਚ ਨਾਂਹ ਪੱਖੀ ਵਿਚਾਰਾਂ ਨੂੰ, ਇਨਕਾਰ ਨੂੰ ਥਾਂ ਨਹੀਂ। ਬਾਬੇ ਨਾਨਕ ਨੇ ਜਨੇਊ ਪਾਉਣ ਤੋਂ ਇਨਕਾਰ ਨਹੀਂ ਕੀਤਾ, ਬਾਬੇ ਨੇ ਕਿਹਾ, "ਹਈ ਤ ਪਾਡੇ ਘਤੁ॥" ਬਾਬੇ ਦੇ ਦਰ 'ਤੇ ਇਨਕਾਰ ਨਹੀਂ, ਇਨਕਾਰ ਤੋਂ ਪੈਦਾ ਹੁੰਦਾ ਤਕਰਾਰ। ਤਕਰਾਰ ਤੋਂ ਨਿਕਲਦੀ ਹੈ ਤਲਵਾਰ। ਬਾਬੇ ਨੇ ਸਭ ਥਾਂ ਦਲੀਲ ਵਰਤੀ, ਵਿਚਾਰ ਕੀਤੀ। ਵਿਚਾਰ 'ਚੋਂ ਪਿਆਰ ਨਿਕਲਦਾ ਤੇ ਪਿਆਰ ਤੋਂ ਨਿਰੰਕਾਰ।

ਜਿਨਿ ਪ੍ਰੇਮ ਕੀਓ ਤਿਨਿ ਹੀ ਪ੍ਰਭੁ ਪਾਇਓ॥

ਪੰਡਿਤ ਹਰਦਿਆਲ ਨੂੰ ਬਾਬੇ ਨਾਨਕ ਨੇ ਪੁੱਛਿਆ, ਤੂੰ ਜਨੇਊ ਕਿਉਂ ਪਾਇਆ? ਪੰਡਿਤ ਨੇ ਕਿਹਾ, ਪੰਡਿਤ ਜਾਂ ਖੱਤਰੀ ਦੇ ਜਾਏ ਨੂੰ 9 ਸਾਲ ਦੀ ਉਮਰ ਵਿਚ ਜਨੇਊ ਪਾਉਣਾ ਜ਼ਰੂਰੀ ਹੈ, ਨਹੀਂ ਤਾਂ ਉਹ ਪੰਡਿਤ, ਖੱਤਰੀ ਜਾਂ ਧਰਮੀ ਨਹੀਂ ਅਖਵਾ ਸਕਦਾ। ਬਾਬੇ ਪੁੱਛਿਆ, ਦੱਸੋ ਫਿਰ ਧਰਮ ਕਿੱਥੋਂ ਅਰੰਭ ਹੁੰਦਾ ਤੇ ਸਮਝਾਇਆ ਤੇਰਾ ਸੂਤ ਦਾ ਜਨੇਊ ਤੈਨੂੰ ਤਾਂ ਧਰਮੀ ਬਣਾਏਗਾ, ਜੇ ਤੇਰਾ ਜਨੇਊ ਦਇਆ ਦੀ ਕਪਾਹ ਤੋਂ ਬਣਿਆ ਹੋਵੇਗਾ। ਕਪਾਹ ਤਾਂ ਕਿਹਾ, ਜਨੇਊ ਦਾ ਮੂਲ ਕਪਾਹ ਹੈ।

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥

"ਜੈਸੇ ਮਾਤ ਪਿਤਾ ਬਿਨ ਬਾਲ ਨ ਹੋਈ।" ਧਰਮ ਦਇਆ ਬਿਨਾ ਕਿਵੇਂ ਪੈਦਾ ਹੋਏਗਾ? ਇਹ ਵੀ ਗੱਲ ਸੱਚ ਹੈ, ਜਦ ਤੱਕ ਬੱਚਾ ਨਹੀਂ ਹੁੰਦਾ ਤਾਂ ਕੋਈ ਮਾਂ ਵੀ ਨਹੀਂ ਕਹਿੰਦਾ। ਬੱਚੇ ਨੇ ਹੀ ਪੈਦਾ ਹੋ ਕੇ 'ਮਾਂ' ਦਾ ਰਿਸ਼ਤਾ ਪੈਦਾ ਕੀਤਾ। ਧਰਮ ਦਇਆ ਦਾ ਪੁੱਤਰ ਹੈ, ਧਰਮ ਨੇ ਹੀ ਦਇਆ ਨੂੰ ਮਾਂ ਦਾ ਦਰਜਾ ਦਿੱਤਾ। ਬ੍ਰਾਹਮਣ ਦੇ ਜਨੇਊ 'ਚ ਦਇਆ ਨੂੰ ਪਹਿਲੇ ਨੰਬਰ 'ਤੇ ਰੱਖਿਆ। ਦਸਵੇਂ ਨਾਨਕ ਵੇਲੇ ਖੰਡੇ ਬਾਟੇ ਦੀ ਦਾਤ ਦੇਣ ਸਮੇਂ ਪੰਜ ਪਿਆਰੇ ਸਾਜਣ ਵੇਲੇ 'ਦਇਆ ਸਿੰਘ' ਹੀ ਪਹਿਲੇ ਨੰਬਰ 'ਤੇ ਉਠਿਆ।

ਬਾਬੇ ਨਾਨਕ ਨੇ ਲੋਕਾਂ ਦੇ ਪੱਧਰ 'ਤੇ ਵਿਚਰ ਕੇ ਹੀ ਲੋਕਾਂ ਨੂੰ ਸੱਚ ਨਾਲ ਜੋੜਿਆ। ਉਹ ਇਕੋ ਸਮੇਂ ਗੁਰੂ, ਰਹਿਬਰ, ਸਮਾਜ ਸੁਧਾਰਕ, ਕਵੀ, ਕੀਰਤਨੀਏ ਗਾਇਕ ਤੇ ਨਾਟਕਕਾਰ ਵੀ ਬਣੇ। ਸਿੰਘ ਰੌਕਸ ਅਨੁਸਾਰ "ਸ਼ਾਇਦ ਧਰਮ ਦੀ ਸ਼ਰਧਾ 'ਚ ਡੁੱਬੇ ਲੋਕਾਂ ਨੂੰ ਹਜ਼ਮ ਨਾ ਹੋਵੇ। ਗੁਰੂ ਨਾਨਕ ਸਾਹਿਬ ਨੂੰ ਗੁਰੂ ਨਾਨਕ ਸਾਹਿਬ ਵਾਲੇ ਲੈਨਜ਼ ਲਾ ਕੇ ਦੇਖਣਾ ਪਵੇਗਾ। ਪੰਡਿਤ ਪੁਜਾਰੀ ਪੂਰਬ ਵੱਲ ਪਾਣੀ ਉਛਾਲ ਰਹੇ ਨੇ। ਮਨਮੱਤ ਫੈਲਾਉਣ ਲਈ ਉਹ ਨਾਟਕ ਕਰ ਰਹੇ ਹਨ। ਗੁਰੂ ਨਾਨਕ ਸਾਹਿਬ ਪਾਸੇ ਖਲੋ ਕੇ ਵਰਜ ਸਕਦੇ ਸਨ। ਉਸੇ ਪਾਣੀ ਵਿਚ ਵੜ ਕੇ ਪੱਛਮ ਵੱਲ ਪਾਣੀ ਉਛਾਲਣ ਲੱਗੇ। ਪੰਡਿਤਾਂ ਪੁਜਾਰੀਆਂ ਟੋਕਿਆ ਕਿ ਪਿੱਤਰਾਂ ਨੂੰ ਪਾਣੀ ਪੂਰਬ ਵੱਲ ਭੇਜਣਾ ਹੁੰਦਾ ਹੈ। ਬਾਬੇ ਨਾਨਕ ਆਖਿਆ, ਕਰਤਾਰਪੁਰ ਵਿਖੇ ਮੇਰੇ ਖੇਤ ਸੁੱਕ ਰਹੇ ਨੇ, ਉਥੇ ਪਾਣੀ ਪਹੁੰਚਾ ਰਿਹਾਂ। ਪੰਡਿਤਾਂ ਕਿਹਾ, ਉਥੋ ਇੰਨੀ ਦੂਰ ਪਾਣੀ ਕਿਵੇਂ ਪਹੁੰਚੇਗਾ? ਬਾਬੇ ਕਿਹਾ, ਮੇਰੇ ਖੇਤ ਤਾਂ ਤੁਹਾਡੇ ਸੂਰਜ ਤੋਂ ਬਹੁਤ ਨੇੜੇ ਨੇ, ਜੇ ਤੁਹਾਡਾ ਪਾਣੀ ਸੂਰਜ ਤੱਕ ਪਹੁੰਚ ਸਕਦਾ ਤਾਂ ਮੇਰਾ ਪਾਣੀ ਕਰਤਾਰਪੁਰ ਕਿਉਂ ਨ੍ਹੀਂ ਪਹੁੰਚ ਸਕਦਾ। ਸਾਡਾ ਇਤਿਹਾਸ ਇਸੇ ਤੱਥ 'ਤੇ ਖੜ੍ਹਾ ਹੈ। ਬਾਬੇ ਨੇ ਧਿਆਨ ਖਿੱਚਣਾ ਸੀ, ਜੇ ਉਹ ਪੂਰਬ ਵੱਲ ਹੀ ਪਾਣੀ ਉਛਾਲਦੇ, ਕਿਸੇ ਗੌਰ ਨਹੀਂ ਸੀ ਕਰਨੀ, ਧਿਆਨ ਨਹੀਂ ਸੀ ਦੇਣਾ।

ਐਚ. ਐਲ. ਬਰਾਡਸ਼ਾਅ ਅਨੁਸਾਰ "ਸਿੱਖਾਂ ਨੂੰ ਇਉਂ ਸੋਚਣਾ ਬੰਦ ਕਰਨਾ ਚਾਹੀਦਾ ਹੈ ਕਿ ਸਿੱਖੀ ਇਕ ਚੰਗਾ ਧਰਮ ਹੈ; ਸਗੋਂ ਸੋਚਣਾ ਚਾਹੀਦਾ ਹੈ ਕਿ ਸਿੱਖੀ ਹੀ ਨਵੇਂ ਯੁੱਗ ਦਾ ਧਰਮ ਹੈ। ਇਹ ਪੂਰਨ ਤੌਰ 'ਤੇ ਪੁਰਾਣੇ ਮੱਤਾਂ ਦੀ ਥਾਂ ਮੱਲਦਾ ਹੈ। ਇਹ ਗੱਲ ਸਿੱਧ ਕਰਨ ਲਈ ਪੁਸਤਕਾਂ ਲਿਖਣ ਦੀ ਸਖਤ ਲੋੜ ਹੈ।"

ਡਾ. ਰਾਧਾ ਕ੍ਰਿਸ਼ਨਨ ਨੇ ਆਪਣੇ ਇਕ ਭਾਸ਼ਣ 'ਚ ਕਿਹਾ ਸੀ, "ਗੁਰੂ ਨਾਨਕ ਨੇ ਇਕ ਅਜਿਹੀ ਕੌਮ ਬਣਾਉਣ ਦਾ ਯਤਨ ਕੀਤਾ, ਜਿਸ ਵਿਚਲੇ ਮਰਦ-ਔਰਤਾਂ 'ਚ ਸ੍ਵੈਮਾਣ ਤੇ ਸਾਂਝੀਵਾਲਤਾ ਹੋਵੇ।"

ਸੋ ਆਓ! 550ਵੇਂ ਪੁਰਬ 'ਤੇ ਮਿਲ-ਜੁਲ ਕੇ ਸੰਗਤੀ ਰੂਪ ਵਿਚ ਗੁਰੂ ਨਾਨਕ ਦੇ ਨਿਰਮਲ ਪੰਥ 'ਤੇ ਤੁਰਨ ਦਾ ਮੁਕੱਦਸ ਅਹਿਦ ਕਰੀਏ।

# ਕੀ ਗੁਰੂ ਨਾਨਕ ਦਸਤਾਰਧਾਰੀ ਸਨ?

ਗੁਰੂ ਨਾਨਕ ਦੇਵ ਜੀ ਜਿਹੀਆਂ ਮਹਾਨ ਸ਼ਖਸੀਅਤਾਂ ਲਈ ਬਾਹਰੀ ਸਰੂਪ ਭਾਵੇਂ ਉਨਾ ਅਹਿਮ ਨਹੀਂ ਹੁੰਦਾ, ਜਿੰਨਾ ਇੱਕ ਆਮ ਵਿਅਕਤੀ ਲਈ; ਫਿਰ ਵੀ ਜਦੋਂ ਤੋਂ ਉਨ੍ਹਾਂ ਦੇ ਕਾਲਪਨਿਕ ਚਿੱਤਰ ਸਾਹਮਣੇ ਆਉਣੇ ਸ਼ੁਰੂ ਹੋਏ, ਇਹ ਇੱਕ ਵੱਡੇ ਵਿਵਾਦ ਦਾ ਹਿੱਸਾ ਰਿਹਾ ਹੈ ਕਿ ਕੀ ਗੁਰੂ ਜੀ ਦਸਤਾਰਧਾਰੀ ਸਨ ਜਾਂ ਨਹੀਂ? ਇਹ ਵਿਸ਼ਾ ਸੋਭਾ ਸਿੰਘ ਵੱਲੋਂ ਬਣਾਏ ਗੁਰੂ ਨਾਨਕ ਦੇਵ ਜੀ ਦੇ

ਡਾ. ਆਸਾ ਸਿੰਘ ਘੁੰਮਣ
ਫੋਨ: 91-97798-53245

ਚਿੱਤਰ ਮਕਬੂਲ ਹੋਣ ਪਿਛੋਂ ਸੰਜੀਦਾ ਚਰਚਾ ਦਾ ਵਿਸ਼ਾ ਬਣਦਾ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡੇ ਕੋਲ ਗੁਰੂ ਜੀ ਦੇ ਸਮੇਂ ਦਾ ਕੋਈ ਐਸਾ ਚਿੱਤਰ ਨਹੀਂ, ਜਿੱਥੋਂ ਅਸੀਂ ਇਹ ਜਾਣ ਸਕੀਏ ਕਿ ਗੁਰੂ ਨਾਨਕ ਦੇਵ ਜੀ ਵੇਖਣ ਵਿਚ ਕਿਸ ਤਰ੍ਹਾਂ ਦੇ ਸਨ। ਹਾਂ, ਪਹਿਰਾਵੇ ਬਾਰੇ ਅਤੀਤ ਵਿਚੋਂ ਕੁਝ ਕੁਝ ਸੰਕੇਤ ਜ਼ਰੂਰ ਮਿਲਦੇ ਹਨ।

ਗੁਰੂ ਜੀ ਦੀਆਂ ਸਿਖਿਆਵਾਂ ਅਤੇ ਫਲਸਫਾ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਸਾਂਭੀ ਉਨ੍ਹਾਂ ਦੀ ਬਾਣੀ ਕਰਕੇ ਸਾਡੇ ਕੋਲ ਮਹਿਫੂਜ਼ ਹਨ, ਪਰ ਉਨ੍ਹਾਂ ਦੇ ਜੀਵਨ ਬਾਰੇ ਜਾਣਨ ਲਈ ਸਾਡੇ ਕੋਲ ਭਾਈ ਗੁਰਦਾਸ ਦੀਆਂ ਵਾਰਾਂ ਤੇ ਜਨਮ-ਸਾਖੀਆਂ ਹੀ ਸਭ ਤੋਂ ਨੇੜਲੇ ਸਰੋਤ ਮੰਨੇ ਜਾਂਦੇ ਹਨ। ਜਨਮ-ਸਾਖੀਆਂ ਬਾਰੇ ਸਭ ਵਿਦਵਾਨਾਂ ਦੀ ਰਾਏ ਸਹੀ ਹੈ ਕਿ ਇਹ ਸ਼ਰਧਾ ਵਿਚੋਂ ਉਪਜਿਆ ਸਾਹਿਤ ਹੈ ਜਾਂ ਇਨ੍ਹਾਂ ਦੇ ਲਿਖਣ ਵਾਲਿਆਂ ਦਾ ਮਕਸਦ ਇਤਿਹਾਸ ਲਿਖਣ ਦੀ ਥਾਂ ਕੁਝ ਹੋਰ ਹੀ ਸੀ!

ਗੋਬਿੰਦ ਸਿੰਘ ਲਾਂਬਾ ਦਾ ਇਹ ਵਿਚਾਰ ਠੀਕ ਲੱਗਦਾ ਹੈ ਕਿ ਭਾਈ ਗੁਰਦਾਸ ਦੀ ਪਹਿਲੀ ਵਾਰ ਵੀ ਸ਼ਰਧਾ-ਕੇਂਦਰਤ ਸਾਖੀ ਹੀ ਕਹੀ ਜਾ ਸਕਦੀ ਹੈ। ਇਸ ਵਾਰ ਅਤੇ ਜਨਮ-ਸਾਖੀਆਂ ਨੂੰ ਇੰਨ-ਬਿੰਨ ਸਹੀ ਨਹੀਂ ਮੰਨਿਆ ਜਾ ਸਕਦਾ। ਜਨਮ-ਸਾਖੀਆਂ ਵਿਚਲੀਆਂ ਕਈ ਅਣਹੋਣੀਆਂ ਅਤੇ ਅਤਿਕਥਨੀਆਂ ਨੇ ਸਾਖੀਆਂ ਪ੍ਰਤੀ ਸਾਡੀ ਪਹੁੰਚ ਨਾਕਾਰਾਤਮਕ ਬਣਾ ਦਿੱਤੀ ਹੈ। ਡਬਲਿਊ. ਐਚ. ਮੈਕਲੌਡ ਦੇ ਵਿਸ਼ਲੇਸ਼ਣ ਪਿਛੋਂ ਜਨਮ-ਸਾਖੀਆਂ ਵੱਲ ਸਿੱਖ ਵਿਦਵਾਨਾਂ ਦਾ ਧਿਆਨ ਵਧੇਰੇ ਖਿੱਚਿਆ ਗਿਆ ਹੈ ਤੇ ਇਸ ਅਹਿਮ ਤੱਥ ਵੱਲ ਗੌਰ ਕੀਤਾ ਜਾ ਰਿਹਾ ਹੈ ਕਿ ਸਾਡੀਆਂ ਮੌਖਿਕ ਰਵਾਇਤਾਂ ਨੂੰ ਉਕਾ ਨਕਾਰਿਆ ਨਹੀਂ ਜਾ ਸਕਦਾ। ਉਂਜ ਜੇ ਗਹੁ ਨਾਲ ਵਾਚੀਏ ਤਾਂ ਮੈਕਲੌਡ ਵੀ ਮੰਨਦਾ ਹੈ ਕਿ ਜਨਮ-ਸਾਖੀਆਂ 'ਚ ਦਿੱਤਾ ਬਹੁਤ ਕੁਝ ਅਜਿਹਾ ਹੈ, ਜਿਸ ਨੂੰ ਦਲੀਲ ਨਾਲ ਨਿਤਾਰਨ ਦੀ ਲੋੜ ਹੈ।

ਗੁਰੂ ਨਾਨਕ ਜਦ ਸੁਲਤਾਨਪੁਰ ਲੋਧੀ ਵਿਖੇ ਮੋਦੀ ਦੇ ਤੌਰ 'ਤੇ ਪ੍ਰਭੂ ਦਾ ਸਿਮਰਨ ਕਰਨ ਦੇ ਨਾਲ ਆਪਣੀ ਜਿੰਮੇਵਾਰੀ ਬਾਖੂਬੀ ਨਿਭਾ ਰਹੇ ਸਨ ਤਾਂ ਇੱਕ ਵਿਸ਼ੇਸ਼ ਦਿਨ ਉਨ੍ਹਾਂ 'ਤੇ ਪਰਮਾਤਮਾ ਵੱਲੋਂ ਅਸਲੀ ਅਹਿਮ ਕਾਰਜ ਨਿਭਾਏ ਜਾਣ ਦਾ ਅਹਿਸਾਸ ਭਰ ਗਿਆ। ਇਸ ਘਟਨਾ ਨੂੰ ਸਿੱਖ ਜਗਤ 'ਚ ਵੇਈਂ ਪ੍ਰਵੇਸ਼ ਵਾਲੀ ਸਾਖੀ ਵਜੋਂ ਜਾਣਿਆ ਜਾਂਦਾ ਹੈ। ਇਹ ਉਨ੍ਹਾਂ ਦੀ ਨਿਰੰਤਰ ਭਗਤੀ, ਗਹਿਰੇ ਚਿੰਤਨ-ਮੰਥਨ ਅਤੇ ਦੁਨਿਆਵੀ ਵਿਸ਼ਲੇਸ਼ਣ ਦੇ ਫੈਸਲਾਕੁਨ ਦਿਨ ਸਨ। ਤਿੰਨ ਦਿਨਾ ਜਾਂ ਸੱਤ ਦਿਨਾ ਚਿੰਤਨ ਪਿਛੋਂ ਉਨ੍ਹਾਂ ਨੇ "ਇਕ ਓਂਕਾਰ" ਦਾ ਸੰਦੇਸ਼ ਦਿੱਤਾ, "ਨ ਕੋ ਹਿੰਦੂ ਨਾ ਮੁਸਲਮਾਨ" ਦਾ ਨਾਅਰਾ ਬੁਲੰਦ ਕੀਤਾ ਅਤੇ ਠੋਕ ਵਜਾ ਕੇ ਕਿਹਾ, "ਏਕੋ ਸਿਮਰੋ ਨਾਨਕਾ ਦੂਜਾ ਨਾਹੀ ਕੋਇ॥"

ਆਪਣੇ ਪ੍ਰਵਚਨ ਸਾਰੀ ਦੁਨੀਆਂ ਵਿਚ ਪ੍ਰਚਾਰਨ/ਪ੍ਰਸਾਰਨ ਲਈ ਚਾਰ ਉਦਾਸੀਆਂ 'ਤੇ ਚੱਲਣ ਤੋਂ ਪਹਿਲਾਂ ਉਨ੍ਹਾਂ ਉਦਾਸੀ ਪਹਿਰਾਵਾ ਧਾਰ ਲਿਆ। ਹਾਲਾਂਕਿ ਗੁਰੂ ਜੀ ਲਈ ਬਾਹਰੀ ਦਿੱਖ ਕੋਈ ਬਹੁਤੇ ਅਰਥ ਨਹੀਂ ਸੀ ਰੱਖਦੀ, ਪਰ ਇਹ ਯਾਦ ਰੱਖਣਾ ਵੀ ਜ਼ਰੂਰੀ ਹੈ ਕਿ ਹਰ ਸਮਾਜ ਵਿਚ ਪਹਿਰਾਵਾ ਵੀ ਕਈ ਸੰਕੇਤਾਂ ਦਾ ਮੁਜੱਸਮਾ ਹੁੰਦਾ ਹੈ। ਭਾਈ ਗੁਰਦਾਸ ਇਸ ਬਾਰੇ ਫੁਰਮਾਉਂਦੇ ਹਨ, "ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।" ਲੰਬੀਆਂ-ਚੌੜੀਆਂ ਉਦਾਸੀਆਂ ਉਪਰੰਤ ਜਦ ਗੁਰੂ ਜੀ ਵਾਪਸ ਕਰਤਾਰਪੁਰ ਪਹੁੰਚੇ ਤਾਂ ਉਨ੍ਹਾਂ ਉਦਾਸੀਆਂ ਵਾਲਾ ਬਾਣਾ ਉਤਾਰ ਕੇ ਗ੍ਰਿਹਸਤੀਆਂ ਵਾਲਾ ਪਹਿਰਾਵਾ ਪਹਿਨ ਲਿਆ, "ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖ ਉਦਾਸੀ ਸਗਲ ਉਤਾਰਾ।" ਸਾਫ ਜਾਹਰ ਹੈ ਕਿ ਗੁਰੂ ਜੀ ਪਹਿਰਾਵੇ ਨੂੰ ਬਣਦਾ ਮਹੱਤਵ ਦਿੰਦੇ ਸਨ।

ਭਾਈ ਮਿਹਰਬਾਨ ਵਾਲੀ ਜਨਮ ਸਾਖੀ ਵੇਈਂ ਪ੍ਰਵੇਸ਼ ਬਾਰੇ ਇੰਜ ਬੋਲਦੀ ਹੈ, "ਜਦਿ ਬਾਬਾ ਨਾਨਕ ਜੀ ਇਸਨਾਨ ਕਰਿ ਨਿਕਲਤਾ ਤਬ ਚਾਕਰ ਕੱਪੜੇ ਅਗੈ ਆਣਿ ਧਰਤਾ। ਬਾਬਾ ਨਾਨਕ ਜੀ ਪਗ ਬਾਂਧਿ ਕਰ ਧੋਤੀ ਕਰਿ ਕਰਿ, ਚਾਦਰ ਓਢਿ ਕਰਿ, ਤਰਪਨ ਨੇਮ ਗਾਇਤਰੀ ਪੜ ਕਰਿ,...ਬਾਹਰ ਦਰਿਆਵ ਉਪਰਿ ਆਤਾ...।"

ਉਸ ਵਿਸ਼ੇਸ਼ ਦਿਨ, ਜਿਸ ਦਿਨ ਬਾਰੇ ਕਿਹਾ ਜਾਂਦਾ ਹੈ ਕਿ ਗੁਰੂ ਜੀ ਤਿੰਨ ਦਿਨ ਲਈ ਵੇਈਂ ਵਿਚ ਅਲੋਪ ਹੋ ਗਏ ਅਤੇ ਪਰਮਾਤਮਾ ਨਾਲ ਰੂਬਰੂ ਹੋਏ, ਸਾਖੀਕਾਰ ਇਸ ਤਰ੍ਹਾਂ ਲਿਖਦਾ ਹੈ, "...ਜਿਉਂ ਕੱਪੜੇ ਉਤਾਰਿ ਨਫਰ ਕਉ ਪਕੜਾਏ ਜੂੜਾ ਕਰਿ ਕਰਿ ਜਿਉ ਦਰੀਆਵ ਵਿਚ ਦੁਬਕੀ ਮਾਰੀ ਤਿਉ ਫੇਰਿ ਨਾ ਨਿਕਲਿਆ...।"

ਪ੍ਰੋ. ਸਾਹਿਬ ਸਿੰਘ ਆਪਣੀ ਪੁਸਤਕ "ਜੀਵਨ-ਬਿਰਤਾਂਤ: ਗੁਰੂ ਨਾਨਕ ਦੇਵ ਜੀ" ਵਿਚ ਇਕ ਫੁਟ-ਨੋਟ ਰਾਹੀਂ ਵਿਸ਼ੇਸ਼ ਕਥਨ ਕਰਦੇ ਹਨ, "ਇਹ ਜਨਮ-ਸਾਖੀ ਬਾਬਾ ਪ੍ਰਿਥੀ ਚੰਦ ਦੇ ਪੁੱਤਰ ਬਾਬਾ ਮੇਹਰਬਾਨ ਦੀ ਲਿਖਾਈ ਹੋਈ ਹੈ। ਪਾਠਕ ਲਫਜ਼ 'ਜੂੜਾ' ਵੱਲ ਧਿਆਨ ਦੇਣ। ਗੁਰੂ ਨਾਨਕ ਦੇਵ ਜੀ ਕੇਸਾਧਾਰੀ ਸਨ।"

ਭਾਈ ਗੁਰਦਾਸ ਆਪਣੀ 32ਵੀਂ ਵਾਰ ਵਿਚ ਪੰਜਾਬ ਤੇ ਮਿਸਰ ਸਮੇਤ ਹੋਰ ਕਈ ਦਸਤਾਰਧਾਰੀ ਸਮਾਜਾਂ ਵਿਚ ਪ੍ਰਚਲਿਤ ਰਿਵਾਜ ਬਾਰੇ ਲਿਖਦੇ ਹਨ ਕਿ ਨੰਗੇ ਸਿਰ ਦਾ ਕੀ ਅਰਥ ਲਿਆ ਜਾਂਦਾ ਹੈ,

ਠੰਢੇ ਖੂਹਹੁ ਨਾਇ ਕੈ
ਪਗ ਵਿਸਾਰਿ ਆਇਆ ਸਿਰਿ ਨੰਗੈ।
ਘਰ ਵਿਚਿ ਰੰਨਾ ਕਮਲੀ
ਧੁਸੀ ਲੀਤੀ ਦੇਖਿ ਕੁਢੰਗੈ।
ਰੰਨਾ ਦੇਖਿ ਪਿਟੰਦੀਆ
ਢਾਹਾ ਮਾਰੈ ਹੋਇ ਨਿਸੰਗੈ।
ਲੋਕ ਸਿਆਪੇ ਆਇਆ
ਰੰਨਾ ਪੁਰਸ ਜੁੜੇ ਲੈ ਪੰਗੈ।
ਨਾਇਣ ਪੁਛਦੀ ਪਿਟਦੀਆ
ਕਿਸੇ ਦੈ ਨਾਇ ਅਲ੍ਹਾਣੀ ਅੰਗੈ।
ਸਹੁਰੇ ਪੁਛਹੁ ਜਾਇ ਕੈ
ਕਉਣ ਮੁਆ ਨੂਹ ਉਤਰ ਮੰਗੈ।
ਕਾਵਾ ਰੌਲਾ ਮੂਰਖ ਸੰਗੈ।੧੯।

ਜਦ ਜੈ ਰਾਮ ਨੂੰ ਗੁਰੂ ਨਾਨਕ ਦੇ ਵੇਈਂ ਵਿਚ ਡੁੱਬਣ ਦੀ ਖਬਰ ਮਿਲੀ ਤਾਂ ਉਨ੍ਹਾਂ ਦੀ ਪ੍ਰਤੀਕ੍ਰਿਆ ਵੀ ਧਿਆਨ ਮੰਗਦੀ ਹੈ, "ਤਬ ਜੈ ਰਾਮ ਕਉ ਖਬਰ ਭਈ, ਉਨਿ ਲਾਹ ਪਗ ਭੁਇੰ ਨਾਲ ਮਾਰੀ, ਸਿਆਪਾ ਹੂਆ...।" ਉਧਰੋਂ ਜਦ ਨਵਾਬ ਦੌਲਤ ਖਾਨ ਤੱਕ ਗੁਰੂ ਜੀ ਦੇ ਵੇਈਂ ਵਿਚ ਗੁੰਮ ਹੋ ਜਾਣ ਦੀ ਖਬਰ ਪਹੁੰਚੀ ਤਾਂ ਉਸ ਨੇ ਜੈ ਰਾਮ ਨੂੰ ਬੁਲਾਵਾ ਭੇਜਿਆ। "ਤਬ ਜੈ ਰਾਮ ਸਿਰਿ ਪਟੁਕੈ ਬਧੇ ਦਵਲਤ ਖਾਨਿ ਪਾਸਿ ਜਾਇ ਖੜਾ ਹੋਆ।" ਸਭ ਪਾਸੇ ਹਾਹਾਕਾਰ ਮੱਚ ਗਈ। ਸਾਰਾ ਦਿਨ ਢੂੰਡਣ ਪਿਛੋਂ ਦੌਲਤ ਖਾਨ ਲੋਧੀ ਨੇ ਜੈ ਰਾਮ ਨੂੰ ਦਮ-ਦਿਲਾਸਾ ਦਿੱਤਾ ਤੇ ਸਿਰ ਪੱਗ ਬੰਨਵਾਈ, "ਚਾਰ ਪਹਰਿ ਦਿਨਿ ਦਵਲਤ ਖਾਨ ਢੂਢਿ ਰਹਿਆ ਦਰੀਆਉ; ਸਾਂਝਿ ਕਉ ਘਰਿ ਆਇਆ। ਆਇ ਕਰ ਜੈ ਰਾਮ ਕਉ ਸਰਪਾਉ ਪਹਰਾਇਆ।"

ਜਦ ਗੁਰੂ ਜੀ ਦੇ ਫਕੀਰ ਹੋਣ ਦੀ ਖਬਰ ਤਲਵੰਡੀ ਪਹੁੰਚੀ ਤਾਂ ਮਹਿਤਾ ਕਾਲੂ ਫਿਕਰਮੰਦ ਹੋ ਗਏ। ਉਨ੍ਹਾਂ ਭਾਈ ਮਰਦਾਨੇ ਨੂੰ ਸੁਲਤਾਨਪੁਰ ਲੋਧੀ ਖਬਰ ਲੈਣ ਲਈ ਭੇਜਿਆ। "ਮਰਦਾਨਾ ਆਇ ਨਾਨਕ ਨੁ ਮਿਲਿਆ, ਆਖਿਆ, ਨਾਨਕ ਜੀ ਯਹ ਕਿਆ ਕੀਤੋਸੁ। ਚੰਗੇ ਭਲਿਆ ਛਡਿ ਕੇ ਅੰਗੋਛਾ ਸਿਰਿ ਬੰਧਿਓ।" ਉਨ੍ਹਾਂ ਦਾ ਸਿਰ-ਵਸਤਰ 'ਅੰਗੋਛਾ' ਫਕੀਰੀ ਧਾਰਨ ਦਾ ਸੰਕੇਤ ਸੀ।

ਸਾਫ ਜਾਹਰ ਹੈ ਕਿ ਭਾਈਆ ਜੈ ਰਾਮ ਅਤੇ ਗੁਰੂ ਨਾਨਕ ਦੇਵ ਦੋਨੋਂ ਦਸਤਾਰਧਾਰੀ ਸਨ ਤੇ ਅਜਿਹਾ ਪੇਸ਼ ਕਰਨ ਵਿਚ ਸਾਖੀਕਾਰ ਦਾ ਕੋਈ ਛੁਪਿਆ ਏਜੰਡਾ ਨਜ਼ਰ ਨਹੀਂ ਆਉਂਦਾ।

# ਪੰਜਾਬ ਜਾਗ੍ਰਿਤੀ ਲਹਿਰ ਅਤੇ ਯੂਰਪੀਅਨ ਰੈਨੇਸਾਂਸ ਲਹਿਰ

**ਗੁਰੂ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ 'ਤੇ**

## ਹਾਰ-ਜਿੱਤ ਦੀਆਂ ਜੜ੍ਹਾਂ ਵਿਚ

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

**ਜਾਣਕਾਰੀ ਤੇ ਪਿੱਠਭੂਮੀ:** ਇਸ ਲੇਖ ਲੜੀ ਦੇ ਹੁਣ ਤੱਕ ਦੇ ਲੇਖਾਂ ਤੋਂ ਸਪਸ਼ਟ ਹੋ ਚੁਕਾ ਹੈ ਕਿ ਪੰਜਾਬ ਜਾਗ੍ਰਿਤੀ ਲਹਿਰ ਤੇ ਰੈਨੇਸਾਂਸ ਲਹਿਰ ਇੱਕੋ ਜਿਹੇ ਚੱਜਾਂ, ਤੱਤਾਂ-ਅੰਸ਼ਾਂ, ਕੰਮਾਂ ਅਤੇ ਉਦੇਸ਼ਾਂ ਵਾਲੀਆਂ ਦੋ ਸਮਕਾਲੀ ਲਹਿਰਾਂ ਸਨ। ਇਸ ਦਿਲਚਸਪ ਪ੍ਰਸਥਿਤੀ ਦਾ ਲਾਭ ਉਠਾਉਂਦਿਆਂ ਅਸੀਂ ਇਨ੍ਹਾਂ ਲਹਿਰਾਂ ਦੇ ਤੁਲਨਾਤਮਕ ਵਿਸ਼ਲੇਸ਼ਣ ਰਾਹੀਂ ਸਮੁੱਚੇ ਰੂਪ ਵਿਚ ਇਨ੍ਹਾਂ ਲਹਿਰਾਂ ਦੀ ਕਾਮਯਾਬੀ ਜਾਂ ਨਾਕਾਮਯਾਬੀ ਦੇ ਮੁੱਖ ਲੱਛਣਾਂ ਦੀ ਪਛਾਣ ਤੇ ਜਾਂਚ-ਪੜਤਾਲ ਕੀਤੀ। ਇਨ੍ਹਾਂ ਲੱਛਣਾਂ ਤੋਂ ਅਸੀਂ ਲੱਭਿਆ ਕਿ ਸਾਂਝੇ ਚੱਜਾਂ, ਤੱਤਾਂ-ਅੰਸ਼ਾਂ, ਕੰਮਾਂ ਅਤੇ ਉਦੇਸ਼ਾਂ ਦੇ ਬਾਵਜੂਦ ਇਨ੍ਹਾਂ ਦੋ ਸਮਕਾਲੀ ਲਹਿਰਾਂ ਵਿਚੋਂ, ਸਪਸ਼ਟ ਤੌਰ 'ਤੇ ਰੈਨੇਸਾਂਸ ਲਹਿਰ ਆਪਣੇ ਉਦੇਸ਼ਾਂ ਦੀ ਪੂਰਤੀ ਵਿਚ ਕਾਮਯਾਬ ਹੋਈ, ਤੇ ਦੂਜੀ ਯਾਨਿ ਪੰਜਾਬ ਜਾਗ੍ਰਿਤੀ ਲਹਿਰ ਕੱਢ-ਪਾ ਕੇ ਬੁਰੀ ਤਰ੍ਹਾਂ ਫੇਲ੍ਹ; ਭਾਵੇਂ ਗੁਰੂ ਸਾਹਿਬਾਨ ਦੇ ਸਮੇਂ ਕਾਮਯਾਬੀ ਨਾਲ ਚਲਾਈ ਗਈ। ਇੰਜ ਕਿਉਂ ਹੋਇਆ? ਇਸ ਸਵਾਲ ਦਾ ਜਵਾਬ ਲੱਭਣਾ ਇਸ ਲੇਖ ਦਾ ਮੁੱਖ ਉਦੇਸ਼ ਹੈ।



**ਡਾ. ਸੁਖਪਾਲ ਸੰਘੇੜਾ***
dr.sukhpal.sanghera@gmail.com

ਇਸ ਸਵਾਲ ਦੇ ਜਵਾਬ ਦੀ ਤਲਾਸ਼ ਵਿਚ ਚੁਕਿਆ ਪਹਿਲਾ ਕਦਮ ਹੋਏਗਾ, ਇਹ ਸਵਾਲ ਪੁੱਛਣਾ: ਇਨ੍ਹਾਂ ਦੋ ਲਹਿਰਾਂ ਤੇ ਇਨ੍ਹਾਂ ਦੀ ਪਿੱਠਭੂਮੀ ਵਿਚ ਮੁੱਖ ਭਿੰਨਤਾ ਕੀ ਸੀ? ਇਤਿਹਾਸ ਦੀ ਫਿਲਮ ਪਿਛਾਂਹ ਨੂੰ ਮੋੜੋ, ਉਸ ਮੁਕਾਮ ਤੱਕ ਜਿੱਥੇ ਰੈਨੇਸਾਂਸ ਲਹਿਰ ਯੂਰਪ ਨੂੰ ਆਧੁਨਿਕ ਯੁੱਗ ਨਾਲ ਜੋੜਦੀ ਹੈ। ਇਸ ਮੁਕਾਮ 'ਤੇ ਖੜ੍ਹ ਕੇ ਅਸੀਂ ਅੱਗੇ ਅਤੇ ਪਿੱਛੇ ਨੂੰ ਝਾਤ ਮਾਰ ਕੇ ਪੰਜਾਬ ਜਾਗ੍ਰਿਤੀ ਲਹਿਰ ਤੇ ਰੈਨੇਸਾਂਸ ਲਹਿਰ ਵਿਚਾਲੇ ਮੁੱਖ ਉਚਿਤ ਭਿੰਨਤਾਵਾਂ ਦੀ ਸ਼ਨਾਖਤ ਕਰ ਸਕਾਂਗੇ। ਇਹੀ ਨਹੀਂ, ਅਸੀਂ ਹਰੇਕ ਪਛਾਣੀ ਭਿੰਨਤਾ ਦੀ ਜਾਂਚ ਕਰਾਂਗੇ ਕਿ ਉਹ ਕਿੰਜ ਜਿੱਤ ਜਾਂ ਹਾਰ ਦਾ ਕਾਰਨ ਬਣੀ?

**ਲਹਿਰ ਦਾ ਧਰਮ 'ਚ ਵਟਣਾ:** ਪੰਜਾਬ ਜਾਗ੍ਰਿਤੀ ਲਹਿਰ ਤੇ ਰੈਨੇਸਾਂਸ ਜਾਗ੍ਰਿਤੀ ਲਹਿਰ-ਦੋਵੇਂ ਮਾਨਵਵਾਦੀ ਲਹਿਰਾਂ ਅਧਿਆਤਮਵਾਦ ਦੇ ਘੇਰੇ ਵਿਚ ਹੀ ਸ਼ੁਰੂ ਹੋਈਆਂ। ਮਿਸਾਲ ਵਜੋਂ ਸਿੱਖ ਲਹਿਰ ਦੇ ਬਾਨੀ ਗੁਰੂ ਨਾਨਕ ਦੇਵ ਦੀ ਪਰਿਵਾਰਕ ਪਿੱਠਭੂਮੀ ਭਾਵੇਂ ਹਿੰਦੂ ਧਰਮ ਸੀ, ਪਰ ਉਹ ਕਿਸੇ ਵੀ ਖੁਦ ਸੰਗਠਿਤ ਧਰਮ ਦੇ ਪੈਰੋਕਾਰ ਨਹੀਂ ਸਨ, ਨਾ ਹੀ ਅਜਿਹੇ ਕਿਸੇ ਧਰਮ ਦੀ ਸਥਾਪਨਾ ਉਨ੍ਹਾਂ ਦਾ ਜਾਂ ਉਨ੍ਹਾਂ ਦੀ ਲਹਿਰ ਦਾ ਉਦੇਸ਼ ਸੀ। ਇਹੀਓ ਹਾਲ ਭਗਤਾਂ ਤੇ ਸੂਫੀ-ਫਕੀਰਾਂ ਦਾ ਸੀ। ਪੰਜਾਬ ਜਾਗ੍ਰਿਤੀ ਲਹਿਰ ਦੀ ਇਸ 'ਸੰਗਠਿਤ ਧਰਮ' ਰਹਿਤ ਨੀਤੀ ਦੀ ਗਵਾਹ, ਲਹਿਰ-ਸੰਚਾਲਕਾਂ ਦੇ ਕੰਮਾਂ ਦੇ ਨਾਲ ਗੁਰਬਾਣੀ ਵੀ ਹੈ,

ਨਾ ਹਮ ਹਿੰਦੂ ਨ ਮੁਸਲਮਾਨ॥
ਅਲਹ ਰਾਮ ਕੇ ਪਿੰਡੁ ਪਰਾਨ॥
(ਪੰਨਾ 1136)

ਗੁਰਬਾਣੀ ਵਿਚ ਇਸ ਅਤੇ ਇਸ ਤੋਂ ਪਹਿਲੀਆਂ ਦੋ ਟੂਕਾਂ ਦਾ ਭਾਵ ਹੈ-ਮੈਂ ਕਿਸੇ ਧਰਮ ਦੀਆਂ ਰੀਤਾਂ, ਜਿਵੇਂ ਰੋਜੇ, ਤੀਰਥ ਯਾਤਰਾ, ਪੂਜਾ ਆਦਿ ਨਹੀਂ ਨਿਭਾਉਂਦਾ। ਮੈਂ ਅਜਿਹੇ ਕਿਸੇ ਧਰਮ, ਹਿੰਦੂਵਾਦ, ਇਸਲਾਮ ਆਦਿ ਨੂੰ ਨਹੀਂ, ਸਿਰਫ ਇਕ ਰੱਬ ਨੂੰ ਮੰਨਦਾ ਹਾਂ।

ਰੈਨੇਸਾਂਸ ਲਹਿਰ ਦੇ ਮਾਨਵਵਾਦੀ, ਭਾਵੇਂ ਚਰਚ ਦੀਆਂ ਕੁਰੀਤੀਆਂ, ਦੁਰਵਰਤੋਂ ਤੇ ਦੁਰਵਿਹਾਰ ਵਿਰੁਧ ਤਰਕ ਦਾ ਹੱਲਾ ਬੋਲ ਰਹੇ ਸਨ, ਪਰ ਉਹ ਇਸਾਈ ਧਰਮ ਦੇ ਪੈਰੋਕਾਰ ਸਨ। ਅਧਿਆਤਮਵਾਦ ਦੇ ਘੇਰੇ ਵਿਚ ਸ਼ੁਰੂ ਹੋਈਆਂ ਇਹ ਦੋ ਮਾਨਵਵਾਦੀ ਲਹਿਰਾਂ ਧਰਮ ਦੇ ਦ੍ਰਿਸ਼ਟੀਕੋਣ ਤੋਂ, ਸਮਾਂ ਪਾ ਕੇ ਦੋ ਵਿਰੋਧੀ ਦਿਸ਼ਾਵਾਂ ਵਿਚ ਵਿਕਸਿਤ ਹੋਈਆਂ। ਯੂਰਪ ਵਿਚ ਜਦੋਂ ਵਿਗਿਆਨਕ ਖੋਜਾਂ ਨੇ ਸਿੱਧ ਕਰਨਾ ਸ਼ੁਰੂ ਕਰ ਦਿੱਤਾ ਕਿ ਧਰਤੀ ਬ੍ਰਹਿਮੰਡ ਦਾ ਕੇਂਦਰ ਨਹੀਂ ਹੈ ਤਾਂ ਚਰਚ ਲੀਡਰਾਂ ਨੇ ਸ਼ੱਰੇਆਮ ਵਿਗਿਆਨ ਖਿਲਾਫ ਖੜ੍ਹੇ ਹੋ ਕੇ ਇਨ੍ਹਾਂ ਖੋਜਾਂ ਨਾਲ ਸਬੰਧਿਤ ਵਿਗਿਆਨੀਆਂ ਨੂੰ ਖੱਜਲ-ਖੁਆਰ ਕਰਨਾ ਸ਼ੁਰੂ ਕਰ ਦਿੱਤਾ; ਚਰਚ ਲੀਡਰਾਂ ਦੀ ਸਮਝ ਅਨੁਸਾਰ ਇਹ ਸੱਚ ਬਾਈਬਲ ਵਿਚ ਪੇਸ਼ ਕੀਤੇ ਬ੍ਰਹਿਮੰਡ ਦੇ ਮੱਤ ਦੇ ਸੂਤ ਨਹੀਂ ਸੀ ਬਹਿੰਦਾ।

ਰੈਨੇਸਾਂਸ ਮਾਨਵਵਾਦੀ ਲਹਿਰ ਨੇ ਆਪਣੀ ਤਰਕਸ਼ੀਲਤਾ 'ਤੇ ਪਹਿਰਾ ਦਿੰਦਿਆਂ ਚਰਚ ਵਲੋਂ ਲਏ ਵਿਗਿਆਨ ਵਿਰੋਧੀ ਸਟੈਂਡ ਨੂੰ ਰੱਦ ਕਰਦਿਆਂ ਵਿਗਿਆਨ ਦਾ ਸਾਥ ਦਿੱਤਾ। ਇਸ ਤਰ੍ਹਾਂ ਹੌਲੀ ਹੌਲੀ ਮਾਨਵਵਾਦੀ ਲਹਿਰ ਅਧਿਆਤਮਵਾਦ ਦੇ ਘੇਰੇ ਤੋਂ ਬਾਹਰ ਹੋ ਨਿਕਲੀ। ਰੈਨੇਸਾਂਸ ਮਾਨਵਵਾਦੀਆਂ ਦੀ ਤਰਕਸ਼ੀਲ ਸੋਚ ਤੇ ਵਿਗਿਆਨਕ ਖੋਜਾਂ ਦੇ ਜ਼ਰੀਏ ਯੂਰਪ ਨੇ ਖੇਤਰ ਵਿਚ ਤਰੱਕੀ ਕੀਤੀ, ਤੇ ਨਤੀਜੇ ਵਜੋਂ ਯੂਰਪ ਅਤੇ ਹੋਰ ਪੱਛਮੀ ਦੇਸ਼ਾਂ ਦੇ ਚਿੰਤਕ ਤੇ ਲੋਕ ਜ਼ਿਆਦਾਤਰ ਵਿਗਿਆਨਕ ਤੇ ਭਵਿੱਖਮੁਖੀ ਸੋਚ ਅਪਨਾਉਂਦੇ ਗਏ। ਇਸ ਤਰ੍ਹਾਂ ਰੈਨੇਸਾਂਸ ਨੇ ਹੌਲੀ ਹੌਲੀ ਯੂਰਪ ਨੂੰ ਮੱਧਕਾਲੀ ਯੁੱਗ ਵਿਚੋਂ ਕੱਢ ਕੇ ਆਧੁਨਿਕ ਯੁੱਗ ਨਾਲ ਜੋੜ ਦਿੱਤਾ।

ਗੁਰੂ ਨਾਨਕ ਨੇ ਸੰਸਥਾਗਤ ਧਰਮਾਂ ਤੋਂ ਉਪਰ ਉਠਦਿਆਂ ਇਨ੍ਹਾਂ ਦੀਆਂ ਕੁਰੀਤੀਆਂ ਅਤੇ ਹੋਰ ਸਮਾਜਕ ਤੇ ਰਾਜਨੀਤਕ ਬੁਰਾਈਆਂ ਦਾ ਵਿਰੋਧ ਕਰ ਕੇ ਵਿਸ਼ਵ ਸੁਭਾਅ ਵਾਲੀ ਇਕ ਮਾਨਵਵਾਦੀ ਲਹਿਰ ਸ਼ੁਰੂ ਕੀਤੀ, ਜਿਹਨੂੰ ਜਾਰੀ ਰੱਖਦਿਆਂ ਹੋਰ ਗੁਰੂ ਸਾਹਿਬਾਨ ਨੇ ਅੱਗੇ ਵਧਾਇਆ। ਗੁਰੂ ਸਾਹਿਬਾਨ ਦੀ ਅਗਵਾਈ ਵਿਚ ਇਹ ਲਹਿਰ ਦੋ ਸਦੀਆਂ ਤੋਂ ਵੀ ਲੰਬੇ ਅਰਸੇ ਤਕ ਸਫਲਤਾ ਨਾਲ ਚੱਲੀ। ਇਸ ਲਹਿਰ ਦੀ ਪੰਜਾਬੀ ਸਮਾਜ ਸਣੇ ਭਾਰਤੀ ਸਮਾਜ ਤੇ ਸਮੁੱਚੀ ਮਨੁੱਖਤਾ ਨੂੰ ਵਡਮੁੱਲੀ ਇਤਿਹਾਸਕ ਦੇਣ ਹੈ। ਹੇਠਾਂ ਦਰਜ ਕੁਝ ਤੱਥਾਂ ਨੂੰ ਵੱਖ ਵੱਖ ਇਤਿਹਾਸਕਾਰ ਤੇ ਵਿਦਵਾਨ ਆਪੋ-ਆਪਣੇ ਢੰਗਾਂ, ਵਿਆਖਿਆਵਾਂ ਨਾਲ ਪੇਸ਼ ਕਰ ਸਕਦੇ ਹਨ, ਪਰ ਇਹ ਇਤਿਹਾਸਕ ਸੱਚਾਈਆਂ ਹਨ।

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਜਲਦੀ ਹੀ ਗੁਰੂ ਸਾਹਿਬਾਨ ਦੀ ਸਿੱਖ ਮਾਨਵਵਾਦੀ ਲਹਿਰ ਦਾ ਪਤਨ ਸ਼ੁਰੂ ਹੋ ਗਿਆ, ਜਦੋਂ ਇਹਦੇ 'ਤੇ ਦੋ ਪਾਸੜ ਹਮਲਾ ਹੋਇਆ-ਸਿਆਸੀ ਤੇ ਸਮਾਜਕ। ਸਿਆਸੀ ਪਾਸਿਓਂ ਸੰਨ 1716 'ਚ ਬੰਦਾ ਬਹਾਦਰ ਦੀ ਸ਼ਹੀਦੀ ਪਿਛੋਂ ਮੁਗਲ ਹਕੂਮਤ ਨੇ ਹਕੂਮਤ ਵਿਰੁਧ ਲੜਦੇ ਸਿੱਖਾਂ 'ਤੇ ਪਰਿਵਾਰਾਂ ਸਮੇਤ ਅੰਨਾ ਜ਼ੁਲਮ ਢਾਹਿਆ। ਫਿਰ ਵੀ ਸਿੱਖਾਂ ਨੇ ਜਿਵੇਂ-ਕਿਵੇਂ ਆਪਣੀ ਹੋਂਦ ਨੂੰ ਕਾਇਮ ਰੱਖਦਿਆਂ ਹੱਕ-ਸੱਚ ਲਈ ਤੇ ਜ਼ੁਲਮ ਵਿਰੁਧ ਸੰਘਰਸ਼ ਜਾਰੀ ਰੱਖਿਆ। ਹਥਿਆਰਬੰਦ ਸਿੱਖ ਲਹਿਰ ਨੂੰ ਪੂਰੀ ਤਰ੍ਹਾਂ ਮਲੀਆ ਮੇਟ ਕਰਨ ਵਿਚ ਅਸਫਲ ਰਹੀ ਹਕੂਮਤ ਵਲੋਂ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਨੇ ਸੰਨ 1733 ਈਸਵੀ ਵਿਚ ਸਿੱਖਾਂ ਅੱਗੇ ਤਿੰਨ ਪਰਗਣਿਆਂ ਦੀ ਜਗੀਰ ਭੇਟਾ ਦੀ ਪੇਸ਼ਕਸ਼ ਰੱਖੀ, ਜੋ ਕੁਝ ਝਿਜਕ ਪਿਛੋਂ ਸਵੀਕਾਰ ਕਰ ਲਈ ਗਈ। ਇੰਜ ਕਪੂਰ ਸਿੰਘ, ਨਵਾਬ ਕਪੂਰ ਸਿੰਘ ਬਣ ਗਿਆ। ਇਤਿਹਾਸਕਾਰਾਂ ਤੇ ਵਿਦਵਾਨਾਂ ਮੁਤਾਬਕ ਇਹ ਸਿੱਖ ਲਹਿਰ ਦੇ ਨਿਘਾਰ ਦੀ ਸ਼ੁਰੂਆਤ ਸੀ; ਸਿੱਖਾਂ ਵਿਚ ਉਪਜੀ ਰਾਜ-ਸੱਤਾ ਦੀ ਲਾਲਸਾ ਨੇ ਮਾਨਵਵਾਦੀ ਸਿੱਖ ਲਹਿਰ ਦੇ ਉਦੇਸ਼ਾਂ ਨੂੰ ਢਾਹ ਲਾਉਣੀ ਸ਼ੁਰੂ ਕਰ ਦਿੱਤੀ।

ਸਮਾਜਕ ਪਾਸਿਓਂ, ਗੁਰੂ ਸਾਹਿਬਾਨ ਦੇ ਸਮੇਂ ਦੌਰਾਨ ਹੀ ਸਿੱਖ ਮਾਨਵਵਾਦੀ ਲਹਿਰ ਨੂੰ ਢਾਹ ਲਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਸਨ। ਮਿਸਾਲ ਵਜੋਂ ਵਿਸਤ੍ਰਿਤ ਸਿੱਖ ਲਹਿਰ ਵਿਚ ਉਠੀਆਂ ਵਿਰੋਧੀ ਧਿਰਾਂ, ਜਿਵੇਂ ਉਦਾਸੀ, ਮੀਣੇ ਅਤੇ ਹੰਦਾਲੀਏ ਫਿਰਕਿਆਂ ਵੱਲੋਂ ਪੇਸ਼ ਕੀਤੀਆਂ ਜਨਮ ਸਾਖੀਆਂ, ਜਿਨ੍ਹਾਂ ਵਿਚ ਗੁਰੂ ਨਾਨਕ ਬਾਰੇ ਕੁਝ ਮਨਘੜਤ ਕਰਾਮਾਤੀ ਕਹਾਣੀਆਂ ਪੇਸ਼ ਕੀਤੀਆਂ ਗਈਆਂ। ਇਨ੍ਹਾਂ ਧਿਰਾਂ ਦੇ ਮੰਤਵਾਂ ਦਾ ਅੰਦਾਜ਼ਾ ਲਾਉਣ ਲਈ, ਮਿਸਾਲ ਵਜੋਂ, ਨੋਟ ਕਰੋ ਕਿ ਉਦਾਸੀ ਫਿਰਕੇ ਦੇ ਪੈਰੋਕਾਰਾਂ ਨੂੰ ਬ੍ਰਾਹਮਣੀ ਫਲਸਫੇ ਤੇ ਰਹੁ-ਰੀਤਾਂ ਵਿਚ ਸਿਖਲਾਈ ਦਿੱਤੀ ਜਾਂਦੀ ਸੀ।

ਜਦੋਂ ਯੂਰਪ ਆਧੁਨਿਕ ਯੁੱਗ ਵਿਚ ਪ੍ਰਵੇਸ਼ ਕਰ ਰਿਹਾ ਸੀ, ਉਸ ਸਮੇਂ ਦੌਰਾਨ 1738 ਈਸਵੀ ਵਿਚ ਭਾਈ ਮਨੀ ਸਿੰਘ ਦੀ ਸ਼ਹੀਦੀ ਪਿਛੋਂ ਹਕੂਮਤ ਵਲੋਂ ਕੀਤੀ ਜਾ ਰਹੀ ਸਖਤੀ ਕਾਰਨ ਸਿੱਖੀ ਭੇਸ ਵਿਚ ਦਰਬਾਰ ਸਾਹਿਬ ਤੇ ਹੋਰ ਸਿੱਖ ਕੇਂਦਰਾਂ ਦਾ ਸੰਚਾਲਨ ਕਰਨਾ ਮੁਸ਼ਕਿਲ ਹੋ ਗਿਆ ਸੀ। ਇਸ ਮੌਕੇ ਦਾ ਫਾਇਦਾ ਉਠਾਉਂਦਿਆਂ ਨਿਰਮਲੇ ਬ੍ਰਾਹਮਣ ਪੁਜਾਰੀ ਤੇ ਉਦਾਸੀ ਫਿਰਕੇ ਦੇ ਸੰਚਾਲਕ ਦਰਬਾਰ ਸਾਹਿਬ ਅਤੇ ਹੋਰ ਸਿੱਖ ਕੇਂਦਰਾਂ ਵਿਚ ਘੁਸਪੈਠ ਕਰ ਗਏ। ਇੰਜ ਉਨ੍ਹਾਂ ਨੇ ਇਨ੍ਹਾਂ ਸਿੱਖ ਕੇਂਦਰਾਂ 'ਚ 'ਪੁਜਾਰੀਆਂ' ਦਾ ਧੰਦਾ ਸ਼ੁਰੂ ਕਰ ਦਿੱਤਾ; ਸਿੱਖ ਲਹਿਰ ਪ੍ਰਚਾਰ ਕੇਂਦਰ ਪੂਜਾ-ਅਸਥਾਨ ਬਣ ਗਏ, ਉਥੇ ਚੜ੍ਹਾਵਾ ਚੜ੍ਹਨਾ ਸ਼ੁਰੂ ਹੋ ਗਿਆ, ਤੇ ਨਾਲ ਹੀ ਬ੍ਰਾਹਮਣਵਾਦੀ ਰਹੁ-ਰੀਤਾਂ ਲਾਗੂ ਹੋ ਗਈਆਂ। ਯਾਦ ਰਹੇ, ਗੁਰੂ ਸਾਹਿਬਾਨ ਵਲੋਂ ਚਲਾਈ ਗਈ ਮਾਨਵਵਾਦੀ ਲਹਿਰ ਵਿਚ ਪੁਜਾਰੀਆਂ ਜਾਂ ਬ੍ਰਾਹਮਣਵਾਦ ਲਈ ਕੋਈ ਥਾਂ ਨਹੀਂ, ਸਗੋਂ ਗੁਰੂ ਸਾਹਿਬਾਨ ਸਣੇ ਪੰਜਾਬ ਜਾਗ੍ਰਿਤੀ ਲਹਿਰ ਦੇ ਸੰਚਾਲਕਾਂ ਨੇ ਪੁਜਾਰੀਆਂ ਅਤੇ ਬ੍ਰਾਹਮਣਵਾਦ ਦੀਆਂ ਕੁਰੀਤੀਆਂ ਤੇ ਪਖੰਡਾਂ ਦਾ ਵਿਰੋਧ ਕੀਤਾ। ਇਸ ਤਰ੍ਹਾਂ ਨਿਰਮਲੇ ਬ੍ਰਾਹਮਣ ਪੁਜਾਰੀਆਂ ਤੇ ਉਦਾਸੀ ਫਿਰਕੇ ਨੇ ਸਿੱਖੀ ਦੇ ਸਥਾਪਤ ਕੀਤੇ ਪ੍ਰਚਾਰ ਕੇਂਦਰਾਂ 'ਤੇ ਕਬਜ਼ਾ ਕਰਕੇ ਉਨ੍ਹਾਂ ਨੂੰ ਪੂਜਾ-ਅਸਥਾਨਾਂ ਵਿਚ ਬਦਲ ਦਿੱਤਾ; ਹਿੰਦੂ ਮੰਦਿਰਾਂ ਵਾਂਗ ਹੀ ਉਥੇ ਭਾਂਤ ਭਾਂਤ ਦੇ ਕਰਮ-ਕਾਂਡ ਤੇ ਰੀਤੀਆਂ ਸ਼ੁਰੂ ਕਰ ਦਿੱਤੀਆਂ, ਜੋ ਸਿੱਖੀ ਵਿਚ ਉਨ੍ਹਾਂ ਬ੍ਰਾਹਮਣਵਾਦੀ ਰਹੁ-ਰੀਤਾਂ ਦਾ ਅਰੰਭ ਸੀ, ਜਿਨ੍ਹਾਂ ਦਾ ਜ਼ਿਕਰ ਪਿਛਲੇ ਲੇਖ ਵਿਚ ਕੀਤਾ ਗਿਆ ਹੈ।



***ਭੂਤਮੁਖੀ ਪਹੁੰਚ: ਜੋ ਕੌਮਾਂ ਅੱਜ ਦੀਆਂ ਸਮੱਸਿਆਵਾਂ ਦੇ ਹੱਲ ਭੂਤ ਦੇ ਖੰਡਰਾਂ 'ਚੋਂ ਤਲਾਸ਼ਦੀਆਂ ਹਨ, ਉਸ ਖੰਡਰ ਹੀ ਰਹਿੰਦੀਆਂ ਨੇ ਜਾਂ ਖੰਡਰ ਹੋ ਜਾਂਦੀਆਂ ਨੇ।***

ਇੰਜ 18ਵੀਂ ਸਦੀ ਵਿਚ ਗੁਰੂ ਸਾਹਿਬਾਨ ਦੀ ਮਾਨਵਵਾਦੀ ਲਹਿਰ ਸਿਆਸੀ ਪਾਸਿਓਂ ਕਪੂਰ ਸਿੰਘ ਦੇ 'ਨਵਾਬ' ਬਣ ਜਾਣ ਤੋਂ ਸ਼ੁਰੂ ਹੋ ਕੇ ਹੌਲੀ ਹੌਲੀ ਸਿੱਖ ਮਿਸਲਾਂ ਵਿਚ ਵਟ ਗਈ, ਤੇ ਸਮਾਜਕ ਪੱਖੋਂ ਸਿੱਖੀ ਬਰਾਂਡ ਵਾਲੇ ਬ੍ਰਾਹਮਣਵਾਦ ਨਾਲ ਪ੍ਰਫੁਲਿਤ ਸੰਸਥਾਗਤ ਧਰਮ ਵਿਚ। ਇਹ ਸਭ ਕੁਝ ਹੋ ਚੁਕਾ ਸੀ, ਸੰਨ 1799 ਵਿਚ ਸ਼ੁਕਰਚੱਕੀਆ ਮਿਸਲ ਦੇ ਮਿਸਲਦਾਰ ਰਣਜੀਤ ਸਿੰਘ ਦੀ ਫੌਜ ਵਲੋਂ ਲਾਹੌਰ 'ਤੇ ਕਬਜ਼ਾ ਕਰਨ ਤੋਂ ਪਹਿਲਾਂ ਹੀ। ਰਣਜੀਤ ਸਿੰਘ ਨੂੰ ਮੌਕਾ ਮਿਲਿਆ ਗੁਰੂ ਸਾਹਿਬਾਨ ਦੀ ਸ਼ੁਰੂ ਕੀਤੀ ਮਾਨਵਵਾਦੀ ਲਹਿਰ ਨੂੰ ਪੁਨਰ-ਸੁਰਜੀਤ ਕਰਨ ਦਾ, ਤੇ ਇਹਦੇ ਉਦੇਸ਼ਾਂ ਦੇ ਅਨੁਕੂਲ ਲੋਕਤੰਤਰ ਸਥਾਪਤ ਕਰਨ ਦਾ। ਜਿਵੇਂ ਪਿਛਲੇ ਲੇਖ ਵਿਚ ਦੱਸਿਆ ਗਿਆ ਹੈ, ਰਣਜੀਤ ਸਿੰਘ ਨੇ ਇਹ ਮੌਕਾ ਖੁੰਝਾ ਦਿੱਤਾ।



***ਭਵਿੱਖਮੁਖੀ ਪਹੁੰਚ: ਜੋ ਕੌਮਾਂ ਅੱਜ ਦੀਆਂ ਸਮੱਸਿਆਵਾਂ ਪ੍ਰਤੀ ਵਿਗਿਆਨਕ ਤੇ ਭਵਿੱਖਮੁਖੀ ਪਹੁੰਚ ਅਪਨਾਉਂਦੀਆਂ ਹਨ, ਉਹ ਤਰੱਕੀ ਦੀਆਂ ਪੁਲਾਘਾਂ ਭਰਦਿਆਂ ਅੱਗੇ ਵਧਦੀਆਂ ਜਾਂਦੀਆਂ ਨੇ।***

ਸਵਾਲ ਹੈ ਕਿ ਕਿਉਂ ਰੈਨੇਸਾਂਸ ਦੇ ਮਾਨਵਵਾਦੀ ਸੰਸਥਾਗਤ ਧਰਮ ਦੀ ਵਲਗਣ ਵਿਚੋਂ ਵੀ ਨਿਕਲ ਆਏ, ਪਰ ਗੁਰੂ ਸਾਹਿਬਾਨ ਵਲੋਂ ਸੰਸਥਾਗਤ ਧਰਮਾਂ ਤੋਂ ਉਪਰ ਉਠ ਕੇ ਚਲਾਈ ਸਿੱਖ ਮਾਨਵਵਾਦੀ ਲਹਿਰ ਦੇ ਕਾਰਕੁਨ ਤੇ ਸੰਗਤਾਂ ਇਸ ਲਹਿਰ ਨੂੰ ਸੰਸਥਾਗਤ ਧਰਮ ਵਿਚ ਵਟਦਿਆਂ ਨਾ ਸਿਰਫ ਦੇਖਦੇ ਰਹੇ, ਸਗੋਂ ਉਨ੍ਹਾਂ ਨੇ ਇਸ ਤਬਦੀਲੀ ਨੂੰ ਮਾਨਤਾ ਵੀ ਦੇ ਦਿੱਤੀ?

ਇਹਦਾ ਮੂਲ ਕਾਰਨ ਹੈ-ਵਿਗਿਆਨ ਤੇ ਵਿਗਿਆਨਕ ਪਹੁੰਚ।

**ਵਿਗਿਆਨ ਤੇ ਵਿਗਿਆਨਕ ਪਹੁੰਚ ਰੋਲ:** ਵਿਗਿਆਨ ਨੇ ਧਰਤੀ 'ਤੇ ਮਨੁੱਖ ਤੇ ਮਨੁੱਖੀ ਸਮਾਜ ਦੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਈ ਹੈ। ਵਿਗਿਆਨ ਉਸ ਗਿਆਨ ਤੇ ਖੋਜ ਖੇਤਰ ਦਾ ਨਾਂ ਹੈ, ਜਿਸ ਵਿਚ ਬ੍ਰਹਿਮੰਡ ਅਤੇ ਇਸ ਵਿਚਲੀਆਂ ਚੀਜ਼ਾਂ ਤੇ ਵਰਤਾਰਿਆਂ ਬਾਰੇ ਵਿਗਿਆਨਕ ਵਿਧੀ ਵਰਤ ਕੇ ਗਿਆਨ ਖੋਜਿਆ ਤੇ ਇਕੱਤਰ ਕੀਤਾ ਜਾਂਦਾ ਹੈ। ਇਸ ਵਿਧੀ ਅਧੀਨ ਕਿਸੇ ਵਿਚਾਰ ਅਧੀਨ ਚੀਜ਼, ਵਰਤਾਰੇ ਜਾਂ ਸਮੱਸਿਆ ਦੀ ਨਜ਼ਰਸਾਨੀ ਜਾਂ ਨਿਰੀਖਣ ਦੌਰਾਨ ਇਕੱਤਰ ਕੀਤੇ ਤੱਥਾਂ ਤੇ ਗਿਣਤੀਆਂ-ਮਿਣਤੀਆਂ, ਜਿਨ੍ਹਾਂ ਨੂੰ ਅੰਕੜੇ ਕਿਹਾ ਜਾਂਦਾ ਹੈ, ਦਾ ਵਿਸ਼ਲੇਸ਼ਣ ਕਰਕੇ ਤਰਕਸ਼ੀਲ ਢੰਗਾਂ ਨਾਲ ਨਤੀਜਿਆਂ 'ਤੇ ਪਹੁੰਚਿਆ ਜਾਂਦਾ ਹੈ। ਇਸ ਤਰ੍ਹਾਂ ਭੌਤਿਕ ਪ੍ਰਮਾਣਾਂ ਤੇ ਤਜਰਬਿਆਂ ਦੇ ਆਧਾਰ 'ਤੇ ਯੋਜਨਾਬੱਧ ਤਰੀਕੇ ਨਾਲ ਗਿਆਨ ਪ੍ਰਾਪਤ ਕੀਤਾ ਜਾਂਦਾ ਹੈ। ਵਿਗਿਆਨਕ ਵਿਧੀ ਦੇ ਨਜ਼ਰੀਏ ਤੋਂ ਚੀਜ਼ਾਂ, ਚੀਜ਼ਾਂ ਦੇ ਆਪਸੀ ਸਬੰਧਾਂ, ਵਰਤਾਰਿਆਂ ਅਤੇ ਸਮੱਸਿਆਵਾਂ ਨਾਲ ਨਜਿੱਠਣ ਨੂੰ ਵਿਗਿਆਨਕ ਪਹੁੰਚ ਕਿਹਾ ਜਾਂਦਾ ਹੈ, ਤੇ ਵਿਗਿਆਨਕ ਪਹੁੰਚ 'ਤੇ ਆਧਾਰਿਤ ਸੋਚ ਨੂੰ ਵਿਗਿਆਨਕ ਸੋਚ ਜਾਂ ਵਿਗਿਆਨਕ ਸੋਚਣੀ ਕਿਹਾ ਜਾਂਦਾ ਹੈ। ਵਿਗਿਆਨਕ ਵਿਧੀ ਸਿਰਫ ਵਿਗਿਆਨ ਦੇ ਖੇਤਰ ਵਿਚ ਹੀ ਨਹੀਂ, ਕਿਸੇ ਵੀ ਖੇਤਰ ਵਿਚ ਵਰਤੀ ਜਾ ਸਕਦੀ ਹੈ।

ਗੁਰੂ ਨਾਨਕ ਨੇ ਸੰਸਥਾਗਤ ਧਰਮਾਂ ਤੋਂ ਉਪਰ ਉਠ ਕੇ, ਇਨ੍ਹਾਂ ਧਰਮਾਂ ਦੀਆਂ ਕੁਰੀਤੀਆਂ ਅਤੇ ਹੋਰ ਸਮਾਜਕ ਤੇ ਰਾਜਨੀਤਕ ਬੁਰਾਈਆਂ ਦਾ ਵਿਰੋਧ ਕਰਦਿਆਂ ਵਿਸ਼ਵ ਸੁਭਾਅ ਵਾਲੀ ਇਕ ਮਾਨਵਵਾਦੀ ਲਹਿਰ ਸ਼ੁਰੂ ਕੀਤੀ, ਜੋ ਅਧਿਆਤਮਵਾਦੀ ਫਲਸਫੇ ਦੇ ਚੌਖਟੇ ਵਿਚ ਵੀ ਭਵਿੱਖਮੁਖੀ ਪਹੁੰਚ ਤੇ ਵਿਗਿਆਨਕ ਸੁਭਾਅ ਵਾਲੀ ਸੀ। ਵਿਗਿਆਨ ਵਿਧੀ ਦੀ ਕਸਵੱਟੀ ਚਾੜ੍ਹਿਆਂ ਅੰਧ-ਵਿਸ਼ਵਾਸਾਂ ਤੇ ਅਡੰਬਰਾਂ-ਪਖੰਡਾਂ ਦਾ ਪਹਿਲੇ ਸੱਟੇ ਹੀ ਪਰਦਾ ਫਾਸ਼ ਹੋ ਜਾਂਦਾ ਹੈ। ਇਸੇ ਲਈ ਜਿਵੇਂ ਗੁਰਬਾਣੀ ਸ਼ਾਹਦੀ ਭਰਦੀ ਹੈ, ਪੰਜਾਬ ਜਾਗ੍ਰਿਤੀ ਲਹਿਰ ਦੇ ਸੰਚਾਲਕਾਂ ਨੇ ਵਿਗਿਆਨਕ ਵਿਧੀ ਦੇ ਅੰਸ਼ ਤਰਕਸ਼ੀਲਤਾ ਦਾ ਛਾਣਨਾ ਲਾ ਕੇ ਧਾਰਮਿਕ ਕੁਰੀਤੀਆਂ, ਅੰਧ-ਵਿਸ਼ਵਾਸਾਂ ਤੇ ਪਖੰਡਾਂ ਨੂੰ ਨਕਾਰਿਆ, ਸਫਲਤਾ ਨਾਲ। ਪੰਜਾਬ ਜਾਗ੍ਰਿਤੀ ਲਹਿਰ ਸੰਚਾਲਕਾਂ ਦੀ ਤਰਕਸ਼ੀਲਤਾ ਤੋਂ ਬਿਨਾ ਪੰਜਾਬ ਸਣੇ ਭਾਰਤ ਵਿਚ ਉਸ ਸਮੇਂ ਵਿਗਿਆਨ ਦੇ ਖੇਤਰ ਵਿਚ ਕੋਈ ਲਹਿਰ ਨਹੀਂ ਸੀ ਚੱਲ ਰਹੀ। ਇਸ ਦੇ ਉਲਟ ਯੂਰਪੀਅਨ ਰੈਨੇਸਾਂਸ ਲਹਿਰ ਨੂੰ ਪੈਦਾ ਤੇ ਵਿਕਸਿਤ ਕਰਨ ਵਿਚ ਵਿਗਿਆਨ ਨੇ ਸਿੱਧੇ ਤੇ ਅਸਿੱਧੇ ਤੌਰ 'ਤੇ ਅਹਿਮ ਭੂਮਿਕਾ ਨਿਭਾਈ।

ਰੈਨੇਸਾਂਸ ਦਾ ਸਮਾਂ ਵਿਗਿਆਨਕ ਇਨਕਲਾਬ ਦਾ ਸਮਾਂ ਸੀ, ਜਦੋਂ ਖੋਜ ਦੇ ਖੇਤਰ ਵਿਚ ਯੂਰਪ ਨੇ ਮੱਲਾਂ ਮਾਰੀਆਂ। ਮਿਸਾਲ ਵਜੋਂ ਇਸ ਸਮੇਂ ਦੌਰਾਨ ਵਿਗਿਆਨਕ ਖੋਜ ਨੇ ਧਾਰਮਿਕ ਲੀਡਰਾਂ ਨੂੰ ਕ੍ਰੋਧਿਤ ਕਰਦਿਆਂ ਬ੍ਰਹਿਮੰਡ ਦਾ ਮਾਡਲ ਬਦਲ ਕੇ ਰੱਖ ਦਿੱਤਾ, ਜਿਸ ਵਿਚ ਹੁਣ ਧਰਤੀ ਬ੍ਰਹਿਮੰਡ ਦੀ ਕੇਂਦਰ ਨਹੀਂ, ਸਗੋਂ ਹੋਰਾਂ ਗ੍ਰਹਿਆਂ ਸਮੇਤ ਸੂਰਜ ਦੁਆਲੇ ਘੁੰਮਦੀ ਹੈ। ਇਸ ਸਮੇਂ ਦੌਰਾਨ ਹੀ ਵਿਗਿਆਨ ਵਿਚ ਨਿਊਟਨ ਦਾ ਗੁਰੂਤਾ ਖਿੱਚ ਨਿਯਮ ਵਿਕਸਿਤ ਹੋਇਆ, ਜਿਸ ਅਨੁਸਾਰ ਸਿਰਫ ਧਰਤੀ 'ਤੇ ਹੀ ਨਹੀਂ, ਸਗੋਂ ਸਾਰੇ ਬ੍ਰਹਿਮੰਡ ਵਿਚ ਹਰ ਮਾਦਕ ਚੀਜ਼ ਦੂਜੀਆਂ ਸਭ ਮਾਦਕ ਚੀਜ਼ਾਂ ਨੂੰ ਆਪਣੀ ਤਰਫ ਖਿੱਚਦੀ ਹੈ ਤੇ ਇਹ ਖਿੱਚ ਸ਼ਕਤੀ ਮਿਣੀ ਜਾ ਸਕਦੀ ਹੈ। ਇਸ ਖੋਜ ਨੇ ਸਿਰਫ ਵਿਗਿਆਨੀਆਂ ਵਿਚ ਹੀ ਨਹੀਂ, ਹੋਰ ਚਿੰਤਕਾਂ ਤੇ ਆਮ ਲੋਕਾਂ ਵਿਚ ਵੀ ਨਵਾਂ ਉਤਸ਼ਾਹ ਭਰ ਦਿੱਤਾ; ਉਨ੍ਹਾਂ ਨੂੰ ਦਿਸਣ ਲੱਗ ਪਿਆ ਕਿ ਹੁਣ ਸਿਰਫ ਇਸ ਦੁਨੀਆਂ ਨੂੰ ਹੀ ਨਹੀਂ, ਸਗੋਂ ਵਿਗਿਆਨਕ ਨਿਯਮ ਖੋਜ ਕੇ ਸਾਰੇ ਬ੍ਰਹਿਮੰਡ ਨੂੰ ਸਮਝਿਆ ਜਾ ਸਕਦਾ ਹੈ।

ਇਹ ਵਿਗਿਆਨਕ ਮਾਹੌਲ ਸੀ, ਜਿਸ ਵਿਚ ਰੈਨੇਸਾਂਸ ਮਾਨਵਵਾਦੀ ਲਹਿਰ ਨੇ ਤਰਕਸ਼ੀਲਤਾ 'ਤੇ ਪਹਿਰਾ ਦਿੰਦਿਆਂ ਚਰਚ ਵਲੋਂ ਲਏ ਵਿਗਿਆਨ ਵਿਰੋਧੀ ਸਟੈਂਡ ਨੂੰ ਰੱਦ ਕੀਤਾ ਤੇ ਵਿਗਿਆਨ ਦਾ ਸਾਥ ਦਿੱਤਾ। ਇੰਜ ਹੌਲੀ ਹੌਲੀ ਰੈਨੇਸਾਂਸ ਮਾਨਵਵਾਦੀ ਲਹਿਰ ਅਧਿਆਤਮਵਾਦ ਦੇ ਘੇਰੇ ਤੋਂ ਬਾਹਰ ਹੋ ਨਿਕਲੀ। ਵਿਗਿਆਨ ਸਹਾਰੇ, ਰੈਨੇਸਾਂਸ ਲਹਿਰ ਨੇ ਮਨੁੱਖੀ ਜ਼ਿੰਦਗੀ ਦੇ ਹਰ ਖੇਤਰ ਨੂੰ ਪ੍ਰਭਾਵਿਤ ਕਰਦਿਆਂ ਹੌਲੀ ਹੌਲੀ ਯੂਰਪ ਨੂੰ ਮੱਧਕਾਲੀ ਯੁੱਗ ਵਿਚੋਂ ਕੱਢ ਕੇ ਆਧੁਨਿਕ ਯੁੱਗ ਨਾਲ ਜੋੜ ਦਿੱਤਾ। ਇੱਧਰ ਪੰਜਾਬ ਵਿਚ ਕਿਸੇ ਵੀ ਤਰ੍ਹਾਂ ਦਾ ਵਿਗਿਆਨਕ ਮਾਹੌਲ ਗੈਰ-ਹਾਜ਼ਰ ਸੀ। ਇਸੇ ਕਰਕੇ ਉਦਾਸੀ ਫਿਰਕੇ ਦੇ ਸੰਚਾਲਕ ਸਿੱਖ ਪ੍ਰਚਾਰ ਕੇਂਦਰਾਂ 'ਤੇ ਕਬਜ਼ਾ ਕਰਕੇ ਉਨ੍ਹਾਂ ਵਿਚ ਬ੍ਰਾਹਮਣਵਾਦ ਲਾਗੂ ਕਰਨ 'ਚ ਸਫਲ ਹੋ ਗਏ। ਇੱਥੇ ਹੀ ਬੱਸ ਨਹੀਂ, ਉਹ ਗੁਰੂ ਸਾਹਿਬਾਨ ਦੇ ਪੈਦਾ ਕੀਤੇ, ਸੰਸਥਾਗਤ ਧਰਮਾਂ ਦੇ ਘੇਰਿਆਂ ਤੋਂ ਆਜ਼ਾਦ, ਸਿੱਖ ਨੂੰ ਮਾਨਵਵਾਦੀ ਲਹਿਰ ਦੇ ਕਾਰਕੁਨ ਤੋਂ ਆਪਣੇ ਨਵੇਂ ਸਿਰਜੇ ਬ੍ਰਾਹਮਣਵਾਦੀ ਸੰਸਥਾਗਤ ਧਰਮ ਦੇ ਸ਼ਰਧਾਲੂ ਬਣਾਉਣ ਵਿਚ ਵੀ ਸਫਲ ਹੋਏ। ਇਹ ਕੌੜਾ ਸੱਚ ਹੈ ਕਿ ਵਿਗਿਆਨ ਤੇ ਵਿਗਿਆਨਕ ਸੋਚ ਦੀ ਗੈਰ-ਹਾਜ਼ਰੀ ਵਿਚ ਇਹ ਹਾਲ ਹੋਇਆ ਗੁਰੂ ਸਾਹਿਬਾਨ ਤੋਂ ਬਾਅਦ ਗੁਰੂ ਸਾਹਿਬਾਨ ਦੇ ਸਾਜੇ ਸਿੱਖ ਜਾਂ ਪੰਜਾਬ ਦੇ 'ਰੈਨੇਸਾਂਸ ਮੈਨ' ਦਾ, ਜਿਹਨੇ ਪੰਜਾਬ ਨੂੰ ਆਧੁਨਿਕ ਯੁੱਗ ਨਾਲ ਜੋੜਨਾ ਸੀ। ਉਹ ਜਾਂ ਕਹਿ ਲਓ ਪੰਜਾਬ ਬ੍ਰਾਹਮਣਵਾਦੀ ਫਲਸਫੇ ਤੇ ਅਮਲ ਵੱਲ ਨੂੰ ਕੂਹਣੀ-ਮੋੜ ਕੱਟ ਗਿਆ।

ਸਿੱਖ ਮਾਨਵਵਾਦੀ ਲਹਿਰ ਨੂੰ ਸੰਸਥਾਗਤ ਧਰਮ ਵਿਚ ਵਟਾਉਣ ਦੇ ਕਾਰਨਾਮੇ ਨੂੰ ਸਿੱਖ ਸੰਗਤਾਂ ਵਲੋਂ ਮਾਨਤਾ ਦਾ ਦੂਜਾ ਮੁੱਖ ਮੂਲ ਕਾਰਨ ਸੀ-ਉਨ੍ਹਾਂ ਦੀ ਭੂਤਮੁਖੀ ਸੋਚ ਤੇ ਪਹੁੰਚ।

ਭੂਤਮੁਖੀ ਸੋਚ ਤੇ ਪਹੁੰਚ ਦਾ ਰੋਲ: ਦੁਨੀਆਂ ਦੇ ਵੱਖ ਵੱਖ ਹਿੱਸਿਆਂ ਵਿਚਲੇ ਲੋਕਾਂ ਦੇ ਵਤੀਰੇ ਦੀ ਤੁਲਨਾ ਵਿਚ ਇੱਕ ਅਹਿਮ ਕਾਰਕ ਵਿਚਾਰਨਾ ਬਣਦਾ ਹੈ, ਭੂਤਮੁਖੀ ਸੋਚ ਤੇ ਪਹੁੰਚ। ਇਹ ਅਜਿਹੀ ਸੋਚ ਤੇ ਪਹੁੰਚ ਹੈ, ਜਿਹਨੂੰ ਰੱਖਣ ਤੇ ਅਪਨਾਉਣ ਵਾਲੇ ਲੋਕ ਬੀਤੇ ਸਮੇਂ ਦੇ ਮਸਲਿਆਂ 'ਤੇ ਲੜਦੇ ਰਹਿੰਦੇ ਹਨ, ਤੇ ਅੱਜ ਦੀਆਂ ਸਮੱਸਿਆਵਾਂ ਦੇ ਹੱਲ ਵੀ ਬੀਤੇ ਵਿਚੋਂ ਖੋਜਣ ਦੀ ਕੋਸ਼ਿਸ਼ ਕਰਦੇ ਹਨ। ਭੂਤਮੁਖੀ ਸੋਚ ਵਾਲੇ ਬੰਦੇ ਵਿਚ 'ਜੜ੍ਹਤਾ'

***(ਬਾਕੀ ਅਗਲੇ ਸਫੇ 'ਤੇ)***

****ਪ੍ਰੋਫੈਸਰ, ਫਿਜ਼ਿਕਸ ਤੇ ਕੰਪਿਊਟਰ ਸਾਇੰਸ, ਪਾਰਕ ਯੂਨੀਵਰਸਿਟੀ, ਯੂ ਐਸ ਏ।***

# ਗੁਰੂ ਨਾਨਕ ਦੇ ਜੀਵਨ ਸਫਰ ਵਿਚ ਔਰਤਾਂ ਦੀ ਕੁਰਬਾਨੀ

ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਇਹ ਤਿੰਨ ਕਵਿਤਾਵਾਂ ਉਸ ਵਿਸ਼ੇ ਨੂੰ ਮੁਖ ਰੱਖ ਕੇ ਸੇਵਾ ਵਿਚ ਹਾਜ਼ਰ ਹਨ, ਜੋ ਇਤਿਹਾਸਕਾਰਾਂ ਅਤੇ ਲਿਖਾਰੀਆਂ ਦੀ ਨਜ਼ਰ ਵਿਚ ਘਟ ਹੀ ਆਇਆ ਹੈ। ਇਹ ਵਿਸ਼ਾ ਹੈ, ਗੁਰੂ ਨਾਨਕ ਦੇਵ ਦੇ ਜੀਵਨ ਵਿਚ ਪਰਿਵਾਰ ਦੀਆਂ ਔਰਤਾਂ ਦੀ ਕੁਰਬਾਨੀ ਅਤੇ ਦੇਣ।

ਗੁਰੂ ਨਾਨਕ ਦੇ ਜੀਵਨ ਵਿਚ ਪਰਿਵਾਰ ਦੀਆਂ ਚਾਰ ਔਰਤਾਂ ਦੀ ਕੁਰਬਾਨੀ ਦਾ ਜ਼ਰੂਰ ਇਕ ਵੱਡਾ ਹਿੱਸਾ ਹੈ, ਜਿਸ ਵਿਚ ਮਾਤਾ ਤ੍ਰਿਪਤਾ, ਬੀਬੀ ਨਾਨਕੀ, ਬੀਬੀ ਸੁਲੱਖਣੀ ਅਤੇ ਭਾਈ ਮਰਦਾਨੇ ਦੀ ਪਤਨੀ 'ਬੀਵੀ ਮਰਦਾਨਾ' ਸ਼ਾਮਲ ਹਨ। ਇਤਿਹਾਸ ਵਿਚ ਔਰਤਾਂ ਨੂੰ ਮਾਨਤਾ ਕੁਝ ਘਟ ਹੀ ਮਿਲੀ ਹੈ। ਇਤਿਹਾਸ ਅਤੇ ਸਾਹਿਤ ਵਿਚ ਬੀਬੀ ਸੁਲੱਖਣੀ ਅਤੇ ਭਾਈ ਮਰਦਾਨੇ ਦੀ ਬੀਵੀ ਦੀ

**ਕਰਮ ਸਿੰਘ ਬਰਨ, ਹਿਊਸਟਨ**
ਫੋਨ: 832-766-8742

ਕੁਰਬਾਨੀ ਬਾਰੇ ਬਹੁਤ ਹੀ ਘੱਟ ਲਿਖਿਆ ਮਿਲਦਾ ਹੈ। ਇਥੋਂ ਤੱਕ ਕਿ ਭਾਈ ਮਰਦਾਨੇ ਦੀ ਬੀਵੀ ਦਾ ਨਾਂ ਇਤਿਹਾਸ ਵਿਚ ਕਿਧਰੇ ਵੀ ਨਹੀਂ ਮਿਲਦਾ।

**(1) ਵਿਦਾਈ-ਬੀਬੀ ਨਾਨਕੀ:** ਗੁਰੂ ਨਾਨਕ ਅਤੇ ਭਾਈ ਮਰਦਾਨਾ ਪਹਿਲੀ ਉਦਾਸੀ ਲਈ ਤਿਆਰ ਹਨ। ਬੀਬੀ ਨਾਨਕੀ ਉਨ੍ਹਾਂ ਨੂੰ ਵਿਦਾ ਕਰ ਰਹੀ ਹੈ। ਭੈਣ ਉਨ੍ਹਾਂ ਦੇ ਜਲਦੀ ਵਾਪਸ ਆਉਣ ਦੇ ਵਾਅਦੇ ਦੀ ਯਾਦ ਦਿਵਾਉਂਦੀ ਹੈ ਅਤੇ ਗੁਰੂ ਜੀ ਦੇ ਗੁੱਟ 'ਤੇ ਯਾਦ ਕਰਾਉਣ ਲਈ ਇਕ ਗਾਨਾ ਬੰਨ੍ਹਣ ਦਾ ਸੁਝਾਅ ਦੇਣ ਦੀ ਕੋਸ਼ਿਸ਼ ਵੀ ਕਰਦੀ ਹੈ; ਪਰ ਗੁਰੂ ਨਾਨਕ ਦੇਵ ਜੀ ਸਭ ਬੰਧਨ ਤੋੜ ਕੇ ਜਾਣ ਲਈ ਤਿਆਰ ਹਨ ਅਤੇ ਭੈਣ ਨੂੰ ਵਿਸ਼ਵਾਸ ਦੇਣ ਦਾ ਇਕ ਹੋਰ ਦਾਰਸ਼ਨਿਕ ਤਰੀਕਾ ਆਪਣੀਆਂ ਰਚਨਾਵਾਂ ਵਿਚੋਂ 'ਮੇਲੋ ਮੇਲਨਹਾਰ' ਦਸਦੇ ਹਨ।

ਹੇਠਲੀ ਕਵਿਤਾ ਇਕ ਪ੍ਰਸਿੱਧ ਪੰਜਾਬੀ ਲੋਕ ਗੀਤ ਦੀ ਸਾਦੀ ਸ਼ੈਲੀ 'ਤੇ ਆਧਾਰਤ ਹੈ, "ਉਚੀ ਗਲੀ ਪਰ ਜਾਂਦਿਆਂ ਵੀਰਾ ਵੇ; ਮੇਰਾ ਵੀਰ ਮਿਲ ਕੇ ਜਾਣਾ ਵੇ।" ਆਪਣੇ ਭਰਾ ਦੇ ਇਕ ਲੰਬੇ ਸਮੇਂ ਲਈ ਜਾਣ ਉਤੇ ਅਸੀਸਾਂ ਦੇਣਾ ਅਤੇ ਭਾਵਨਾਵਾਂ ਪ੍ਰਗਟ ਕਰਨੀਆਂ ਇਸ ਸ਼ੈਲੀ ਵਿਚ ਬਹੁਤ ਢੁਕਦੀਆਂ ਹਨ:

ਚੱਲਿਆ ਜੱਗ ਦਾ ਕਰਨ ਉਧਾਰ ਮੇਰੇ ਵੀਰਾ ਵੇ
ਭੈਣ ਨੂੰ ਮਿਲ ਕੇ ਜਾਣਾ
ਵਿਦਾ ਕਰਾਂ ਮੈਂ ਨਾਲ ਪਿਆਰ ਮੇਰੇ ਵੀਰਾ ਵੇ
ਲੱਗ ਕੇ ਦਿਲ ਨੂੰ ਜਾਣਾ।

ਮੈਨੂੰ ਹੁਕਮ ਹੂਆ ਕਰਤਾਰ ਮੇਰੀ ਭੈਣਾਂ ਜੀ
ਕੀਕਣ ਰੁਕ ਕੇ ਜਾਵਾਂ
ਮੁੜ ਮਿਲਣ ਕਰਾਂ ਇਕਰਾਰ ਮੇਰੀ ਭੈਣਾਂ ਜੀ
ਪੈਰੀਂ ਝੁਕ ਕੇ ਜਾਵਾਂ।

ਤੰਦ ਬੰਨਾਂ ਮੈਂ ਤੇਰੀ ਕਲਾਈ ਮੇਰੇ ਵੀਰਾ ਵੇ
ਭੈਣ ਨੂੰ ਭੁੱਲ ਨਾ ਜਾਣਾ
'ਰਤਨ ਲਕੋ ਨਾ ਲੁਕਾਈ' ਮੇਰੇ ਵੀਰਾ ਵੇ
ਛੇਤੀ ਫੇਰਾ ਵੀ ਪਾਣਾ।

ਮੇਰਾ ਪ੍ਰਣ ਮੇਲੋ ਮੇਲਨਹਾਰ ਮੇਰੀ ਭੈਣਾਂ ਜੀ
ਬੰਧਨ ਜੇ ਤੋੜਹਿ ਜਾਵਾਂ
ਸਤੁ ਸੰਤੋਖ ਤੰਦ ਦੀ ਤਾਰ ਮੇਰੀ ਭੈਣਾਂ ਜੀ
ਤੰਦ ਨਾ ਲੋੜਹਿ ਜਾਵਾਂ।

ਮਾਂ ਉਡੀਕੂ ਨਾਲ ਪਰਿਵਾਰ ਮੇਰੇ ਵੀਰਾ ਵੇ
ਪਿਤਾ ਨੂੰ ਮਿਲ ਕੇ ਜਾਣਾ
ਨਿੱਤ ਭਾਬੋ ਕਰੂ ਇੰਤਜ਼ਾਰ ਮੇਰੇ ਵੀਰਾ ਵੇ
ਗੋਦੀ ਚੰਦ ਇਆਣਾ।

ਮੇਰਾ ਮਨ ਬਧਿਆ ਦਇਆਲ ਮੇਰੀ ਭੈਣਾਂ ਜੀ
ਤਜਿ ਮੋਹੁ ਮੈਂ ਜਾਵਾਂ
ਜੀਅ ਜੰਤ ਦਾ ਕਰੇ ਖਿਆਲ ਮੇਰੀ ਭੈਣਾਂ ਜੀ
ਚਿੰਤ ਖੋਹੁ ਮੈਂ ਜਾਵਾਂ।

ਜਿਹੜੇ ਰਾਹ ਅਪਨਾ ਚਲਿਆ ਮੇਰੇ ਵੀਰਾ ਵੇ
ਸੱਚਾ ਰਾਹ ਖਲਕ ਦਿਖਾ ਜਾਣਾ
ਸ਼ਗਨ ਮੂੰਹ ਮਿੱਠਾ ਪਾ ਭਲਿਆ ਮੇਰੇ ਵੀਰਾ ਵੇ
ਸਭ ਮਾਹਿ ਅਲਖ ਦਿਖਾ ਜਾਣਾ।

ਦਿਓ ਅਸੀਸਾਂ ਨਾਨਕ ਵਿਦਾਈ ਮੇਰੀ ਭੈਣਾਂ ਜੀ
ਮੇਰਾ ਰਾਖਾ ਹਜ਼ੂਰ ਮੈਂ ਜਾਵਾਂ
ਆਪੇ ਉਹ ਮੇਲਿ ਮਿਲਾਵਹੀ ਮੇਰੀ ਭੈਣਾਂ ਜੀ
ਸਾਚੇ ਮਹਿਲ ਹਦੂਰਿ ਮੈਂ ਜਾਵਾਂ।

**(2) ਤਲਵੰਡੀ ਸਵਾਗਤ-ਮਾਤਾ ਤ੍ਰਿਪਤਾ:** ਪਹਿਲੀ ਉਦਾਸੀ ਪਿਛੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਵਾਪਿਸ ਤਲਵੰਡੀ ਪਹੁੰਚੇ ਤਾਂ ਭਾਈ ਮਰਦਾਨਾ ਆਗਿਆ ਲੈ ਕੇ ਘਰ ਪਰਿਵਾਰ ਨੂੰ ਮਿਲਣ ਗਏ। ਗੁਰੂ ਨਾਨਕ ਪਿੰਡ ਦੀ ਜੂਹ 'ਤੇ ਹੀ ਅਟਕ ਗਏ ਅਤੇ ਘਰ ਜਾਣ ਦੀ ਕੋਈ ਇੱਛਾ ਨਹੀਂ ਕਰਦੇ। ਮਾਤਾ ਤ੍ਰਿਪਤਾ ਭਾਈ ਮਰਦਾਨੇ ਨੂੰ ਇੱਕਲਾ ਵੇਖ ਕੇ ਵਿਆਕੁਲ ਹੋ ਉਠਦੇ ਹਨ। ਭਾਈ ਮਰਦਾਨਾ ਕੀਤੇ ਪ੍ਰਣ ਅਨੁਸਾਰ ਗੁਰੂ ਜੀ ਦਾ ਪਤਾ ਨਹੀਂ ਦਸ ਰਿਹਾ ਅਤੇ ਟਾਲ ਮਟੋਲੀਆਂ ਲਾ ਰਿਹਾ ਹੈ, "ਉਹਦੀਆਂ ਉਹ ਹੀ ਜਾਣੇ।" ਮਾਤਾ ਤ੍ਰਿਪਤਾ ਇੱਕ ਮਾਂ ਹੋਣ ਦੇ ਨਾਤੇ ਸਭ ਸਮਝ ਗਈ ਹੈ, ਆਪਣੇ ਦਿਲੀ ਵਲਵਲੇ ਦਸ ਰਹੀ ਹੈ ਅਤੇ ਆਪਣੇ ਪੁੱਤਰ ਨੂੰ ਵੇਖਣ ਲਈ ਉਤਾਵਲੀ ਹੈ,

ਦੱਸ ਮਰਦਾਨਿਆ ਨਾਨਕ ਦਾ ਹਾਲ ਵੇ
ਕਿਉਂ ਨਹੀਂ ਦਿਸਦਾ ਨਾਨਕ ਤੇਰੇ ਨਾਲ ਵੇ।

ਲੋਕਾਂ ਤਾਈਂ ਕਹਾਣੀਆਂ ਫਿਰ ਪਾਈਂ
ਦੱਸ ਨਾਨਕ ਤੂੰ ਕਿੱਥੇ ਛੱਡ ਆਇਓਂ।
ਤੈਨੂੰ ਵੇਖ ਕੇ ਆਸਾਂ ਅੱਜ ਬੱਝੀਆਂ ਸੁ
ਇਕੱਲਾ ਵੇਖ ਕੇ ਕਲੇਜਾ ਮੁਰਝਾਇਓਂ।
ਕਿਉਂ ਕੀਤਾ ਹੈ ਮੈਨੂੰ ਹਾਲੋਂ ਬੇਹਾਲ ਵੇ
ਦੱਸ ਮਰਦਾਨਿਆ ਨਾਨਕ ਦਾ ਹਾਲ ਵੇ।

ਕਿਉਂ ਨਾ ਦੇਵੇਂ ਪਤਾ ਮੇਰੇ ਲਾਲ ਦਾ
ਤੇਰੀ ਚੁੱਪ ਜਾਂਦੀ ਹੈ ਮੈਨੂੰ ਚੀਰਦੀ।
ਸੱਚੋ ਸੱਚ ਦੱਸ ਪਾਲਣਾ ਜੇ ਪਾਲਦਾ
ਸਹੁੰ ਖਾਹ ਤੂੰ ਆਪਣੇ ਉਚ ਪੀਰ ਦੀ।
ਛੇਤੀ ਦੱਸ ਖਾਂ ਚੱਲੀਂ ਨਾ ਕੋਈ ਚਾਲ ਵੇ
ਦੱਸ ਮਰਦਾਨਿਆ ਨਾਨਕ ਦਾ ਹਾਲ ਵੇ।

ਮੈਂ ਮੰਨਤਾਂ ਮੰਨਦੀ ਮੰਨਦੀ ਥੱਕ ਗਈ
ਰਾਹਾਂ ਤੱਕਦੀ ਦੇ ਕੋਏ ਮੇਰੇ ਸੁੱਕ ਗਏ।
ਲੱਖ ਸੁੱਖਾਂ ਖ਼ੈਰਾਤ ਖੁਆ ਮੈਂ ਹੰਭ ਗਈ
ਘਾਓ ਹਰੇ ਹਰੇ ਅਥਰੂ ਵੀ ਮੁੱਕ ਗਏ।
ਆਈ ਦੀਵਾਲੀ ਨਾ ਪੂਰੇ ਬਾਰਾਂ ਸਾਲ ਵੇ
ਦੱਸ ਮਰਦਾਨਿਆ ਨਾਨਕ ਦਾ ਹਾਲ ਵੇ।

ਕਿਹੜੇ ਦੇਸ ਪਰਦੇਸ ਬਨਵਾਸ ਲਿਤੋ
ਉਹਦੇ ਦੀਦਾਰ ਵਿਟਹੁ ਮੈਂ ਵੰਞਾਂ ਘੰਨੀਆਂ।
ਕਿਸ ਰੱਬ ਮਨਾਉਣ ਉਪਵਾਸ ਕੀਤੇ
ਮਹਲਾ ਦਰ ਘਰ ਦੀਆਂ ਛਾਂਵਾਂ ਛੱਡੀਆਂ।
ਮੁੜ ਸੁਲੱਖਣੀ ਲਿਆਵੇ ਦੋਨੋਂ ਬਾਲ ਵੇ
ਦੱਸ ਮਰਦਾਨਿਆ ਨਾਨਕ ਦਾ ਹਾਲ ਵੇ।

ਰਹਿੰਦੇ ਢੂੰਡਦੇ ਜਿਸ ਨੂੰ ਤੀਰਥ ਜੰਗਲਾਂ
ਉਹ ਤਾਂ ਆਪਣੇ ਖੇਤਾਂ ਦੇ ਵਿਚ ਵਸਦਾ ਵੇ।
ਘਰ ਬਾਰ ਆ ਸੰਭਾਲੇ ਖੇਤ ਘੋੜੀਆਂ
ਕਦੋਂ ਮੁੜ ਕੇ ਵਿਰੜਾ ਸਾਡਾ ਹਸਦਾ ਵੇ।
ਛੱਡ ਰਬਾਬ ਮੈਂ ਪਾਸੇ ਇਹ ਸੰਭਾਲ ਰੱਖਾਂ
ਮੁੜ ਜਾਣ ਦੀ ਨਾ ਕਰੀਂ ਤੂੰ ਮਜਾਲ ਵੇ
ਦੱਸ ਮਰਦਾਨਿਆ ਨਾਨਕ ਦਾ ਹਾਲ ਵੇ।

ਟਾਲੇ ਮਾਰਦਾ ਏਂ, 'ਉਹਦੀਆਂ ਉਹ ਜਾਣੇ'
ਗੱਲਾਂ ਗੱਲਾਂ ਵਿਚ ਪਾ ਨਾ ਮਖਾਣੇ ਤੂੰ।
ਰਮਜ਼ਾਂ ਮੀਰ ਮਿਰਾਸੀਆਂ ਦੀ ਛੱਡ ਦੇ ਖਾਂ
ਐਵੇਂ ਲਾ ਨਾ ਬਹਾਨੇ ਕਿਉਂ ਨਾ ਜਾਣੇ ਤੂੰ?
ਕਿਹੜੀ ਜੂਹੇ ਬੈਠਾ, ਨਾ ਗੱਲ ਟਾਲ ਵੇ
ਦੱਸ ਮਰਦਾਨਿਆ ਨਾਨਕ ਦਾ ਹਾਲ ਵੇ।

ਜੱਗ ਆਰਤੀ ਉਤਾਰੇ ਨੰਦ ਲਾਲ ਦੀ
ਲਾਲ ਮੇਰੇ ਦੀ ਮੈਂ ਆਰਤੀ ਉਤਾਰਨੀ।
ਅੱਗੇ ਚੱਲ ਮੈਂ ਜੂਹ ਉਸ ਦੀ ਵੰਞਣਾ
ਅੰਮ੍ਰਿਤੀਆਂ ਦੀ ਸ਼ੀਰਨੀ ਮੈਂ ਵਾਰਨੀ।
ਚੱਕ ਲੈ ਗਠੜੀ ਮੈਂ ਚੱਲਾਂ ਤੇਰੇ ਨਾਲ ਵੇ
ਦੱਸ ਮਰਦਾਨਿਆ ਨਾਨਕ ਦਾ ਹਾਲ ਵੇ।

ਬੁੱਢਾ ਬਾਪ ਤੈਨੂੰ ਖੇਤਾਂ 'ਚ ਉਡੀਕਦਾ
ਚੱਲ ਨਾਨਕਾ ਤੂੰ ਘਰ ਮੇਰੇ ਲਾਲ ਵੇ।
ਜਾ ਕੇ ਸਹੁਰੀਂ ਸੁਲੱਖਣੀ ਲਿਆ ਤੂੰ
ਬਹੁਤੇ ਪਾਈਂ ਨਾ ਤੂੰ ਮੈਨੂੰ ਸਵਾਲ ਵੇ!

ਐਵੇਂ ਜ਼ਿੰਦੜੀ ਨਾ ਨੂੰਹ ਦੀ ਤੂੰ ਗਾਲ ਵੇ
ਲਿਆ ਕੇ ਪੋਤਿਆਂ ਦਾ ਮੂੰਹ ਵੀ ਦਿਖਾਲ ਵੇ!
ਚੱਲ ਨਾਨਕਾ ਤੂੰ ਘਰ ਮੇਰੇ ਨਾਲ ਵੇ!

**(3) ਸੋਗ ਵਿਜੋਗ ਦੋ ਸਖੀਆਂ-ਬੀਬੀ ਸੁਲੱਖਣੀ ਤੇ ਬੀਵੀ ਮਰਦਾਨਾ:** ਪਹਿਲੀ ਉਦਾਸੀ ਦੇ ਬਾਰਾਂ ਸਾਲਾਂ ਦੌਰਾਨ ਬੀਬੀ ਸੁਲੱਖਣੀ ਅਤੇ ਬੀਵੀ ਮਰਦਾਨਾ (ਨਾਂ ਸ਼ਾਇਦ 'ਔਲਾ ਰੱਖੀ') ਤਲਵੰਡੀ ਇਕੱਠੀਆਂ ਹੋ ਕੇ ਆਪਣੇ ਵਿਜੋਗ ਦੇ ਦੁੱਖ ਸਾਂਝੇ ਕਰਦੀਆਂ ਹਨ। ਉਨ੍ਹਾਂ ਦੇ ਸੋਗ ਵਿਚ ਕੁਝ ਵਿਰਾਗ ਹੈ, ਕੁਝ ਨਿਹੋਰਾ ਤੇ ਕੁਝ ਸ਼ਿਕਵਾ ਹੈ ਕਿ ਉਨ੍ਹਾਂ ਦੇ ਸ਼ਹੁ ਨਿਆਣੇ ਸੰਭਾਲਣ ਤੋਂ ਨਿਸ਼ਚਿੰਤ ਹੋ ਕੇ ਉਨ੍ਹਾਂ ਨੂੰ ਇਕੱਲੀਆਂ ਛੱਡ ਕੇ ਚਲੇ ਗਏ ਹਨ। ਉਨ੍ਹਾਂ ਨੇ ਆਪਣੀ ਕਿਸਮਤ ਦਾ ਭਾਣਾ ਮੰਨ ਕੇ ਇਹ ਵੀ ਨਿਸ਼ਚਿਤ ਕਰ ਲਿਆ ਹੈ ਕਿ ਉਨ੍ਹਾਂ ਦਾ ਫਰਜ਼ ਬੱਚਿਆਂ ਨੂੰ ਪਾਲਣ ਦਾ ਹੈ ਅਤੇ ਰੱਬ 'ਤੇ ਭਰੋਸਾ ਰੱਖਦੀਆਂ ਹਨ ਕਿ ਜੋਗੀ ਇੱਕ ਦਿਨ ਜੀਵਨ ਮਨੋਰਥ ਵਿਚ ਮੁੜ ਗ੍ਰਿਹਿਸਥ ਪਛਾਨਣਗੇ। ਹੇਠਲੇ ਗੀਤ ਦੀ ਸ਼ੈਲੀ ਦੀ ਬਣਤਰ ਇੱਕ ਪੰਜਾਬੀ ਲੋਕ ਗੀਤ 'ਮਿੱਟੀ ਦਾ ਬਾਵਾ' ਦੇ ਨੇੜੇ ਹੈ। ਸੋਗ ਭਰੇ ਇਸ ਲੋਕ ਗੀਤ ਦੀ ਸ਼ੈਲੀ ਦੋ ਸਹੇਲੀਆਂ ਦੇ ਰਲ ਕੇ ਬਿਰਹਾ ਗਾਉਣ ਲਈ ਬਹੁਤ ਢੁਕਦੀ ਹੈ,

ਦੋ ਸਖੀਆਂ ਗਲ ਲੱਗ ਰੋਂਦੀਆਂ
ਦਿਲ ਡੂੰਘੇ ਦਰਦ ਵਡਾਉਂਦੀਆਂ
ਦਿਸੇ ਵਸ ਨਾ ਕੋਈ ਚਾਰਾ
ਸਾਡੇ ਪਿਰ ਪਰਦੇਸੀ ਉਠ ਗਏ
ਸਾਨੂੰ ਕਿਸ ਦਾ ਸਹਾਰਾ।

ਬੀਵੀ ਮਰਦਾਨੀ ਤੇ ਬੀਬੀ ਸੁਲੱਖਣੀ ਜੀ
ਰੋਜ਼ੇ ਰੱਖਣੀ, ਇੱਕ ਸੁੱਖਾਂ ਸੁੱਖਣੀ ਜੀ
ਦਿਲ ਦਰਦ ਵੰਡਾਵਣ
ਦੋਵੇਂ ਕੋਸਣ ਵੇਲਾ ਜੋ ਨਿਕਲਿਆ
ਮਿਲ ਬਿਰਹੜਾ ਗਾਵਣ।

ਕੀ ਕੱਤਕ ਕਰਮ ਕਮਾਇਆ ਏ
ਕੀ ਕੱਤਿਆ ਤੰਦੜੀ ਪਾਇਆ ਏ
ਤੰਦ ਬਣ ਗਏ ਬੱਤੀਆਂ
ਭਾਦੋਂ ਭਰਮਾਂ 'ਚ ਭੁੱਲ ਗਈਆਂ
ਸਹੁ ਰੰਗ ਨਾ ਰੱਤੀਆਂ।

ਅਸਾਂ ਈਦਾਂ ਦੀਵਾਲੀ ਬਾਲੇ ਦੀਵੜੇ
ਥੱਕ ਬੁਝਣ ਚਿਰਾਗ ਹੰਝੂ ਪੀਵੜੇ
ਨਾ ਆਈ ਈਦ, ਦੀਵਾਲੀ
ਲੋਕੀਂ ਚਾੜ੍ਹਨ ਚੁੱਲੇ ਕੜਾਹੀਆਂ,
ਸਾਡਾ ਧੁਖਦਾ ਏ ਖਾਲੀ।

ਬੈਠੀਏ ਪੇਕੇ ਜੇ ਬਣ ਕੇ ਕੁਚੱਜੀਆਂ
ਸਹੁਰੇ ਘਰ ਨਾ ਸੱਧਰਾਂ ਰੱਜੀਆਂ
ਅਸੀਂ ਰਹੀਆਂ ਤਿਹਾਈਆਂ
ਨਾ ਢੋਈ ਪੇਕੇ ਨਾ ਸੁੱਖ ਸ਼ਹੁ ਦੇਵੇ
ਕੀ ਭੱਠ ਵਿਆਹੀਆਂ।

ਲੋਕਾਂ ਦੇ ਸਾਵਣ ਮੋਰੀਂ ਕੂਕਦੇ
ਸਾਡੇ ਸਾਵਣ ਬਾਗਾਂ ਨੂੰ ਫੂਕਦੇ
ਪਤਝੜ ਨਾ ਮੁੱਕਦੀ
ਤਨ ਤੱਤੜਾ ਤਪੇ ਤੰਦੂਰ ਤਰ੍ਹਾਂ
ਜਿੰਦ ਜਾਵੇ ਸੁੱਕਦੀ।

ਸਾਡੇ ਸ਼ਹੁ ਪਰਦੇਸਾਂ 'ਚ ਅੱਪੜੇ
ਨਾ ਚੁੱਕਿਆ ਖਾਣ ਨੂੰ, ਨਾ ਕੋਈ ਕੱਪੜੇ
ਨਾ ਕੋਈ ਪੱਤਰ ਸੁਨੇਹੜੇ
ਲਾਈਆਂ ਤੀਰਥ ਮੱਕੇ ਉਨ੍ਹਾਂ ਰੌਣਕਾਂ
ਸਾਡੇ ਸੁੰਨੜੇ ਹਨ ਵਿਹੜੇ।

ਸਾਡੇ ਸ਼ਹੁ ਤੁਰੇ ਜੱਗ ਤਾਰਨ ਨੂੰ
ਮੋਹ ਡੁੱਬੀਆਂ ਰੂਹਾਂ ਉਧਾਰਨ ਨੂੰ
ਅਸੀਂ ਮੋਹ ਬੰਧ ਹੋਈਆਂ
ਉਨ੍ਹਾਂ ਹਾਂ ਲਿਖਿਆ ਗਾਇਆ ਬਿਰਹੜਾ
ਅਸੀਂ ਜਿਊਂ ਕੇ ਮੋਈਆਂ।

ਛੱਡ ਗ੍ਰਿਹਿਸਥ ਜੰਗਲੀ ਰਹਿੰਦੇ ਨੇ
ਮੁਕਤੀ ਜਿਥੋਂ ਮਿਲਦੀ ਕਹਿੰਦੇ ਨੇ
ਰਹਿ ਕੇ ਭੁੱਖੇ ਭਾਣੇ
ਅਸੀਂ ਵੀ ਭਗਵੇਂ ਪਾ ਟੁਰ ਜਾਂਦੀਆਂ
ਜੇ ਕੋਈ ਸਾਂਭਦਾ ਨਿਆਣੇ।

ਕਰ ਗਿਲਾ ਕਹੇ ਔਲਾ ਰੱਖੀ ਜੀ
ਰਹੇ ਦਾਣਿਓਂ ਭੁੱਖੀ ਮੇਰੀ ਚੱਕੀ ਜੀ
ਨਾ ਮਿਲੇ ਕਣਕ ਉਧਾਰੀ
ਮੰਗ ਚੌਧਰੀਆਂ ਤੋਂ ਦਿਨ ਕੱਟਦੀ
ਬਣ ਕੇ ਔਗੁਣਹਾਰੀ।

ਮੇਰਾ ਇੱਕੋ ਰਬਾਬੀ ਕਮਾਊ ਸੀ
ਥੋਰੇ ਮੁੜ ਕਦੋਂ ਘਰ ਆਊ ਜੀ
ਮੈਂ ਵੀ ਪਾਲਾਂ ਦੋ ਨਿਆਣੇ
ਮੁਥਾਜ ਜਜਮਾਨੀ ਮੈਨੂੰ ਛੱਡ ਗਿਆ
ਨਾ ਕੋਈ ਖੇਤ ਨਾ ਦਾਣੇ।

ਸੁਲੱਖਣੀ ਕਹੇ ਮੈਂ ਹੋਈ ਕੁਲੱਖਣੀ ਕਿਉਂ?
ਮੇਰੀ ਜਿੰਦ ਬਣੀ ਅਹਿਲਾ ਸੱਖਣੀ ਕਿਉਂ?
ਮੈਂ ਵੀ ਪਿਰ ਨਾ ਪਾਇਆ
ਜਿੰਨੀ ਗੁਣੀ ਸ਼ਹੁ ਰੋਕ ਸਕਾਂ
ਮੈਨੂੰ ਗੁਣ ਨਾ ਆਇਆ।

ਲਖਮੀ, ਸ੍ਰੀਚੰਦ ਮੈਂ ਪੜ੍ਹਨੇ ਪਾਉਂਦੀ ਆਂ
ਰਾਤਾਂ ਲੰਮੀਆਂ ਬਾਤਾਂ ਮੈਂ ਸੁਣਾਉਂਦੀ ਆਂ
ਪੁੱਤ ਪਿਓ ਤੋਂ ਵਾਂਝੇ
ਇਹ ਗ੍ਰਿਹਿਸਥੀ ਦੀ ਪੰਡ ਭਾਰੀ ਹੈ
ਇਹ ਫਰਜ਼ ਸੀ ਸਾਂਝੇ।

ਪਿਰ ਦੀਆਂ ਪਾਲਾਂ ਦੋ ਨਿਸ਼ਾਨੀਆਂ
ਕਰਮਾਂ ਹਾਰੀ ਫਰਜ਼ ਨਿਭਾਨੀ ਆਂ
ਇਹੋ ਕਰਮ ਹੈ ਮੇਰਾ
ਮੇਰੇ ਪਿਰ ਨੂੰ ਪਿਰ ਉਚਾ ਮਿਲ ਜਾਵੇ
ਇੱਕੋ ਧਰਮ ਹੈ ਮੇਰਾ।

ਦੋ ਸਖੀਆਂ ਗਲ ਲੱਗ ਰੋਂਦੀਆਂ
ਦਿਲ ਡੂੰਘੇ ਦਰਦ ਵੰਡਾਉਂਦੀਆਂ
ਕਰ ਕੇ ਰੋਣਾ ਰੋਸਾ
ਮੁੜ ਜੋਗੀਆਂ ਗ੍ਰਿਹਿਸਥ ਪਛਾਨਣਾ
ਰੱਖਣ ਰੱਬ 'ਤੇ ਭਰੋਸਾ।

###

# ਪੰਜਾਬ ਜਾਗ੍ਰਿਤੀ ਲਹਿਰ ਅਤੇ ਯੂਰਪੀਅਨ ਰੈਨੇਸਾਂਸ ਲਹਿਰ

*(ਪਿਛਲੇ ਸਫੇ ਦੀ ਬਾਕੀ)*

ਬਹੁਤ ਹੁੰਦੀ ਹੈ। 'ਜੜ੍ਹਤਾ' ਫਿਜ਼ਿਕਸ ਦਾ ਇੱਕ ਸੰਕਲਪ ਹੈ: ਕਿਸੇ ਵੀ ਭੌਤਿਕ ਚੀਜ਼ ਵਿਚ ਜੜ੍ਹਤਾ ਦੀ ਮਾਤਰਾ ਜਿੰਨੀ ਵੱਧ ਹੋਵੇਗੀ, ਉਹ ਚੀਜ਼ ਤਬਦੀਲੀ ਦਾ ਉਨਾ ਵੱਧ ਵਿਰੋਧ ਕਰੇਗੀ। ਪੰਜਾਬੀਆਂ ਦੀ ਜੜ੍ਹਤਾ, ਪੱਛਮੀ ਦੇਸ਼ਾਂ ਦੇ ਲੋਕਾਂ ਦੇ ਮੁਕਾਬਲੇ ਬਹੁਤ ਹੈ, ਜਿਸ ਦੀ ਇੱਕ ਮੁੱਖ ਵਜ੍ਹਾ ਪੰਜਾਬੀਆਂ ਦਾ ਵੱਧ ਭੂਤਮੁਖੀ ਹੋਣਾ ਹੈ, ਜਿਹਦੇ ਕਾਰਨ ਇਤਿਹਾਸਕ ਹਨ।

ਜੇ ਸਾਰੇ ਨਹੀਂ ਤਾਂ ਬਹੁਤੇ ਸੰਗਠਿਤ ਧਰਮ ਸੁਭਾਵਿਕ ਹੀ ਪਿਛਾਂਹ-ਖਿੱਚੂ ਹੁੰਦੇ ਨੇ ਜਾਂ ਹੋ ਨਿਬੜਦੇ ਨੇ, ਤੇ ਨਤੀਜੇ ਵਜੋਂ ਲੋਕਾਂ ਨੂੰ ਭੂਤਮੁਖੀ ਸੋਚ ਮੁਹੱਈਆ ਕਰਦੇ ਨੇ। ਇਸ ਦੇ ਉਲਟ ਵਿਗਿਆਨ ਆਪਣੀ ਪਰਿਭਾਸ਼ਾ ਤੋਂ ਹੀ ਅਗਾਂਹ-ਵਧੂ ਹੁੰਦਾ ਹੈ ਅਤੇ ਵਿਗਿਆਨਕ ਪਹੁੰਚ ਭਵਿਖ-ਮੁਖੀ। ਪੱਛਮ ਵਿਚ ਵਿਗਿਆਨ ਤੇ ਧਰਮ ਵਿਚਾਲੇ ਸ਼ੁਰੂ ਤੋਂ ਹੀ ਚੱਲੀ ਆਉਂਦੀ ਟੱਕਰ ਇਸ ਸੱਚ ਦੀ ਗਵਾਹ ਹੈ। ਪ੍ਰਾਚੀਨ ਕਾਲ ਵਿਚ ਕੁਦਰਤੀ ਵਰਤਾਰਿਆਂ ਬਾਰੇ ਮਨੁੱਖ ਦੇ ਅਗਿਆਨ ਨੇ ਰੱਬ ਤੇ ਦੇਵੀ-ਦੇਵਤਿਆਂ ਜਿਹੇ ਸੰਕਲਪਾਂ ਨੂੰ ਜਨਮ ਦਿੱਤਾ, ਜੋ ਕਈ ਰੂਪਾਂ ਵਿਚ ਪ੍ਰਾਚੀਨ ਪੂਰਬੀ ਤੇ ਕਿਸੇ ਹੱਦ ਤੱਕ ਪੱਛਮੀ ਫਲਸਫੇ ਵਿਚ ਵੀ ਭਾਰੂ ਰਹੇ। ਕਰੀਬ 2600 ਸਾਲ ਪਹਿਲਾਂ ਹੀ ਪੱਛਮੀ ਫਲਸਫੇ ਵਿਚ ਇਹ ਸਥਿਤੀ ਬਦਲਨੀ ਸ਼ੁਰੂ ਹੋ ਗਈ ਸੀ, ਜਦੋਂ ਗਰੀਕ ਫਿਲਾਸਫਰ ਥੇਲਜ਼ (624 ਤੋਂ 546 ਈਸਾ ਪੂਰਵ) ਨੇ ਇਹ ਵਿਚਾਰ ਵਿਕਸਿਤ ਕੀਤਾ ਕਿ ਬ੍ਰਹਿਮੰਡ ਤੇ ਇਸ ਵਿਚਲੇ ਵਰਤਾਰਿਆਂ ਨੂੰ ਬਿਨਾ ਰੱਬ, ਧਰਮ ਤੇ ਮਿਥਿਹਾਸ ਦਾ ਸਹਾਰਾ ਲਏ ਸਮਝਿਆ ਜਾ ਸਕਦਾ ਹੈ। ਉਸ ਅਨੁਸਾਰ ਜਟਿਲ ਦਿਸਦੇ ਕੁਦਰਤੀ ਵਰਤਾਰਿਆਂ ਨੂੰ ਸਾਦੇ ਸਿਧਾਂਤਾਂ ਵਿਚ ਸੰਗੋੜ ਕੇ ਉਨ੍ਹਾਂ ਵਰਤਾਰਿਆਂ ਦੀ ਵਿਆਖਿਆ ਕੀਤੀ ਜਾ ਸਕਦੀ ਹੈ। ਇਥੋਂ ਪੱਛਮੀ ਫਲਸਫੇ ਵਿਚ ਵਿਗਿਆਨ ਦਾ ਮੁੱਢ ਬੱਝਦਾ ਹੈ।

ਪ੍ਰਾਚੀਨ ਭਾਰਤੀ ਫਲਸਫੇ ਵਿਚ ਭਾਵੇਂ ਗਰੀਕ ਫਲਸਫੇ ਵਾਂਗ ਹੀ ਐਟਮਵਾਦ ਦੇ ਕੁਝ ਅੰਸ਼ ਸਨ: ਵੇਦਿਕ ਰਿਸ਼ੀ ਅਰੁਨੀ (ਅੱਠਵੀਂ ਈਸਾ ਪੂਰਵ ਸਦੀ) ਅਤੇ ਚਾਰਵਾਕ, ਜੈਨ, ਤੇ ਅਜੀਵਿਕਾ (ਸੱਤਵੀਂ ਈਸਾ ਪੂਰਵ ਸਦੀ) ਜਿਹਿਆਂ ਸਦਕਾ; ਪਰ ਕੱਟੜ ਹਿੰਦੂ ਧਾਰਮਿਕ ਫਲਸਫਾ ਹੀ ਸਮੁੱਚੇ ਫਲਸਫੇ 'ਤੇ ਭਾਰੂ ਰਿਹਾ। ਅਮਲੀ ਤੌਰ 'ਤੇ ਪ੍ਰਾਚੀਨ ਭਾਰਤੀ ਫਲਸਫੇ ਤੇ ਸੰਸਕ੍ਰਿਤੀ ਵਿਚੋਂ ਵਿਗਿਆਨ ਤੇ ਵਿਗਿਆਨਕ ਸੋਚ ਕਰੀਬ ਗਾਇਬ ਰਹੇ। "ਪਹਿਲਾਂ ਯੁੱਗ ਸੱਤਯੁਗ ਸੀ ਅਤੇ ਤ੍ਰੇਤਾ ਤੇ ਦੁਆਪਰ ਪਿਛੋਂ ਹੁਣ ਦਾ ਯੁੱਗ ਕਲਯੁੱਗ ਹੈ।" ਇਸ ਸਮੇਤ ਹਿੰਦੂ ਧਾਰਮਿਕ ਫਲਸਫੇ ਤੇ ਚਿੰਤਨ ਵਿਚਲੀਆਂ ਅਜਿਹੀਆਂ ਪਿਛਲ-ਖੁਰੀ ਧਾਰਨਾਵਾਂ ਨੇ ਵਿਗਿਆਨ ਤੇ ਵਿਗਿਆਨਕ ਸੋਚ ਦੀ ਗੈਰ-ਹਾਜ਼ਰੀ ਸਦਕਾ ਭਾਰਤੀ ਲੋਕਾਂ ਦੀ ਮਾਨਸਿਕਤਾ ਤੇ ਚਿੰਤਨ ਵਿਚ ਭੂਤਮੁਖੀ ਪਹੁੰਚ ਕੁੱਟ ਕੁੱਟ ਕੇ ਭਰ ਦਿੱਤੀ, ਜੋ ਅੱਜ ਤੱਕ ਅਮਰ ਹੈ।

ਭੂਤਮੁਖੀ ਪਹੁੰਚ ਦਾ ਸਭ ਤੋਂ ਖਤਰਨਾਕ ਖਾਸਾ ਇਹ ਹੁੰਦਾ ਹੈ ਕਿ ਇਹ ਠੀਕ ਸਵਾਲ ਪੁੱਛਣ ਅਤੇ ਚੀਜ਼ਾਂ ਤੇ ਵਰਤਾਰਿਆਂ ਨੂੰ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਵੇਖਣ ਦਾ ਵਿਵੇਕ ਬੁੱਧੀ ਕੋਲੋਂ ਖੋਹ ਲੈਂਦੀ ਹੈ ਜਾਂ ਉਸ ਨੂੰ ਭਾਰੀ ਨੁਕਸਾਨ ਪਹੁੰਚਾਉਂਦੀ ਹੈ।

ਭੂਤਮੁਖੀ ਸੋਚ ਤੇ ਪਹੁੰਚ ਕਾਰਨ ਪੰਜਾਬ ਦੇ ਲੋਕਾਂ ਵਿਚ 'ਜੜ੍ਹਤਾ' ਯੂਰਪੀਅਨ ਲੋਕਾਂ ਨਾਲੋਂ ਵੱਧ ਸੀ, ਇਸ ਲਈ ਤਬਦੀਲੀ ਦਾ ਵਿਰੋਧ ਕਰਨ ਦੀ ਸਮਰੱਥਾ ਵੀ ਉਨੀ ਹੀ ਵੱਧ ਸੀ। ਜਦੋਂ ਗੁਰੂ ਸਾਹਿਬਾਨ ਨੇ ਧਾਰਮਿਕ ਕੁਰੀਤੀਆਂ, ਖੋਖਲੀਆਂ ਰਸਮਾਂ ਅਤੇ ਪਖੰਡਾਂ ਤੇ ਜਾਤ-ਪਾਤ ਜਿਹੀਆਂ ਲਾਹਨਤਾਂ ਦਾ ਤਾਰਕਿਤ ਖੰਡਨ ਕਰਦਿਆਂ ਲੋਕਾਂ ਨੂੰ ਉਨ੍ਹਾਂ ਤੋਂ ਤੋੜ-ਵਿਛੋੜਾ ਕਰਨ ਦਾ ਸੱਦਾ ਦਿੱਤਾ ਤਾਂ ਲੋਕ ਇਹ ਤਬਦੀਲੀ ਆਪਣੇ ਜੀਵਨ ਵਿਚ ਲਾਗੂ ਕਰਨੋਂ ਹਿਚਕਿਚਾਉਣ ਲੱਗੇ। ਜਦ ਉਦਾਸੀ ਫਿਰਕੇ ਨੇ ਸਿੱਖੀ ਦੇ ਸਥਾਪਤ ਕੀਤੇ ਪ੍ਰਚਾਰ ਕੇਂਦਰਾਂ 'ਤੇ ਕਬਜ਼ਾ ਕਰਕੇ ਉਨ੍ਹਾਂ ਵਿਚ ਸਿੱਖੀ ਦੇ ਨਾਂ 'ਤੇ ਸੰਸਥਾਗਤ ਧਰਮ ਸ਼ੁਰੂ ਕੀਤਾ, ਇਸ ਕਾਰਨਾਮੇ ਨੂੰ ਮਾਨਤਾ ਦੇਣ ਵਿਚ ਲੋਕਾਂ ਨੂੰ ਕੋਈ ਤਕਲੀਫ ਨਾ ਹੋਈ; ਉਨ੍ਹਾਂ ਦੇ ਭਾਣੇ ਇਹ ਅੱਛਾ ਸੌਦਾ ਸੀ: ਗੁਰੂ ਦੇ ਸਿੱਖ ਵੀ ਬਣੇ ਰਹੋ ਤੇ ਬਦਲਨਾ ਵੀ ਨਾ ਪਿਆ; ਨਾਲੇ ਪੁੰਨ, ਨਾਲੇ ਫਲੀਆਂ।

**ਸਿੱਟੇ:** ਮੁੱਕਦੀ ਗੱਲ, ਮੂਲ ਰੂਪ ਵਿਚ ਫੌਜਾਂ ਦੀ ਜਿੱਤ ਦਾ ਸਿਹਰਾ ਵਿਗਿਆਨ, ਵਿਗਿਆਨਕ ਸੋਚ ਤੇ ਭਵਿੱਖਮੁਖੀ ਪਹੁੰਚ ਸਿਰ ਬੱਝਦਾ ਹੈ। ਹਾਰ ਦੀ ਲਾਅਨਤ ਭੂਤਮੁਖੀ ਪਹੁੰਚ ਅਤੇ ਵਿਗਿਆਨ ਤੇ ਵਿਗਿਆਨਕ ਸੋਚ ਦੀ ਗੈਰ-ਹਾਜ਼ਰੀ 'ਤੇ ਪੈਂਦੀ ਹੈ। ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਬ੍ਰਾਹਮਣਵਾਦੀ ਫਲਸਫੇ 'ਤੇ ਅਮਲ ਰੱਦ ਕਰਦੀ ਗੁਰੂ ਸਾਹਿਬਾਨ ਦੀ ਮਾਨਵਵਾਦੀ ਲਹਿਰ ਦੇ ਉਦੇਸ਼ਾਂ ਨਾਲ ਅਸਹਿਮਤ ਕੁਝ ਮੱਤ ਜਾਂ ਫਿਰਕੇ ਸਨ, ਜੋ ਗੁਰੂ ਸਾਹਿਬਾਨ ਤੋਂ ਬਾਅਦ ਲਹਿਰ ਨੂੰ ਗੁਰੂ ਸਾਹਿਬਾਨ ਦੇ ਨਾਂ 'ਤੇ ਇੱਕ ਸੰਸਥਾਗਤ ਧਰਮ ਵਿਚ ਬਦਲਣ ਵਿਚ ਕਾਮਯਾਬ ਹੋਏ; ਪੰਜਾਬ ਵਿਚ ਸਦੀਆਂ ਤੋਂ ਪ੍ਰਚਲਿਤ ਭੂਤਮੁਖੀ ਪਹੁੰਚ ਦੀ ਮੌਜੂਦਗੀ ਅਤੇ ਵਿਗਿਆਨ ਤੇ ਵਿਗਿਆਨਕ ਸੋਚ ਦੀ ਗੈਰ-ਹਾਜ਼ਰੀ ਸਦਕਾ। ਇਸ ਤਰ੍ਹਾਂ ਪੰਜਾਬ ਜਾਂ ਗੁਰੂ ਸਾਹਿਬਾਨ ਦਾ ਸਿਰਜਿਆ ਸਿੱਖ ਜਾਂ ਪੰਜਾਬ ਦੇ 'ਰੈਨੇਸਾਂਸ ਮੈਨ' ਬ੍ਰਾਹਮਣਵਾਦੀ ਫਲਸਫੇ ਤੇ ਅਮਲ ਨੂੰ ਮਾਨਤਾ ਦੇਣ ਵੱਲ ਨੂੰ ਕੂਹਣੀ-ਮੋੜ ਕੱਟ ਗਿਆ। ਇਹਦੇ ਉਲਟ ਰੈਨੇਸਾਂਸ ਦੌਰਾਨ ਤੇ ਰੈਨੇਸਾਂਸ ਪਿਛੋਂ ਵਿਗਿਆਨ ਤੇ ਵਿਗਿਆਨਕ ਸੋਚ ਸਦਕਾ ਯੂਰਪ ਅਤੇ ਰੈਨੇਸਾਂਸ ਦੇ ਵਾਰਿਸਾਂ ਵਲੋਂ ਸ਼ੁਰੂ ਕੀਤੇ ਦੇਸ਼ ਅਮਰੀਕਾ ਤੇ ਕੈਨੇਡਾ, ਭਵਿੱਖਮੁਖੀ ਪਹੁੰਚ ਅਪਨਾਉਂਦਿਆਂ ਅੱਗੇ ਵਧਦੇ ਗਏ। ਬਾਕੀ ਭਾਰਤ ਵਾਂਗ ਹੀ ਪੰਜਾਬ ਦੀ ਮੂਲ ਸਮੱਸਿਆ ਹੈ: ਸਮੱਸਿਆ ਪ੍ਰਤੀ ਭੂਤਮੁਖੀ ਤੇ ਗੈਰ-ਵਿਗਿਆਨਕ ਪਹੁੰਚ। ਇਸ ਲਈ ਕਰੀਬ ਸਭ ਸਮੱਸਿਆਵਾਂ ਦੇ ਹੱਲ ਲੱਭਣ ਦੀ ਚੰਗੀ ਸ਼ੁਰੂਆਤ ਹੋਵੇਗੀ ਉਨ੍ਹਾਂ ਸਮੱਸਿਆਵਾਂ ਪ੍ਰਤੀ ਵਿਗਿਆਨਕ ਤੇ ਭਵਿੱਖਮੁਖੀ ਪਹੁੰਚ ਅਪਨਾਉਣਾ।

ਇਸ ਲੇਖ ਵਿਚ ਅਸੀਂ ਪੰਜਾਬ ਜਾਗ੍ਰਿਤੀ ਲਹਿਰ ਤੇ ਯੂਰਪੀਅਨ ਰੈਨੇਸਾਂਸ ਲਹਿਰ ਦੀਆਂ ਹਾਰਾਂ-ਜਿੱਤਾਂ ਦੇ ਮੂਲ ਇਤਿਹਾਸਕ ਕਾਰਨਾਂ ਦੀ ਜਾਂਚ ਕੀਤੀ ਹੈ। ਅਗਲੇ ਲੇਖ ਵਿਚ ਭਗਤਾਂ ਤੇ ਸੂਫੀਆਂ ਦੇ ਨਾਲ ਨਾਲ ਗੁਰੂ ਸਹਿਬਾਨ ਵਲੋਂ ਚਲਾਈ ਗਈ ਪੰਜਾਬ ਜਾਗ੍ਰਿਤੀ ਲਹਿਰ ਦੀ ਰੌਸ਼ਨੀ ਵਿਚ ਵੇਖਾਂਗੇ ਕਿ ਅੱਜ ਪੰਜਾਬ ਕੀ ਕਰ ਰਿਹਾ ਹੈ, ਤੇ ਕੀ ਕਰਨਾ ਬਣਦਾ ਹੈ?

*(ਚਲਦਾ)*

# ਬਾਬਾ !

ਤੂੰ ਹੋਕਾ ਦਿੱਤਾ ਸੀ
ਕਿਰਤ ਕਰਨ, ਵੰਡ ਛੱਕਣ ਤੇ
ਸੱਚੇ ਨਾਮ ਦੇ ਅਭਿਆਸ ਦਾ
ਕੁਦਰਤ 'ਚੋਂ ਕਰਤਾ ਲੱਭਣ ਦਾ

ਬਹੁਤ ਸੌਖਾ ਲੱਗਦੈ
ਤੇਰਾ ਹੋਕਾ ਤੇਰੇ ਧਰਮ ਪੁੱਤਰਾਂ ਨੂੰ।
ਔਖਾ ਤਾਂ ਤੇਰੇ ਵੰਸ਼ ਲਈ ਏ
ਜਾਂ ਤੇਰੇ ਦਾਅਵੇਦਾਰਾਂ ਲਈ।

ਤੇਰੇ ਧਰਮ ਪੁੱਤਰ, ਤੇਰੇ ਨਾਹਰੇ ਲਈ
ਤੱਤੀਆਂ ਤਵੀਆਂ 'ਤੇ ਸੜ ਗਏ
ਉਬਲਦੀਆਂ ਦੇਗਾਂ 'ਚ ਉਬਲ ਗਏ।
ਚਰਖੜੀਆਂ 'ਤੇ ਰੂੰ ਵਾਂਗ ਪਿੰਜੇ ਗਏ
ਖੋਪਰੀਆਂ ਲੁਹਾ ਆਰਿਆਂ ਨਾਲ ਤਨ
ਫੱਟਿਆਂ ਵਾਂਗ ਚਿਰਵਾ ਗਏ
ਮੁੱਖੋਂ ਹਾਏ ਨਾ ਉਚਰਿਆ।

ਬਾਬਾ! ਤੇਰੇ ਧਰਮ ਪੁੱਤਰਾਂ ਨੂੰ
ਤੇਰੀ ਕਹਿਣੀ ਤੇ ਕਰਨੀ 'ਤੇ
ਅੱਜ ਵੀ ਮਾਣ ਏ।
ਤੇਰੇ ਚਰਨਾਂ 'ਤੇ ਫੁੱਲਾਂ ਦੀ ਥਾਂ
ਸੀਸ ਅਰਪਣ ਕਰਦੇ ਨੇ।
ਤੇਰੇ ਧਰਮ ਪੁੱਤਰ ਸਦੀਆਂ ਤੋਂ
ਤੇਰੇ ਸੋਚ 'ਤੇ ਖੜੇ ਨੇ, ਖੜੇ ਰਹਿਣਗੇ।

ਤੈਨੂੰ ਬੇਦਾਵਾ ਤਾਂ ਤੇਰੇ ਜਿਉਂਦੇ ਜੀਅ
ਤੇਰੇ ਵੰਸ਼ ਤੇ ਤੇਰੇ ਖੂਨ ਨੇ ਦਿੱਤਾ ਸੀ।
ਤੇਰੇ ਪੁੱਤਰਾਂ-ਸ੍ਰੀ ਚੰਦ ਤੇ ਲੱਖਮੀ ਨੇ
ਤੇਰੇ ਸਤਿਨਾਮ ਦੀ ਲੀਲ੍ਹਾ ਧੁਆਂਖਣ ਲਈ
ਉਦਾਸੀ ਧੂੰਆਂ ਧੁਖਾਇਆ ਸੀ।

ਤੇਰੇ ਪੁੱਤਰਾਂ ਦੀ ਤੇਰੇ ਖਿਲਾਫ
ਭਖਾਈ ਉਦਾਸੀ ਪਾਖੰਡੀ ਧੂਣੀ
ਤੇਰੇ ਸਤਿਨਾਮ
ਨੂੰ ਅੱਜ ਵੀ ਧੂੰਆਂਖ ਰਹੀ ਏ।

ਬਾਬਾ ਤੂੰ ਜਿਉਂਦੇ ਜੀਅ
ਪੁੱਤਰਾਂ ਦਾ ਮੋਹ ਛੱਡ ਦੱਸ ਗਿਆ ਸੀ
ਕੋਈ ਸਿੱਖ ਸੱਚ ਦੇ ਮਾਰਗ ਚੱਲਦਿਆਂ
ਲਹਿਣੇ ਤੋਂ ਅੰਗਦ ਬਣ ਸਕਦਾ।

ਮੁਆਫ ਕਰੀਂ ਬਾਬਾ
ਅਸੀਂ ਕੁਰਬਾਨੀਆਂ ਤੇ ਸ਼ਹਾਦਤਾਂ
ਦੇ ਕੇ ਵੀ ਭੁੱਲ ਗਏ
ਲਹਿਣੇ ਤੋਂ ਅੰਗਦ ਬਣਨ ਦੀ ਜਾਚ।
ਅਸੀਂ ਭਟਕ ਗਏ, ਤੇਰੇ ਸ਼ਬਦ ਭੁੱਲ ਗਏ।

ਤੈਨੂੰ ਹੱਥ 'ਚ ਫੜੀ ਮਾਲਾ
ਮੋਢਿਆਂ 'ਤੇ ਓੜੀ ਮਖਮਲੀ ਚਾਦਰ
ਵਾਲੀ ਫੋਟੋ 'ਚੋਂ ਲੱਭਣ ਲੱਗ ਪਏ।
ਪੱਥਰ ਦੀ ਮੂਰਤ ਦੀ ਨਿੰਦਾ ਕਰਦੇ
ਕਾਗਜ਼ ਦੀ ਮੂਰਤ ਪੂਜਣ ਲੱਗ ਪਏ।

ਮੁਆਫ ਕਰੀਂ ਬਾਬਾ ਤੇਰੇ ਸਿੱਖਾਂ
ਬਹੁਤ ਸਫਰ ਕੀਤਾ
ਤੇਰੇ ਸੱਚ ਦੇ ਨਾਮ ਲਈ।
ਸੰਤ ਤੋਂ ਸੰਤ ਸਿਪਾਹੀ ਦਾ ਸਫਰ।

ਅਜੇ ਵੀ ਤੇਰੀ ਵੰਸ਼ ਜਾਂ ਵਾਰਿਸ
ਕਹਾਉਂਦੇ ਸੁਆਹ ਮਲੇ ਸ੍ਰੀ ਚੰਦ
ਜਾਂ ਲੱਖਮੀ ਚੰਦ ਦੀ ਸੋਚ ਤੋਂ
ਤੇਰੇ ਪੰਥ ਤੇ ਸਤਿਨਾਮ ਨੂੰ ਖਤਰਾ।
ਬਾਬਾ ਆਪੇ ਸਿਰ ਮੱਤ ਦੇਹ।

*-ਹਰਜਿੰਦਰ ਦੁਸਾਂਝ*

# ਨਾਨਕ ਸੰਵਾਦ

ਕਿਰਤ ਕਰ ਤੇ ਵੰਡ ਛਕਾ ਕੇ,
ਤੀਜੇ ਥਾਂ 'ਤੇ ਨਾਮ ਜਪਾਇਆ।
ਚਾਰ ਉਦਾਸੀਆਂ ਕਰ ਬਾਬੇ,
ਵਿਚ ਸੰਸਾਰ ਸੰਵਾਦ ਰਚਾਇਆ।

ਜੰਞੂ ਪਹਿਨ ਤੂੰ ਸੁਣ ਬਾਲੇ!
ਪਾਂਡੇ ਨੇ ਜਦ ਇਹ ਫੁਰਮਾਇਆ।
ਦਇਆ, ਸੰਤੋਖ ਤੇ ਜਤ-ਸਤ ਦਾ,
ਬਾਬੇ ਨੇ ਫਿਰ ਜੰਞੂ ਬਣਾਇਆ।

ਚਾਰ ਵਰਣ ਇੱਕ ਕਰਾ ਕੇ,
ਸਾਂਝੀਵਾਲਤਾ ਦਾ ਪਾਠ ਪੜ੍ਹਾਇਆ।

ਵਿਚ ਮਸੀਤੀਂ ਨਮਾਜ਼ ਪੜ੍ਹਨ ਦਾ,
ਕਾਜ਼ੀ ਨੂੰ ਫਿਰ ਢੰਗ ਸਿਖਾਇਆ।

ਲੱਤਾਂ ਵੱਲ ਖੁਦਾ ਦੇ ਕਰਕੇ,
ਬਾਬੇ ਜਾ ਫਿਰ ਮੱਕਾ ਫਿਰਾਇਆ।
ਉਤਰ-ਦੱਖਣ, ਪੂਰਬ-ਪੱਛਮ,
ਹਰ ਪਾਸੇ ਹੈ ਖੁਦਾ ਦਿਖਾਇਆ।

ਜਗਨਨਾਥ ਜਾ ਜਗਤ ਗੁਰੂ ਨੇ,
ਗਗਨ ਦਾ ਫਿਰ ਥਾਲ ਸਜਾਇਆ।
ਚੰਦ ਸੂਰਜ ਦੋ ਦੀਵੇ ਸਾਜ ਕੇ,
ਪਵਨਾਂ ਪਾਸੋਂ ਚਵਰ ਕਰਾਇਆ।

ਕੌਣ ਗੁਰੂ, ਕਿਸ ਕਾ ਤੂੰ ਚੇਲਾ?
ਸਿੱਧਾਂ ਨੇ ਜਦ ਪ੍ਰਸ਼ਨ ਉਠਾਇਆ।
ਸ਼ਬਦ ਗੁਰੂ ਤੇ ਸੁਰਤ ਹੈ ਚੇਲਾ,
ਬਾਬੇ ਨੇ ਫਿਰ ਆਖ ਸੁਣਾਇਆ।

ਹਰਦੁਆਰ ਵਿਚ ਜਾ ਬਾਬੇ ਨੇ,
'ਹਰਿ ਕੀ ਪਉੜੀ' ਕਮਾਲ ਵਿਖਾਇਆ।
ਨਨਕਾਣੇ ਵੱਲ ਨੂੰ ਸਿੰਜ ਕੇ ਪਾਣੀ,
ਭੁੱਲੇ ਲੋਕਾਂ ਤਾਂਈਂ ਸਮਝਾਇਆ।

ਖੀਰਾਂ ਪੂੜੇ ਛੱਡ ਭਾਗੋ ਦੇ,
ਲਾਲੋ ਘਰ ਜਾ ਕੋਧਰਾ ਖਾਇਆ।
ਠੱਗਾਂ ਨੂੰ ਤੂੰ ਸੱਜਣ ਬਣਾ ਕੇ,
ਭਾਗੋਆਂ ਤਾਂਈਂ ਸਿੱਖ ਸਜਾਇਆ।

ਹੱਕ ਸੱਚ ਦਾ ਹਲ ਚਲਾ ਕੇ,
ਘਾਲ ਕਰਨ ਦਾ ਵਲ ਸਿਖਾਇਆ।
ਮਿਹਨਤ ਕਰਕੇ ਦਾਨ ਕਰਨ ਦਾ,
ਬਾਬੇ ਨੇ ਫਿਰ ਪਾਠ ਪੜ੍ਹਾਇਆ।

ਸੰਵਾਦ ਹੱਲ ਹੈ ਹਰ ਕਾਸੇ ਦਾ,
ਜਿਨ੍ਹ ਕੀਤਾ ਤਿਨ੍ਹ ਨਫਾ ਕਮਾਇਆ।
ਚਾਰ ਉਦਾਸੀਆਂ ਕਰ ਬਾਬੇ,
ਵਿਚ ਸੰਸਾਰ ਸੰਵਾਦ ਰਚਾਇਆ।

*-ਪ੍ਰੋ. ਦਲਬੀਰ ਸਿੰਘ*
*ਯਮੁਨਾ ਨਗਰ, ਹਰਿਆਣਾ।*
*ਫੋਨ: 91-94164-47468*

# ਨਨਕਾਣੇ ਜਾਣਾ ਏ

ਛੇਤੀ ਛੇਤੀ ਤੁਰ ਅੰਮੀਏ
ਮੈਂ ਨਨਕਾਣੇ ਜਾਣਾ ਏ।
ਬਾਬਾ ਨਾਨਕ ਆਇਆ ਏ
ਉਹਦਾ ਦਰਸ਼ਨ ਪਾਣਾ ਏ।

ਕਈ ਸਦੀਆਂ ਤੋਂ ਮਾਏ ਨੀ
ਅਸਾਂ ਪੀੜ ਬੜੀ ਹੈ ਝੱਲੀ।
ਯਾਦ ਕਰਾਂ ਨਨਕਾਣੇ ਨੂੰ
ਜਦ ਬਹਿ ਕੇ ਰੋਵਾਂ 'ਕੱਲੀ।
ਤਲਵੰਡੀ ਦੀ ਧੂੜੀ ਨੂੰ ਮੈਂ
ਮੱਥੇ ਲਾਣਾ ਏ।
ਮੈਂ ਨਨਕਾਣੇ ਜਾਣਾ ਏ।

ਜਿਸ ਵਿਹੜੇ ਵਿਚ ਕਾਦਰ ਕਰਤਾ
ਨਾਨਕ ਬਣ ਕੇ ਆਇਆ।
ਜਿਸ ਵਿਹੜੇ ਵਿਚ ਸਤਿਗੁਰੂ
ਨਾਨਕ ੴ ਅਲਾਇਆ।
ਉਸ ਮਾਂ ਤ੍ਰਿਪਤਾ ਦੇ ਵਿਹੜੇ ਨੂੰ
ਅੱਜ ਸੀਸ ਝੁਕਾਣਾ ਏ।
ਮੈਂ ਨਨਕਾਣੇ ਜਾਣਾ ਏ।

ਜਿਸ ਨਨਕਾਣੇ ਭੈਣ ਨਾਨਕੀ
ਵੀਰ ਨੂੰ ਲਾਡ ਲਡਾਏ।
ਜਿਸ ਨਨਕਾਣੇ ਨਿੱਕੜਾ ਨਾਨਕ
ਮੱਝੀਆਂ ਪਿਆ ਚਰਾਏ।
ਜਿਸ ਧਰਤੀ ਦਾ ਸੱਚਖੰਡ ਜਿਹਾ
ਰੂਪ ਸੁਹਾਣਾ ਏ।
ਮੈਂ ਨਨਕਾਣੇ ਜਾਣਾ ਏ।

ਸੱਜਣ ਠੱਗ ਤੇ ਕੌਡੇ ਵਰਗੇ
ਪਾਪੀ ਜਿਸ ਨੇ ਤਾਰੇ।
ਨਾਮ ਦਾ ਚੱਪੂ ਲਾ ਕੇ ਜਗ ਨੂੰ
ਭਵਜਲ ਪਾਰ ਉਤਾਰੇ।
ਉਸ ਦੇ ਚਰਨਾਂ 'ਤੇ ਸਿਰ ਰੱਖ ਕੇ
ਸ਼ੁਕਰ ਮਨਾਣਾ ਏ।
ਮੈਂ ਨਨਕਾਣੇ ਜਾਣਾ ਏ।

ਸਤਿਗੁਰੂ ਜੀ ਤੇਰੀ ਕੌਮ ਦੇ
ਬੰਦੇ ਲੀਡਰ ਬਣ ਗਏ ਸਾਰੇ।
ਸਾਰੇ ਲੀਡਰ ਇੱਕ ਦੂਜੇ ਨੂੰ
ਦਿਨੇ ਦਿਖਾਉਂਦੇ ਤਾਰੇ।
ਗੁਰੂ ਨਾਨਕ ਨੂੰ ਜਾ ਕੇ ਮੈਂ
ਸੰਦੇਸ਼ ਪਹੁੰਚਾਣਾ ਏ।
ਮੈਂ ਨਨਕਾਣੇ ਜਾਣਾ ਏ।

ਸੁਣਿਆ ਏ ਉਹਦੇ ਦਰ 'ਤੇ
ਅੰਮੀਏ ਹੁੰਦੀ ਏ ਸੁਣਵਾਈ।
ਰੋ ਰੋ ਕੇ ਆਖਾਂਗੀ
ਮੈਂ ਪਰਦੇਸਣ ਦੂਰੋਂ ਆਈ।
ਵੇਖੀਂ ਉਸ ਨੇ ਝੱਟ 'ਸੁਰਜੀਤ' ਨੂੰ
ਚਰਨੀਂ ਲਾਣਾ ਏ।
ਮੈਂ ਨਨਕਾਣੇ ਜਾਣਾ ਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਬਾਬਾ ਪ੍ਰਗਟਿਆ

ਜੱਗ 'ਤੇ ਪ੍ਰਗਟ ਹੋਏ ਤੁਸੀਂ ਬਾਬਾ
ਭੱਜੇ ਪਰਾਂਹ ਹਨੇਰੇ
ਤਪਦੇ ਹਿਰਦੇ ਸੀਤਲ ਹੋ ਗਏ
ਵਰਤੀ ਠੰਡ ਚੁਫੇਰੇ
ਕਿਰਤੀਆਂ ਦੇ ਵਿਹੜੇ ਰੁਸ਼ਨਾਏ
ਚਮਕ ਉਠੇ ਬਨੇਰੇ
ਪਤਾ ਲੱਗਾ ਹੱਕ ਸੱਚ ਦੇ ਪਾਂਧੀ
ਜੱਗ 'ਤੇ ਪਾਏ ਨੇ ਫੇਰੇ।

ਜਾਤਾਂ-ਪਾਤਾਂ, ਵਰਣਾਂ ਦੇ ਝਗੜੇ
ਜਿਨ੍ਹਾਂ ਪਾਏ ਬਖੇੜੇ
ਧਰਮਾਂ ਦੇ ਠੇਕੇਦਾਰਾਂ ਦੇ ਸਾਹਵੇਂ
ਮੂੰਹ 'ਤੇ ਪਾਜ ਉਘੇੜੇ
ਜ਼ਾਬਰ, ਜ਼ਾਲਮ ਰਾਜੇ ਮੁਕੱਦਮ
ਕੁੱਤੇ ਕਹਿ ਫਿਟਕਾਰੇ
ਰੱਤ ਲੋਕਾਈ ਦੀ ਚੂਸ ਰਹੇ ਸਨ
ਬੇ-ਤਰਸ ਹੈਂਸਿਆਰੇ।

ਧਰਮ, ਕਰਮ, ਸੱਚ ਅਲੋਪ ਸੀ
ਅੰਧੇਰ ਦਿਨ ਦਿਹਾੜੇ
ਕਰਮ-ਕਾਂਡਾਂ, ਭਰਮਾਂ-ਵਹਿਮਾਂ
ਲੋਕੀਂ ਸਨ ਲਿਤਾੜੇ
ਝੂਠ, ਪਖੰਡ, ਫਰੇਬ ਹਰ ਪਾਸੇ
ਆਪਣੇ ਪੈਰ ਪਸਾਰੇ
ਬੇ-ਵੱਸ ਜਨਤਾ ਜ਼ੁਲਮ ਦੀ ਭੱਠੀ
ਭੁੱਜਦੀ ਕੌਣ ਪੁਕਾਰੇ।

ਤੁਹਾਡੀ ਬਾਣੀ ਪਿਆਰੇ ਬਚਨਾਂ
ਧੀਰਜ ਸੀ ਬੰਨਾਈ
ਦਰ ਦਰ ਭਟਕਦੀ ਬੇਵੱਸ ਜਨਤਾ
ਇਕ ਦੇ ਲੜ ਲਾਈ
ਤੇਰਾਂ ਈ ਤੇਰਾਂ ਤੋਲ ਭੁਖਿਆਂ ਦੀ
ਬਾਬਾ ਭੁੱਖ ਮਿਟਾਈ
ਹੱਕ ਹਲਾਲ ਤੇ ਵੰਡ ਛਕਣ ਦੀ
ਕਿਰਤ, ਜਾਚ ਸਿਖਾਈ।

ਪਰ ਅੱਜ ਤੁਹਾਡੇ ਮੋਦੀ ਖਾਨੇ 'ਤੇ
ਠੂੰਗੇ ਮਾਰ ਨੇ ਕਾਬਜ਼
ਮਲਕ ਭਾਗੋ, ਸੱਜਣ ਠੱਗ ਅੱਜ
ਬੈਠੇ ਬਣੇ ਮੁਹਾਫਜ਼
ਲਾਲੋਆਂ ਨੂੰ ਹੱਕ ਦੇਣਾ ਸਮਝਦੇ
ਨਹੀਂ ਇਹ ਮੁਨਾਸਿਫ
ਅਕਲੋਂ, ਤਰਕੋਂ ਬਿਲਕੁਲ ਸੱਖਣੇ
ਇਹ ਨ-ਬੀਨੇ ਹਾਫਜ਼।

ਅੱਜ ਵੱਡੇ ਵੱਡੇ ਅਡੰਬਰ ਰਚ ਕੇ
ਨਾਮ ਦੇ ਬਣੇ ਵਪਾਰੀ
ਜਲਸੇ ਜਲੂਸਾਂ, ਨਗਰ ਕੀਰਤਨਾਂ
ਸੰਗਤਾਂ ਦੀ ਮੱਤ ਮਾਰੀ
ਕਰਮ-ਕਾਂਡਾ, ਵਹਿਮਾਂ-ਭਰਮਾਂ
ਵਾਲਾ ਜਾਲ ਵਿਛਾਇਆ
ਸੰਤਾਂ-ਸਾਧਾਂ, ਧਾਰਮਿਕ ਆਗੂਆਂ
ਭੋਲਾ ਸਿੱਖ ਫਸਾਇਆ।

ਸਿਖਿਆ ਤੇਰੀ ਤੋਂ ਲਾਂਭੇ ਕਰ ਕੇ
ਪਖੰਡ ਪਏ ਫੈਲਾਵਣ
ਗੁਰਮਤਿ ਦੀ ਥਾਂ ਮਨਮਤਿ ਦਾ
ਜ਼ਹਿਰ ਪਏ ਪਿਲਾਵਣ
ਤੁਹਾਡੀਆਂ ਧਰਮਸ਼ਲਾਵਾਂ ਬਣੀਆਂ
ਰਾਜਨੀਤੀ ਦੇ ਅੱਡੇ
ਸ਼ਊਰ, ਹਲੀਮੀ, ਸਦਾਕਤ ਸਾਡੀ
ਰੁਲਦੀ ਏ ਮਿੱਟੀ ਘੱਟੇ।

ਭੰਡਾਂ ਦੀ ਬੇ-ਹੁਰਮਤੀ ਦਾਤਿਆ
ਚੜ੍ਹਦੇ ਸੂਰਜ ਹੋਵੇ
ਤੁਹਾਡੇ ਬਾਝੋਂ ਕਿਹੜਾ ਸਤਿਗੁਰ
ਉਹਦੇ ਨਾਲ ਖਲੋਵੇ
ਸਾਢੇ ਪੰਜ ਸੌ ਸਾਲਾਂ ਦੇ ਵਿਚ ਹੀ
ਸਿਖਿਆ ਤੇਰੀ ਭੁਲਾਈ
ਜਿਸ ਖੂਹ 'ਚੋਂ ਕੱਢਿਆ ਸੀ ਤੁਸੀਂ
ਕੀਤੀ ਏ ਓਧਰ ਧਾਈ।

*-ਚੰਨ*
*ਫੋਨ: 908-788-8427*

# ਧੰਨ ਨਾਨਕ ਤੇਰੀ ਵੱਡੀ ਕਮਾਈ

ਜੱਗ ਤੋਂ ਦੂਰ ਹਨੇਰਾ ਹੋਇਆ
ਹਰ ਪਾਸੇ ਸਵੇਰਾ ਹੋਇਆ
ਪਹਿਰ ਬਰਫ ਦੇ ਵਾਂਗੂ ਠਰਿਆ
ਤਾਰੇ ਛੁਪੇ ਤੇ ਸੂਰਜ ਚੜ੍ਹਿਆ
ਵਿਚ ਤਲਵੰਡੀ ਜਨਮ ਲਿਆ,
ਤੇ ਹੋ ਗਈ ਸੀ ਰੁਸ਼ਨਾਈ।
ਧੰਨ ਨਾਨਕ ਤੇਰੀ ਵੱਡੀ ਕਮਾਈ।

ਮਾਂ ਤ੍ਰਿਪਤਾ ਦੀਆਂ ਅੱਖਾਂ ਦਾ ਤਾਰਾ
ਨਾਨਕੀ ਭੈਣ ਦਾ ਵੀਰ ਪਿਆਰਾ
ਰੁਸ਼ਨਾਈਆਂ ਦੇ ਸਾਜ ਵੱਜ ਗਏ
ਧਰਤੀ ਨੂੰ ਸੀ ਭਾਗ ਲੱਗ ਗਏ
ਪਿਤਾ ਕਾਲੂ ਦੀ ਜੱਗ 'ਤੇ ਆ ਕੇ
ਤੁਸਾਂ ਨੇ ਕੁਲ ਵਧਾਈ।
ਧੰਨ ਨਾਨਕ ਤੇਰੀ ਵੱਡੀ ਕਮਾਈ।

ਨਾ ਹੀ ਗਲ ਜਨੇਊ ਪਾਇਆ
ਪਾਂਡਿਆਂ ਨੂੰ ਤੁਸੀਂ ਆਪ ਪੜ੍ਹਾਇਆ
ਵੱਖਰਾ ਸੀ ਇਕ ਰਾਹ ਅਪਨਾਇਆ
ਹੋਕਾ ਇਕ ਓਂਕਾਰ ਦਾ ਲਾਇਆ
ਭਗਤੀ ਦੇ ਵਿਚ ਲੀਨ ਸੀ ਹੋ ਕੇ
ਕੀਤੀ ਬੜੀ ਪੜ੍ਹਾਈ।
ਧੰਨ ਨਾਨਕ ਤੇਰੀ ਵੱਡੀ ਕਮਾਈ।

ਵੀਹ ਰੁਪਏ ਦਾ ਲੰਗਰ ਲਾਇਆ
ਸਾਧੂਆਂ ਤਾਈਂ ਆਣ ਛਕਾਇਆ
ਬੜੀਆਂ ਸੀ ਅਸੀਸਾਂ ਲਈਆਂ
ਬਾਪੂ ਕੋਲੋ ਝਿੜਕਾਂ ਪਈਆਂ
ਸੱਚਾ ਸੌਦਾ ਕਰਕੇ ਬਾਬੇ
ਕੀਤੀ ਸਫਲ ਕਮਾਈ।
ਧੰਨ ਨਾਨਕ ਤੇਰੀ ਵੱਡੀ ਕਮਾਈ।

ਮਲਕ ਭਾਗੋ ਨੂੰ ਬਹਿ ਸਮਝਾਇਆ
ਭਾਈ ਲਾਲੋ ਨੂੰ ਗਲ ਨਾਲ ਲਾਇਆ
ਵੰਡ ਛੱਕੋ ਤੇ ਕਿਰਤ ਕਰਨ ਦੀ
ਗਰੀਬਾਂ ਦਾ ਪੇਟ ਭਰਨ ਦੀ
ਮਿਹਨਤ ਹੱਥੀਂ ਆਪ ਕਰਨ ਦੀ
ਆਵਾਜ਼ ਵੀ ਖੁਦ ਲਾਈ।
ਧੰਨ ਨਾਨਕ ਤੇਰੀ ਵੱਡੀ ਕਮਾਈ।

ਕੌਤਕ ਸੀ ਇਕ ਆਪ ਰਚਾਇਆ
ਮਰਦਾਨੇ ਨੂੰ ਜਦੋਂ ਬਚਾਇਆ
ਆਪੇ ਜੰਗਲਾਂ ਵੱਲ ਤੋਰਿਆ
ਕੌਡੇ ਦਾ ਹੰਕਾਰ ਤੋੜਿਆ
ਭੁੱਲੇ ਭਟਕੇ ਲੋਕਾਂ ਤਾਈਂ
ਬਹਿ ਕੇ ਗੱਲ ਸਮਝਾਈ।
ਧੰਨ ਨਾਨਕ ਤੇਰੀ ਵੱਡੀ ਕਮਾਈ।

ਉਦਾਸੀ ਦੀ ਵੀ ਰੀਤ ਚਲਾਈ
ਧੁਰ ਦਰਗਾਹ ਤੋਂ ਬਾਣੀ ਆਈ
ਪੜ੍ਹ ਗੁਰਬਾਣੀ ਤਰਦੇ ਸਾਰੇ
ਹੁੰਦੇ ਸਭ ਦੇ ਪਾਰ ਉਤਾਰੇ
ਕੀਰਤਨ ਕਰ ਗੁਰਬਾਣੀ ਦਾ
ਤੁਸਾਂ ਸੁੱਤੀ ਕੌਮ ਜਗਾਈ।
ਧੰਨ ਨਾਨਕ ਤੇਰੀ ਵੱਡੀ ਕਮਾਈ।

ਹੱਕ ਸੱਚ ਦਾ ਹੋਕਾ ਲਾਇਆ
ਕਿਰਤ ਕਰਨ ਦਾ ਰਾਹ ਵਿਖਾਇਆ
ਅੰਧ ਵਿਸ਼ਵਾਸ ਦੇ ਵਿਚੋਂ ਕੱਢਿਆ
ਪਖੰਡਾਂ ਦਾ ਜੂੜ ਵੱਢਿਆ
ਸੱਜਣ ਜਿਹੇ ਠੱਗ ਸੀ ਜਿਹੜੇ
ਕਰਦੇ ਸੀ ਲੁੱਟ ਲੁਟਾਈ।
ਧੰਨ ਨਾਨਕ ਤੇਰੀ ਵੱਡੀ ਕਮਾਈ।

ਹੱਥ ਜੋੜ ਅਰਦਾਸ ਕਰਾਂ ਮੈਂ
ਬਹਿ ਚਰਨਾਂ ਦੇ ਪਾਸ ਕਰਾਂ ਮੈਂ
ਭੁੱਲੇ ਭਟਕਿਆਂ ਨੂੰ ਗਲ ਲਾਓ
ਖੁਸ਼ੀਆਂ ਸਭ ਦੀ ਝੋਲੀ ਪਾਓ
ਮੇਰੇ ਵਲੋਂ ਸਾਢੇ ਪੰਜ ਸੌ ਸਾਲ ਦੀ
ਸਭ ਸੰਗਤਾਂ ਨੂੰ ਵਧਾਈ।
ਧੰਨ ਨਾਨਕ ਤੇਰੀ ਵੱਡੀ ਕਮਾਈ।

*-ਬੂਟਾ ਸਿੰਘ ਗੁਲਾਮੀ ਵਾਲਾ*
*ਫੋਨ: 91-94171-97395*

# ਹੁਣ ਦੇਖਿਆ ਕਰਾਂਗੇ ਰੋਜ਼

ਹੁਣ ਦੇਖਿਆ ਕਰਾਂਗੇ ਰੋਜ਼
ਆਪ ਨੱਕੇ ਮੋੜਦਾ ਬਾਬਾ ਨਾਨਕ
ਟਿੰਡਾਂ ਗਾਉਂਦੀਆਂ, ਨੱਚਦੀਆਂ ਤੱਕਿਆ ਕਰਾਂਗੇ
ਦੂਰ ਲੱਗੀਆਂ ਦੂਰਬੀਨਾਂ
ਕਦ ਕਰਦੀਆਂ ਨੇ ਸੀਨਿਆਂ ਨੂੰ ਨੇੜੇ।

ਬਾਬੇ ਦੇ ਘਰ ਦਾ ਰਾਹ ਉਸਰਿਆ
ਮਿੱਟੀਆਂ ਨੇ ਗਲੇ ਲੱਗਣਾ
ਇਕ-ਦੂਜੇ ਪਿੰਡ ਨੇ ਜੱਫੀਆਂ ਪਾਉਣੀਆਂ।

ਰਾਹ, ਜੋ ਕਦੇ ਰੁਕਦੇ ਨਹੀਂ ਹੁੰਦੇ
ਅੰਬਰ ਦੀ ਛਾਂ 'ਤੇ ਕੋਈ
ਲਕੀਰ ਨਹੀਂ ਮਾਰ ਸਕਿਆ
ਪਵਨ ਨੂੰ ਕੋਈ ਰੋਕ ਨਹੀਂ ਸਕਿਆ
ਗਾਉਂਦੀ ਚਵਰ ਕਰਦੀ ਨੂੰ।

ਰਾਵੀ ਤੇ ਝਨਾਂ ਦੀ ਪਿਆਸ ਮਿਟੇਗੀ
ਦਿਲ ਦੀਆਂ ਗਹਿਰਾਈਆਂ 'ਚ
ਉਤਰ ਕੇ ਚਾਅ ਨਹਾਉਣਗੇ
ਰੁਕੇ ਕਦਮ ਟੁਰੇ
ਸੀਨਿਆਂ 'ਚ ਰੀਝਾਂ ਜਾਗੀਆਂ
ਸ਼ਾਮ ਗੁੜ ਵੰਡਣ ਜਾਵੇਗੀ ਘਰ ਘਰ।

ਸ਼ਕਰਗੜ-ਨਾਰੋਵਾਲ ਨੇ ਭੰਗੜਾ ਪਾਉਣਾ
ਰਾਹ ਝੂੰਮਣਗੇ ਰੌਣਕਾਂ ਦੇਖ ਦੇਖ
ਜਿੱਥੇ ਤੈਂ ਅਗਲਾ ਸੇਵਕ ਥਾਪਿਆ ਸੀ
ਅੱਜ ਓਥੇ ਦੁਸ਼ਮਣ ਨੇ ਦੁਸ਼ਮਣ ਨੂੰ
ਬੁੱਕਲ 'ਚ ਲੈਣਾ ਹੈ
ਕੋਈ ਕ੍ਰਿਸ਼ਮਾ ਹੋਣਾ ਹੈ।

ਦੇਖੇਗਾ ਆਲਮ ਕਿ ਕਿਵੇਂ ਕੰਡੇ ਵੀ
ਫੁੱਲ ਬਣ ਜਾਂਦੇ ਨੇ
ਕੋਂਪਲਾਂ ਪਲਕਾਂ ਖੋਲ੍ਹਣਗੀਆਂ
ਵੰਗਾਂ 'ਚੋਂ ਸੁੱਤੀ ਛਣਕਾਰ ਜਾਗੇਗੀ
ਸੂਰਜ ਜ਼ਮੀਨ 'ਤੇ ਆਪ ਆ ਕੇ
ਰਿਸ਼ਮਾਂ ਵਿਛਾਏਗਾ।

ਇਨਸਾਨੀਅਤ ਦੀ ਗੱਲ ਸ਼ੁਰੂ ਹੋਵੇਗੀ
ਤਵਾਰੀਖ ਲਿਖੀ ਜਾਵੇਗੀ ਧਰਤ 'ਤੇ
ਖੇਤਾਂ 'ਚ ਮੇਲੇ ਲੱਗਣਗੇ
ਫਸਲਾਂ ਘੋੜੀਆਂ ਗਾਉਣਗੀਆਂ।

ਗੁਰਦੁਆਰੇ ਤੇ ਮਸਜਿਦ ਦੀ
ਗਲਵੱਕੜੀ ਨੇ ਨਿੱਘ ਖਿਲਾਰਨਾ ਹੈ ਮਿਲ ਕੇ
ਮੁਹੱਬਤ ਨੇ ਨਫਰਤ ਨੂੰ ਕਬਰੀਂ ਦਫਨਾਉਣਾ।

ਅਸਮਾਨ ਨੇ ਸਾਂਝੀ ਛੱਤ ਬਖਸ਼ੀ
ਤਾਰੇ ਚੰਨ ਅੰਬਰ ਵਿਹੜੇ 'ਕੱਠੇ ਹੋਏ
ਪੌਣਾਂ ਨੇ ਬਲਦੀਆਂ ਸਰਹੱਦਾਂ ਠਾਰੀਆਂ
ਕਰਤਾਰਪੁਰ ਜਾ ਪੰਛੀਆਂ ਨੇ
ਆਲ੍ਹਣੇ ਪਾਉਣੇ ਰੁੱਖਾਂ 'ਤੇ।

ਰਸਤਿਆਂ ਨੇ ਰਲਮਿਲ ਨੇੜੇ ਬਹਿ
ਗੱਲਾਂ ਕਰਨੀਆਂ ਪੁਰਾਣੀਆਂ
ਹੰਝੂਆਂ ਨੇ ਖੁਸ਼ੀ ਦੇ ਗੀਤ ਗਾਉਣੇ
ਸੱਖਣੀਆਂ ਝੋਲੀਆਂ ਭਰੀਆਂ ਜਾਣਗੀਆਂ।

ਦਰ ਖੁੱਲ੍ਹੇ, ਘਰ ਖੁੱਲ੍ਹੇ
ਨੂਰ ਆਇਆ ਉਦਾਸ ਰੁੱਖਾਂ ਪੱਤਿਆਂ 'ਤੇ
ਚਿਰਾਂ ਤੋਂ ਮੁਰਝਾਏ ਫੁੱਲ ਖਿੜਨਗੇ।

ਜ਼ਖਮੀ ਪੰਛੀਆਂ ਨੇ ਵੀ
ਅਰਸ਼ੀਂ ਉਡਾਣਾਂ ਭਰਨੀਆਂ
ਆਪਾਂ ਰਾਵੀ 'ਚ ਰਲਮਿਲ ਤਾਰੀਆਂ ਲਾਵਾਂਗੇ।

ਪਲਕਾਂ 'ਤੇ ਰੱਖ ਦੋ ਖਾਬ
ਛੰਡ ਕੇ ਅੰਬਰ ਵਿਛਾਵਾਂਗੇ
ਟਿਮਕਦੇ ਤਾਰੇ ਤੋੜ
ਸੁੰਨੀਆਂ ਬਸਤੀਆਂ ਰੁਸ਼ਨਾਵਾਂਗੇ।

ਸੂਰਜ ਹੀ ਸਵੇਰੇ ਵੰਡਦੇ ਨੇ
ਸ਼ੇਰ ਹੀ ਹੁੰਦੇ ਨੇ ਜੰਗਲ ਦਾ ਮਾਣ
ਪੁਰਾਣੇ ਰਾਹਾਂ 'ਤੇ ਨਹੀਂ ਟੁਰੀਦਾ
ਪੈੜਾਂ 'ਚ ਨਵੇਂ ਰਸਤੇ ਵਿਛਾ ਲਈਦੇ ਨੇ।

*-ਡਾ. ਅਮਰਜੀਤ ਟਾਂਡਾ*

## ਨਵਤੇਜ ਭਾਰਤੀ ਦੀ ਕਾਵਿ-ਵਾਰਤਕ

# 'ਪੁਠ-ਸਿਧ' ਦੀ 'ਪੁਠ-ਸਿਧ' ਵਿਚੋਂ ਲੰਘਦਿਆਂ

ਨਵਤੇਜ ਭਾਰਤੀ ਸਾਡੇ ਸਮਿਆਂ ਵਿਚ ਸੂਖਮਤਾ ਅਤੇ ਵਿਰਾਟ ਮਾਨਵੀ ਚੇਤਨਾ ਦਾ ਰਚਨਾਕਾਰ ਹੈ। ਉਹ ਕੁਦਰਤ ਦੇ ਪਸਾਰੇ ਨੂੰ ਕੋਮਲ ਚਿੱਤ ਨਾਲ ਦੇਖਦਾ, ਮਾਣਦਾ ਅਤੇ ਪ੍ਰਗਟਾਉਂਦਾ ਹੈ। ਭਾਵੇਂ ਉਹ ਕੈਨੇਡਾ ਦਾ ਬਾਸ਼ਿੰਦਾ ਹੈ, ਪਰ ਉਸ ਦੀ ਰਚਨਾ ਹੱਦਾਂ-ਸਰਹੱਦਾਂ ਤੋਂ ਪਾਰ ਹੈ। ਇਉਂ ਲੱਗਦਾ ਹੈ, ਜਿੱਥੇ ਵੀ ਕਿਧਰੇ ਜੀਵਨ ਨੂੰ ਪਿਆਰ ਕਰਨ ਵਾਲੇ ਵੱਸਦੇ ਹਨ, ਉਥੇ ਹੀ ਉਸ ਦੀ ਸੁਹਜਮਈ ਕਵਿਤਾ ਤੇ ਵਾਰਤਕ ਦੀ ਛਿੱਟ ਖਿਲਰਦੀ ਜਾਂਦੀ ਹੈ। ਹੁਣ ਤੱਕ ਨਵਤੇਜ ਦੀਆਂ



**ਡਾ. ਮਨਪ੍ਰੀਤ ਮਹਿਨਾਜ਼**

ਲਾਲੀ, ਲੀਲ੍ਹਾ, ਓਥੋਂ ਤੀਕ (ਕਵਿਤਾ) ਅਤੇ ਕਵੀਸ਼ਰ ਮੋਹਨ ਸਿੰਘ ਰੋਡੇ (ਵਾਰਤਕ) ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ। ਹੁਣ ਉਸ ਦੀ ਨਵੀਂ ਵਾਰਤਕ ਪੁਸਤਕ 'ਪੁਠ-ਸਿਧ' (ਔਟਮ ਆਰਟ ਪ੍ਰਕਾਸ਼ਨ) ਪਾਠਕਾਂ ਦੇ ਸਾਹਵੇਂ ਹੈ।

ਇਸ ਪੁਸਤਕ ਨੂੰ ਨਿਰੋਲ ਵਾਰਤਕ ਦੀ ਸ਼੍ਰੇਣੀ ਵਿਚ ਰੱਖਣਾ ਮੈਨੂੰ ਮੁਸ਼ਕਿਲ ਜਾਪਦਾ ਹੈ। ਪੁਸਤਕ ਦਾ ਸਿਰਲੇਖ 'ਪੁਠ-ਸਿਧ' ਇਸੇ ਨਾਂ ਦੀ ਕਵਿਤਾ ਤੋਂ ਲਿਆ ਗਿਆ ਹੈ। ਇਸ ਕਵਿਤਾ ਤੋਂ ਹੀ ਇਸ ਦਾ ਅਰੰਭ ਹੁੰਦਾ ਹੈ, ਪੁਸਤਕ ਦਾ ਅੰਤ ਵੀ ਲਾਲੀ ਨਾਲ ਸਬੰਧਿਤ ਕਾਵਿ-ਪੰਗਤੀਆਂ ਨਾਲ ਹੁੰਦਾ ਹੈ। ਪੁਸਤਕ ਵਿਚ ਥਾਂ-ਪੁਰ-ਥਾਂ ਨਵਤੇਜ ਭਾਰਤੀ ਦੀਆਂ ਕਵਿਤਾਵਾਂ ਅਤੇ ਹੋਰ ਲੇਖਕਾਂ ਦੀਆਂ ਕਵਿਤਾਵਾਂ, ਹਾਇਕੂ ਤੇ ਕਵੀਸ਼ਰੀ ਦੇ ਹਵਾਲੇ ਦਰਜ ਹਨ। ਇਸ ਵਿਚਲੇ ਵਾਰਤਕ ਲੇਖਾਂ ਦਾ ਪਿੰਡਾ ਕਾਵਿ-ਸੁਹਜ ਨਾਲ ਭਿੱਜਿਆ ਹੋਇਆ ਹੈ ਅਤੇ ਸ਼ਬਦਾਂ ਦੀ ਟੁਣਕਾਰ ਕਵਿਤਾ ਦੇ ਸ਼ਬਦਾਂ ਜਿਹੀ ਹੈ, ਜਿਵੇਂ 'ਅੱਗ ਦੀ ਉਂਗਲ ਨਾਲ ਲਿਖੇ ਅੱਖਰ' ਲੇਖ ਦੀਆਂ ਸਤਰਾਂ ਦੇਖੀਏ, "ਬਲਦੀਆਂ ਛਿਟੀਆਂ ਦੀ ਤਿੜਤਿੜ, ਸਾਗ-ਤੌੜੀ ਦੀ ਗੜਬੜ ਗੜਬੜ, ਰੋਟੀਆਂ ਥਪਦੀ ਮਾਂ ਦੀ ਥਪਥਪ ਮੇਰੀਆਂ ਉਂਗਲਾਂ ਨੂੰ ਤਾਲ ਦਿੰਦੀ ਹੈ।"

ਪੁਸਤਕ ਦੇ 'ਆਦਿ-ਸ਼ਬਦ' ਵਿਚ ਭਾਰਤੀ ਆਪ ਵੀ ਕਵਿਤਾ ਤੇ ਵਾਰਤਕ ਵਿਚਲੀ ਪੱਕੀ ਲਕੀਰ ਦੀ ਸੰਭਾਵਨਾ ਨੂੰ ਖਾਰਜ ਕਰਦਾ ਹੈ, "ਜਦੋਂ ਖਿਡਾਉਣੇ ਦੀ ਮਿੱਟੀ ਗਿੱਲੀ ਹੁੰਦੀ ਹੈ, ਮੈਂ ਕਿਤੇ ਕਿਤੇ ਗੋਲਾਈਆਂ ਸਿੱਧੀਆਂ ਕਰ ਦਿੰਦਾ ਹਾਂ। ਕਿਸੇ ਨੂੰ ਇਹ ਕਵਿਤਾ ਲਗਦੀ ਹੈ, ਕਿਸੇ ਨੂੰ ਵਾਰਤਕ; ਮੈਂ ਵਾਰਤਕ ਓਸੇ ਧਿਆਨ 'ਚੋਂ ਲਿਖਦਾ ਹਾਂ, ਜਿਸ ਵਿਚੋਂ ਕਵਿਤਾ; ਵੇਖਦਾ ਕਵਿਤਾ ਵਿਚ ਹਾਂ, ਲਿਖਦਾ ਵਾਰਤਕ ਵਿਚ।" ਕਵਿਤਾ ਜਾਂ ਵਾਰਤਕ ਹੋਣ ਦੇ ਅਹਿਸਾਸ ਨੂੰ ਇਸ ਕਿਤਾਬ ਦੀ ਪਹਿਲੀ ਕਵਿਤਾ 'ਪੁਠ-ਸਿਧ' ਦੇ ਮੈਟਾਫਰ ਨਾਲ ਵੀ ਸਮਝਿਆ ਜਾ ਸਕਦਾ ਹੈ। ਕਵਿਤਾ ਕੁਝ ਇਸ ਤਰ੍ਹਾਂ ਹੈ,

ਤਣੀ 'ਤੇ ਪਾਉਣ ਵੇਲੇ
ਮੈਂ ਕੱਪੜੇ ਪੁੱਠੇ ਕਰ ਦਿੰਦਾ ਹਾਂ
ਸਰੀਰ 'ਤੇ ਪਾਉਣ ਵੇਲੇ ਸਿੱਧੇ
ਤਣੀ ਨੂੰ ਲਗਦੈ ਮੈਂ
ਕੱਪੜੇ ਪੁੱਠੇ ਪੌਂਦਾ ਹਾਂ।

ਮੈਨੂੰ ਲੱਗਦਾ ਹੈ ਕਿ ਇਸ ਕਵਿਤਾ ਦੇ 'ਮੈਂ' ਕਾਵਿ-ਪਾਤਰ ਅਤੇ ਤਣੀ ਦੀ ਪੁੱਠ ਤੇ ਸਿੱਧ ਦੀ ਸਮਝ ਵਿਚ ਆਪਣੇ ਕੋਣ ਜਾਂ ਅਹਿਸਾਸ ਤੋਂ ਦੇਖਣ ਦਾ ਅੰਤਰ ਪ੍ਰਗਟ ਹੁੰਦਾ ਹੈ। ਤਣੀ 'ਤੇ ਪਾਏ ਕੱਪੜਿਆਂ ਦੀ ਪੁਠ-ਸਿਧ ਵਾਂਗ ਇਸ ਪੁਸਤਕ ਵਿਚਲੀਆਂ ਲਿਖਤਾਂ ਕਵਿਤਾ ਜਾਂ ਵਾਰਤਕ ਵਿਚ ਵੀ ਉਸ ਕੋਣ ਜਾਂ ਅਹਿਸਾਸ ਦਾ ਅੰਤਰ ਹੈ ਕਿ ਲੇਖਕ ਨੇ ਕਵਿਤਾ ਜਾਣ ਕੇ ਉਕਰੀ ਹੋਵੇ, ਪਾਠਕ ਤੇ ਆਲੋਚਕ ਨੇ ਵਾਰਤਕ ਸਮਝ ਉਠਾਲ ਲਈ ਹੋਵੇ ਜਾਂ ਲੇਖਕ ਨੇ ਵਾਰਤਕ ਸਮਝ ਨੇ ਲਿਖੀ ਹੋਵੇ, ਪਾਠਕ ਤੇ ਆਲੋਚਕ ਨੇ ਕਵਿਤਾ ਸਮਝ ਪੜ੍ਹ ਲਈ ਹੋਵੇ।


ਮੈਂ ਇਸ ਨੂੰ ਕਾਵਿ-ਵਾਰਤਕ ਕਹਿਣਾ ਵਧੇਰੇ ਪਸੰਦ ਕਰਾਂਗੀ। ਕਾਵਿ-ਵਾਰਤਕ ਦੀ ਇਸੇ ਸ਼੍ਰੇਣੀ ਵਿਚ ਹੀ ਸੁਰਜੀਤ ਪਾਤਰ ਦੀ ਪੁਸਤਕ 'ਸੂਰਜ ਮੰਦਿਰ ਦੀਆਂ ਪੌੜੀਆਂ' ਨੂੰ ਰੱਖਿਆ ਜਾ ਸਕਦਾ ਹੈ। ਪੰਜਾਬੀ ਕਵੀ ਪੂਰਨ ਸਿੰਘ ਨੂੰ ਹਮੇਸ਼ਾ ਮਿਹਣੇ ਵਾਂਗ ਕਿਹਾ ਜਾਂਦਾ ਹੈ ਕਿ ਉਸ ਦੀ ਕਵਿਤਾ ਵਾਰਤਕ ਜਿਹੀ ਹੈ ਤੇ ਵਾਰਤਕ ਕਵਿਤਾ ਜਿਹੀ ਹੈ, ਪਰ ਸਵਾਲ ਹੈ ਕਿ ਇਹ ਕਿਥੋਂ ਤੱਕ ਜਾਇਜ਼ ਹੈ ਕਿ ਅਸੀਂ ਕਵਿਤਾ ਤੇ ਵਾਰਤਕ ਨੂੰ ਆਪੋ-ਆਪਣੇ ਤੈਅਸ਼ੁਦਾ ਖਾਨਿਆਂ ਵਿਚ ਬੰਦ ਕਰ ਦਈਏ ਤੇ ਇੱਕ-ਦੂਜੇ ਦੇ ਘਰ ਆਉਣੋਂ-ਜਾਣੋਂ ਵਰਜ ਦੇਈਏ? ਕਿਸੇ ਚੰਗੇ ਰਚਨਾਕਾਰ ਦੇ ਨਵੇਂ ਤਜਰਬਿਆਂ ਨੇ ਹੀ ਵਿਧਾ ਨੂੰ ਵਿਸ਼ਾਲ ਕਰਨਾ ਹੁੰਦਾ ਹੈ। ਨਵਤੇਜ ਭਾਰਤੀ ਕਵਿਤਾ ਅਤੇ ਵਾਰਤਕ ਦੀ ਵਿਧਾਗਤ ਸਮਰੱਥਾ ਨੂੰ ਵਿਸਤਾਰਨ ਵਾਲਾ ਸੁਘੜ ਰਚਨਾਕਾਰ ਹੈ।

ਨਵਤੇਜ ਭਾਰਤੀ ਦੀ ਕਾਵਿ-ਵਾਰਤਕ ਦੀ ਵਿਸ਼ੇਸ਼ਤਾ ਹੈ ਕਿ ਇਹ ਉਲਾਰ 'ਭਾਵੁਕਤਾ ਦੇ ਲਿਜਲਿਜੇਪਣ' ਤੋਂ ਦੂਰ ਵਿਚਰਦੀ ਹੈ। ਇਹ ਆਪਣੇ ਸੁਹਜ ਤੇ ਸੂਖਮਤਾ ਨਾਲ ਪਾਠਕ ਦੇ ਮਨ ਟੁੰਬਦੀ ਹੈ, ਉਸ ਦੇ ਪਰਪੱਕ ਜਾਂ ਸਥਾਪਿਤ ਵਿਚਾਰਾਂ-ਸੰਸਕਾਰਾਂ ਨੂੰ ਕੁਰੇਦਦੀ ਹੈ ਅਤੇ ਨਵੇਂ ਵਿਚਾਰਾਂ ਦੇ ਮੌਲਣ ਲਈ ਮਨ ਧਰਤ ਮੋਕਲੀ ਕਰਦੀ ਲੱਗਦੀ ਹੈ।

ਨਵਤੇਜ ਭਾਰਤੀ ਆਪਣੀ ਇਕ ਮੁਲਾਕਾਤ ਵਿਚ ਅਮਰੀਕੀ ਕਵਿਤਰੀ ਐਮਿਲੀ ਡਿਕਸਨ ਦੇ ਹਵਾਲੇ ਨਾਲ ਕਵਿਤਾ ਦਾ ਉਦੇਸ਼ 'ਜੀਵਨ ਦੀ ਅਦਭੁੱਤਤਾ ਦਾ ਜਸ਼ਨ' ਮਨਾਉਣਾ ਦੱਸਦਾ ਹੈ। ਮੈਨੂੰ ਨਵਤੇਜ ਭਾਰਤੀ ਦੀ ਸਾਰੀ ਕਵਿਤਾ 'ਜੀਵਨ ਦੀ ਅਦਭੁੱਤਤਾ ਦਾ ਜਸ਼ਨ' ਹੀ ਜਾਪਦੀ ਹੈ। ਨਵਤੇਜ ਭਾਰਤੀ ਤੇ ਅਜਮੇਰ ਰੋਡੇ ਦੀ ਪੁਸਤਕ 'ਲੀਲ੍ਹਾ' ਦਾ ਸਿਰਲੇਖ ਸਿਰਫ ਸਿਰਲੇਖ ਮਾਤਰ ਨਹੀਂ, ਸਗੋਂ 'ਜੀਵਨ ਦੀ ਲੀਲ੍ਹਾ' ਭਾਵ ਜੀਵਨ ਦੀ ਅਦਭੁੱਤਤਾ ਦਾ ਜਸ਼ਨ ਤਾਂ ਰੋਡੇ ਭਰਾਵਾਂ ਦੀ, ਵਿਸ਼ੇਸ਼ ਕਰਕੇ ਨਵਤੇਜ ਭਾਰਤੀ ਦੀ ਲੇਖਣੀ ਦਾ ਕੇਂਦਰੀ ਮੋਟਿਫ ਹੋ ਨਿਬੜਦਾ ਹੈ। ਦੁਨੀਆਂ, ਮਨੁੱਖ, ਬਨਸਪਤੀ, ਜੀਵ ਜੰਤੂਆਂ-ਗੱਲ ਕੀ, ਕੁਦਰਤ ਦੇ ਇਸ ਅਨੰਤ ਪਸਾਰੇ ਦੀ ਜੀਵਨ 'ਲੀਲ੍ਹਾ' ਨਵਤੇਜ ਭਾਰਤੀ ਦੀ ਲੇਖਣੀ ਦਾ ਧੁਰਾ ਬਣਦੀ ਹੈ। ਪੁਸਤਕ 'ਪੁਠ-ਸਿਧ' ਜੀਵਨ ਦੀ ਇਸੇ 'ਲੀਲ੍ਹਾ' ਦੇ ਜਸ ਦੀ ਨਿਰੰਤਰਤਾ ਹੈ।

ਜਿਉਣ ਦੀ ਇਸੇ ਲੀਲ੍ਹਾ ਨੂੰ ਮਾਣਦਿਆਂ ਹੀ ਸ਼ਾਇਦ ਭਾਰਤੀ ਨੂੰ ਆਪਣੇ ਅਧਿਆਪਕ ਪ੍ਰੋ. ਪ੍ਰੀਤਮ ਸਿੰਘ ਦੇ ਪੜ੍ਹਾਏ ਪਾਠਾਂ ਦੀ ਥਾਂ ਉਸ ਦੇ ਸਿਖਾਏ ਚਿੱਠੀਆਂ 'ਤੇ ਸੋਹਣੀ ਲਿਖਾਈ 'ਚ ਸਿਰਨਾਵੇਂ ਲਿਖਣੇ ਤੇ ਲਿਫਾਫੇ 'ਤੇ ਟਿਕਟ ਲਾਉਣੀ ਵੱਧ ਯਾਦ ਰਹਿੰਦੇ ਹਨ ਜਾਂ ਉਸ ਨੂੰ ਦਲੀਪ ਕੌਰ ਟਿਵਾਣਾ ਦਾ ਹਾਸਾ ਯਾਦ ਰਹਿੰਦਾ ਹੈ, "ਉਸ ਦਿਨ ਉਹਨੇ ਕੀ ਪੜ੍ਹਾਇਆ, ਯਾਦ ਨਹੀਂ। ਬਸ ਉਸ ਦਾ ਹੱਸਣਾ ਯਾਦ ਹੈ। ਇਹ ਹਾਸਾ ਅਨਪੜ੍ਹ ਸੀ, ਸਿਖਿਆ ਹੋਇਆ ਨਹੀਂ ਸੀ।" 'ਸ੍ਰਿਸ਼ਟੀ ਸਾਜਣ' ਦੀ ਲੀਲ੍ਹਾ ਨਵਤੇਜ ਭਾਰਤੀ ਨੂੰ ਏਨੀ ਅਦਭੁੱਤ ਲੱਗਦੀ ਹੈ ਕਿ ਉਹ ਕਵੀ ਬਣ ਰੱਬ ਦੇ ਨਾਲ ਇਸ ਰਚਨਕਾਰੀ ਵਿਚ ਸ਼ਾਮਿਲ ਹੋਣਾ ਚਾਹੁੰਦਾ ਹੈ,

ਜੇ ਮੈਂ ਕਵੀ ਹੁੰਦਾ
ਰੱਬ ਨਾਲ ਸ੍ਰਿਸ਼ਟੀ ਸਾਜਣ
ਵਿਚ ਹੱਥ ਵਟਾਉਂਦਾ



ਨਵਤੇਜ ਭਾਰਤੀ

ਮਿੱਟੀ ਗੁੰਨ੍ਹਦਾ, ਰੰਗ ਘੋਲਦਾ
ਸ਼ਬਦ ਪਥ ਪਥ ਫੜਾਉਂਦਾ
ਤੇ ਜਦੋਂ ਉਹ ਥੱਕ ਜਾਂਦਾ
ਉਹਨੂੰ ਚਾਹ ਦਾ ਪਿਆਲਾ
ਬਣਾ ਕੇ ਦਿੰਦਾ।
ਜੇ ਮੈਂ ਕਵੀ ਹੁੰਦਾ
ਰੱਬ ਲਈ
ਸੁਪਨੇ ਸਾਜ ਸਾਜ ਧਰੀ ਜਾਂਦਾ
ਕਦੇ ਕਦੇ ਉਹਦੀ ਵਾਹੀ
ਵਿੰਗ-ਤੜਿੰਗੀ ਲੀਕ ਵੀ
ਸਹੀ ਕਰ ਦਿੰਦਾ।

ਇਸ ਪੁਸਤਕ ਵਿਚ ਨਵਤੇਜ ਭਾਰਤੀ ਕਵਿਤਾ, ਕਵੀ, ਪਾਠਕ, ਸੰਸਕ੍ਰਿਤੀ ਦੇ ਸਬੰਧਾਂ ਦੇ ਮੂਲ ਸਵਾਲਾਂ ਨੂੰ ਮੁਖਾਤਿਬ ਹੋਇਆ ਹੈ, ਮਸਲਨ ਕਵੀ ਕੀਹਦੇ ਲਈ ਲਿਖਦਾ ਹੈ? ਉਹ ਕਵਿਤਾ ਨੂੰ ਮਾਣਨ ਬਾਬਤ ਲਿਖਦਾ ਹੈ, "ਪੜ੍ਹੇ-ਲਿਖੇ ਕਵਿਤਾ ਦੇ ਅਰਥ ਕਰਦੇ ਹਨ, ਇਹਦੇ ਅਹਿਸਾਸ ਵਿਚ ਪੰਘਰਦੇ ਨਹੀਂ।"

ਕਵੀ ਤੇ ਪਾਠਕ ਦੇ ਰਿਸ਼ਤੇ ਬਾਰੇ ਉਸ ਦੇ ਵਿਚਾਰ ਹਨ, "ਮੇਰੀ ਜਾਂ ਬਹੁਤੀ ਸਮਕਾਲੀ ਕਵਿਤਾ, ਪਾਠਕ ਤੋਂ ਭਾਸ਼ਾ ਨਹੀਂ ਲੈਂਦੀ। ਬਹੁਤੀ ਵਾਰ ਪਾਠਕ ਉਹਦੇ ਸਾਹਮਣੇ ਨਹੀਂ ਹੁੰਦਾ।" ਕਵਿਤਾ ਤੇ ਸਮੱਸਿਆ ਦੇ ਸਬੰਧ ਨੂੰ ਮੁਖਾਤਿਬ ਹੁੰਦਿਆਂ ਉਹ ਵਿਚਾਰ ਦਿੰਦਾ ਹੈ, "ਵਾਸਤਵ ਵਿਚ ਕਵਿਤਾ ਦਾ ਸਰੋਕਾਰ 'ਸਮੱਸਿਆ' ਨਾਲ ਨਹੀਂ, ਸਗੋਂ ਸੰਵੇਦਨਾ ਨਾਲ ਹੈ। ਸਮੱਸਿਆ ਸੰਵੇਦਨਾ ਦਾ ਇਕ ਅੰਗ ਹੈ।" ਉਹ ਕਵਿਤਾ ਤੇ ਜਿਉਣ ਨੂੰ ਇਕਮਿਕ ਕਰਕੇ ਦੇਖਦਾ ਹੈ, "ਕਵਿਤਾ ਜਿਉਣ ਨਾਲ ਇਸ ਤਰ੍ਹਾਂ ਸਿਉਂਤੀ ਹੋਈ ਹੈ ਕਿ ਵਿਚਾਲੇ ਸਿਉਣ ਨਹੀਂ ਦਿਸਦੀ।" ਆਦਿ।

ਪੰਜਾਬੀ ਸਾਹਿਤ ਜਗਤ ਵਿਚ ਹਾਲੇ ਤੱਕ ਕਵੀਸ਼ਰੀ ਬਾਰੇ ਮੁਕਾਬਲਤਨ ਘੱਟ ਗੱਲ ਹੋਈ ਹੈ। ਭਾਰਤੀ ਦਾ ਨਿਹੋਰਾ ਹੈ, "ਪੰਜਾਬੀ ਦੇ ਕਾਵਿ ਪੰਡਿਤ ਕਵਿਤਾ ਦੇ ਪ੍ਰਵਚਨ ਵਿਚ ਕਵੀਸ਼ਰੀ ਨੂੰ ਸ਼ਾਮਿਲ ਨਹੀਂ ਕਰਦੇ।" ਉਸ ਨੂੰ ਕਵੀਸ਼ਰੀ ਕਵਿਤਾ ਨਾਲੋਂ ਇਸ ਲਈ ਅਹਿਮ ਲੱਗਦੀ ਹੈ, "ਕਵੀਸ਼ਰੀ ਨੇ ਉਨ੍ਹਾਂ ਕਥਾਵਾਂ ਘਟਨਾਵਾਂ ਨੂੰ ਜੀਭ ਦਿੱਤੀ ਹੈ, ਜਿਨ੍ਹਾਂ ਨੂੰ ਮੁਖਧਾਰਾ ਕਵਿਤਾ ਨੇ ਗੂੰਗੀਆਂ ਛੱਡ ਦਿੱਤਾ ਹੈ।" ਕਵੀਸ਼ਰੀ ਦੀ ਤਾਕਤ ਨੂੰ ਪਛਾਣਦਾ ਉਹ ਲਿਖਦਾ ਹੈ, "ਪਿਛਲੀ ਪੂਰੀ ਸਦੀ ਕਵੀਸ਼ਰੀ ਮਾਲਵੇ ਦਾ ਰਿਦਮ ਰਹੀ। ਮੋਹਨ ਸਿੰਘ ਤੇ ਉਸ ਦੇ ਸਾਥੀ ਕਵੀਸ਼ਰਾਂ ਨੇ ਲੋਕਾਂ ਨੂੰ ਕੰਵਲੇ ਤੇ ਕਰੋਧੀ ਹੋਣ ਤੋਂ ਬਚਾਈ ਰੱਖਿਆ।" ਆਦਿ।

ਇਸ ਪੁਸਤਕ ਵਿਚ ਕਵਿਤਾ ਬਾਰੇ, ਕਵਿਤਾ ਦੀ ਸਿਰਜਣਾ ਬਾਰੇ, ਕਵਿਤਾਵਾਂ ਦੇ ਵਿਸ਼ਲੇਸ਼ਣ, ਕਵੀਆਂ (ਦੇਵਨੀਤ, ਦਰਬਾਰਾ ਸਿੰਘ, ਦਲਜੀਤ ਮੋਖਾ, ਅਫਜ਼ਲ ਸਾਹਿਰ, ਗੁਰਮੀਤ ਸੰਧੂ, ਹਰਿਭਜਨ ਸਿੰਘ, ਅੰਮ੍ਰਿਤਾ ਪ੍ਰੀਤਮ, ਅਮਰਜੀਤ ਚੰਦਨ, ਪ੍ਰੋ. ਮੋਹਨ ਸਿੰਘ, ਪਰਦੀਪ ਆਦਿ); ਕਵੀਸ਼ਰੀ, ਕਵਿਤਾ ਦੇ ਕਵੀਸ਼ਰੀ ਦਾ ਸਬੰਧ, ਕਵੀਸ਼ਰਾਂ ਬਾਰੇ (ਮੋਹਨ ਸਿੰਘ ਰੋਡੇ, ਕਰਨੈਲ ਸਿੰਘ ਪਾਰਸ ਆਦਿ); ਹਾਇਕੂ, ਪੰਜਾਬੀ ਹਾਇਕੂ; ਹੋਰ ਲੇਖਕਾਂ (ਦਲੀਪ ਕੌਰ ਟਿਵਾਣਾ, ਹੀਰਾ ਸਿੰਘ ਦਰਦ); ਭੁਤਵਾੜੇ ਤੇ ਉਸ ਦੇ ਭੂਤਾਂ ਬਾਰੇ (ਲਾਲੀ ਬਾਬਾ, ਗੁਰਭਗਤ ਸਿੰਘ, ਸੁਤਿੰਦਰ ਨੂਰ, ਹਰਿੰਦਰ ਮਹਿਬੂਬ, ਪ੍ਰੇਮਪਾਲੀ, ਅਮਰਜੀਤ ਸਾਥੀ, ਕੁਲਵੰਤ ਗਰੇਵਾਲ ਆਦਿ); ਭਾਰਤੀ ਦੇ ਹੋਰ ਨਜ਼ਦੀਕੀਆਂ (ਪ੍ਰੋ. ਪ੍ਰੀਤਮ ਸਿੰਘ, ਲਾਲਾ ਹੇਮਰਾਜ, ਡਾ. ਪ੍ਰੇਮ ਪ੍ਰਕਾਸ਼, ਅਵਤਾਰ ਸਿੰਘ ਬਰਾੜ, ਬਾਈ ਕਰਨੈਲ ਸਿੰਘ, ਬਾਈ ਪ੍ਰੀਤਮ ਸਿੰਘ, ਅਵਤਾਰ ਸਿੰਘ ਰੋਡੇ ਆਦਿ) ਨਾਲ ਸਬੰਧਿਤ ਲੇਖ, ਉਸ ਦੇ ਭਾਸ਼ਣ ਅਤੇ ਉਸ ਦੀਆਂ ਪਹਿਲੀਆਂ ਪੁਸਤਕਾਂ ਦੀਆਂ ਭੂਮਿਕਾਵਾਂ ਆਦਿ ਸ਼ਾਮਿਲ ਹਨ।

ਵਰਤਮਾਨ ਸਿਰਜਣਾਤਮਕ ਤੇ ਆਲੋਚਨਾਤਮਕ ਪੰਜਾਬੀ ਸਾਹਿਤ ਵਿਚ ਕਲੀਸ਼ੇ (ਰੂੜ੍ਹ ਹੋ ਚੁਕੇ ਸ਼ਬਦ) ਵਿਚ ਲਿਖਣ ਦਾ ਰਿਵਾਜ ਜਿਹਾ ਪੈ ਗਿਆ ਲੱਗਦਾ ਹੈ। ਇਸ ਦੇ ਉਲਟ ਨਵਤੇਜ ਭਾਰਤੀ ਆਪਣੀ ਸੱਜਰੀ ਸ਼ਬਦਾਵਲੀ ਤੇ ਸੱਜਰੇ ਮੁਹਾਵਰੇ ਨਾਲ ਪਾਠਕ ਨੂੰ ਖਿੱਚ ਪਾਉਂਦਾ ਹੈ। ਉਸ ਕੋਲ ਸ਼ਬਦਾਂ ਦਾ ਅਮੁੱਕ ਭੰਡਾਰ ਹੈ, ਪੰਜਾਬੀ ਪੇਂਡੂ ਰਹਿਤਲ ਦੇ ਜੋ ਸ਼ਬਦ ਨਵੀਂ ਪੀੜ੍ਹੀ ਵਿਸਾਰ ਚੁਕੀ ਹੈ, ਨਵਤੇਜ ਉਨ੍ਹਾਂ ਨੂੰ ਇਕ ਇਕ ਕਰਕੇ ਪਾਠਕ ਸਾਹਮਣੇ ਰੱਖਦਾ ਹੈ ਤੇ ਉਸ ਨੂੰ ਅਨੰਦਿਤ ਕਰਦਾ ਜਾਂਦਾ ਹੈ; ਮਸਲਨ ਅੱਗ ਦਾ ਫਲ੍ਹਾ, ਭੁਚੱਕਾ, ਚਿਹਰੇ ਦਾ ਸਲਾਲ, ਕੰਵਲਾ, ਸਰਬੰਧ, ਰਸਵੰਤ ਆਦਿ। ਉਹ ਨਵੇਂ ਸ਼ਬਦਾਂ ਦੀ ਸਿਰਜਣਾ ਵੀ ਕਰਦਾ ਹੈ, ਜਿਵੇਂ ਕਾਗਜ਼ੀ ਕਵੀ, ਸਕੂਲਦੁਆਰੇ, ਕਿਤਾਬਤ ਦੀ ਪਰੰਪਰਾ, ਨਿਰਉਮਰਾ, ਵਿਸਿਮਰਤੀ, ਬੇਸਬੱਬ ਆਦਿ। 'ਅ' ਜਾਂ 'ਅਣ' ਅਗੇਤਰ ਲਾ ਕੇ ਭਾਰਤੀ ਬੜੀ ਸੋਹਣੀ ਸ਼ਬਦ-ਰਚਨਾ ਕਰਦਾ ਹੈ; ਅਣਵੇਖਿਆ, ਅਣਮਿਲਿਆ, ਅਕਵਿਤਾ, ਅਣਚਿਤਰਿਆ, ਅਣਪੜ੍ਹਿਆ ਆਦਿ। ਉਹ ਅੰਗਰੇਜ਼ੀ ਸ਼ਬਦਾਵਲੀ ਲਈ ਪੰਜਾਬੀ ਦੇ ਢੁਕਵੇਂ ਸ਼ਬਦਾਂ ਦੀ ਤਲਾਸ਼ ਵੀ ਕਰਦਾ ਹੈ, ਜਿਵੇਂ ਕਾਤਬ (ਕੈਲੀਗਰਾਫ), ਕਲਮਤਰਾਸ਼ (ਪੈੱਨ ਕਰਾਫਟਮੈਨ) ਆਦਿ। ਨਵਤੇਜ ਭਾਰਤੀ ਪੰਜਾਬੀ ਭਾਸ਼ਾ ਦੇ ਮਰਦਾਵੇਂ ਖਾਸੇ ਸਾਹਮਣੇ ਨਾਰੀ ਉਮੁਖ ਪ੍ਰਵਚਨ ਤੇ ਭਾਸ਼ਾ ਸਿਰਜਣ ਵੱਲ ਵੀ ਰੁਚਿਤ ਹੈ, ਮਿਸਾਲ ਵਜੋਂ ਇਕ ਵਾਕ ਹੀ ਕਾਫੀ ਹੈ, "ਅਫਜ਼ਲ ਸਾਹਿਰ ਦੀ ਪੁਸਤਕ 'ਪ੍ਰੇਮ ਕਹੇ' ਸਰਹੱਦ ਪਾਰ ਕਰਕੇ ਆਈ ਹੈ; ਜੀ ਆਈ ਨੂੰ।"

ਨਵਤੇਜ ਭਾਰਤੀ ਦੀ ਲਿਖਤ ਪੜ੍ਹ ਕੇ ਪਾਠਕ ਦਾ ਚਿਹਰਾ 'ਜਗਣ' ਲੱਗਦਾ ਹੈ। ਉਸ ਦੀ ਵਾਰਤਕ ਸ਼ੈਲੀ ਦੇ ਨਮੂਨੇ ਦੇਖੀਏ ਤਾਂ ਅਮਰਜੀਤ ਚੰਦਨ ਦੀ ਭਾਸ਼ਾ ਬਾਰੇ ਲਿਖਦਿਆਂ ਉਹ ਕਮਾਲ ਦਾ ਫਿਕਰਾ ਸਿਰਜਦਾ ਹੈ, "ਉਹ ਪੰਜਾਬੀ ਦਾ ਵਿਰਲਾ ਕਵੀ ਹੈ, ਜੋ ਸ਼ਬਦਾਂ ਨੂੰ ਭੀਲਣੀ ਵਾਂਗ ਚਖ ਚਖ ਕੇ ਵਰਤਦਾ ਹੈ।" ਇਹ ਫਿਕਰਾ ਭਾਰਤੀ 'ਤੇ ਵੀ ਪੂਰਾ ਢੁਕਦਾ ਹੈ। ਕਵੀਸ਼ਰ ਮੋਹਨ ਸਿੰਘ ਬਾਰੇ ਉਹ ਸ਼ਬਦ ਵਰਤਦਾ ਹੈ, "ਇਹ ਆਵਾਜ਼ ਕੇਵਲ ਉਚੀ ਹੀ ਨਹੀਂ ਸੀ, ਰਸ ਤੇ ਜਿਉਣ ਦੀ ਊਰਜਾ ਨਾਲ ਭਰੀ ਹੋਈ ਸੀ...ਇਹ ਰਸ ਅਤੇ ਊਰਜਾ ਉਹਦੀ ਘੁੱਡੀ ਵਿਚ ਨਹੀਂ ਸੀ। ਉਮਰ ਭਰ ਦੀ ਕਮਾਈ 'ਚੋਂ ਮਿਲੀ ਸੀ।" ਜਾਂ ਮੋਹਨ ਸਿੰਘ ਦੇ ਪੈਦਾ ਹੋਣ ਬਾਰੇ ਲਿਖਦਾ ਹੈ, "ਰਫਲਾਂ, ਗੰਡਾਸੇ ਪੈਦਾ ਕਰਨ ਵਾਲੀ ਮਿੱਟੀ ਵਿਚੋਂ ਕਲਮ ਦਾ ਉਗਣਾ ਇਕ ਚਮਤਕਾਰ ਹੀ ਹੈ। ਸ਼ਾਇਦ ਰਫਲਾਂ, ਗੰਡਾਸਿਆਂ ਨਾਲ ਚੜ੍ਹਿਆ ਕਰਜ਼ ਕਲਮ ਨਾਲ ਲਹਿੰਦਾ ਹੋਣਾ ਹੈ।" ਭਾਰਤੀ ਦੀ ਸ਼ੈਲੀ ਪਾਠਕ ਨੂੰ ਕੀਲ ਲੈਂਦੀ ਹੈ।

ਨਵਤੇਜ ਭਾਰਤੀ ਦੀ ਪੁਸਤਕ ਪੜ੍ਹਨ ਵਾਲਾ ਪਾਠਕ ਏਨੀ ਸੂਖਮਤਾ ਨਾਲ ਆਪਣਾ ਆਲਾ-ਦੁਆਲਾ ਦੇਖਦਾ ਤੇ ਉਸ ਨਾਲ ਇਕਸੁਰ ਹੁੰਦਾ ਹੈ ਕਿ ਉਹ ਕਾਹਲਾ ਨਹੀਂ ਪੈ ਸਕਦਾ, ਕਿਸੇ ਨੂੰ ਨਫਰਤ ਨਹੀਂ ਕਰ ਸਕਦਾ, ਹਿੰਸਕ ਨਹੀਂ ਹੋ ਸਕਦਾ। ਵਰਤਮਾਨ ਦੌਰ ਵਿਚ ਜਿਥੇ ਚਾਰੇ-ਪਾਸੇ ਆਪਾ-ਧਾਪੀ ਪਸਰੀ ਹੋਈ ਹੈ, ਲੋਕ ਮਨੁੱਖਤਾ ਦਾ ਪੱਲਾ ਛੱਡ ਹਿੰਸਕ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ, ਉਥੇ ਨਵਤੇਜ ਭਾਰਤੀ ਲੋਕਾਈ ਨੂੰ ਹਿੰਸਾ ਵਲੋਂ ਮੋੜ ਕੇ ਸੂਖਮਤਾ ਦੀ ਉਂਗਲ ਫੜਾਉਂਦਾ ਨਜ਼ਰ ਆਉਂਦਾ ਹੈ। ਪਾਠਕ ਨੂੰ ਜਿਉਣ ਦੀ ਲੀਲ੍ਹਾ ਦੇ ਸਨਮੁਖ ਕਰਦਾ ਹੈ, 'ਰਫਲਾਂ, ਗੰਡਾਸਿਆਂ ਨਾਲ ਚੜ੍ਹਿਆ ਕਰਜ਼ ਕਲਮ ਨਾਲ ਲਾਹੁਣ' ਦੀ ਸੰਵੇਦਨਾ ਦਿੰਦਾ ਹੈ। ਇਨ੍ਹਾਂ ਸਮਿਆਂ ਵਿਚ ਕਿਸੇ ਕਲਮਕਾਰ ਦੇ ਅਜਿਹੇ ਕਰਮ ਦਾ ਵਿਸ਼ੇਸ਼ ਇਤਿਹਾਸਕ ਮੁੱਲ ਹੈ। ਇਹੋ ਇਸ ਪੁਸਤਕ ਦਾ ਹਾਸਲ ਹੈ।

## ਨਵਤੇਜ ਭਾਰਤੀ ਦੀਆਂ ਦੋ ਕਵਿਤਾਵਾਂ

### ਦਸਤਕ ਦੇਣ ਵਾਲੇ ਹੱਥ

ਮੇਰੇ ਦਰ 'ਤੇ ਵਾਰ ਵਾਰ
ਦਸਤਕ ਹੁੰਦੀ ਹੈ
ਬੂਹੇ 'ਤੇ ਜਾਂਦਾ ਹਾਂ, ਕੋਈ ਨਹੀਂ ਹੁੰਦਾ
ਸ਼ਾਇਦ ਹਵਾ ਦਰ ਖੜਕਾ ਕੇ ਤੁਰ ਜਾਂਦੀ ਹੈ
ਜਾਂ ਕੋਈ ਰਮਤਾ ਜੋਗੀ
ਮੇਰੇ ਪਹੁੰਚਣ ਤੋਂ ਪਹਿਲਾਂ
ਕਿਸੇ ਹੋਰ ਦਰ 'ਤੇ ਚਲਾ ਜਾਂਦਾ ਹੈ
ਦਸਤਕ ਦੇਣ ਵਾਲੇ ਹੱਥ
ਦਸਤਕ ਹੀ ਦੇਂਦੇ ਨੇ
ਜੋ ਉਨ੍ਹਾਂ ਹੱਥਾਂ ਨੂੰ ਫੜਨਾ ਚਾਹੁੰਦੇ ਹਨ
ਉਹ ਦਸਤਕ ਦੇ ਭੇਦ ਨੂੰ ਨਹੀਂ ਸਮਝਦੇ
ਦਸਤਕ ਦੇਣ ਵਾਲੇ ਹੱਥ
ਇਕ ਦਰ 'ਤੇ ਹੀ ਨਹੀਂ ਖੜ੍ਹਦੇ
ਅਸੀਸ ਦੇਣ ਵਾਲੇ ਹੱਥ
ਇਕ ਹੀ ਸਿਰ 'ਤੇ ਨਹੀਂ ਟਿਕਦੇ।

### ਕੰਮ ਕਰਦੇ ਹੱਥ

ਕੰਮ ਕਰਦੇ ਹੱਥਾਂ ਵਿਚ
ਕਰਾਮਾਤ ਵਸਦੀ ਹੈ, ਦਰਿਆ ਵਗਦੇ ਹਨ
ਧਰਤੀ ਫੈਲਦੀ ਹੈ, ਅੰਬਰ ਸਿਮਟਦਾ ਹੈ
ਤੇ ਕਵਿਤਾ ਉਗਦੀ ਹੈ।

ਕੰਮ ਕਰਦੇ ਹੱਥ ਹੀ
ਕੰਮ ਤੋਂ ਉਚਾ ਉਠਦੇ ਹਨ
ਕੰਮ ਕਰਦੇ ਹੱਥ
ਵੇਖਦੇ ਹਨ ਸੁੰਘਦੇ ਹਨ
ਪਿਆਰ ਕਰਦੇ ਹਨ
ਪੌਣਾ ਨੂੰ ਥਾਪੜਦੇ ਹਨ
ਕੇਸਾਂ ਨੂੰ ਛੂੰਹਦੇ ਹਨ
ਸ਼ਿੰਗਾਰ ਲਾਉਂਦੇ ਹਨ

ਕੰਮ ਕਰਦੇ ਹੱਥ ਦੀਵੇ ਜਗਾਉਂਦੇ ਹਨ
ਜੁਗਨੂੰਆਂ ਨੂੰ ਰੋਸ਼ਨੀ ਦਿੰਦੇ ਹਨ
ਬੱਚਿਆਂ ਦੇ ਪੋਤੜੇ ਬੰਨ੍ਹਦੇ ਹਨ
ਪੰਛੀਆਂ ਨੂੰ ਚੋਗਾ ਪਾਉਂਦੇ ਹਨ
ਫੁੱਲਾਂ ਨੂੰ ਪਾਣੀ ਦਿੰਦੇ ਹਨ।

ਕੰਮ ਕਰਦੇ ਹੱਥ ਜਦੋਂ
ਇਕ ਦੂਜੇ ਨਾਲ ਮਿਲਦੇ ਹਨ
ਦੁਨੀਆਂ ਜਿਉਣ ਜੋਗੀ ਹੋ ਜਾਂਦੀ ਹੈ
ਸਾਡੀ ਧਰਤੀ, ਸੂਰਜ ਦੁਆਲੇ ਨਹੀਂ
ਕੰਮ ਕਰਦੇ ਹੱਥਾਂ ਦੁਆਲੇ ਘੁੰਮਦੀ ਹੈ
ਇਹ ਸਾਰੀ ਲੀਲ੍ਹਾ
ਕੰਮ ਕਰਦੇ ਹੱਥਾਂ ਦੀ ਹੈ।

## ਸੰਪਾਦਕ ਦੀ ਡਾਕ

### ਗੌਹਰ ਜਾਨ

ਗੁਰਬਚਨ ਸਿੰਘ ਭੁੱਲਰ ਦਾ ਲਿਖਿਆ ਸ਼ਾਨਦਾਰ ਸ਼ਬਦ-ਚਿਤਰ 'ਪਹਿਲੇ ਤਵੇ ਵਾਲੀ ਗੌਹਰ ਜਾਨ' ਪੜ੍ਹ ਕੇ ਹੋਠਾਂ 'ਤੇ ਸ਼ਿਅਰ ਆ ਗਿਆ,

ਜ਼ਿਕਰ ਉਸ ਪਰੀਵਸ਼ ਕਾ
ਔਰ ਫਿਰ ਬਯਾਂ ਅਪਨਾ।
ਬਨ ਗਯਾ ਰਕੀਬ ਆਖਰ
ਜੋ ਥਾ ਰਾਜ਼ਦਾਂ ਅਪਨਾ।

(ਪਰੀ ਵਰਗੇ ਸ਼ਖਸ ਦਾ ਬਿਆਨ ਕੁਝ ਇਸ ਤਰ੍ਹਾਂ ਕਰ ਦਿੱਤਾ ਕਿ ਦੋਸਤ, ਦੁਸ਼ਮਣ ਹੋ ਗਿਆ।) ਇਥੇ ਉਲਟ ਹੋਇਆ, ਭੁੱਲਰ ਹੋਰ ਚੰਗਾ ਲੱਗਣ ਲੱਗਾ, ਦਿਲ ਵਿਚ ਆਇਆ, ਕਾਸ਼! ਮੈਨੂੰ ਉਸ ਵਰਗਾ ਲਿਖਣਾ ਆਉਂਦਾ ਹੁੰਦਾ। ਭਲਵਾਨਾਂ ਅਤੇ ਸੰਗੀਤ ਘਰਾਣਿਆਂ ਬਾਰੇ ਇੰਨੀ ਹੀ ਵਸੀਹ ਜਾਣਕਾਰੀ ਲੰਡਨ ਵਸਦੇ ਬਲਬੀਰ ਸਿੰਘ ਕੰਵਲ ਪਾਸ ਹੈ। ਉਨ੍ਹਾਂ ਨੇ ਦੱਸਿਆ, ਬੜੇ ਗੁਲਾਮ ਅਲੀ ਖਾਂ ਸਾਹਿਬ ਅਤੇ ਬੇਗਮ ਅਖਤਰ, ਪਟਿਆਲਾ ਘਰਾਣੇ ਦੇ ਉਸਤਾਦ ਹਨ। ਉਦੋਂ ਬੇਗਮ ਨੂੰ ਅਖਤਰੀ ਬਾਈ ਪਟਿਆਲੇ ਵਾਲੀ ਕਿਹਾ ਕਰਦੇ।

ਮੈਂ ਪੁਛਿਆ, ਏਨੀ ਜਾਣਕਾਰੀ ਕਿਵੇਂ ਇਕੱਠੀ ਕਰ ਲੈਨੇ ਓਂ, ਕੰਵਲ ਸਾਹਿਬ?

ਕਹਿੰਦੇ, ਪਾਗਲ ਕੁਝ ਵੀ ਕਰ ਸਕਦੈ, ਮੇਰੇ ਘਰ ਆਇਓ ਕਦੀ, ਮਾਚਿਸ ਦੀਆਂ ਦੋ ਸੌ ਡੱਬੀਆਂ ਸੰਭਾਲ ਰੱਖੀਆਂ ਹਨ। ਉਨ੍ਹਾਂ ਦਿਨਾਂ ਵਿਚ ਤੀਲਾਂ ਦੀਆਂ ਡੱਬੀਆਂ 'ਤੇ ਬਾਈਆਂ ਦੀਆਂ ਮੂਰਤਾਂ ਛਪਿਆ ਕਰਦੀਆਂ। ਮੈਂ ਇਕੱਠੀਆਂ ਕਰੀ ਜਾਂਦਾ, ਨੈਣ ਨਕਸ਼ ਸਾਂਭ ਲਏ ਹਨ, ਕੋਈ ਧਨੀ ਕਲਾ ਪਾਰਖੂ ਰਕਮਾਂ ਤਾਰ ਕੇ ਵੱਡੀਆਂ ਪੇਂਟਿੰਗਜ਼ ਬਣਵਾ ਲਏਗਾ। ਖਬਤੀਆਂ ਨੂੰ ਸਾਡਾ ਸਲਾਮ।

-ਡਾ. ਹਰਪਾਲ ਸਿੰਘ ਪੰਨੂ, ਬਠਿੰਡਾ

# ਗਾਇਕ ਦਿਲਸ਼ਾਦ ਅਖਤਰ ਦੇ ਅੰਗ-ਸੰਗ

***ਗੀਤਕਾਰ ਵਜੋਂ ਗੂੜ੍ਹੀ ਪਛਾਣ ਬਣਾਉਣ ਵਾਲਾ ਧਰਮ ਸਿੰਘ ਕੰਮੇਆਣਾ ਬਹੁ-ਵਿਧਾਈ ਲੇਖਕ ਹੈ। ਉਸ ਨੇ ਕਵਿਤਾਵਾਂ ਤੇ ਗੀਤਾਂ ਤੋਂ ਇਲਾਵਾ ਨਾਵਲ, ਬਾਲ ਸਾਹਿਤ ਤੇ ਹੋਰ ਬੜਾ ਕੁਝ ਲਿਖਿਆ ਹੈ। ਹੁਣੇ-ਹੁਣੇ ਉਸ ਦੀ ਸਵੈ-ਜੀਵਨੀ 'ਟੁੱਟੇ ਹੋਏ ਪੁਲ' ਆਈ ਹੈ, ਜਿਸ ਵਿਚ ਉਹਨੇ ਆਪਣੀ ਜ਼ਿੰਦਗੀ ਅਤੇ ਕਾਰਗੁਜ਼ਾਰੀ ਬਾਰੇ ਖੂਬ ਟਿੱਪਣੀਆਂ ਕੀਤੀਆਂ ਹਨ। ਇਹ ਰਚਨਾ ਇਸੇ ਕਿਤਾਬ ਵਿਚੋਂ ਲਈ ਗਈ ਹੈ। ਇਸ ਵਿਚ ਉਮਦਾ ਗਾਇਕ ਦਿਲਸ਼ਾਦ ਅਖਤਰ ਦੇ ਸ਼ੁਰੂਆਤੀ ਦੌਰ ਬਾਬਤ ਚਰਚਾ ਰੂਹ ਨਾਲ ਕੀਤੀ ਗਈ ਹੈ। -ਸੰਪਾਦਕ***

ਸੰਨ 1982 ਵਿਚ ਮੈਂ ਪ੍ਰਾਈਵੇਟ ਤੌਰ 'ਤੇ ਬੀ. ਏ. ਭਾਗ ਦੂਜਾ ਦੀ ਤਿਆਰੀ ਕਰ ਰਿਹਾ ਸਾਂ, ਜਦੋਂ ਦਿਲਸ਼ਾਦ ਅਖਤਰ ਨੇ ਸਰਕਾਰੀ ਬ੍ਰਿਜਿੰਦਰਾ ਕਾਲਜ, ਫਰੀਦਕੋਟ ਵਿਚ ਪ੍ਰੈਪ 'ਚ ਦਾਖਲਾ ਲੈ ਲਿਆ। ਅਸੀਂ ਅਕਸਰ ਮਿਲਣ ਲੱਗੇ। ਕਾਲਜ ਰੋਡ 'ਤੇ ਸਥਿਤ ਜਗਤ (ਜਗਤ ਨਰਾਇਣ) ਦੀ ਚਾਹ ਦੀ ਕੰਟੀਨ ਸਾਡੇ ਮੇਲ ਮਿਲਾਪ ਦਾ ਮੁੱਖ ਅੱਡਾ ਸੀ। ਇਥੇ ਹੋਰ ਵੀ ਕਈ ਮਿੱਤਰ ਆ ਜੁੜਦੇ ਤੇ ਸਾਹਿਤ, ਗੀਤਕਾਰੀ ਗਾਇਕੀ ਤੇ ਪੰਜਾਬੀ ਫਿਲਮਾਂ ਸਬੰਧੀ ਗੱਲਾਂ ਬਾਤਾਂ ਕਰਦੇ। ਮੈਂ ਦਿਲਸ਼ਾਦ ਨਾਲ ਆਪਣਾ ਕੋਈ ਨਵਾਂ ਗੀਤ ਸਾਂਝਾ ਕਰਦਾ ਤੇ ਉਹ ਅਗਲੇ ਦਿਨ ਉਸ ਦੀ ਤਰਜ਼ ਬਣਾ ਕੇ ਸੁਣਾਉਂਦਾ। ਮੈਂ ਫਰੀਦਕੋਟ ਤੋਂ ਜਦੋਂ ਆਪਣੇ ਪਿੰਡ ਵਲੀਂ ਤੁਰਦਾ ਤਾਂ ਅਨੇਕਾਂ ਅਣਲਿਖੇ ਗੀਤਾਂ ਦੇ ਮੁਖੜੇ ਮੇਰੇ ਨਾਲ ਤੁਰਦੇ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਬਠਿੰਡਾ ਜ਼ੋਨ ਦਾ ਯੂਥ ਫੈਸਟੀਵਲ ਕਰਵਾਇਆ ਗਿਆ ਤਾਂ ਦਿਲਸ਼ਾਦ ਨੇ ਬ੍ਰਿਜਿੰਦਰਾ ਕਾਲਜ, ਫਰੀਦਕੋਟ ਦੇ ਵਿਦਿਆਰਥੀ ਵਜੋਂ ਸੁਗਮ-ਸੰਗੀਤ ਮੁਕਾਬਲੇ ਵਿਚ ਹਿੱਸਾ ਲਿਆ ਤੇ ਮੇਰਾ ਗੀਤ 'ਆਖੇ ਲੱਗ ਜਾ ਤੂੰ



**ਧਰਮ ਸਿੰਘ ਕੰਮੇਆਣਾ**
**ਫੋਨ: +91-98760-62329**

ਮੰਨ ਲੈ ਨੀ ਫੱਕਰਾਂ ਦੇ ਕਹਿਣੇ' ਗਾ ਕੇ ਪ੍ਰਥਮ ਰਿਹਾ। ਫਿਰ ਉਸ ਨੇ ਇਹੀ ਗੀਤ ਗਾ ਕੇ ਯੂਨੀਵਰਸਿਟੀ ਪੱਧਰ ਦੇ ਯੂਥ ਫੈਸਟੀਵਲ ਵਿਚੋਂ ਗੋਲਡ ਮੈਡਲ ਜਿੱਤਿਆ। ਇਸ ਨਾਲ ਵਿਦਿਆਰਥੀਆਂ ਅਤੇ ਬੁੱਧੀਜੀਵੀ ਵਰਗ ਵਿਚ ਗਾਇਕ ਤੇ ਗੀਤਕਾਰ ਵਜੋਂ ਸਾਡੀ ਦੋਹਾਂ ਦੀ ਪਛਾਣ ਉਭਰਨ ਲੱਗੀ।

ਮੇਰੇ ਮਨ ਵਿਚ ਸੋਚ ਆਈ ਕਿ ਦਿਲਸ਼ਾਦ ਦੀ ਗਾਇਕੀ ਦੀ ਕਿਤੇ ਨਾਈਟ ਕਰਵਾਈ ਜਾਵੇ। ਮੇਰੇ ਗੀਤ ਅਤੇ ਉਸ ਦੀ ਆਵਾਜ਼। ਸਾਹਿਤ ਸਭਾ, ਜਲਾਲਾਬਾਦ (ਪੱਛਮੀ), ਜ਼ਿਲ੍ਹਾ ਫਿਰੋਜ਼ਪੁਰ ਦੇ ਅਹੁਦੇਦਾਰ ਤੇ ਮੈਂਬਰ ਮੇਰਾ ਚੰਗਾ ਇੱਜਤ-ਮਾਣ ਕਰਦੇ ਸਨ। ਇਨ੍ਹਾਂ ਵਿਚੋਂ ਦਿਆਲ ਸਿੰਘ ਪਿਆਸਾ, ਮਦਨਦੀਪ ਸਿੰਘ, (ਜੋ 'ਦੇਸ਼ ਸੇਵਕ' ਦਾ ਸੰਪਾਦਕ ਵੀ ਬਣਿਆ), ਸੁਰਿੰਦਰ ਖੰਨਾ (ਕਾਲਜ ਲੈਕਚਰਰ) ਤੇ ਅਸ਼ੋਕ ਮੌਜੀ ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਮੈਂ ਇਕ ਸ਼ਾਇਰ ਹੱਥ ਦਿਨ ਆਦਿ ਮਿਥ ਕੇ ਉਨ੍ਹਾਂ ਨੂੰ ਸੁਨੇਹਾ ਭੇਜ ਦਿੱਤਾ ਕਿ ਤੁਸੀਂ ਤਿਆਰੀ ਕਰ ਲਵੋ, ਮੈਂ ਦਿਲਸ਼ਾਦ ਨੂੰ ਲੈ ਕੇ ਆਵਾਂਗਾ, ਆਪਾਂ ਉਸ ਦੀ ਗਾਇਕੀ ਦੀ ਨਾਈਟ ਕਰਵਾਉਣੀ ਹੈ। ਦਿਲਸ਼ਾਦ ਤਿਆਰੀ ਕਰਨ ਲੱਗਾ। ਉਨ੍ਹੀਂ ਦਿਨੀਂ ਅਸੀਂ ਉਸ ਦਾ ਗਾਇਕ ਵਜੋਂ ਨਾਂ ਰੱਖਣ ਬਾਰੇ ਸੋਚਿਆ। ਘਰ ਵਿਚ ਸਾਰੇ ਉਸ ਨੂੰ ਸ਼ਾਦੀ ਕਹਿ ਕੇ ਬੁਲਾਉਂਦੇ ਸਨ ਤੇ ਉਸ ਦਾ ਗਾਇਕ ਵਜੋਂ ਨਾਂ ਦਿਲਸ਼ਾਦ ਮੁਹੰਮਦ ਰੱਖਣ ਦਾ ਫੈਸਲਾ ਕੀਤਾ ਗਿਆ, ਪਰ ਵਿਚਾਰ ਵਟਾਂਦਰੇ ਪਿਛੋਂ ਅਸੀਂ ਉਸ ਦਾ ਨਾਂ ਮੁਹੰਮਦ ਦਿਲਸ਼ਾਦ ਕਰ ਦਿੱਤਾ (ਪਰ ਪਿਛੋਂ ਪ੍ਰਚਲਿਤ ਦਿਲਸ਼ਾਦ ਅਖਤਰ ਹੀ ਹੋਇਆ)।

ਸ਼ਾਇਰ ਸੱਜਣ ਹੱਥ ਸੁਨੇਹਾ ਭੇਜਣ ਪਿਛੋਂ ਅਸੀਂ ਸਾਹਿਤ ਸਭਾ ਵਲੋਂ ਕੋਈ ਕਾਰਡ ਆਦਿ ਪਹੁੰਚਾਉਣ ਦੀ ਉਡੀਕ ਕਰਨ ਲੱਗੇ, ਪਰ ਉਧਰੋਂ ਕੋਈ ਖਬਰਸਾਰ ਨਾ ਮਿਲੀ। ਹਾਰ ਕੇ ਮੈਂ ਮਿਥੇ ਦਿਨ ਤੋਂ ਇਕ ਦਿਨ ਪਹਿਲਾਂ ਜਲਾਲਾਬਾਦ (ਪੱਛਮੀ) ਪਹੁੰਚ ਗਿਆ ਅਤੇ ਪ੍ਰੋਗਰਾਮ ਬਾਰੇ ਪੁੱਛਿਆ। ਇਹ ਸੁਣ ਕੇ ਮੈਨੂੰ ਹੈਰਾਨੀ ਹੋਈ ਕਿ ਉਹ ਸ਼ਾਇਰ ਸੱਜਣ ਉਨ੍ਹਾਂ ਕੋਲ ਸੁਨੇਹਾ ਲੈ ਕੇ ਪਹੁੰਚਿਆ ਹੀ ਨਹੀਂ ਸੀ। ਮੈਂ ਆਪਣੇ ਨਿੱਘੇ ਸਬੰਧਾਂ ਦਾ ਹੱਕ ਜਤਾ ਕੇ ਕਿਹਾ, "ਵੇਖੋ ਮਿੱਤਰੋ! ਦਿਲਸ਼ਾਦ ਦੀ ਇਹ ਪਹਿਲੀ ਨਾਈਟ ਹੋਣੀ ਆ, ਮੈਂ ਥੁੱਕ ਕੇ ਨਹੀਂ ਚੱਟ ਸਕਦਾ। ਜਿਵੇਂ ਵੀ ਹੋਵੇ, ਆਪਾਂ ਕੱਲ੍ਹ ਰਾਤੀਂ ਉਸ ਦਾ ਪ੍ਰੋਗਰਾਮ ਕਰਵਾਉਣੈ, ਨਹੀਂ ਤਾਂ ਉਹ ਨਿਰਾਸ਼ ਹੋ ਜਾਏਗਾ।"

ਸਾਹਿਤ ਸਭਾ ਵਾਲੇ ਮੇਰੇ ਸਾਰੇ ਮਿੱਤਰਾਂ ਨੇ ਵਿਸ਼ਵਾਸ ਦਿਵਾਇਆ, "ਧਰਮ ਜੀ! ਅਸੀਂ ਤੁਹਾਡਾ ਮਾਣ ਰੱਖਾਂਗੇ। ਤੁਹਾਡੇ ਵਲੋਂ ਮਿਥਿਆ ਪ੍ਰੋਗਰਾਮ ਹਰ ਹਾਲ ਹੋਵੇਗਾ। ਆਪਾਂ ਹੁਣੇ ਈ ਸਾਰੇ ਪ੍ਰਬੰਧ ਕਰ ਲੈਂਦੇ ਆਂ।"

ਸਭ ਤੋਂ ਪਹਿਲਾਂ ਅਸੀਂ ਪੰਜਾਬੀ ਸ਼ਾਇਰਾ ਤੇ ਸਥਾਨਕ ਸਾਹਿਤ ਸਭਾ ਦੀ ਪ੍ਰਮੁੱਖ ਅਹੁਦੇਦਾਰ ਸ੍ਰੀਮਤੀ ਤ੍ਰਿਪਤ ਤ੍ਰਿਸ਼ਨਾ ਨੂੰ ਮਿਲੇ। ਉਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਦੇ ਪ੍ਰਿੰਸੀਪਲ ਸਨ। ਪ੍ਰੋਗਰਾਮ ਉਨ੍ਹਾਂ ਦੇ ਸਕੂਲ ਦੀ ਗਰਾਊਂਡ ਵਿਚ ਕਰਨ ਦਾ ਫੈਸਲਾ ਹੋਇਆ। ਸਮਾਂ ਸ਼ਾਮੀਂ 8 ਵਜੇ ਰੱਖ ਲਿਆ। ਫਿਰ ਕਾਰਡ ਛਪਵਾਉਣ ਲਈ ਮੈਟਰ ਤਿਆਰ ਕੀਤਾ। ਕਾਰਡ ਛਾਪਣ ਦਾ ਕੰਮ ਬੜੀ ਤੇਜ਼ੀ ਨਾਲ ਹੋਇਆ ਤੇ ਫਿਰ ਕਈ ਮੈਂਬਰਾਂ ਦੀ ਡਿਊਟੀ ਕਾਰਡ ਵੰਡਣ ਦੀ ਲਾ ਦਿੱਤੀ। ਸਾਊਂਡ ਸਰਵਿਸ ਵਾਲੇ ਨੂੰ ਮਿਲ ਕੇ ਇਸ ਦਾ ਵੀ ਪ੍ਰਬੰਧ ਕਰ ਲਿਆ। ਸਾਰੇ ਪ੍ਰਬੰਧ ਮੁਕੰਮਲ ਹੋ ਜਾਣ 'ਤੇ ਮੈਂ ਰਾਤ ਨੂੰ ਬੇਫਿਕਰ ਹੋ ਕੇ ਸੁੱਤਾ ਅਤੇ ਸਵੇਰੇ ਦਿਲਸ਼ਾਦ ਨੂੰ ਦੱਸਣ ਲਈ ਕੋਟਕਪੂਰੇ ਨੂੰ ਚੱਲ ਪਿਆ। ਘਰ ਗਿਆ ਤਾਂ ਦਿਲਸ਼ਾਦ ਦੇ ਮਾਤਾ ਜੀ ਕਹਿਣ ਲੱਗੇ, "ਧਰਮ ਉਹ ਤਾਂ ਤੈਨੂੰ ਫਰੀਦਕੋਟ ਲੱਭਣ ਗਿਐ।" ਮੈਂ ਕਿਹਾ ਕਿ ਜਦ ਉਹ ਆਵੇ ਤਾਂ ਉਸ ਨੂੰ ਕਹਿਣਾ ਤਿਆਰੀ ਕਰ ਲਵੇ। ਮੈਂ ਆਪਣੇ ਪਿੰਡ ਜਾ ਕੇ ਜਲਦੀ ਵਾਪਸ ਆ ਰਿਹਾਂ।

ਜਦ ਮੈਂ ਪਿੰਡੋਂ ਹੋ ਕੇ ਦਿਲਸ਼ਾਦ ਦੇ ਘਰ ਪਹੁੰਚਿਆ ਤਾਂ ਉਹ ਤਿਆਰ ਬੈਠਾ ਸੀ। ਸਾਜ਼ਿੰਦਿਆਂ ਦੇ ਤੌਰ 'ਤੇ ਉਸ ਦੀ ਰਿਸ਼ਤੇਦਾਰੀ ਵਿਚੋਂ (ਪਿੰਡ ਵਾਂਦਰ ਜਟਾਣਾ ਤੋਂ) ਕ੍ਰਿਸ਼ਨ ਅਤੇ ਉਸ ਦਾ ਛੋਟਾ ਭਰਾ ਦਰਸ਼ਨ (ਮਰਹੂਮ) ਆਏ ਬੈਠੇ ਸਨ (ਪ੍ਰਸਿਧ ਗਾਇਕਾ ਗੁਰਲੇਜ਼ ਅਖਤਰ ਦਰਸ਼ਨ ਦੀ ਬੇਟੀ ਹੈ)। ਚੌਥਾ ਸਾਡੇ ਨਾਲ ਦਿਲਸ਼ਾਦ ਦਾ ਭਰਾ ਗੁਰਾਂਦਿੱਤਾ ਸੀ। ਅਸੀਂ ਚਾਰੇ ਬੱਸ 'ਤੇ ਚਾਰ ਕੁ ਵਜੇ ਤਕ ਜਲਾਲਾਬਾਦ (ਪੱਛਮੀ) ਪਹੁੰਚ ਗਏ। ਸਾਹਿਤ ਸਭਾ ਵਾਲੇ ਮੈਨੂੰ ਕਹਿਣ ਲੱਗੇ, "ਕੰਮੇਆਣਾ ਸਹਿਬ! ਇਹ ਜਵਾਕ ਜਿਹਾ ਕੀ ਲੈ ਆਂਦਾ। ਵੇਖਿਓ ਜੇ ਕਿਤੇ ਸਾਡੀ ਛੋਤ ਨਾ ਲੁਹਾ ਦੇਵੇ ਸਰੋਤਿਆਂ ਤੋਂ!" ਮੈਂ ਕਿਹਾ, "ਕਾਹਲੇ ਨਾ ਪਓ, ਪ੍ਰੋਗਰਾਮ ਪਿਛੋਂ ਗੱਲ ਕਰਨੀ।"

ਦਿਲਸ਼ਾਦ ਨੇ ਆਪਣੇ ਪੱਕੇ ਰੰਗ 'ਤੇ ਹਲਕਾ-ਹਲਕਾ ਪਾਊਡਰ ਅਤੇ ਗੁਲਾਲੀ ਜਿਹੀ ਲਾ ਕੇ ਆਪਣੇ ਚਿਹਰੇ ਦੀ ਮੇਕਅੱਪ ਕੀਤੀ। ਤੇੜ ਚਾਦਰਾ ਬੰਨ੍ਹ ਕੇ ਉਪਰੋਂ ਕਲੀਆਂ ਵਾਲਾ ਕਢਾਈਦਾਰ ਕੁੜਤਾ ਪਾ ਲਿਆ ਤੇ ਲੱਕ ਦੁਆਲੇ ਚੁੰਨੀ ਬੰਨ੍ਹ ਲਈ। ਸਟੇਜ 'ਤੇ ਜਾਣ ਸਮੇਂ ਉਸ ਨੇ ਹੱਥ ਵਿਚ ਆਲਮ ਲੁਹਾਰ ਵਾਂਗ ਚਿਮਟਾ ਫੜ ਲਿਆ। ਪ੍ਰੋਗਰਾਮ ਸ਼ੁਰੂ ਹੋਇਆ ਤਾਂ ਸਭ ਤੋਂ ਪਹਿਲਾਂ ਮੈਂ ਸਰੋਤਿਆਂ ਨਾਲ ਦਿਲਸ਼ਾਦ ਦੀ ਜਾਣ-ਪਛਾਣ ਕਰਵਾਈ। ਬਾਅਦ ਵਿਚ ਦਿਲਸ਼ਾਦ ਨੇ ਸਟੇਜ ਨੂੰ ਮੱਥਾ ਟੇਕ ਕੇ ਅਲਾਪ ਲਿਆ ਤੇ ਸਭ ਤੋਂ ਪਹਿਲਾਂ ਇਹ ਸ਼ਿਅਰ ਬੋਲਿਆ:

ਹੁਸਨ ਜਵਾਨੀ ਤੇ ਰੰਗ ਫੁੱਲਾਂ ਦੇ
ਇਹ ਮੁੱਦਤ ਰਹਿੰਦੇ ਨਾਹੀਂ
ਲੱਖ ਟਕਿਆਂ ਦਾ ਮੈਂ ਮਾਣ ਕਰੇਂਦੀ
ਇਹ ਬਾਜ਼ਾਰ ਵਿਕੇਂਦੇ ਨਾਹੀਂ।

ਚਾਰ ਚੁਫੇਰਿਓਂ ਭਰਪੂਰ ਤਾੜੀਆਂ ਵੱਜੀਆਂ ਤੇ ਸਰੋਤਿਆਂ ਨੇ ਖੁੱਲ੍ਹੇ ਦਿਲ ਨਾਲ ਵਾਹ-ਵਾਹ ਕੀਤੀ (ਪਿਛੋਂ ਮੈਂ ਦਿਲਸ਼ਾਦ ਨੂੰ ਕਈ ਵਾਰ ਕਿਹਾ ਸੀ ਕਿ ਜਿੰਨਾ ਰੂਹ ਨਾਲ ਤੂੰ ਇਹ ਸ਼ਿਅਰ ਜਲਾਲਾਬਾਦ ਵਾਲੀ ਨਾਈਟ 'ਚ ਗਾਇਆ ਸੀ, ਫਿਰ ਤੂੰ ਕਦੇ ਵੀ ਓਨਾ ਸੋਹਣਾ ਨਹੀਂ ਗਾ ਸਕਿਆ। ਉਦੋਂ ਤਾਂ ਇੰਜ ਮਾਪਿਆ ਸੀ ਜਿਵੇਂ ਸਾਰਾ ਬ੍ਰਹਿਮੰਡ ਤੇਰੇ ਨਾਲ ਗਾਉਣ ਲੱਗ ਪਿਆ ਹੋਵੇ)। ਇਕ ਗੀਤ ਪਿੱਛੋਂ ਦੂਜਾ, ਫਿਰ ਤੀਜਾ, ਚੌਥਾ! ਸਰੋਤੇ 'ਇਕ ਹੋਰ, ਇਕ ਹੋਰ' ਦੀ ਫਰਮਾਇਸ਼ ਕਰਦੇ ਰਹੇ ਅਤੇ ਦੇਰ ਰਾਤ ਤਕ ਦਿਲਸ਼ਾਦ ਦੀ ਗਾਇਕੀ ਅਤੇ ਮੇਰੇ ਗੀਤਾਂ ਦਾ ਅਨੰਦ ਮਾਣਦੇ ਰਹੇ। ਇਹ ਪ੍ਰੋਗਰਾਮ ਦਿਲਸ਼ਾਦ ਦੀ ਗਾਇਕੀ ਦੀ ਵੱਡੀ ਸ਼ੁਰੂਆਤ ਹੋ ਨਿਬੜਿਆ।

ਮੈਨੂੰ ਫੁਰਨਾ ਫੁਰਿਆ ਕਿ ਦਿਲਸ਼ਾਦ ਨੂੰ ਰੇਡੀਓ ਸਟੇਸ਼ਨ ਜਲੰਧਰ ਤੋਂ ਗਵਾਇਆ ਜਾ ਸਕਦਾ ਹੈ। ਦਿਲਸ਼ਾਦ ਆਪਣੇ ਭਰਾ ਗੁਰਾਂਦਿੱਤੇ ਨਾਲ ਪਹਿਲਾਂ ਵੀ ਰੇਡੀਓ ਸਟੇਸ਼ਨ ਦਾ ਗੇੜਾ ਲਾ ਚੁਕਾ ਸੀ, ਪਰ ਉਹ ਆਡੀਸ਼ਨ ਪਾਸ ਨਹੀਂ ਸੀ ਕਰ ਸਕਿਆ। ਮੈਨੂੰ ਇਹ ਸੁਣ ਕੇ ਬਹੁਤ ਹੈਰਾਨੀ ਹੋਈ। ਦਿਲਸ਼ਾਦ ਜਿਹਾ ਸੁਰੀਲਾ ਗਾਇਕ ਉਸ



*ਗਾਇਕ ਦਿਲਸ਼ਾਦ ਅਖਤਰ*

ਸਮੇਂ ਛੋਟੀ ਉਮਰ ਦਾ ਹੋਣ ਕਾਰਨ ਸ਼ਾਇਦ ਠੀਕ ਪੇਸ਼ਕਾਰੀ ਨਹੀਂ ਦੇ ਸਕਿਆ ਹੋਵੇਗਾ? ਖੈਰ! ਮੇਰੀ ਉਦੋਂ ਤਕ ਰੇਡੀਓ ਸਟੇਸ਼ਨ ਦੇ ਪੰਜਾਬੀ ਪ੍ਰੋਗਰਾਮਾਂ ਨਾਲ ਸਬੰਧਤ ਅਧਿਕਾਰੀਆਂ ਅਤੇ ਕਰਮਚਾਰੀਆਂ ਨਾਲ ਕਾਫੀ ਜਾਣ-ਪਛਾਣ ਬਣ ਚੁਕੀ ਸੀ।


ਸੰਨ 1978-79 ਤੋਂ ਰੇਡੀਓ ਦੇ 'ਯੁਵਵਾਣੀ' ਪ੍ਰੋਗਰਾਮ ਦੇ ਇੰਚਾਰਜ ਅੰਮ੍ਰਿਤ ਲਾਲ ਪਾਲ ਅਤੇ ਪੰਜਾਬੀ ਪ੍ਰੋਗਰਾਮਾਂ ਦੇ ਪ੍ਰੋਡਿਊਸਰ ਤੇ ਸਾਹਿਤਕਾਰ ਹਰਭਜਨ ਬਟਾਲਵੀ ਨਾਲ ਮੇਰੀ ਚੰਗੀ ਨੇੜਤਾ ਸੀ। ਮੈਂ ਆਪਣਾ ਰਸੂਖ ਵਰਤ ਕੇ ਚੰਗਾ ਲਿਖਣ ਵਾਲੇ ਕਈ ਨਵੇਂ ਲੇਖਕਾਂ ਨੂੰ ਰੇਡੀਓ ਸਟੇਸ਼ਨ ਤੋਂ ਰਚਨਾ ਪੜ੍ਹਨ ਦਾ ਮੌਕਾ ਦਿਵਾਇਆ।

ਇਕ ਦਿਨ ਮੈਂ ਤੇ ਦਿਲਸ਼ਾਦ ਜਲੰਧਰ ਚਲੇ ਗਏ। ਮੈਂ ਹਰਭਜਨ ਬਟਾਲਵੀ ਨੂੰ ਮਿਲ ਕੇ ਆਪਣੇ ਆਉਣ ਦਾ ਮਕਸਦ ਦੱਸਿਆ। ਬਟਾਲਵੀ ਦਿਲਸ਼ਾਦ ਦੇ ਪਿਤਾ ਜਨਾਬ ਕੀੜੇ ਖਾਂ ਸ਼ੁਕੀਨ ਅਤੇ ਮਾਮਾ ਜੀ ਸਾਬਰ ਹੁਸੈਨ ਸਾਬਰ (ਨਰਿੰਦਰ ਬੀਬਾ ਨਾਲ ਇਨ੍ਹਾਂ ਦਾ ਦੋਗਾਣਾ ਪ੍ਰਸਿੱਧ ਹੋਇਆ ਸੀ, 'ਮੇਰੀ ਡਿੱਗ ਪਈ ਚਰ੍ਹੀ ਵਿਚ ਗਾਨੀ, ਵੇ ਚੁੱਕ ਲਿਆ ਮੋਰ ਬਣ ਕੇ') ਦੇ ਨਾਂ ਤੋਂ ਜਾਣੂ ਸਨ। ਬਟਾਲਵੀ ਕਹਿਣ ਲੱਗੇ, "ਤੁਸੀਂ ਕੁਦਰਤੀ ਬੜੇ ਮੌਕੇ ਸਿਰ ਆਏ ਓ। ਅੱਜ ਲਾਈਟ ਵੋਕਲ (ਸੁਗਮ ਸੰਗੀਤ) ਦੀ ਆਡੀਸ਼ਨ ਚੱਲ ਰਹੀ ਏ। ਮੈਂ ਕਲਸੀ ਸਾਹਿਬ (ਬਲਬੀਰ ਸਿੰਘ ਕਲਸੀ, ਮੁਖੀ ਸੰਗੀਤ ਵਿਭਾਗ, ਰੇਡੀਓ ਸਟੇਸ਼ਨ) ਨੂੰ ਕਹਿ ਦਿੰਨਾਂ। ਉਹ ਇਸ ਤੋਂ ਹੁਣੇ ਫਾਰਮ ਭਰਵਾ ਕੇ ਉਮੀਦਵਾਰਾਂ 'ਚ ਸ਼ਾਮਲ ਕਰ ਲੈਣਗੇ।" ਦਿਲਸ਼ਾਦ ਤੋਂ ਕਲਸੀ ਸਾਹਿਬ ਨੇ ਦੋ-ਤਿੰਨ ਗੀਤ ਸੁਣੇ ਅਤੇ ਕਾਫੀ ਪ੍ਰਸੰਨ ਹੋਏ। ਉਨ੍ਹਾਂ ਕਿਹਾ, "ਅਸੀਂ ਕੁਝ ਦਿਨਾਂ ਤੱਕ ਪ੍ਰੋਗਰਾਮ ਦੀ ਚਿੱਠੀ ਪਾ ਦਿਆਂਗੇ।"

ਰੇਡੀਓ ਸਟੇਸ਼ਨ ਤੋਂ ਵਿਹਲੇ ਹੋ ਕੇ ਅਸੀਂ ਰੋਜ਼ਾਨਾ 'ਜੱਗ ਬਾਣੀ' ਦੇ ਦਫਤਰ ਲੇਖਕ/ਪੱਤਰਕਾਰ ਬਖਸ਼ਿੰਦਰ ਨੂੰ ਮਿਲਣ ਗਏ। ਬਖਸ਼ਿੰਦਰ ਨਾਲ ਵੀ ਮੇਰੀ ਚੰਗੀ ਜਾਣ-ਪਛਾਣ ਸੀ। ਮੈਂ ਉਸ ਨਾਲ ਦਿਲਸ਼ਾਦ ਦਾ ਤੁਆਰਫ ਕਰਵਾਇਆ ਤੇ ਦਿਲਸ਼ਾਦ ਬਾਰੇ ਲਿਖਿਆ ਆਪਣਾ ਲੇਖ ਉਸ ਨੂੰ 'ਜੱਗ ਬਾਣੀ' ਵਿਚ ਛਾਪਣ ਲਈ ਦਿੱਤਾ। ਬਖਸ਼ਿੰਦਰ ਕਹਿਣ ਲੱਗਾ, "ਧਰਮ ਮੈਂ ਵੀ ਇਕ ਨਵੇਂ ਗਾਇਕ ਬਾਰੇ ਲਿਖਿਐ। ਕੱਲ੍ਹ ਦੇ 'ਜੱਗ ਬਾਣੀ' ਵਿਚ ਪੜ੍ਹ ਲਈਂ। ਉਹ ਮੁੰਡਾ ਕਮਾਲ ਦਾ ਗਾਉਂਦੈ। ਜੇ ਉਸ ਨੂੰ ਚੰਗੇ ਸ਼ਾਇਰਾਂ ਦੇ ਗੀਤ ਮਿਲ ਜਾਣ ਤਾਂ ਉਸ ਦੀ ਬੜੀ ਛੇਤੀ ਬੱਲੇ-ਬੱਲੇ ਹੋ ਸਕਦੀ ਐ।" ਮੈਂ ਗਾਇਕ ਦਾ ਨਾਂ ਪੁਛਿਆ ਤਾਂ ਉਸ ਨੇ ਦੱਸਿਆ, "ਉਹ ਏਧਰ ਜਲੰਧਰ ਨੇੜਲੇ ਇਕ ਪਿੰਡ ਦਾ ਈ ਮੁੰਡਾ ਐ, ਹੰਸ ਰਾਜ ਹੰਸ।" (ਸੱਚੀ ਹੀ ਬਾਅਦ ਵਿਚ ਹੰਸ ਰਾਜ ਹੰਸ ਪੰਜਾਬੀ ਦਾ ਵੱਡਾ ਗਾਇਕ ਬਣ ਕੇ ਉਭਰਿਆ ਅਤੇ ਹੁਣ ਮੈਂਬਰ ਪਾਰਲੀਮੈਂਟ ਵੀ ਬਣ ਗਿਆ ਹੈ)।

ਅਸੀਂ ਜਲੰਧਰੋਂ ਵਾਪਸ ਆ ਕੇ ਰੇਡੀਓ ਸਟੇਸ਼ਨ ਦੀ ਚਿੱਠੀ ਉਡੀਕਣ ਲੱਗੇ। ਅਖੀਰ ਮਹੀਨੇ ਕੁ ਬਾਅਦ ਡਾਕੀਏ ਨੇ ਦਿਲਸ਼ਾਦ ਦੇ ਘਰ ਰੇਡੀਓ ਸਟੇਸ਼ਨ ਦੀ ਚਿੱਠੀ ਫੜਾਈ ਤਾਂ ਸਭ ਇਹ ਪੜ੍ਹ ਕੇ ਖੁਸ਼ ਹੋਏ ਕਿ ਦਿਲਸ਼ਾਦ ਨੂੰ ਰੇਡੀਓ 'ਤੇ ਗਾਉਣ ਲਈ ਚੁਣ ਲਿਆ ਸੀ ਅਤੇ ਤਿੰਨ ਗੀਤਾਂ ਦੀ ਰਿਕਾਰਡਿੰਗ ਕਰਵਾਉਣ ਲਈ ਤਾਰੀਕ ਵੀ ਦਿੱਤੀ ਗਈ ਸੀ।

ਦਿੱਤੀ ਗਈ ਮਿਤੀ ਨੂੰ ਮੈਂ ਅਤੇ ਦਿਲਸ਼ਾਦ ਸਮੇਂ ਸਿਰ ਰੇਡੀਓ ਸਟੇਸ਼ਨ ਪਹੁੰਚ ਗਏ। ਜਦ ਕਲਸੀ ਸਾਹਿਬ ਨੂੰ ਮਿਲੇ ਤਾਂ ਉਨ੍ਹਾਂ ਤੋਂ ਪਤਾ ਲੱਗਾ ਕਿ ਰੇਡੀਓ 'ਤੇ ਕਿਸੇ ਪੁਰਾਣੇ ਸ਼ਾਇਰ ਜਾਂ ਰੇਡੀਓ ਵਲੋਂ ਮਾਨਤਾ ਪ੍ਰਾਪਤ ਗੀਤਕਾਰ ਦੇ ਗੀਤ ਹੀ ਗਾਏ ਜਾ ਸਕਦੇ ਹਨ। ਉਨ੍ਹਾਂ ਸਾਨੂੰ ਪੰਜਾਬੀ ਦੇ ਦਸ-ਬਾਰਾਂ ਗੀਤਕਾਰਾਂ ਬਾਰੇ ਦੱਸਿਆ, ਜੋ ਮਾਨਤਾ ਪ੍ਰਾਪਤ ਗੀਤਕਾਰ ਸਨ। ਮੇਰੇ ਮਨ ਨੂੰ ਇਸ ਗੱਲ ਨੇ ਠੇਸ ਪਹੁੰਚਾਈ। ਦਿਲ 'ਚ ਪ੍ਰਬਲ ਇੱਛਾ ਸੀ ਕਿ ਮੇਰੇ ਗੀਤ ਰੇਡੀਓ ਸਟੇਸਨ ਤੋਂ ਨਸ਼ਰ ਹੋਣ। ਉਦੋਂ ਤਕ ਪੇਂਡੂ ਖੇਤਰ ਵਿਚ ਟੀ. ਵੀ. ਬਹੁਤਾ ਪ੍ਰਚਲਿਤ ਨਹੀਂ ਸੀ ਹੋਇਆ, ਲੋਕ ਰੇਡੀਓ ਦੇ ਪੰਜਾਬੀ ਪ੍ਰੋਗਰਾਮ ਕਾਫੀ ਸੁਣਦੇ ਸਨ। ਰੇਡੀਓ ਤੋਂ ਗੀਤ ਬ੍ਰਾਡਕਾਸਟ ਹੋਣ ਨਾਲ ਗਾਇਕ ਅਤੇ ਗੀਤਕਾਰ ਨੂੰ ਖੂਬ ਮਕਬੂਲੀਅਤ ਮਿਲਦੀ ਸੀ। ਰੇਡੀਓ ਤੋਂ ਗਾਉਣ ਵਾਲੇ ਗਾਇਕ ਹੋਰਾਂ ਨਾਲੋਂ ਆਪਣਾ ਵਡੱਪਣ ਦੱਸਣ ਲਈ ਆਪਣੇ ਆਪ ਨੂੰ 'ਰੇਡੀਓ ਸਿੰਗਰ' ਆਖ ਕੇ ਖੁਸ਼ੀ ਮਹਿਸੂਸ ਕਰਦੇ ਸਨ। ਦਿਲਸ਼ਾਦ ਕੋਲ ਕਿਸੇ ਹੋਰ ਗੀਤਕਾਰ ਦੇ ਗੀਤ ਨਾ ਹੋਣ ਕਾਰਨ ਮਜਬੂਰੀ ਵੱਸ ਉਸ ਨੂੰ ਮੇਰੇ ਗੀਤ ਬਾਬੂ ਸਿੰਘ ਮਾਨ ਦੇ ਕਹਿ ਕੇ ਗਾਉਣੇ ਪਏ।




*ਧਰਮ ਸਿੰਘ ਕੰਮੇਆਣਾ ਦੀ ਸਵੈ-ਜੀਵਨੀ 'ਟੁੱਟੇ ਹੋਏ ਪੁਲ' ਦਾ ਮੁਖੜਾ।*

ਪਿਛੋਂ ਮੈਂ ਇਕ ਵਾਰ ਰੇਡੀਓ ਸਟੇਸ਼ਨ 'ਤੇ ਕਾਵਿ-ਪਾਠ ਲਈ ਗਿਆ ਤਾਂ ਹਰਭਜਨ ਸਿੰਘ ਬਟਾਲਵੀ ਨੂੰ ਮਿਲ ਕੇ ਇਸ ਬਾਰੇ ਗਿਲਾ ਜਾਹਰ ਕੀਤਾ। ਉਹ ਕਹਿਣ ਲੱਗੇ, "ਕੰਮੇਆਣਾ ਜੀ! ਇਨ੍ਹੀਂ ਦਿਨੀਂ ਪੰਜਾਬੀ ਪ੍ਰੋਗਰਾਮਾਂ ਦਾ ਸਾਰਾ ਕਾਰ-ਮੁਖਤਿਆਰ ਮੇਰੇ ਕੋਲ ਆ। ਮੀਸ਼ਾ ਜੀ (ਪੰਜਾਬੀ ਕਵੀ ਸੋਹਣ ਸਿੰਘ) ਛੁੱਟੀ ਲੈ ਕੇ ਵਿਦੇਸ਼ ਦੌਰੇ 'ਤੇ ਗਏ ਹੋਏ ਨੇ। ਤੁਹਾਨੂੰ ਜੇ ਜ਼ੁਬਾਨੀ ਯਾਦ ਹਨ ਤਾਂ ਆਪਣੇ 8 ਗੀਤ ਮੈਨੂੰ ਲਿਖ ਕੇ ਦੇ ਦਿਓ।"

ਮੈਂ ਬਟਾਲਵੀ ਸਾਹਿਬ ਤੋਂ ਕਾਗਜ਼ ਲੈ ਕੇ ਅੱਠ ਗੀਤ ਲਿਖ ਦਿੱਤੇ। ਉਨ੍ਹਾਂ ਮੈਥੋਂ ਅਰਜ਼ੀ ਲਿਖਵਾਈ ਅਤੇ ਗੀਤ ਉਸ ਨਾਲ ਨੱਥੀ ਕਰ ਕੇ ਡਾਕ ਨੂੰ ਮਾਰਕ ਕਰ ਦਿੱਤੀ। ਮੈਂ ਰੇਡੀਓ ਸਟੇਸ਼ਨ ਦੇ ਸੰਗੀਤ ਸੈਕਸ਼ਨ ਦੇ ਇੰਚਾਰਜ ਬਲਬੀਰ ਸਿੰਘ ਕਲਸੀ ਨੂੰ ਵੀ ਇਸ ਬਾਬਤ ਮਿਲਿਆ। ਮਨ ਵਿਚ ਆਸ ਲੈ ਕੇ ਮੈਂ ਜਲੰਧਰੋਂ ਪਿੰਡ ਵਾਪਸ ਆ ਗਿਆ।

ਕੁਝ ਸਮਾਂ ਬੀਤਣ ਪਿਛੋਂ ਮੈਨੂੰ ਰੇਡੀਓ ਸਟੇਸ਼ਨ ਦੀ ਚਿੱਠੀ ਮਿਲੀ। ਮੈਂ ਮਾਨਤਾ ਪ੍ਰਾਪਤ ਗੀਤਕਾਰ ਬਣ ਗਿਆ ਸੀ। ਰੇਡੀਓ ਸਟੇਸ਼ਨ ਵਲੋਂ ਭੇਜੇ ਗਏ ਐਗਰੀਮੈਂਟ ਫਾਰਮ 'ਤੇ ਦਸਤਖਤ ਕਰ ਕੇ ਮੈਂ ਜਵਾਬੀ ਚਿੱਠੀ ਜਲੰਧਰ ਭੇਜ ਦਿੱਤੀ।

---

1981-82 ਦੇ ਇਨ੍ਹਾਂ ਸਮਿਆਂ ਵਿਚ ਭਾਵੇਂ ਪੰਜਾਬ ਵਿਚ ਵੀ ਇਕਾ-ਦੁਕਾ ਰਿਕਾਰਡਿੰਗ ਕੰਪਨੀਆਂ ਨੇ ਸਿਰ ਚੁੱਕਣਾ ਸ਼ੁਰੂ ਕਰ ਦਿੱਤਾ ਸੀ, ਫਿਰ ਵੀ ਅਜੇ ਤਕ ਐਚ. ਐਮ. ਵੀ. ਨਵੀਂ ਦਿੱਲੀ ਦੀ ਇਸ ਖੇਤਰ ਵਿਚ ਸਰਦਾਰੀ ਸੀ। ਐਚ. ਐਮ. ਵੀ. ਨੇ ਉਤਰੀ ਭਾਰਤ ਦੀਆਂ ਭਾਸ਼ਾਵਾਂ ਦੇ ਗੀਤ-ਸੰਗੀਤ ਨੂੰ ਘਰ-ਘਰ ਤੱਕ ਪਹੁੰਚਾਉਣ ਵਿਚ ਇਕ ਸਮੇਂ ਇਤਿਹਾਸਕ ਰੋਲ ਅਦਾ ਕੀਤਾ ਹੈ। ਕੋਲੰਬੀਆ, ਕੋਹਿਨੂਰ ਆਦਿ ਜਿਹੀਆਂ ਕੰਪਨੀਆਂ ਨੇ ਵੀ ਪੰਜਾਬੀ ਗਾਇਕੀ ਦੇ ਤਵੇ (ਡਿਸਕ) ਰਿਕਾਰਡ ਕਰ ਕੇ ਕੱਢੇ, ਪਰ ਐਚ. ਐਮ. ਵੀ. ਦੀ ਸਰਦਾਰੀ ਨੂੰ ਕੋਈ ਨਾ ਤੋੜ ਸਕਿਆ। ਪਿਛੋਂ ਕੋਲੰਬੀਆ ਕੰਪਨੀ ਵੀ ਐਚ. ਐਮ. ਵੀ. ਦੇ ਪ੍ਰਬੰਧ ਅਧੀਨ ਆ ਗਈ। ਗਾਇਕ ਇਸ ਕੰਪਨੀ ਦਫਤਰ ਦੇ ਗੇੜੇ ਲਾਉਂਦੇ ਥੱਕ ਜਾਂਦੇ, ਤੇ ਕਿਸੇ ਕਿਸੇ ਨੂੰ ਹੀ ਇਸ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਦਾ ਥਾਪੜਾ ਪ੍ਰਾਪਤ ਹੁੰਦਾ। ਜਿਸ ਗਾਇਕ ਦੀ ਰਿਕਾਰਡਿੰਗ ਐਚ. ਐਮ. ਵੀ. ਵਿਚ ਹੋ ਜਾਂਦੀ, ਉਹ ਦਿਨਾਂ ਵਿਚ ਹੀ ਪੰਜਾਬ ਦਾ ਪ੍ਰਸਿੱਧ ਗਾਇਕ ਬਣ ਜਾਂਦਾ। ਲੋਕ ਵਿਆਹ-ਸ਼ਾਦੀ ਸਮੇਂ ਉਸ ਦਾ ਅਖਾੜਾ ਲਵਾ ਕੇ ਮਾਣ ਮਹਿਸੂਸ ਕਰਦੇ। ਮੇਰੀ ਜਾਣਕਾਰੀ ਅਨੁਸਾਰ ਕੰਪਨੀ ਜਿਸ ਗਾਇਕ ਨੂੰ ਰਿਕਾਰਡ ਕਰਦੀ, ਉਸ ਨੂੰ ਆਉਣ-ਜਾਣ ਦਾ ਫਸਟ ਕਲਾਸ ਰੇਲਵੇ ਦਾ ਕਿਰਾਇਆ ਦਿੰਦੀ, ਰਿਕਾਰਡ ਦੀ ਵਿਕਰੀ ਅਨੁਸਾਰ ਗਾਇਕ ਤੇ ਗੀਤਕਾਰ ਨੂੰ ਰਾਇਲਟੀ ਭੇਜਦੀ ਰਹਿੰਦੀ (5 ਫੀਸਦੀ ਗਾਇਕ ਤੇ 3 ਫੀਸਦੀ ਗੀਤਕਾਰ ਨੂੰ)। ਉਨ੍ਹਾਂ ਸਮਿਆਂ ਵਿਚ ਇਹ ਵਿਕ ਵੀ ਹਜ਼ਾਰਾਂ ਤਕ ਜਾਂਦੀ ਸੀ। ਜਿਨ੍ਹਾਂ ਗਾਇਕਾਂ ਨੂੰ ਐਚ. ਐਮ. ਵੀ. ਵਿਚ ਮੌਕਾ ਨਾ ਮਿਲਦਾ, ਉਹ ਏਧਰ ਓਧਰ ਹੱਥ ਪੱਲਾ ਮਾਰਦੇ। ਅਜਿਹੇ ਨਵੇਂ ਗਾਇਕਾਂ ਦੀ ਰਿਕਾਰਡਿੰਗ ਕਰਨ ਵਾਲੀ ਵਰਮਾ ਕੰਪਨੀ ਕਦੇ ਮੋਗੇ ਖੁੱਲ੍ਹੀ ਸੀ, ਪਰ ਕੁਝ ਤਵੇ (ਡਿਸਕ) ਕੱਢ ਕੇ ਬੰਦ ਹੋ ਗਈ। ਗੁਰਪਾਲ ਸਿੰਘ ਪਾਲ ਦਾ ਪ੍ਰਸਿਧ ਗੀਤ 'ਪਾਲੀ ਪਾਣੀ ਖੂਹ ਤੋਂ ਭਰੇ' ਵਰਮਾ ਕੰਪਨੀ ਨੇ ਹੀ ਰਿਕਾਰਡ ਕੀਤਾ ਸੀ।

ਮੈਂ ਤੇ ਦਿਲਸ਼ਾਦ ਅਖਤਰ ਇਕ ਦਿਨ ਸਵੇਰ ਵੇਲੇ ਜਨਤਾ ਐਕਸਪ੍ਰੈਸ ਟ੍ਰੇਨ 'ਤੇ ਸਵਾਰ ਹੋ ਕੇ ਕੋਟਕਪੂਰਿਓਂ ਦਿੱਲੀ ਵਲ ਚੱਲ ਪਏ। ਨਵੀਂ ਦਿੱਲੀ ਰੇਲਵੇ ਸਟੇਸ਼ਨ 'ਤੇ ਪਹੁੰਚ ਕੇ ਦਰਿਆਗੰਜ ਚੌਕ ਤਕ ਰਿਕਸ਼ਾ ਲਿਆ ਅਤੇ ਉਥੋਂ ਪੈਦਲ ਚੱਲ ਕੇ ਨੇੜੇ ਹੀ ਸਥਿਤ ਭਰਤਪੁਰ ਰੋਡ 'ਤੇ ਐਚ. ਐਮ. ਵੀ. ਦੇ ਦਫਤਰ ਚਲੇ ਗਏ। ਅਸੀਂ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਜ਼ਹੀਰ ਅਹਿਮਦ ਨੂੰ ਮਿਲੇ। ਉਨ੍ਹਾਂ ਕੰਪਨੀ ਨਾਲ ਸਬੰਧਤ ਹੰਢੇ ਵਰਤੇ ਸਾਜ਼ਿੰਦਿਆਂ ਦੀ ਸੰਗਤ ਵਿਚ ਦਿਲਸ਼ਾਦ ਨੂੰ ਸੁਣਿਆ ਅਤੇ ਸਾਨੂੰ ਰਿਕਾਰਡਿੰਗ ਲਈ ਤਾਰੀਕ ਦੇ ਦਿੱਤੀ। ਅਸੀਂ ਉਹ ਰਾਤ ਦਿੱਲੀ ਦੇ ਇਕ ਹੋਟਲ ਵਿਚ ਗੁਜ਼ਾਰ ਕੇ (ਰਾਤ ਨੂੰ ਅੰਮ੍ਰਿਤਾ ਪ੍ਰੀਤਮ ਨਾਲ ਫੋਨ 'ਤੇ ਕਾਫੀ ਗੱਲਾਂ ਹੋਈਆਂ ਪਰ ਉਨ੍ਹਾਂ ਦੇ ਕਿਧਰੇ ਹੋਰ ਰੁਝੇਵੇਂ ਕਾਰਨ ਮਿਲਾਪ ਨਹੀਂ ਹੋ ਸਕਿਆ) ਅਗਲੇ ਦਿਨ ਵਾਪਸ ਆ ਗਏ।

ਦਿੱਤੀ ਮਿਤੀ ਨੂੰ ਮੈਂ, ਦਿਲਸ਼ਾਦ ਤੇ ਗੁਰਾਂਦਿੱਤਾ ਕੰਪਨੀ ਦੇ ਸਟੂਡੀਓ ਪਹੁੰਚ ਗਏ। ਕੰਪਨੀ ਦਾ ਦਫਤਰ ਅਤੇ ਸਟੂਡੀਓ ਇਕੋ ਹੀ ਬਿਲਡਿੰਗ ਵਿਚ ਸੀ। ਉਦੋਂ ਸਟੂਡੀਓ ਵਿਚ ਏਅਰ ਕੰਡੀਸ਼ਨਰ ਦੀ ਸਹੂਲਤ ਨਾ ਹੋਣ ਕਾਰਨ ਗਰਮੀ ਹੋਣ ਕਾਰਨ ਰਿਕਾਰਡਿੰਗ ਕਾਫੀ ਔਖੀ ਹੁੰਦੀ ਸੀ, ਕਿਉਂਕਿ ਰਿਕਾਰਡਿੰਗ ਸਮੇਂ ਪੱਖੇ ਬੰਦ ਕਰਨ ਪਿਛੋਂ ਸਟੂਡੀਓ ਵਿਚਲਾ ਹੁੰਮਸ ਗਾਇਕ ਤੇ ਸਾਜ਼ਿੰਦਿਆਂ ਨੂੰ ਪਸੀਨੋ-ਪਸੀਨੀ ਕਰ ਦਿੰਦਾ ਸੀ। ਜਦੋਂ ਕਿਸੇ ਗੀਤ ਦੀ ਰਿਕਾਰਡਿੰਗ ਸਮੇਂ ਵਾਰ-

***(ਬਾਕੀ ਅਗਲੇ ਸਫੇ 'ਤੇ)***

ਵਾਰ ਰੀ-ਟੇਕ ਲੈਣੀ ਪੈਂਦੀ ਤਾਂ ਸਾਰੇ ਬੜਾ ਔਖਾ ਮਹਿਸੂਸ ਕਰਦੇ।

ਦਿਲਸ਼ਾਦ ਨੇ ਕਿਸੇ ਹੰਢੇ ਹੋਏ ਗਾਇਕ ਵਾਂਗ ਰਿਕਾਰਡਿੰਗ ਕਰਵਾਈ। ਬਸ ਇਕ ਅੱਧੇ ਗੀਤ 'ਤੇ ਮਾੜੀ ਮੋਟੀ ਰੀ-ਟੇਕ ਲੈਣੀ ਪਈ, ਪਰ ਉਦੋਂ ਹੁਣ ਵਾਂਗ ਜਿਥੋਂ ਨੁਕਸ ਪਿਆ, ਉਥੋਂ ਹੀ ਫਿਰ ਰਿਕਾਰਡਿੰਗ ਸ਼ੁਰੂ ਕਰਨ ਦੀ ਥਾਂ ਵੰਨ ਟਰੈਕ ਸਟੂਡੀਓ ਹੋਣ ਕਾਰਨ ਸਾਰਾ ਗੀਤ ਮੁੱਢੋਂ ਸੁੱਢੋਂ ਹੀ ਰਿਕਾਰਡ ਕਰਨਾ ਪੈਂਦਾ ਸੀ (ਅਜੋਕੇ ਮਲਟੀ ਟਰੈਕ ਸਟੂਡੀਓ ਵਿਚ ਰਿਕਾਰਡਿੰਗ ਕਰਨੀ ਪਹਿਲਾਂ ਨਾਲੋਂ ਬਹੁਤ ਆਸਾਨ ਹੋ ਗਈ ਹੈ; ਭਾਵੇਂ ਇਕ-ਇਕ ਪੰਕਤੀ ਗਾ ਕੇ ਰਿਕਾਰਡਿੰਗ ਕਰਵਾ ਲਵੋ। ਜਿਥੋਂ ਗਲਤੀ ਹੋਈ ਹੈ, ਗੀਤ ਦਾ ਓਨਾ ਕੁ ਹਿੱਸਾ ਹੀ ਮੁੜ ਗਾਉਣਾ ਪੈਂਦਾ ਹੈ)। ਕੰਪਨੀ ਨੇ ਈ. ਪੀ. ਰਿਕਾਰਡ ਕੱਢਣ ਲਈ ਦਿਲਸ਼ਾਦ ਦੀ 10 ਮਿੰਟ ਦੀ ਰਿਕਾਰਡਿੰਗ ਕੀਤੀ। ਉਦੋਂ ਗੀਤਾਂ ਨੂੰ ਰਿਕਾਰਡ ਦੇ ਸਮੇਂ ਅਨੁਸਾਰ ਢਾਲ ਕੇ ਰਿਕਾਰਡ ਕੀਤਾ ਜਾਂਦਾ ਸੀ, ਭਾਵ ਪਹਿਲਾਂ ਰਿਹਰਸਲ ਕਰ ਕੇ ਸਮਾਂ ਨੋਟ ਕੀਤਾ ਜਾਂਦਾ ਸੀ, ਫਿਰ ਸਮਾਂ ਘਟਾਉਣ ਜਾਂ ਵਧਾਉਣ ਲਈ ਸੰਗੀਤਕ ਸਾਜ਼ਾਂ ਦੇ ਵੱਜਣ ਦੇ ਸਮੇਂ ਨੂੰ ਜਾਂ ਗੀਤ ਦਾ ਕੋਈ ਬੋਲ ਘਟਾ ਕੇ ਜਾਂ ਦੁਹਰਾ ਕੇ ਗੀਤ ਨੂੰ ਮਿਥੇ ਸਮੇਂ ਅਨੁਸਾਰ ਕਰ ਲਿਆ ਜਾਂਦਾ ਸੀ। ਢਾਈ ਮਿੰਟ ਦਾ ਇਕ ਗੀਤ ਰਿਕਾਰਡ ਕਰਦੇ ਸਨ।

ਇਨ੍ਹਾਂ ਸਮਿਆਂ ਵਿਚ ਪੰਜਾਬੀ ਗਾਇਕਾਂ ਦੀ ਘੜਮੱਸ ਅਤੇ ਅੱਗੇ ਵਧਣ ਲਈ ਅਪਨਾਏ ਜਾਂਦੇ ਪੁੱਠੇ ਸਿੱਧੇ ਤਰੀਕਿਆਂ ਕਾਰਨ ਰਿਕਾਰਡਿੰਗ ਕੰਪਨੀਆਂ ਦਾ ਪੁਰਾਣਾ ਸਰੂਪ ਬਦਲਣ ਲੱਗ ਪਿਆ। ਨਵੇਂ ਗਾਇਕ ਆਪਣੀ ਰਿਕਾਰਡਿੰਗ ਕਰਵਾਉਣ ਅਤੇ ਆਪਣਾ ਤਵਾ ਦੂਜਿਆਂ ਤੋਂ ਪਹਿਲਾਂ ਰਿਲੀਜ਼ ਕਰਵਾਉਣ ਲਈ ਕੰਪਨੀ ਨੂੰ ਪੈਸੇ ਦੇ ਕੇ ਆਪਣੇ ਤਵੇ (ਡਿਸਕ) ਦੇ ਆਪ ਹੀ ਪ੍ਰੋਡਿਊਸਰ ਬਣ ਜਾਂਦੇ।

ਜਦੋਂ ਦਿਲਸ਼ਾਦ ਦੀ ਰਿਕਾਰਡਿੰਗ ਕਾਫੀ ਸਮੇਂ ਤਕ ਰਿਲੀਜ਼ ਨਾ ਕੀਤੀ ਗਈ ਤਾਂ ਉਹ ਦਿੱਲੀ ਜਾ ਕੇ ਜ਼ਹੀਰ ਅਹਿਮਦ ਨੂੰ ਮਿਲਿਆ। ਉਨ੍ਹਾਂ ਦਿਲਸ਼ਾਦ ਨੂੰ ਵੀ ਆਪਣੇ ਤਵੇ ਦਾ ਪ੍ਰੋਡਿਊਸਰ ਬਣਨ ਲਈ ਕਿਹਾ ਅਤੇ 9000 ਰੁਪਏ ਮੰਗੇ। ਦਿਲਸ਼ਾਦ ਅਜੇ ਉਭਰਦਾ ਗਾਇਕ ਸੀ। ਉਸ ਕੋਲ ਅਜੇ ਮਾਇਆ ਨਹੀਂ ਸੀ ਆਈ। ਉਹ ਤਾਂ ਅਕਸਰ ਕਿਹਾ ਕਰਦਾ ਸੀ, "ਧਰਮ, ਕਦੇ ਮੈਂ ਵੀ ਹੋਰਨਾਂ ਗਾਇਕਾਂ ਵਾਂਗ ਕਾਰ 'ਤੇ ਅਖਾੜਾ ਲਾਉਣ ਜਾਇਆ ਕਰੂੰ ਕਿ ਬਸ ਏਵੇਂ ਬੀਤ ਜੂ!" ਮੈਂ ਹੌਸਲਾ ਦਿੰਦਾ, "ਦਿਲ ਰੱਖ, ਤੇਰਾ ਵੀ ਜ਼ਮਾਨਾ ਆਏਗਾ।" ਉਸ ਨੇ ਮੈਨੂੰ ਕਿਹਾ ਕਿ ਤੂੰ ਇਹ ਪੈਸੇ ਦੇ ਦੇ ਪਰ ਮੇਰਾ ਤਰਕ ਸੀ ਕਿ ਪ੍ਰਸਿਧ ਹੋ ਕੇ ਗਾਇਕ ਨੇ ਹੀ ਮਾਇਆ ਕਮਾਉਣੀ ਹੁੰਦੀ ਹੈ, ਗੀਤਕਾਰ ਦੇ ਪੱਲੇ ਤਾਂ ਫੋਕਾ ਨਾਂ ਹੀ ਰਹਿ ਜਾਂਦਾ ਹੈ, ਇਸ ਲਈ ਇਹ ਝਾਲ ਤਾਂ ਤੈਨੂੰ ਹੀ ਝੱਲਣੀ ਚਾਹੀਦੀ ਹੈ। ਉਂਜ ਵੀ ਮੈਂ ਵਿਦਿਆਰਥੀ ਸਾਂ ਅਤੇ ਸਾਂਝੇ ਪਰਿਵਾਰ ਵਿਚੋਂ ਏਨੀ ਰਕਮ ਇਸ ਮਕਸਦ ਲਈ ਮੰਗਣੀ ਮੁਸ਼ਕਿਲ ਸੀ। ਇਉਂ ਦਿਲਸ਼ਾਦ ਦੀ ਇਹ ਰਿਕਾਰਡਿੰਗ ਰੀਲ ਵਿਚ ਹੀ ਬੰਦ ਰਹਿ ਗਈ।

---

ਇਸ ਸਮੇਂ ਦੌਰਾਨ ਗੀਤਾਂ ਦੇ ਨਾਲ-ਨਾਲ ਮੈਂ ਕਵਿਤਾਵਾਂ ਵੀ ਲਿਖਦਾ ਰਿਹਾ, ਜੋ ਪੰਜਾਬੀ ਦੇ ਮੁੱਖ ਰਸਾਲਿਆਂ ਤੇ ਅਖਬਾਰਾਂ ਵਿਚ ਛਪਦੀਆਂ ਰਹੀਆਂ। ਮੇਰੀਆਂ ਇਨ੍ਹਾਂ ਕਵਿਤਾਵਾਂ ਦਾ ਬਹੁਤਾ ਵਿਸ਼ਾ-ਵਸਤੂ ਕਿਸਾਨੀ ਦੀ ਕੰਗਾਲੀ 'ਤੇ ਆਧਾਰਿਤ ਹੈ। ਇਹ ਕਵਿਤਾਵਾਂ ਪ੍ਰਗਤੀਵਾਦੀ ਆਸ਼ੇ ਦੇ ਅਨੁਸਾਰੀ ਸਿਰਜੀਆਂ ਗਈਆਂ ਹਨ, ਜੋ ਕਿਸਾਨਾਂ-ਮਜ਼ਦੂਰਾਂ ਨੂੰ ਆਪਣੀ ਲੁੱਟ-ਖਸੁੱਟ ਬਾਰੇ ਜਾਗਰੂਕ ਹੋਣ ਲਈ ਪ੍ਰੇਰਦੀਆਂ ਹਨ। ਨਾਗਮਣੀ, ਆਰਸੀ, ਸਿਰਜਣਾ, ਪ੍ਰੀਤ ਲੜੀ ਅਤੇ ਲੋਅ ਵਰਗੇ ਪ੍ਰਸਿਧ ਰਸਾਲਿਆਂ ਵਿਚ ਮੇਰੀਆਂ ਕਵਿਤਾਵਾਂ ਛਪਦੀਆਂ। ਨਾਗਮਣੀ ਦੀ ਸੰਪਾਦਕ ਅੰਮ੍ਰਿਤਾ ਪ੍ਰੀਤਮ, ਆਰਸੀ ਦੇ ਸੰਪਾਦਕ ਭਾਪਾ ਪ੍ਰੀਤਮ ਸਿੰਘ, ਸਿਰਜਣਾ ਦੇ ਸੰਪਾਦਕ ਡਾ. ਰਘਬੀਰ ਸਿੰਘ, ਪ੍ਰੀਤ ਲੜੀ ਦੇ ਸੰਸਥਾਪਕ ਗੁਰਬਖਸ਼ ਸਿੰਘ ਪ੍ਰੀਤਲੜੀ ਅਤੇ ਲੋਅ ਦੇ ਸੰਪਾਦਕ ਪ੍ਰਸਿਧ ਸ਼ਾਇਰ ਪ੍ਰਮਿੰਦਰਜੀਤ ਸਨ।

ਇਕ ਦਿਨ ਫਰੀਦਕੋਟ ਵਿਚ ਨਾਟਕਕਾਰ ਗੁਰਸ਼ਰਨ ਸਿੰਘ ਦੇ ਨਾਟਕਾਂ ਦਾ ਮੰਚਨ ਸੀ। ਮੈਂ ਵੀ ਪ੍ਰੋਗਰਾਮ ਦੇਖਣ ਚਲਾ ਗਿਆ। ਗੁਰਸ਼ਰਨ ਸਿੰਘ ਨੇ ਨਾਟਕ ਲਿਖਣ ਅਤੇ ਖੇਡਣ ਦੇ ਨਾਲ-ਨਾਲ ਪੰਜਾਬੀ ਪਾਠਕਾਂ ਤਕ ਮਿਆਰੀ ਪੁਸਤਕਾਂ ਸਸਤੀ ਕੀਮਤ 'ਤੇ ਪਹੁੰਚਾਉਣ ਲਈ ਆਪਣੇ ਮਰਹੂਮ ਮਿੱਤਰ, ਪ੍ਰਸਿਧ ਪੰਜਾਬੀ ਲੇਖਕ ਅਤੇ ਹਿੰਦੀ ਫਿਲਮਾਂ ਦੇ ਅਦਾਕਾਰ ਬਲਰਾਜ ਸਾਹਨੀ ਦੇ ਨਾਂ 'ਤੇ ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ ਖੋਲ੍ਹਿਆ ਹੋਇਆ ਸੀ ਜਿਸ ਨੂੰ ਹੁਣ ਬਠਿੰਡਾ ਤੋਂ ਕਹਾਣੀਕਾਰ ਅਤਰਜੀਤ ਚਲਾ ਰਹੇ ਹਨ। ਜਦ ਮੈਂ ਉਨ੍ਹਾਂ ਨੂੰ ਮਿਲਿਆ ਤਾਂ ਉਹ ਕਹਿਣ ਲੱਗੇ, "ਧਰਮ, ਪਿਛਲੇ ਸਮਿਆਂ ਵਿਚ ਰਸਾਲਿਆਂ ਵਿਚ ਤੇਰੀਆਂ ਕਈ ਵਧੀਆ ਕਵਿਤਾਵਾਂ ਪੜ੍ਹੀਆਂ ਨੇ। ਤੂੰ ਇੰਜ ਕਰ, ਇਨ੍ਹਾਂ ਨੂੰ ਇਕੱਠੀਆਂ ਕਰ ਕੇ



ਇਕ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਧਰਮ ਸਿੰਘ ਕੰਮੇਆਣਾ।

ਖਰੜਾ ਮੈਨੂੰ ਦੇ ਦੇਹ। ਮੈਂ ਤੇਰੀ ਕਿਤਾਬ ਛਾਪਾਂਗਾ। ਤੈਨੂੰ 10 ਫੀਸਦੀ ਰਾਇਲਟੀ ਦੇ ਦਿਆਂਗਾ।"

ਮੈਂ ਖਰੜਾ ਤਿਆਰ ਕਰ ਕੇ ਇਸ ਦਾ ਨਾਂ 'ਮੈਨੂੰ ਹੱਸਣਾ ਭੁੱਲ ਗਿਆ ਮਾਂ!' ਰੱਖਿਆ। ਭਾਅ ਜੀ (ਗੁਰਸ਼ਰਨ ਸਿੰਘ) ਨੇ 1982 ਵਿਚ 80 ਪੰਨਿਆਂ ਦੀ ਇਹ ਪੁਸਤਕ ਛਾਪ ਕੇ ਕੀਮਤ 3 ਰੁਪਏ ਰੱਖੀ। ਜੇ ਕੋਈ ਉਨ੍ਹਾਂ ਤੋਂ ਖਰੀਦਦਾ ਤਾਂ ਉਹ 2 ਰੁਪਏ ਵਿਚ ਹੀ ਦੇ ਦਿੰਦੇ। ਇਹ ਪੁਸਤਕ ਹਜ਼ਾਰਾਂ ਦੀ ਗਿਣਤੀ ਵਿਚ ਵਿਕੀ।

ਸਾਹਿਤ ਸਭਾ, ਕੋਟਕਪੂਰਾ ਵਲੋਂ ਜਦ ਮੇਰੀ ਪੁਸਤਕ 'ਮੈਨੂੰ ਹੱਸਣਾ ਭੁੱਲ ਗਿਆ ਮਾਂ!' ਰਿਲੀਜ਼ ਕੀਤੀ ਗਈ ਤਾਂ ਪ੍ਰਧਾਨਗੀ ਮੰਡਲ ਵਿਚ ਜਸਵੰਤ ਸਿੰਘ ਕੰਵਲ, ਪ੍ਰੋ. ਕਿਸ਼ਨ ਸਿੰਘ, ਦੇਵਿੰਦਰ ਸਤਿਆਰਥੀ, ਗੁਰਸ਼ਰਨ ਸਿੰਘ ਅਤੇ ਗੁਰਚਰਨ ਰਾਮਪੁਰੀ ਸ਼ਾਮਲ ਸਨ (ਕਿਤਾਬ ਦੀਆਂ 200 ਕਾਪੀਆਂ ਉਸੇ ਵਕਤ ਵਿਕ ਗਈਆਂ)। ਬਾਅਦ ਵਿਚ ਇਸੇ ਸਭਾ ਵਲੋਂ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦੀ ਪ੍ਰਧਾਨਗੀ ਵਿਚ ਇਸ ਕਿਤਾਬ 'ਤੇ ਭਾਵਪੂਰਤ ਗੋਸ਼ਟੀ ਵੀ ਕਰਵਾਈ ਗਈ।

ਪ੍ਰੋ. ਕਿਸ਼ਨ ਸਿੰਘ ਅਤੇ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਵਿਚਾਲੇ ਵਿਚਾਰਧਾਰਕ ਨੋਕ-ਝੋਕ ਚੱਲਦੀ ਰਹਿੰਦੀ ਸੀ। ਪ੍ਰੋ. ਕਿਸ਼ਨ ਸਿੰਘ ਗੁਰਬਾਣੀ ਦੇ ਰੂਹਾਨੀ ਫਲਸਫੇ ਦਾ ਮਾਰਕਸਵਾਦ ਨਾਲ ਸਬੰਧ ਜੋੜਦਾ ਸੀ। ਉਸ ਦੀ ਆਲੋਚਨਾ ਦੀ ਇਕ ਪੁਸਤਕ ਦਾ ਨਾਂ ਵੀ 'ਗੁਰਬਾਣੀ ਤੇ ਮਾਰਕਸਵਾਦ' ਹੈ। ਪ੍ਰਿੰਸੀਪਲ ਸੇਖੋਂ ਪ੍ਰੋ. ਕਿਸ਼ਨ ਸਿੰਘ ਦੀ ਇਸ ਧਾਰਨਾ ਨੂੰ ਗੈਰ ਵਿਗਿਆਨਕ ਸਮਝਦਾ ਸੀ। ਉਸ ਅਨੁਸਾਰ ਗੁਰਬਾਣੀ ਮੱਧ-ਯੁੱਗ ਦੀ ਕਾਵਿ-ਸਿਰਜਣਾ ਹੈ ਅਤੇ ਮਾਰਕਸਵਾਦ ਆਧੁਨਿਕ ਸਰਮਾਏਦਾਰੀ ਦੌਰ ਦੀ ਉਪਜ ਹੈ। ਦੋਹਾਂ ਫਲਸਫਿਆਂ ਦਾ ਧਰਾਤਲ ਵੱਖਰਾ ਹੈ, ਇਨ੍ਹਾਂ ਵਿਚ ਸਮਾਨਤਾ ਵਾਲੀ ਕੋਈ ਗੱਲ ਨਹੀਂ।

ਪ੍ਰੋ. ਕਿਸ਼ਨ ਸਿੰਘ ਦੀ ਇਕ ਆਪੇ ਬਣਾਈ ਧਾਰਨਾ ਦਾ ਵੀ ਮੈਨੂੰ ਚੇਤਾ ਆ ਰਿਹਾ ਹੈ। ਇਕ ਮਿਲਣੀ ਸਮੇਂ ਕਹਿਣ ਲੱਗਾ, "ਧਰਮ, ਮੈਂ ਉਸ ਲੇਖਕ ਬਾਰੇ ਲਿਖਦਾ ਹਾਂ, ਜਿਸ ਦੀ ਉਮਰ ਚਾਲੀ ਸਾਲ ਤੋਂ ਵੱਧ ਹੋਵੇ।"

"ਪ੍ਰੋ. ਸਾਹਿਬ ਇਹ ਕੀ ਮਾਪਦੰਡ ਆ?" ਮੈਂ ਹੈਰਾਨੀ ਪ੍ਰਗਟ ਕੀਤੀ।

"ਚੜ੍ਹਦੀ ਜਵਾਨੀ 'ਚ ਬਹੁਤ ਲੇਖਕ ਬਣਦੇ ਆ, ਪਰ ਬਾਅਦ ਵਿਚ ਕਬੀਲਦਾਰੀ 'ਚ ਸ਼ੌਕ ਰੁਕ ਜਾਂਦੇ। ਜਿਨ੍ਹਾਂ ਵਿਚ ਪ੍ਰਤਿਭਾ ਹੁੰਦੀ ਹੈ, ਉਹ ਨਿਰੰਤਰ ਲਿਖਦੇ ਰਹਿੰਦੇ ਆ। ਫਿਰ ਉਨ੍ਹਾਂ ਦੀਆਂ ਰਚਨਾਵਾਂ ਵਲ ਮੇਰਾ ਧਿਆਨ ਜਾਂਦੈ, ਬਈ ਇਹ ਅਸਲ ਲੇਖਕ ਹਨ।"

---

ਐਚ. ਐਮ. ਵੀ. ਜਿਹੀਆਂ ਵੱਡੀਆਂ ਰਿਕਾਰਡਿੰਗ ਕੰਪਨੀਆਂ ਦੀ ਬੇਰੁਖੀ ਕਾਰਨ ਇਨ੍ਹਾਂ ਸਾਲਾਂ ਦੌਰਾਨ ਪੰਜਾਬ ਵਿਚ ਕਈ ਨਿੱਕੀਆਂ ਵੱਡੀਆਂ ਰਿਕਾਰਡਿੰਗ ਕੰਪਨੀਆਂ ਤੇਜ਼ੀ ਨਾਲ ਖੁੱਲ੍ਹਣ ਲੱਗੀਆਂ। ਹੁਣ ਤਵੇ ਦੀ ਥਾਂ ਕੈਸਿਟ ਦਾ ਰੁਝਾਨ ਬੜੀ ਤੇਜ਼ੀ ਨਾਲ ਹੋ ਰਿਹਾ ਸੀ। ਸਰੋਤੇ ਨਵੀਆਂ-ਨਵੀਆਂ ਕੈਸੇਟਾਂ ਖਰੀਦ ਕੇ ਕੈਸੇਟ ਪਲੇਅਰ (ਲੋਕ ਬੋਲੀ ਅਨੁਸਾਰ ਟੇਪਰਕਾਟ) ਰਾਹੀਂ ਸੁਣਦੇ। ਬਾਕੀ ਕੈਸੇਟਾਂ ਘਰ ਅਤੇ ਲੱਚਰ ਕਿਸਮ ਦੀਆਂ ਕੈਸੇਟਾਂ ਟਿਊਬਵੈਲ ਨਾਲ ਬਣੇ ਕਮਰੇ 'ਚ ਬੈਠ ਕੇ ਸੁਣੀਆਂ ਜਾਂਦੀਆਂ। ਪਸ਼ੂ ਚਾਰਦੇ ਡਾਂਗਰੀ ਸਰਕੜੇ ਦੇ ਕਾਨਿਆਂ ਨਾਲ ਤਾਰਾਂ ਬੰਨ੍ਹ ਕੇ (ਜਿਥੇ ਕਿਤੇ ਵੀ ਪਸ਼ੂ ਚਾਰਦੇ ਹੁੰਦੇ) ਕੋਲੋਂ ਲੰਘਦੇ ਬਿਜਲੀ ਦੇ ਖੰਭਿਆਂ ਉਪਰਲੀਆਂ ਤਾਰਾਂ ਉਤੇ ਕਾਨੇ ਟੰਗ ਕੇ ਕੁੰਡੀ ਕਨੈਕਸ਼ਨ ਲਾ ਲੈਂਦੇ ਅਤੇ ਮਨ-ਪਸੰਦ ਗੀਤ ਸੁਣਦੇ। ਵਿਆਹ ਸ਼ਾਦੀਆਂ ਸਮੇਂ ਵੀ ਤਵਿਆਂ ਵਾਲੀ ਮਸ਼ੀਨ (ਡਿਸਕ ਪਲੇਅਰ) ਦੀ ਥਾਂ ਡੈਕ ਖੜਕਣ ਲੱਗ ਪਏ। ਇਉਂ ਉਨ੍ਹਾਂ ਗਾਇਕਾਂ ਦੀ ਵੀ ਲੋਕਾਂ ਨਾਲ ਪਛਾਣ ਕਾਇਮ ਹੋਣ ਲੱਗੀ, ਜਿਨ੍ਹਾਂ ਦੇ ਪਹਿਲਾਂ ਤਵੇ ਨਹੀਂ ਸਨ ਆਏ, ਪਰ ਹੁਣ ਕੈਸੇਟਾਂ ਰਾਹੀਂ ਉਨ੍ਹਾਂ ਦੀ ਗਾਇਕੀ ਪੰਜਾਬੀ ਸਰੋਤਿਆਂ ਦੀਆਂ ਬਰੂਹਾਂ ਉਤੇ ਆ ਗਈ ਸੀ। ਚੰਗੇ ਗਾਇਕ ਅਖਾੜਾ ਲਾਉਣ ਦੇ ਕਈ ਹਜ਼ਾਰ ਰੁਪਏ ਲੈਣ ਲੱਗ ਪਏ ਸਨ।

ਦਿਲਸ਼ਾਦ ਦੀ ਮੁੱਢਲੀ ਪਛਾਣ ਵੀ ਇੰਜ ਹੀ ਬਣਨੀ ਸ਼ੁਰੂ ਹੋਈ। ਉਸ ਦੀ ਗਾਇਕੀ ਦੀ ਇਕ ਨਾਈਟ ਨਾਨਕ ਨੀਰ ਨੇ ਅਬੋਹਰ ਵਿਚ ਕਰਵਾਈ। ਉਸ ਪ੍ਰੋਗਰਾਮ ਦੀ ਰਿਕਾਰਡਿੰਗ ਬਠਿੰਡੇ ਦੀ ਕੈਸੇਟ ਕੰਪਨੀ ਪਾਇਲ ਨੇ ਸਾਥੋਂ ਬਿਨਾ ਪੁੱਛੇ ਹੀ ਰਿਲੀਜ਼ ਕਰ ਦਿੱਤੀ। ਮੇਰਾ ਅਤੇ ਦਿਲਸ਼ਾਦ ਦਾ ਮਕਸਦ ਜਿਵੇਂ ਕਿਵੇਂ ਸਰੋਤਿਆਂ ਤੱਕ ਪਹੁੰਚਣਾ ਸੀ, ਇਸ ਲਈ ਅਸੀਂ ਚੁੱਪ ਹੀ ਰਹੇ। ਭਾਵੇਂ 'ਤੇਰਾ ਚੁੰਨੀ ਦੇ ਪੱਲੇ ਓਹਲੇ ਹੱਸਣਾ' ਨਾਂ ਨਾਲ ਕੱਢੀ ਗਈ ਇਸ ਕੈਸੇਟ ਵਿਚ ਮਿਊਜ਼ਿਕ ਦੇ ਨਾਂ 'ਤੇ ਤਬਲਾ ਤੇ ਬੈਂਜੋ ਹੀ ਸੁਣਦੀ ਸੀ, ਪਰ ਮੇਰੇ ਗੀਤਾਂ ਦੇ ਬੋਲਾਂ 'ਤੇ ਦਿਲਸ਼ਾਦ ਦੀ ਗਾਇਕੀ ਨੂੰ ਸਰੋਤਿਆਂ ਨੇ ਰੱਜਵਾਂ ਪਿਆਰ ਦਿੱਤਾ। ਕੰਪਨੀ ਨੇ ਇਹ ਕੈਸੇਟ ਹਜ਼ਾਰਾਂ ਦੀ ਗਿਣਤੀ ਵਿਚ ਵੇਚੀ। ਚਰਨ ਸਿੰਘ ਬੰਬੀਹਾ ਭਾਈ ਤੇ ਸੁਰਿੰਦਰ ਪ੍ਰੀਤ ਘਣੀਆ ਜਿਹੇ ਪੰਜਾਬੀ ਸ਼ਾਇਰ ਅਤੇ ਗਾਇਕੀ ਦੇ ਸ਼ੈਦਾਈ ਮੈਨੂੰ ਮਿਲਣ ਤਾਂ ਦੱਸਦੇ ਹੁੰਦੇ ਨੇ, "ਸਾਡੇ ਕੋਲ ਤੁਹਾਡੀ ਇਹ ਕੈਸੇਟ ਅਜੇ ਵੀ ਸਾਂਭ ਕੇ ਰੱਖੀ ਹੋਈ ਆ। ਕਦੇ-ਕਦੇ ਸੁਣ ਕੇ ਯਾਦਾਂ ਤਾਜ਼ੀਆਂ ਕਰ ਲਈਦੀਆਂ। ਰੂਹ ਖੇੜੇ ਵਿਚ ਆ ਜਾਂਦੀ ਐ।"

# ਗੀਤ ਗਾਉਣ ਦੀ ਡਿਗਰੀ...

ਮੈਂ ਬਟਾਲੇ ਸ਼ਿਵ ਕੁਮਾਰ ਬਟਾਲਵੀ ਦੀ ਬਰਸੀ 'ਤੇ ਸੁਰਿੰਦਰ ਕੌਰ ਅਤੇ ਜਗਜੀਤ ਸਿੰਘ ਜ਼ੀਰਵੀ ਨੂੰ ਪ੍ਰੋਗਰਾਮ ਲਈ ਸੱਦਿਆ ਸੀ। ਇਹ ਪ੍ਰੋਗਰਾਮ ਸ਼ਾਮ ਨੂੰ ਬਟਾਲੇ ਹੋਣਾ ਸੀ। ਡਾ. ਐਸ. ਪੀ. ਸਿੰਘ ਨੂੰ ਉਨ੍ਹਾਂ ਬਾਰੇ ਪਤਾ ਲੱਗਾ ਕਿ ਇਹ ਦੋਵੇਂ ਬਟਾਲਾ ਵਿਖੇ ਸ਼ਿਵ ਦੀ ਬਰਸੀ 'ਤੇ ਆ ਰਹੇ ਹਨ। ਉਹ ਉਸ ਸਮੇਂ ਗੁਰੂ ਨਾਨਕ ਦੇਵ



**ਹਰਭਜਨ ਸਿੰਘ ਬਾਜਵਾ**
**ਫੋਨ: +91-98767-41231**

ਯੂਨੀਵਰਸਿਟੀ, ਅੰਮ੍ਰਿਤਸਰ ਦੇ ਕਰਤਾ-ਧਰਤਾ ਸਨ, ਕਿਉਂਕਿ ਉਪ ਕੁਲਪਤੀ ਡਾ. ਹਰਭਜਨ ਸਿੰਘ ਸੋਚ ਬਾਹਰ ਗਏ ਹੋਏ ਸਨ। ਡਾ. ਐਸ. ਪੀ. ਸਿੰਘ ਦਾ ਮੈਨੂੰ ਸੁਨੇਹਾ ਆਇਆ, "ਬਾਜਵਾ, ਇਕ ਸ਼ਾਮ ਲਈ ਸੁਰਿੰਦਰ ਕੌਰ ਤੇ ਜਗਜੀਤ ਸਿੰਘ ਜ਼ੀਰਵੀ ਨੂੰ ਯੂਨੀਵਰਸਿਟੀ ਲੈ ਕੇ ਆ, ਅਸੀਂ ਵੀ ਇਨ੍ਹਾਂ ਦਾ ਗੀਤ-ਸੰਗੀਤ ਸੁਣ ਲਵਾਂਗੇ।"

ਮੈਂ ਸੁਰਿੰਦਰ ਕੌਰ ਤੇ ਜਗਜੀਤ ਸਿੰਘ ਜ਼ੀਰਵੀ





ਗਾਇਕਾ ਸੁਰਿੰਦਰ ਕੌਰ ਦੇ ਦੋ ਅੰਦਾਜ਼।

ਨੂੰ ਦੱਸਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਾਲੇ ਉਨ੍ਹਾਂ ਦਾ ਪ੍ਰੋਗਰਾਮ ਕਰਾਉਣਾ ਚਾਹੁੰਦੇ ਹਨ। ਉਹ ਦੋਵੇਂ ਮੰਨ ਗਏ। ਪ੍ਰੋਗਰਾਮ ਖਤਮ ਕਰਕੇ ਉਹ ਰਾਤ ਨੂੰ ਸਾਡੇ ਕੋਲ ਹੀ ਰਹੇ। ਅਗਲੇ ਦਿਨ ਅਸੀਂ ਅੰਮ੍ਰਿਤਸਰ ਗਏ ਤੇ ਡਾ. ਐਸ. ਪੀ. ਸਿੰਘ ਨੂੰ ਮਿਲੇ। ਉਨ੍ਹਾਂ ਨੇ ਸ਼ਾਮ ਦਾ ਪ੍ਰੋਗਰਾਮ ਦਿੱਤਾ ਤੇ ਨਾਲ ਹੀ ਆਖਿਆ ਕਿ ਗੈਸਟ ਹਾਉਸ ਵਿਚ ਠਹਿਰੋ, ਕਿਉਂਕਿ ਰਾਤ ਨੂੰ ਵੀ ਰਹਿਣ ਦਾ ਪ੍ਰੋਗਰਾਮ ਉਥੇ ਹੀ ਸੀ। ਜ਼ੀਰਵੀ ਤਾਂ ਜ਼ੀਰੇ ਚਲਾ ਗਿਆ ਤੇ ਫਿਰ ਸ਼ਾਮ ਨੂੰ ਆ ਗਿਆ। ਸੁਰਿੰਦਰ ਕੌਰ ਤੇ ਅਸੀਂ ਬਾਕੀ ਸਾਰੇ ਪਹਿਲਾਂ ਪਿੰਗਲਵਾੜੇ ਗਏ। ਉਥੋਂ ਡਾ. ਇੰਦਰਜੀਤ ਕੌਰ ਨੂੰ ਮਿਲੇ। ਭਗਤ ਪੂਰਨ ਸਿੰਘ ਦਾ ਅਜਾਇਬ ਘਰ ਦੇਖਿਆ।

ਪ੍ਰੋ. ਸਰਬਜੀਤ ਸਿੰਘ ਛੀਨਾ ਖਾਲਸਾ ਕਾਲਜ ਪੜ੍ਹਾਉਂਦੇ ਸਨ। ਉਨ੍ਹਾਂ ਮੈਨੂੰ ਆਖਿਆ, "ਬਾਜਵਾ, ਦੁਪਹਿਰ ਦੀ ਰੋਟੀ ਸੁਰਿੰਦਰ ਕੌਰ ਮੇਰੇ ਘਰ ਖਾਏਗੀ, ਨਾਲੇ ਮੇਰੇ ਸਾਰੇ ਪਰਿਵਾਰ ਨੂੰ ਮਿਲੇਗੀ।" ਦੁਪਹਿਰ ਨੂੰ ਅਸੀਂ ਸਾਰੇ ਪ੍ਰੋ. ਛੀਨਾ ਦੇ ਘਰ ਗਏ। ਉਨ੍ਹਾਂ ਦੀ ਘਰਵਾਲੀ ਨੇ ਸੁਰਿੰਦਰ ਕੌਰ ਨੂੰ ਬੇਨਤੀ ਕੀਤੀ, "ਭੈਣ ਜੀ, ਅਸੀਂ ਰਾਤ ਨੂੰ ਤਾਂ ਤੁਹਾਡੇ ਗੀਤ ਨਹੀਂ ਸੁਣ ਸਕਣੇ, ਸਾਨੂੰ ਘਰੇ ਹੀ ਬਿਨਾ ਸਾਜ਼ਾਂ ਦੇ ਕੁਝ ਗੀਤ ਸੁਣਾ ਦਿਓ।" ਸੁਰਿੰਦਰ ਕੌਰ ਨੇ ਤਿੰਨ ਚਾਰ ਗੀਤ ਸੁਣਾਏ। ਸਾਰਾ ਪਰਿਵਾਰ ਬਹੁਤ ਖੁਸ਼ ਹੋਇਆ।

ਸ਼ਾਮ ਨੂੰ ਯੂਨੀਵਰਸਿਟੀ ਦੇ ਗੁਰੂ ਨਾਨਕ ਭਵਨ ਵਿਚ ਸੁਰਿੰਦਰ ਕੌਰ ਤੇ ਜ਼ੀਰਵੀ ਦੇ ਗੀਤਾਂ ਦਾ ਪ੍ਰੋਗਰਾਮ ਹੋਇਆ। ਹਾਲ ਸਰੋਤਿਆਂ ਨਾਲ ਪੂਰਾ ਭਰਿਆ ਹੋਇਆ ਸੀ। ਉਨ੍ਹਾਂ ਦੋਹਾਂ ਦਾ ਸਨਮਾਨ ਕੀਤਾ ਗਿਆ। ਉਸ ਸਮੇਂ ਮੈਂ ਡਾ. ਐਸ. ਪੀ. ਸਿੰਘ ਨੂੰ ਕਿਹਾ, "ਡਾ. ਸਾਹਿਬ, ਸੁਰਿੰਦਰ ਕੌਰ ਲੋਕ ਗਾਇਕਾ ਏ। ਇਸ ਲਈ ਕੁਝ ਕਰ ਦਿਓ।"

ਡਾ. ਸਾਹਿਬ ਦਾ ਜਵਾਬ ਸੀ, "ਬਾਜਵਾ, ਵੀ. ਸੀ. ਇਸ ਸਮੇਂ ਡਾ. ਹਰਭਜਨ ਸਿੰਘ ਸੋਚ ਏ। ਇਸ ਕਰਕੇ ਮੈਂ ਅਜੇ ਕੁਝ ਨਹੀਂ ਕਰ ਸਕਦਾ।"

ਦੋ ਤਿੰਨ ਮਹੀਨੇ ਪਿਛੋਂ ਡਾ. ਐਸ. ਪੀ. ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵੀ. ਸੀ. ਬਣ ਗਏ। ਮੈਂ ਉਨ੍ਹਾਂ ਨੂੰ ਵਧਾਈ ਦਿੱਤੀ ਤੇ ਨਾਲ ਹੀ ਆਖਿਆ, "ਡਾ. ਸਾਹਿਬ, ਹੁਣ ਤੁਹਾਡੇ ਕੋਲ ਪੂਰੀ ਤਾਕਤ ਹੈ, ਹੁਣ ਹੀ ਸੁਰਿੰਦਰ ਕੌਰ ਲਈ ਕੁਝ ਕਰ ਦਿਓ।"

ਮਹੀਨੇ ਕੁ ਪਿਛੋਂ ਮੈਨੂੰ ਡਾ. ਸਾਹਿਬ ਦੇ ਪੀ. ਏ. ਦਾ ਫੋਨ ਆਇਆ, "ਸਾਨੂੰ ਸੁਰਿੰਦਰ ਕੌਰ ਦਾ ਫੋਨ ਤੇ ਪਤਾ ਦੱਸੋ।" ਮੈਂ ਉਤਰ ਦਿੱਤਾ, ਪਹਿਲਾਂ ਇਹ ਦੱਸੋ ਕਿ ਉਸ ਦੇ ਫੋਨ ਤੇ ਪਤੇ ਦੀ ਕੀ ਲੋੜ ਪੈ ਗਈ ਏ? ਪਹਿਲਾਂ ਦੱਸੋ, ਫਿਰ ਉਸ ਦਾ ਫੋਨ ਤੇ ਪਤਾ ਦੱਸਾਂਗਾ। ਪੀ. ਏ. ਦਾ ਉਤਰ ਮਿਲਿਆ, "ਤੁਹਾਡੇ ਲਈ ਖੁਸ਼ੀ ਵਾਲੀ ਗੱਲ ਏ। ਵੀ. ਸੀ. ਸਾਹਿਬ ਉਨ੍ਹਾਂ ਨੂੰ ਡਾਕਟਰੇਟ ਦੀ ਡਿਗਰੀ ਦੇ ਰਹੇ ਹਨ।" ਫਿਰ ਮੈਂ ਪੀ. ਏ. ਨੂੰ ਸੁਰਿੰਦਰ ਕੌਰ ਦਾ ਫੋਨ ਨੰਬਰ ਤੇ ਪਤਾ ਦੇ ਦਿੱਤਾ।

ਅਜਿਹੇ ਫੈਸਲੇ ਬਹੁਤ ਘੱਟ ਇਨਸਾਨ ਕਰਦੇ ਹਨ। ਅਜਿਹੇ ਫੈਸਲੇ ਸਾਹਿਤਕਾਰਾਂ, ਕਲਾਕਾਰਾਂ ਬਾਰੇ ਡਾ. ਮਹਿੰਦਰ ਸਿੰਘ ਰੰਧਾਵਾ ਕਰਿਆ ਕਰਦੇ ਸਨ ਜਾਂ ਫਿਰ ਡਾ. ਐਸ. ਪੀ. ਸਿੰਘ ਨੇ ਆਪਣੇ ਵੀ. ਸੀ. ਹੋਣ ਸਮੇਂ ਵਿਚ ਦੋ ਚੰਗੇ ਫੈਸਲੇ ਕੀਤੇ ਸਨ-ਪਹਿਲਾ ਸੁਰਿੰਦਰ ਕੌਰ ਨੂੰ ਡਾਕਟਰੇਟ ਦੀ ਡਿਗਰੀ ਦੇਣ ਵਾਲਾ ਅਤੇ ਦੂਜਾ



ਆਪਣੇ ਪਿੰਡ ਦਾ ਨੀਂਹ ਪੱਥਰ ਗਿਆਨੀ ਗੁਰਦਿੱਤ ਸਿੰਘ ਕੋਲੋਂ ਰਖਵਾਉਣ ਵਾਲੇ, ਜੋ ਪਿਛੋਂ ਪੰਜਾਬ ਸਰਕਾਰ ਨੇ ਯੂਨੀਵਰਸਿਟੀ ਕੋਲੋਂ ਖੋਹ ਕੇ ਸਰਕਾਰੀ ਬਣਾ ਲਿਆ ਸੀ, ਜਦੋਂ ਕਿ ਉਹ ਸਾਰੀ ਜ਼ਮੀਨ ਯੂਨੀਵਰਸਿਟੀ ਦੀ ਸੀ।

ਉਸ ਸਮੇਂ ਤਕ ਕਿਸੇ ਯੂਨੀਵਰਸਿਟੀ ਨੇ ਕਿਸੇ ਪੰਜਾਬੀ ਲੋਕ ਗਾਇਕ ਨੂੰ ਡਾਕਟਰੇਟ ਦੀ ਡਿਗਰੀ ਨਹੀਂ ਸੀ ਦਿੱਤੀ। ਇਹ ਪਹਿਲਾ ਕੰਮ ਡਾ. ਐਸ. ਪੀ. ਸਿੰਘ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਵੀ. ਸੀ. ਹੋਣ ਵੇਲੇ ਕੀਤਾ ਸੀ। ਜਦੋਂ ਯੂਨੀਵਰਸਿਟੀ ਵਲੋਂ ਸੁਰਿੰਦਰ ਕੌਰ ਨੂੰ ਦੱਸਿਆ ਗਿਆ ਕਿ ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਆਉਣਾ ਹੈ ਤੇ ਉਨ੍ਹਾਂ ਨੂੰ ਡਾਕਟਰੇਟ ਦੀ ਡਿਗਰੀ ਦਿੱਤੀ ਜਾਣੀ ਹੈ ਤਾਂ ਸੁਰਿੰਦਰ ਕੌਰ ਦਾ ਉਤਰ ਆਇਆ, "ਮੈਨੂੰ ਦੱਸੋ ਇਸ ਪ੍ਰੋਗਰਾਮ ਦੇ ਕਿੰਨੇ ਪੈਸੇ ਦਿਓਗੇ ਤਾਂ ਹੀ ਮੈਂ ਆਵਾਂਗੀ।"

ਵੀ. ਸੀ. ਦੇ ਪੀ. ਏ. ਨੇ ਮੈਨੂੰ ਕਿਹਾ, "ਬਾਜਵਾ, ਸੁਰਿੰਦਰ ਕੌਰ ਤਾਂ ਯੂਨੀਵਰਸਿਟੀ ਆਉਣ ਦੇ ਪੈਸੇ ਮੰਗ ਰਹੀ ਹੈ। ਅਸੀਂ ਤਾਂ ਉਸ ਨੂੰ ਡਾਕਟਰੇਟ ਦੀ ਡਿਗਰੀ ਦੇ ਰਹੇ ਹਾਂ।"

ਮੈਂ ਕਿਹਾ, "ਮੈਂ ਉਸ ਨੂੰ ਖੁਦ ਸਮਝਾਉਂਦਾ ਹਾਂ।"

ਫਿਰ ਮੈਂ ਸੁਰਿੰਦਰ ਕੌਰ ਦੀ ਲੜਕੀ ਡੌਲੀ ਨੂੰ ਫੋਨ ਕਰਕੇ ਦੱਸਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਸੁਰਿੰਦਰ ਕੌਰ ਨੂੰ ਡਾਕਟਰੇਟ ਦੀ ਡਿਗਰੀ ਦੇ ਰਹੀ ਹੈ ਤੇ ਉਹ ਅੱਗੋਂ ਪੈਸੇ ਮੰਗ ਰਹੇ ਹਨ। ਡੌਲੀ ਨੇ ਮੈਨੂੰ ਆਖਿਆ, "ਅੰਕਲ ਮੈਂ ਮਾਤਾ ਨੂੰ ਸਮਝਾਉਂਦੀ ਹਾਂ।" ਉਹਨੇ ਸੁਰਿੰਦਰ ਨੂੰ ਦਿੱਲੀ ਤੋਂ ਚੰਡੀਗੜ੍ਹ ਆਪਣੇ ਕੋਲ ਸੱਦਿਆ ਤੇ ਸਾਰਾ ਕੁਝ ਸਮਝਾਇਆ। ਫਿਰ ਸੁਰਿੰਦਰ ਨੂੰ ਪਤਾ ਲੱਗਾ ਕਿ ਉਹ ਪਹਿਲੀ ਲੋਕ ਗਾਇਕਾ ਹੈ, ਜਿਸ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਡਾਕਟਰੇਟ ਦੀ ਡਿਗਰੀ ਦੇ ਰਹੀ ਹੈ।

ਯੂਨੀਵਰਸਿਟੀ ਨੇ ਚੰਗਾ ਪ੍ਰੋਗਰਾਮ ਕਰਕੇ ਸੁਰਿੰਦਰ ਕੌਰ ਨੂੰ ਡਾਕਟਰੇਟ ਦੀ ਡਿਗਰੀ ਦਿੱਤੀ। ਉਸ ਸਮੇਂ ਸਾਰੇ ਕਲਾਕਾਰਾਂ ਅਤੇ ਸਾਹਿਤਕਾਰਾਂ ਨੇ ਡਾ. ਐਸ. ਪੀ. ਸਿੰਘ ਦੇ ਇਸ ਫੈਸਲੇ ਦੀ ਬਹੁਤ ਸ਼ਲਾਘਾ ਕੀਤੀ।

# ਕਰੇ ਬੁਲੰਦ ਪੁਕਾਰ ਮੁਨਾਦੀ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਪੁਰਾਣੇ ਜ਼ਮਾਨੇ ਤੋਂ ਹੀ ਆਮ ਜਨਤਾ ਤੱਕ ਸਰਕਾਰ, ਸਥਾਨਕ ਅਧਿਕਾਰੀਆਂ ਜਾਂ ਸੰਸਥਾਵਾਂ ਵਲੋਂ ਕੋਈ ਖਾਸ ਫੁਰਮਾਨ ਜਾਂ ਇਤਲਾਹ ਪਹੁੰਚਾਉਣ ਲਈ ਮੁਨਾਦੀ ਕਰਵਾਈ ਜਾਂਦੀ ਰਹੀ ਹੈ। ਮੁਨਾਦੀ ਕਰਨ ਵਾਲਾ ਪਹਿਲਾਂ ਢੋਲ, ਘੜਿਆਲ ਜਾਂ ਹੋਰ ਨਹੀਂ ਤਾਂ ਪੀਪਾ ਹੀ ਕੁੱਟ ਕੁੱਟ ਕੇ ਗਲੀ-ਮੁਹੱਲੇ ਦੇ ਲੋਕਾਂ ਦੇ ਕੰਨ ਖੜੇ ਕਰਦਾ ਹੈ, ਜਿਸ ਦਾ ਮਨਸ਼ਾ ਹੁੰਦਾ ਹੈ ਕਿ ਕੋਈ ਖਾਸ ਸੂਚਨਾ ਦਿੱਤੀ ਜਾਣ ਵਾਲੀ ਹੈ। ਅਕਸਰ ਹੀ ਗਲੀ-ਮੁਹੱਲੇ ਦੇ ਕੁਝ ਬੱਚੇ ਤੇ ਕਈ ਵਾਰੀ ਕੁਝ ਹੋਰ ਲੋਕ ਵੀ ਢੰਡੋਰਚੀ ਵੱਲ ਕੰਨ ਕਰਕੇ ਖੜੇ ਹੋ ਜਾਂਦੇ ਹਨ। ਦੁਨੀਆਂ ਭਰ ਦੇ ਬੰਦਿਆਂ ਦੀ ਫਿਤਰਤ ਹੈ ਕਿ ਉਹ ਕੋਈ ਨਵੀਂ ਤਾਜ਼ੀ ਸੁਣਨ ਲਈ ਕਾਹਲੇ ਪਏ ਰਹਿੰਦੇ ਹਨ। ਮੁਨਾਦੀ ਵਾਲਾ ਪਹਿਲਾਂ ਕੁਝ ਅਜਿਹੇ ਸ਼ਬਦ ਬੋਲਦਾ ਹੈ, 'ਸੁਣੋ ਸੁਣੋ ਸੁਣੋ' ਤੇ ਫਿਰ ਅਸਲੀ ਐਲਾਨ ਸ਼ੁਰੂ ਕਰਦਾ ਹੈ।

ਮੈਨੂੰ ਯਾਦ ਹੈ, ਸਾਡੇ ਪਿੰਡ ਦਾ ਮਰਾਸੀ ਗਲੀ ਦੇ ਮੋੜ 'ਤੇ ਖੜਾ ਹੋ ਕੇ ਪਹਿਲਾਂ ਢੋਲ ਵਜਾਉਂਦਾ ਸੀ ਤੇ ਫਿਰ ਆਪਣੀ ਗਰਮਾ ਗਰਮ ਖਬਰ ਸੁਣਾਉਂਦਾ ਸੀ। ਕਈ ਵਾਰੀ ਇਕ ਤੋਂ ਵੱਧ ਜਾਣਕਾਰੀਆਂ/ਐਲਾਨ ਹੁੰਦੇ ਸਨ ਤਾਂ ਉਹ ਸਭ ਨੂੰ ਨੰਬਰਵਾਰ ਉਚਾਰਦਾ ਸੀ, "ਪਹਿਲੀ ਮਨਿਆਦੀ ਏਹੇ ਆ ਕਿ ਡੀਪੂ ਵਿਚ ਖੰਡ ਆ ਗਈ ਹੈ, ਕਲ੍ਹ ਸਵੇਰੇ ਸੁਰਕੜੀ ਜਾ ਕੇ ਆਪਣੀ ਆਪਣੀ ਖੰਡ ਲੈ ਲਵੋ; ਦੂਜੀ ਮਨਿਆਦੀ ਏਹੇ ਆ ਕਿ ਕਲ੍ਹ ਨੂੰ ਮਾਹੀਏ ਦੇ ਚੌਂਤੇ ਦਸੀਲਦਾਰ ਸਹਿਬ ਪਧਾਰਨਗੇ, ਜਿਸ ਕਿਸੇ ਨੇ ਅੰਤਕਾਲ ਜਾਂ ਕੋਈ ਹੋਰ ਕੰਮ ਕਰਾਉਣਾ ਹੋਵੇ ਦਕਾਲਾਂ ਨੂੰ ਚਾਰ ਵਜਦੇ ਮਿਲ ਲਵੇ; ਤੀਜੀ ਮਨਿਆਦੀ ਏਹੇ ਆ..." ਤੇ ਉਹ ਢੋਲ 'ਤੇ ਆਖਰੀ ਡਗਾ ਮਾਰਦਾ ਅਗਲੀ ਗਲੀ ਦੇ ਮੋੜ 'ਤੇ ਨਿਕਲ ਜਾਂਦਾ ਸੀ। ਗੁਲਾਮ ਰਸੂਲ ਆਲਮਪੁਰੀ ਦੇ ਕਿੱਸੇ ਯੂਸਫ-ਜ਼ੁਲੈਖਾਂ ਵਿਚ ਯੂਸਫ ਨੂੰ ਵੇਚਣ ਦੀ ਮੁਨਾਦੀ ਹੁੰਦੀ ਹੈ,

ਅੰਤ ਜੁਮਾ ਜਾਂ ਅਗਲਾ ਆਇਆ,
ਫਿਰੀ ਮੁਨਾਦੀ ਸਾਰੇ।
ਯੂਸੁਫ ਨੂੰ ਅੱਜ ਵੇਚਣ ਲੱਗਾ,
ਮਾਲਿਕ ਵਿਚ ਬਾਜ਼ਾਰੇ।
ਮਾਹ ਕਨਆਨੀ ਵਿਕਣ ਲੱਗਾ ਸੁ,
ਮਿਸਰ ਗਈਆਂ ਪੈ ਵਾਰਾਂ।
ਸ਼ੋਅਲਾ ਸ਼ੌਕ ਚਮਕਿਆ ਸੀਨੇ,
ਜਲ ਬਲ ਗਏ ਹਜ਼ਾਰਾਂ।

ਮੁਨਾਦੀ ਨੂੰ ਮਨਾਦੀ ਵੀ ਤੇ ਸਾਡੇ ਇਲਾਕੇ ਵਿਚ ਇਸ ਦੇ ਮਨਿਆਦੀ ਜਾਂ ਮੁਨਿਆਦੀ ਰੁਪਾਂਤਰ ਵੀ ਉਚਾਰੇ ਜਾਂਦੇ ਹਨ। ਮੁਨਾਦੀ ਨੂੰ ਅਖਬਾਰ ਦੀਆਂ ਸੁਰਖੀਆਂ ਵਾਂਗ ਹੀ ਦਿਲਚਸਪੀ ਨਾਲ ਸੁਣਿਆ ਜਾਂਦਾ ਸੀ। ਆਮ ਤੌਰ 'ਤੇ ਮੁਨਾਦੀ ਖਾਓ-ਪੀਏ ਹੁੰਦੀ ਸੀ, ਜਦੋਂ ਸਾਰੇ ਲੋਕ ਘਰੋ ਘਰੀ ਹੁੰਦੇ



ਸਨ। ਅੱਜ ਕਲ੍ਹ ਤਾਂ ਰਿਕਸ਼ੇ ਵਾਲੇ ਤੇ ਹੋਰ ਤਾਂ ਹੋਰ 'ਮਬੈਲ' ਵੀ ਇਹੋ ਕੰਮ ਕਰਨ ਲੱਗ ਪਏ ਹਨ। ਮੁਨਾਦੀ ਲਈ ਢਿੰਡੋਰਾ, ਡੌਂਡੀ ਸ਼ਬਦ ਵੀ ਚਲਦੇ ਹਨ, ਪਰ ਇਨ੍ਹਾਂ ਸ਼ਬਦਾਂ ਦੀ ਕੁਝ ਕੁਝ ਅਵਨਤੀ ਹੋ ਗਈ ਹੈ, ਇਸ ਲਈ ਇਹ ਨਿਖੇਧਾਤਮਕ ਭਾਵਾਂ ਵਿਚ ਵਰਤੇ ਜਾਣ ਲੱਗੇ ਹਨ। 'ਡੌਂਡੀ ਪਿੱਟਣਾ' ਦਾ ਮਤਲਬ ਕਿਸੇ ਦੀ ਬੁਰਾਈ ਨਸ਼ਰ ਕਰਨਾ ਹੈ।

ਮੁਨਾਦੀ ਮੁਢਲੇ ਤੌਰ 'ਤੇ ਅਰਬੀ ਭਾਸ਼ਾ ਦਾ ਸ਼ਬਦ ਹੈ, ਜੋ ਭਾਰਤੀ ਭਾਸ਼ਾਵਾਂ ਵਿਚ ਫਾਰਸੀ ਰਾਹੀਂ ਦਾਖਲ ਹੋਇਆ। ਅਰਬੀ ਵਿਚ ਹੀ ਇਸ ਦਾ ਉਚਾਰਣ ਮੁਨਾਦੀ ਜਿਹਾ ਹੈ, ਜੋ ਫਾਰਸੀ ਵਿਚ ਆ ਕੇ ਮੁਨਾਦੀ ਤੋਂ ਇਲਾਵਾ ਮਨਾਦੀ ਵੀ ਬਣ ਗਿਆ। ਫਾਰਸੀ ਵਿਚ ਮੁਨਾਦੀ ਦਾ ਅਰਥ ਮੁਨਾਦੀ ਕਰਨ ਵਾਲਾ ਅਰਥਾਤ ਢੰਢੋਰਚੀ ਵੀ ਹੈ, ਢੰਢੋਰਾ ਵੀ ਤੇ ਢੋਲ ਵੀ। ਉਂਜ ਫਾਰਸੀ ਵਿਚ ਢੰਡੋਰਚੀ ਲਈ ਮੁਨਾਦੀਗਰ ਸ਼ਬਦ ਵੀ ਹੈ। ਇਸੇ ਨਾਲ ਸਬੰਧਤ ਇਕ ਸ਼ਬਦ ਮੁਨਾਦਾ ਹੈ, ਜਿਸ ਦਾ ਅਰਥ ਹੈ-ਬੁਲਾਇਆ ਗਿਆ, ਸੱਦਿਆ ਗਿਆ।

ਸਪਸ਼ਟ ਹੈ ਕਿ ਮੁਨਾਦੀ ਸ਼ਬਦ ਵਿਚ ਸੱਦਣ/ਬੁਲਾਉਣ ਦੇ ਭਾਵ ਹੋਣਗੇ। ਮੁਨਾਦੀ-ਏ-ਇਸਲਾਮ ਦਾ ਅਰਥ ਹੈ, ਨਿਮਾਜ਼ ਲਈ ਬੁਲਾਉਣ ਵਾਲਾ ਅਰਥਾਤ ਮੁਅੱਜ਼ਿਨ। ਦਰਅਸਲ ਅਰਬੀ ਵਿਚ ਮੁਨਾਦੀ ਦਾ ਅਰਥ ਸੱਦਣ, ਬੁਲਾਉਣ ਤੋਂ ਬਿਨਾ ਸੱਦਣ ਵਾਲਾ, ਬੁਲਾਉਣ ਵਾਲਾ ਵੀ ਹੈ। ਅਰਬੀ ਦੇ ਮੁਨਾਦੀ ਸ਼ਬਦ ਵਿਚ 'ਮੁ' ਤਾਂ ਇਕ ਅਗੇਤਰ ਹੀ ਹੈ, ਜੋ ਆਮ ਹੀ ਇਸ ਭਾਸ਼ਾ ਦੇ ਧਾਤੂਆਂ ਅੱਗੇ ਲੱਗ ਕੇ ਹੋਰ ਸ਼ਬਦ ਬਣਾਉਂਦਾ ਹੈ। ਇਹ ਧਾਤੂ ਨਾਦਿ ਜਿਹਾ ਹੈ।

ਸੈਮਿਟਿਕ ਧਾਤੂ ਨਦਾ ਵਿਚ (ਨੂਨ ਦਾਲ ਵਾ) ਸੱਦਣ, ਬੁਲਾਉਣ, ਪੁਕਾਰਨ; ਚੀਕਣ, ਸ਼ੋਰ ਮਚਾਉਣ, ਹੋਕਾ ਦੇਣ ਤੋਂ ਇਲਾਵਾ ਐਲਾਨ ਜਾਂ ਘੋਸ਼ਣਾ ਕਰਨ ਤੇ ਹੋਰ ਅੱਗੇ ਮਿਲਣੀ, ਬੈਠਕ, ਸਭਾ, ਮੀਟਿੰਗ ਅਰਥਾਤ ਜੋ ਸੱਦੇ ਜਾਂ ਬੁਲਾਏ ਗਏ, ਆਦਿ ਦੇ ਭਾਵ ਵੀ ਹਨ। ਦਰਅਸਲ ਇਸ ਧਾਤੂ ਵਿਚ ਸਿਲ੍ਹ, ਨਮੀ, ਗਿੱਲੇਪਣ ਦੇ ਭਾਵ ਵੀ ਹਨ, ਪਰ ਇਸ ਪਾਸੇ ਅਸੀਂ ਨਹੀਂ ਜਾਣਾ। ਇਸ ਤੋਂ ਬਣੇ ਇਕ ਸ਼ਬਦ 'ਨਿਦਾ' ਦਾ ਅਰਥ ਹੈ-ਸੱਦਾ, ਪੁਕਾਰ, ਹਾਲ ਦੁਹਾਈ। 'ਮਹਾਨ ਕੋਸ਼' ਵਿਚ ਇਸ ਦਾ ਇੰਦਰਾਜ ਮੌਜੂਦ ਹੈ, ਪਰ ਪੰਜਾਬੀ ਵਿਚ ਬਹੁਤ ਘਟ ਸੁਣਿਆ ਹੈ। ਹਾਂ, ਖਾਸ ਨਾਂਵਾਂ ਵਿਚ ਜ਼ਰੂਰ ਇਹ ਸ਼ਬਦ ਵਰਤਿਆ ਮਿਲਦਾ ਹੈ। ਨਿਦਾ ਫਾਜ਼ਲੀ ਹਿੰਦੀ-ਉਰਦੂ ਦੇ ਮਸ਼ਹੂਰ ਕਵੀ ਤੇ ਗੀਤਕਾਰ ਹੋਏ ਹਨ। ਮਧ ਯੁੱਗ ਵਿਚ ਅਰਬੀਆਂ ਦਾ ਸਪੇਨ 'ਤੇ ਸਿਆਸੀ ਗਲਬਾ ਰਿਹਾ ਹੈ। ਇਸ ਸਮੇਂ ਦੌਰਾਨ ਅਨੇਕਾਂ ਅਰਬੀ ਸ਼ਬਦ ਸਪੇਨੀ ਭਾਸ਼ਾ ਵਿਚ ਚਲੇ ਗਏ। ਮੁਨਾਦ ਜਿਹੇ ਸ਼ਬਦ ਅੱਗੇ ਅਰਬੀ ਆਰਟੀਕਲ 'ਅਲ' ਲੱਗ ਕੇ ਇੱਕ ਸ਼ਬਦ ਬਣਿਆ, ਅਲਮੋਨੇਦਾ (ਅਲਮੋਨਦਅ), ਜਿਸ ਦਾ ਸਪੈਨਿਸ਼ ਵਿਚ ਅਰਥ ਨਿਲਾਮੀ ਵੀ ਹੋ ਗਿਆ ਹੈ। ਧਿਆਨ ਦਿਉ, ਨਿਲਾਮੀ ਵੀ ਬੋਲ ਬੋਲ ਕੇ ਕੀਤੀ ਜਾਂਦੀ ਹੈ, ਇਸੇ ਲਈ ਇਸ ਵਾਸਤੇ ਪੰਜਾਬੀ ਸ਼ਬਦ ਬੋਲੀ ਵੀ ਹੈ। ਇਤਿਹਾਸਕ ਤੌਰ 'ਤੇ ਯੁਧ ਆਦਿ ਤੋਂ ਲੁੱਟੇ ਹੋਏ ਮਾਲ ਦੀ ਅਜਿਹੀ ਨਿਲਾਮੀ ਕੀਤੀ ਜਾਂਦੀ ਸੀ। ਅੱਜ ਕਲ੍ਹ ਪੁਰਾਣੀਆਂ ਕਲਾ ਵਸਤਾਂ ਵੇਚਣ ਹਿੱਤ ਲੱਗੇ ਮੇਲੇ ਲਈ ਵੀ ਇਹ ਸ਼ਬਦ ਵਰਤਿਆ ਜਾਂਦਾ ਹੈ।

ਸਪੈਨਿਸ਼ ਵਾਂਗ ਹੀ ਗਰੀਕ, ਲਾਤੀਨੀ ਆਦਿ ਭਾਸ਼ਾਵਾਂ ਵਿਚ ਵੀ ਅਰਬੀ ਤੇ ਹੋਰ ਸਾਮੀ ਭਾਸ਼ਾਵਾਂ ਦੇ ਸ਼ਬਦ ਰਚੇ ਮਿਚੇ ਹਨ, ਪਰ ਇਹ ਵੀ ਵਿਚਾਰ ਹੈ ਕਿ ਹਿੰਦ-ਇਰਾਨੀ ਪਰਿਵਾਰ, ਖਾਸ ਤੌਰ 'ਤੇ ਵੈਦਿਕ ਕਾਲ ਦੇ ਸ਼ਬਦ ਵੀ ਅਰਬੀ ਤੇ ਹੋਰ ਸਾਮੀ ਭਾਸ਼ਾਵਾਂ ਵਿਚ ਦਾਖਲ ਹੋਣ ਦੇ ਪ੍ਰਮਾਣ ਮਿਲਦੇ ਹਨ। ਨਿਰੁਕਤ ਸ਼ਾਸਤਰੀ ਅਜਿਤ ਵਡਨੇਰਕਰ ਨੇ ਨਾਦਿ ਧਾਤੂ/ਸ਼ਬਦ ਨੂੰ ਇਸ ਦੀ ਮਿਸਾਲ ਮੰਨਦਿਆਂ ਇਸ ਦੀ ਸੰਸਕ੍ਰਿਤ ਨਾਦ ਨਾਲ ਸਮਾਨਤਾ ਦਰਸਾਈ ਹੈ। ਨਾਦ ਵਿਚ ਆਵਾਜ਼, ਧੁਨੀ, ਵਾਜਾ, ਰਾਗ ਦੇ ਭਾਵ ਹਨ। ਅਸੀਂ ਇਸ ਤੋਂ ਬਣਿਆ ਇੱਕ ਸ਼ਬਦ ਨਦੀ ਲੈਂਦੇ ਹਾਂ। ਨਦੀ ਦਾ ਮੂਲ ਅਰਥ ਸ਼ੂਕਦੀ ਹੈ ਕਿਉਂਕਿ ਪਹਾੜਾਂ ਪਰਬਤਾਂ ਤੇ ਹੋਰ ਉਚੀਆਂ ਨੀਵੀਆਂ ਥਾਂਵਾਂ 'ਤੇ ਵਗਦੀ ਹੋਈ ਨਦੀ ਖੂਬ ਸ਼ੋਰ ਮਚਾਉਂਦੀ ਹੈ। ਨਦੀ ਤੋਂ ਹੀ ਵਿਗੜ ਕੇ ਨਈ/ਨੈਂ ਸ਼ਬਦ ਹੋਂਦ ਵਿਚ ਆਏ। ਬ੍ਰਹਮਪੁਤਰ ਜਿਹੇ ਵੱਡੇ ਦਰਿਆ ਜਾਂ ਸਮੁੰਦਰ ਨੂੰ ਨਦ ਆਖਦੇ ਹਨ। ਨਦ ਵਿਚ ਸਮੁੱਚਤਾ ਜਾਂ ਵਿਸ਼ਾਲਤਾ ਦਾ ਭਾਵ ਆ ਜਾਂਦਾ ਹੈ, ਕਿਉਂਕਿ ਨਦ ਪਾਣੀ ਦਾ ਇਕ ਵੱਡਾ ਭੰਡਾਰਾ ਹੈ। ਇਸੇ ਪ੍ਰਸੰਗ ਵਿਚ ਵਡਨੇਰਕਰ ਨੇ ਕੁਝ ਅਰਬੀ ਮੁਸਲਮਾਨ ਸੰਗਠਨਾਂ ਜਿਵੇਂ ਨਦਵਾਤੁਲ ਉਲੇਮਾ, ਨਦਵਾਤੁਲ ਇਸਲਾਮ ਜਾਂ ਨਦਵਾਤੁਲ ਮੁਜਾਹਦੀਨ ਦਾ ਜ਼ਿਕਰ ਕੀਤਾ ਹੈ, ਜਿਸ ਵਿਚ ਉਸ ਨੇ ਸੰਸਕ੍ਰਿਤ ਸਮੁੱਚ, ਵਿਸ਼ਾਲਤਾ ਦਾ ਅਰਥ ਗ੍ਰਹਿਣ ਕਰ ਗਏ 'ਨਦ' ਦੇ ਸਮਾਨੰਤਰ ਅਰਬੀ ਨਦਵਾ ਸ਼ਬਦ ਦੇ ਸੰਗਠਨ, ਸਮੁੱਚ ਵਾਲੇ ਅਰਥਾਂ ਨੂੰ ਰੱਖਿਆ ਹੈ।

ਮੇਰੀ ਜਾਚੇ ਇਸ ਤਰ੍ਹਾਂ ਦਰਸਾਈ ਸਮਾਨਤਾ ਵਿਚ ਬਹੁਤਾ ਤਰਕ ਨਹੀਂ। ਅਰਬੀ ਨਦਵਾ ਦੇ ਸੰਗਠਨ, ਸਮੁੱਚ ਦੇ ਅਰਥ ਜਿਵੇਂ ਪਹਿਲਾਂ ਦੱਸਿਆ ਜਾ ਚੁਕਾ ਹੈ, ਨਦਾ ਸ਼ਬਦ ਦੇ ਸੱਦਣ, ਬੁਲਾਉਣ ਦੇ ਅਰਥਾਂ ਤੋਂ ਵਿਗਸਦੇ ਹਨ, ਅਰਥਾਤ ਉਹ ਸਮੂਹ ਜਾਂ ਸੰਗਠਨ, ਜਿਸ ਨੂੰ ਕਿਸੇ ਮਕਸਦ ਹਿੱਤ ਸੱਦਿਆ ਜਾਂ ਬੁਲਾਇਆ ਗਿਆ ਹੈ। ਉਂਜ ਵੀ ਮੈਨੂੰ ਅਰਬੀ ਨਦਾ ਅਤੇ ਸੰਸਕ੍ਰਿਤ ਨਦ ਵਿਚ ਅਰਥਾਂ ਤੇ ਧੁਨੀ ਦੀ ਸਮਾਨਤਾ ਸਬੱਬੀ ਜਾਪਦੀ ਹੈ। ਦੋਹਾਂ ਵਿਚ ਸੱਚਮੁੱਚ ਦੀ ਰਿਸ਼ਤੇਦਾਰੀ ਸਾਬਿਤ ਕਰਨ ਲਈ ਬਹੁਤ ਖੋਜ ਤੇ ਵਿਵੇਚਨ ਦੀ ਲੋੜ ਹੁੰਦੀ ਹੈ, ਜੋ ਵਡਨੇਰਕਰ ਦੇ ਲੇਖ ਵਿਚ ਗਾਇਬ ਹੈ। ਫਿਰ ਵੀ ਪਾਠਕਾਂ ਦੀ ਖੁਰਾਕ ਲਈ ਮੈਂ ਉਨ੍ਹਾਂ ਦੀ ਰਾਇ ਪੇਸ਼ ਕੀਤੀ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪ੍ਰਾਚੀਨ ਕਾਲ ਵਿਚ ਸਾਮੀ ਅਤੇ ਵੈਦਿਕੀ ਵਿਚਾਲੇ ਸ਼ਬਦਾਂ ਦਾ ਵਟਾਂਦਰਾ ਹੁੰਦਾ ਰਿਹਾ ਹੋਵੇਗਾ।

ਅਰਬੀ ਤੋਂ ਹੀ ਆਏ ਮਿਆਦੀ ਸ਼ਬਦ ਦਾ ਪੰਜਾਬੀ ਵਿਚ ਇੱਕ ਵਿਗੜਿਆ ਰੂਪ ਮੁਨਿਆਦੀ ਹੈ, ਜੋ ਮੁਨਾਦੀ ਦਾ ਵੀ ਵਿਗੜਿਆ ਰੂਪ ਹੈ। ਦੋਹਾਂ ਸ਼ਬਦਾਂ ਵਿਚਾਲੇ ਕੋਈ ਸਜਾਤੀ ਸਾਂਝ ਨਹੀਂ ਹੈ। ਮਿਆਦ ਦਾ ਅਰਥ ਹੈ-ਅਵਧੀ, ਨਿਸ਼ਚਿਤ ਸਮਾਂ, ਮੁਕੱਰਰ ਕੀਤਾ ਵਕਤ। ਇਸ ਤੋਂ ਬਣੇ ਮਿਆਦੀ ਦਾ ਅਰਥ ਹੋਇਆ-ਇਕ ਨਿਸ਼ਚਿਤ ਸਮੇਂ ਤੱਕ ਦਾ, ਕਾਲਿਕ। ਇਹ ਸ਼ਬਦ ਇਕਰਾਰ ਕਰਨ ਦੇ ਅਰਥਾਂ ਵਾਲੇ ਧਾਤੂ 'ਵਅਦ' ਅੱਗੇ ਅਰਬੀ ਅਗੇਤਰ 'ਮ' ਲੱਗ ਕੇ ਬਣਿਆ ਹੈ। ਸ਼ਾਬਦਿਕ ਅਰਥ ਬਣਿਆ-ਜਦ ਤੱਕ ਵਾਅਦਾ ਕੀਤਾ ਗਿਆ। ਦਰਅਸਲ ਵਾਅਦਾ ਵੀ ਏਸੇ ਥਾਂ ਸਿਰ ਹੈ। ਅੰਤ ਵਿਚ ਧਨੀ ਰਾਮ ਚਾਤ੍ਰਿਕ ਦੀ ਇਕ ਕਵਿਤਾ ਵਿਚ ਮੁਨਾਦੀ ਸ਼ਬਦ ਦੀ ਟੋਹ ਲਈਏ,

ਜੀਆ! ਨਿੰਦਾ ਚੁਗਲੀ ਦਾ ਤੂੰ,
ਕਾਹਨੂੰ ਹੋ ਗਿਓਂ ਆਦੀ?
ਐਬ ਪਰਾਏ ਫੋਲ ਫੋਲ ਕੇ,
ਕਰਨਾ ਏਂ ਰੋਜ਼ ਮੁਨਾਦੀ।
ਆਪਣੀ ਬੁੱਕਲ ਵਿਚ ਜੇ ਝਾਤੀ,
ਮਾਰ ਕਦੇ ਸ਼ਰਮਾਂਦੋਂ,
ਤੌਬਾ ਕਰ ਬਖਸ਼ਾ ਲੈਂਦੋਂ,
ਹਟ ਜਾਂਦੀ ਭੈੜੀ ਵਾਦੀ।

# ਭਾਈ ਮਰਦਾਨਾ ਕਿੱਥੇ ਹੈ?

ਪਿਛਲੇ ਕਈ ਮਹੀਨਿਆਂ ਤੋਂ ਬਾਬਾ ਨਾਨਕ ਦੇ 550ਵੇਂ ਜਨਮ ਦਿਨ ਨੂੰ ਸਮਰਪਿਤ ਸਮਾਗਮਾਂ ਲਈ ਤਿਆਰੀਆਂ ਬੜੇ ਹੰਗਾਮੀ ਪੱਧਰ 'ਤੇ ਚੱਲੀਆਂ। ਸਿਆਸਤ ਵੀ ਉਸੇ ਪੱਧਰ 'ਤੇ ਕੀਤੀ ਗਈ। ਕਦੀ-ਕਦੀ ਤਾਂ ਇਹ ਇਸ ਕਦਰ ਛੜੱਪੇ ਮਾਰਦੀ ਸੀ ਕਿ ਇੰਜ ਲੱਗਣ ਲੱਗਦਾ ਸੀ ਜਿਵੇਂ ਇਹ ਸਾਰੇ ਬਾਬੇ ਨਾਨਕ ਨੂੰ ਨਹੀਂ, ਸਗੋਂ ਆਪਣੇ ਆਪ ਨੂੰ ਜਸ਼ਨਾਂ ਦੀ ਥਾਲੀ ਵਿਚ ਰੱਖ ਕੇ ਲੋਕਾਂ ਅੱਗੇ ਪਰੋਸ ਰਹੇ ਹੋਣ। ਨੌਂ ਨਵੰਬਰ ਨੂੰ ਲਾਂਘਾ


ਰਵਿੰਦਰ ਸਿੰਘ ਸਹਿਰਾਅ
ਪੈਨਸਿਲਵੇਨੀਆ
ਫੋਨ: 717-575-7529


ਖੁਲ੍ਹਣ ਵਾਲੇ ਦਿਨ ਕਰਤਾਰਪੁਰ (ਪਾਕਿਸਤਾਨ) ਵਿਚ ਹੋਏ ਵੱਡੇ ਸਮਾਗਮ ਵਿਚ ਲੀਡਰਾਂ ਦੀ ਇਸ ਕੁੱਕੜ-ਖੋਹ ਦਾ ਭੋਗ ਪੈ ਗਿਆ।

ਚੜ੍ਹਦੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨ ਦੀਆਂ ਟੁੱਟੀਆਂ ਸੜਕਾਂ ਦਾ ਮਸਲਾ ਉਠਾ ਕੇ ਆਪਣੀ ਸਿਆਣਪ ਦਾ ਭਾਂਡਾ ਲਾਂਘੇ ਦੇ ਗੇਟਾਂ 'ਤੇ ਭੰਨ ਦਿੱਤਾ। ਮੋਦੀ-ਬਾਦਲਾਂ ਦੀ ਬੇ-ਮੌਸਮੀ ਜੋੜੀ ਵੀ ਨਾਕਾਮ ਰਹੀ। ਨਵਜੋਤ ਸਿੱਧੂ ਫਿਰ ਬੱਲੇ-ਬੱਲੇ ਕਰਾ ਗਿਆ। ਦੱਸਦੇ ਨੇ ਕਿ ਲਾਂਘੇ 'ਤੇ ਲੱਗੇ ਪੱਥਰਾਂ 'ਤੇ ਪਹਿਲਾਂ ਹਿੰਦੀ ਅਤੇ ਫਿਰ ਅੰਗਰੇਜ਼ੀ ਵਿਚ ਲਿਖਿਆ ਗਿਆ। ਬਾਬੇ ਨਾਨਕ ਦੀ ਬੋਲੀ ਇਨ੍ਹਾਂ ਨੇ ਕਿਸੇ ਸੋਚੀ ਸਮਝੀ ਸਾਜ਼ਿਸ਼ ਅਧੀਨ ਫਿਰ ਪਤਾਲਾਂ ਵਿਚ ਗਾਇਬ ਕਰ ਦਿੱਤੀ।

ਖੈਰ! ਅਸੀਂ ਗੱਲ ਕਰ ਰਹੇ ਸੀ ਭਾਈ ਮਰਦਾਨੇ ਦੀ। ਬੜੀ ਦੇਰ ਪਹਿਲਾਂ ਡਾ. ਹਰਿਭਜਨ ਸਿੰਘ ਨੇ ਲਿਖਿਆ ਸੀ,

ਅੱਜ ਸੰਗਤ ਵਿਚ ਮਰਦਾਨਾ ਨਹੀਂ ਆਇਆ
ਬਾਬਾ ਨਾਨਕ ਇਕੱਲਾ ਰਹਿ ਗਿਆ ਹੈ।

ਕਿਸੇ ਵੀ ਲੀਡਰ ਨੇ ਭਾਈ ਮਰਦਾਨੇ ਦਾ ਨਾਂ ਤੱਕ ਨਹੀਂ ਲਿਆ, ਜਿਸ ਨੇ ਕੋਈ 50 ਸਾਲ (ਵੱਖ-ਵੱਖ ਲੇਖਕ ਵੱਖ-ਵੱਖ ਸਮਾਂ ਦੱਸਦੇ ਹਨ) ਬਾਬੇ ਨਾਨਕ ਨਾਲ ਦਿਨ-ਰਾਤ ਗੁਜ਼ਾਰੇ ਹੋਣ, ਉਸ ਦੇ ਜ਼ਿਕਰ ਤੋਂ ਬਿਨਾ 550ਵਾਂ ਜਨਮ ਦਿਨ ਕਿਵੇਂ ਮਨਾਇਆ ਜਾ ਸਕਦਾ ਹੈ? ਦੱਸਦੇ ਨੇ ਕਿ ਭਾਈ ਮਰਦਾਨਾ ਬਾਬੇ ਨਾਨਕ ਤੋਂ ਕੋਈ ਗਿਆਰਾਂ ਸਾਲ ਵੱਡੇ ਸਨ ਤੇ ਸੁਆਸ ਵੀ ਉਨ੍ਹਾਂ ਦੀ ਹਾਜ਼ਰੀ ਵਿਚ ਛੱਡੇ। ਉਦੋਂ ਵੀ ਬਾਬਾ ਨਾਨਕ ਇਕੱਲਾ ਰਹਿ ਗਿਆ ਸੀ ਤੇ ਅੱਜ ਸਾਡੇ ਲੀਡਰਾਂ ਨੇ ਫਿਰ ਬਾਬੇ ਨਾਨਕ ਨੂੰ ਇਕੱਲਿਆਂ ਕਰ ਦਿੱਤਾ ਹੈ। ਇਨ੍ਹਾਂ ਸਾਰੇ ਜਸ਼ਨਾਂ ਵਿਚ ਭਾਈ ਮਰਦਾਨਾ ਗੈਰਹਾਜ਼ਰ ਸਨ। ਲਾਂਘਾ ਖੁਲ੍ਹਵਾਉਣ ਦਾ ਸਿਹਰਾ ਆਪੋ-ਆਪਣੇ ਸਿਰ ਬੰਨ੍ਹਣ ਦੀ ਕਾਹਲ ਵਿਚ ਬਾਬੇ ਨਾਨਕ ਦਾ ਸੰਗੀ ਜਸ਼ਨਾਂ ਦੀ ਧੂੜ 'ਚ ਗੁਆ ਦਿੱਤਾ।

12 ਨਵੰਬਰ ਨੂੰ ਬਾਬੇ ਨਾਨਕ ਦਾ ਜਨਮ ਦਿਨ ਸੀ। ਅਸੀਂ ਵੀ ਪੈਨਸਿਲਵੇਨੀਆ ਦੇ ਬਿਲਿਉਮਾਂਟੇਨ ਗੁਰੂ ਘਰ ਵਿਚ ਸ਼ਾਮ ਦੇ ਦੀਵਾਨ ਵਿਚ ਗਏ। ਇਕ ਬੱਚੇ ਨੇ 'ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ' ਸ਼ਬਦ ਦਾ ਗਾਇਨ ਕੀਤਾ। ਮੈਂ ਭਾਈ ਮਰਦਾਨੇ ਦੀ ਰਬਾਬ ਦੀਆਂ ਸੁਰਾਂ ਵਿਚ ਗੁਆਚ ਗਿਆ। ਮਨ ਖੁਸ਼ ਹੋਇਆ ਕਿ ਕਿਸੇ ਨੇ ਤਾਂ ਭਾਈ ਮਰਦਾਨੇ ਨੂੰ ਯਾਦ ਕੀਤਾ। ਲੰਗਰ ਪਿਛੋਂ ਮੈਂ ਉਸ ਬੱਚੇ ਕੋਲ ਉਚੇਚਾ ਜਾ ਕੇ ਉਸ ਦੀ ਤਾਰੀਫ ਕੀਤੀ। ਮੈਨੂੰ ਲੱਗਾ, ਬੱਚਾ ਵੀ ਖੁਸ਼ ਹੈ ਅਤੇ ਉਸ ਨੇ ਮੇਰਾ ਧੰਨਵਾਦ ਕੀਤਾ। ਭਾਈ ਸੁਰਿੰਦਰ ਸਿੰਘ ਨੇ ਵੀ ਕੁਝ ਪਲਾਂ ਲਈ ਭਾਈ ਮਰਦਾਨੇ ਦਾ ਜ਼ਿਕਰ ਕੀਤਾ। ਚਲੋ ਕੋਈ ਤਾਂ ਹੈ, ਜੋ ਬਾਬੇ ਨਾਨਕ ਦੇ ਇਸ ਸੰਗੀ ਦੀ ਬਾਤ ਪਾ ਰਿਹਾ ਹੈ।

ਭਾਈ ਮਰਦਾਨਾ ਕੌਣ ਸਨ?

ਭਾਈ ਮਰਦਾਨਾ ਬਾਬੇ ਨਾਨਕ ਦੇ ਹੀ ਗਰਾਈਂ ਇਕ ਮਰਾਸੀ ਪਰਿਵਾਰ ਦੀ ਔਲਾਦ ਸਨ। ਮਰਾਸੀਆਂ ਦਾ ਮਜ਼ਹਬ ਇਸਲਾਮ ਹੁੰਦਾ ਹੈ। ਕਈ ਲੋਕ ਮਰਾਸੀ ਉਸ ਨੂੰ ਕਹਿੰਦੇ ਹਨ, ਜਿਸ ਦੇ ਮੂੰਹ 'ਚ ਰਸ ਹੋਵੇ। ਕਈ ਵਿਦਵਾਨ ਇਸ ਨੂੰ ਫਾਰਸੀ ਸ਼ਬਦ ਦੱਸਦੇ ਹਨ। ਮਰਾਸੀ, ਭਾਵ ਪੁਸ਼ਤਾਂ ਨੂੰ ਸਾਂਭਣ ਵਾਲੇ, ਪਰ ਵੱਖ-ਵੱਖ ਸਾਥੀਆਂ ਅਤੇ ਸਿੱਖ ਪ੍ਰਚਾਰਕਾਂ ਨੇ ਇਸ ਦੇ ਅਲੱਗ-ਅਲੱਗ



ਭਾਈ ਮਰਦਾਨੇ ਦਾ ਇਕ ਕਾਲਪਨਿਕ ਚਿੱਤਰ

ਕਿੱਸੇ-ਕਹਾਣੀਆਂ ਦੱਸੇ ਹਨ। ਪਿਤਾ ਬਦਰ ਅਤੇ ਮਾਤਾ ਲੱਖੋ ਦੀ ਔਲਾਦ। ਕਈ ਉਨ੍ਹਾਂ ਦਾ ਨਾਂ ਮਰਜਾਨਾ ਵੀ ਦੱਸਦੇ ਨੇ, ਕਿਉਂਕਿ ਮਾਤਾ ਲੱਖੋ ਦੀ ਔਲਾਦ ਬਚਦੀ ਨਹੀਂ ਸੀ; ਇਹ ਬੱਚਾ ਬਚ ਗਿਆ ਤੇ ਉਨ੍ਹਾਂ ਉਸ ਦਾ ਨਾਂ ਹੀ 'ਮਰਜਾਨਾ' ਰੱਖ ਦਿੱਤਾ। ਕੀ ਪਤਾ, ਉਹ ਵੀ ਕਦੋਂ ਅੱਲ੍ਹਾ ਨੂੰ ਪਿਆਰਾ ਹੋ ਜਾਵੇ!

ਬਾਲ ਨਾਨਕ ਜਦੋਂ ਜਵਾਨ ਹੋਏ ਤਾਂ ਉਨ੍ਹਾਂ ਮਰਜਾਨੇ ਦੀ ਰਬਾਬ ਸੁਣੀ ਤਾਂ ਉਨ੍ਹਾਂ ਉਸ ਦਾ ਨਾਮ 'ਮਰਦਾਨਾ' ਰੱਖ ਦਿੱਤਾ ਤੇ ਉਸ ਨੂੰ ਆਪਣਾ ਸੰਗੀ ਬਣਾ ਲਿਆ। ਦੱਸਦੇ ਨੇ, 1534 ਈਸਵੀ ਤਕ ਉਸ ਨੇ ਬਾਬੇ ਨਾਨਕ ਦੀ ਸੰਗਤ ਕੀਤੀ, ਚਹੁੰਆਂ ਉਦਾਸੀਆਂ ਵੇਲੇ। ਉਦਾਸੀਆਂ ਵੇਲੇ ਉਨ੍ਹਾਂ ਦੀ ਮੁਹੱਬਤ ਦੀਆਂ ਗੱਲਾਂ ਵੀ ਮੁਹੱਬਤੀ ਤੇ ਅਲੋਕਾਰੀਆਂ ਹਨ।

ਬਾਬੇ ਨਾਨਕ ਦੀ ਕੁਲ੍ਹ ਬੇਦੀਆਂ ਦੀ ਹੈ ਅਤੇ ਭਾਈ ਮਰਦਾਨਾ ਡੂੰਮ, ਮਰਾਸੀ, ਮੁਸਲਮਾਨ। ਉਦਾਸੀ ਵੇਲੇ ਜਗਨਨਾਥ ਦੇ ਮੰਦਿਰ ਵਿਚ ਮਜ਼ਹਬ ਦੀਆਂ ਵਲਗਣਾਂ ਤੋੜ ਕੇ ਮੰਦਿਰ ਦੇ ਅੰਦਰ ਜਾਂਦੇ ਹਨ ਤੇ ਰਬਾਬ ਛੇੜਦੇ ਹਨ। ਬਾਣੀ ਤੇ ਸੰਗੀਤ ਦੀਆਂ ਚੋਟਾਂ, ਦਲੀਲਾਂ ਮਿੱਥਾਂ ਦਾ ਟੋਕਰਾ ਮੂਧਾ ਮਾਰਦੇ ਹਨ।

ਬਗਦਾਦ ਜਾਂਦੇ ਹਨ। ਮੱਕੇ ਪਹੁੰਚ ਕੇ ਉਹ ਬਾਬੇ ਨਾਨਕ ਨਾਲ ਬਹਿਸ ਨਹੀਂ ਕਰਦੇ, ਗੁੱਸੇ ਨਹੀਂ ਹੁੰਦੇ ਕਿ ਇਹ ਸਾਡੇ ਪੁਰਖਿਆਂ ਦਾ ਪਵਿੱਤਰ ਸਥਾਨ ਹੈ। ਉਸ ਨੂੰ ਇਹ ਨਹੀਂ ਕਹਿੰਦੇ ਕਿ ਤੁਸੀਂ ਉਸੇ ਤਰ੍ਹਾਂ ਸਿਜਦਾ ਕਰੋ, ਜਿਵੇਂ ਸਾਡੇ ਪੁਰਖੇ ਕਰਦੇ ਆਏ ਹਨ। ਉਹ ਬਾਬੇ ਨਾਨਕ ਦੀ ਦਲੀਲ ਦੀ ਉਡੀਕ ਕਰਦੇ ਹਨ। ਦਲੀਲ ਨਾਲ ਉਹ ਹਾਜੀਆਂ ਦੇ ਜ਼ਿਹਨ ਘੁੰਮਾ ਦਿੰਦੇ ਹਨ। ਦੱਸਦੇ ਨੇ, ਇਕ ਦਿਨ ਉਹ ਬਾਬੇ ਨਾਨਕ ਨੂੰ ਪੁੱਛਦੇ ਹਨ, "ਬਾਬਾ ਜੀ ਤੁਸੀਂ ਬੇਦੀ ਕੁਲ੍ਹ ਵਿਚੋਂ, ਮੈਂ ਡੂੰਮ! ਫੇਰ ਮੈਂ ਤੁਹਾਡਾ ਕੀ ਲੱਗਾ?" ਉਹ ਕਹਿੰਦੇ, "ਮਰਦਾਨਿਆ, ਤੂੰ ਮੇਰਾ ਭਾਈ!" ਭਾਵ ਕੋਈ ਜਾਤ-ਪਾਤ ਨਹੀਂ। ਜਾਤ-ਪਾਤ ਦੀਆਂ ਜੜ੍ਹਾਂ ਦਾ ਖਾਤਮਾ।

ਸਾਖੀਆਂ ਵਿਚ ਹੋਰ ਵੀ ਬੜਾ ਕੁਝ ਮਿਲਦਾ ਹੈ, ਪਰ ਕੀ ਅਸੀਂ ਸਾਢੇ ਪੰਜ ਸਦੀਆਂ ਬਾਅਦ ਵੀ ਜਾਤਾਂ ਵਿਚੋਂ ਬਾਹਰ ਨਿਕਲ ਸਕੇ ਹਾਂ? ਕੀ ਅਸੀਂ ਦਲੀਲ ਦੇ ਲੜ ਲੱਗੇ ਹਾਂ? ਕੀ ਅਸੀਂ ਗੋਸ਼ਟਿ ਦਾ ਪੱਲਾ ਫੜਿਆ ਹੈ? ਕੀ ਅਸੀਂ ਭਾਈ ਮਰਦਾਨੇ ਦੇ ਪਰਿਵਾਰ-ਦਰ-ਪਰਿਵਾਰ ਦੀ ਕੋਈ ਦੇਖਭਾਲ ਕਰ ਸਕੇ ਹਾਂ? ਜੇ ਨਹੀਂ ਤਾਂ ਅਸੀਂ ਸਿਰਫ ਦਿਖਾਵਿਆਂ ਦੀ ਦੁਨੀਆਂ 'ਚ ਦੀਵੇ ਬਾਲ ਰਹੇ ਹਾਂ।

ਬਾਬੇ ਨਾਨਕ ਦੇ ਪਰਿਵਾਰ ਅਤੇ ਬੱਚਿਆਂ ਕੋਲ ਤਾਂ ਧਨ-ਦੌਲਤ ਅਤੇ ਜਾਇਦਾਦ ਸੀ। ਦਾਦਾ ਉਨ੍ਹਾਂ ਦਾ ਮੰਨਿਆ ਹੋਇਆ ਪਟਵਾਰੀ ਸੀ। ਤਿਜੌਰੀਆਂ ਉਨ੍ਹਾਂ ਦੀਆਂ ਖਾਲੀ ਨਹੀਂ ਹੋਈਆਂ ਹੋਣਗੀਆਂ, ਪਰ ਘਰ-ਘਰ ਜਾ ਕੇ ਲੋਕਾਂ ਦੀਆਂ ਗਮੀਆਂ-ਖੁਸ਼ੀਆਂ ਨੂੰ ਗਾਇਣ ਰਾਹੀਂ ਸਾਂਝੀਆਂ ਕਰਨ ਵਾਲੇ ਡੂੰਮ (ਭਾਈ) ਮਰਦਾਨੇ ਦਾ ਟੱਬਰ ਕਿਵੇਂ ਪਲਿਆ ਹੋਵੇਗਾ? ਕੋਈ ਇਸ ਦੀ ਕਹਾਣੀ ਕਦੀ ਨਹੀਂ ਦੱਸਦਾ! ਕੌਣ ਉਨ੍ਹਾਂ ਬੱਚਿਆਂ (ਰਜਾਦ ਤੇ ਸਜਾਦ) ਨੂੰ ਚੁੰਮਦਾ-ਚੱਟਦਾ ਹੋਵੇਗਾ? ਉਹ ਤਾਂ ਵਿਚਾਰੇ ਜੰਗਲ ਵੱਲ ਮੂੰਹ ਕਰਕੇ ਫਟੇ ਪੁਰਾਣੇ ਕੱਪੜਿਆਂ ਤੇ ਗਿੱਦ ਨਾਲ ਲਿੱਬੜੀਆਂ ਅੱਖਾਂ ਉਤਾਂਹ ਉਠਾ-ਉਠਾ ਕੇ ਰੋਜ਼ ਮਰਦਾਨੇ ਦੀ ਉਡੀਕ ਕਰਦੇ ਹੋਣਗੇ। ਜਦ ਭਾਈ ਮਰਦਾਨਾ ਉਦਾਸੀਆਂ ਤੋਂ ਮੁੜਦਾ ਵੀ ਹੋਵੇਗਾ ਤਾਂ ਉਹ ਉਨ੍ਹਾਂ ਦੇ ਢਿੱਡ ਰਬਾਬ ਦੀਆਂ ਸੁਰਾਂ ਨਾਲ ਭਲਾ ਕਿਵੇਂ ਭਰਦਾ ਹੋਵੇਗਾ?

ਇਹੀ ਨਹੀਂ, ਅਸੀਂ ਕੀਰਤਨੀਏ ਮਰਦਾਨੇ ਦੇ ਪਰਿਵਾਰ ਨੂੰ ਗੁਰੂ ਘਰ ਵਿਚ ਕੀਰਤਨ ਕਰਨ ਦੇਣ ਲਈ ਕਿੰਨੇ ਕੁ ਉਪਰਾਲੇ ਕਰਦੇ ਹਾਂ? ਦਰਅਸਲ, ਅਸੀਂ ਬਾਹਰੋਂ ਇਸ ਦੇ ਸਿੱਖ ਹਾਂ, ਸਰਦਾਰ ਹਾਂ, ਜਾਤਾਂ ਗੋਤਾਂ ਵਿਚ ਫਸੇ ਹੋਏ ਲੰਬੜਦਾਰ ਹਾਂ। ਅਸੀਂ ਨਾਨਕ ਅਤੇ ਮਰਦਾਨੇ ਦੀ ਜਾਤ-ਰਹਿਤ ਦੋਸਤੀ ਦੇ ਗੁਨਾਹਗਾਰ ਹਾਂ। ਅਸੀਂ ਸਭ ਕੁਝ ਹਾਂ, ਪਰ ਬਾਬੇ ਨਾਨਕ ਅਤੇ ਭਾਈ ਮਰਦਾਨੇ ਦੀ ਗਰਜਦੀ ਹੋਈ ਸੋਚ ਦੀ ਗੂੰਜ ਨਹੀਂ ਹਾਂ। ਉਨ੍ਹਾਂ ਦੇ ਦਿਲਾਂ ਅੰਦਰ ਵਗਦੇ ਨਿਰਮਲ ਨੀਰ ਨਹੀਂ ਹਾਂ। ਅਸੀਂ ਭੇਖੀ ਹਾਂ। ਬੱਸ ਜਸ਼ਨ ਮਨਾਉਂਦੇ ਹਾਂ ਅਤੇ ਸੁੱਖ ਦੀ ਨੀਂਦ ਸੌਂਦੇ ਹਾਂ।

# ਫਿਲਮ 'ਜੋਕਰ' ਦੇ ਪ੍ਰਸੰਗ ਅਤੇ ਪੂੰਜੀਤੰਤਰ ਦੀ ਹਿੰਸਾ

ਫਿਲਮ 'ਜੋਕਰ' ਦੇ ਪ੍ਰਸੰਗ ਵਿਚ ਦੋ ਟਿੱਪਣੀਆਂ ਤੁਰੰਤ ਧਿਆਨ ਮੰਗਦੀਆਂ ਹਨ। ਪਹਿਲੀ ਟਿੱਪਣੀ ਪੱਛਮੀ ਚਿੰਤਕ ਅਤੇ ਫਿਲਾਸਫਰ ਸਲਾਵੋਇ ਜ਼ਿਜ਼ੇਕ ਦੀ ਹੈ। ਉਹ ਵਿਕੀਲੀਕਸ ਦੇ ਸੰਸਥਾਪਕ ਜੂਲੀਅਨ ਅਸਾਂਜ ਅਤੇ ਗੁਪਤ ਸਰਕਾਰੀ ਦਸਤਾਵੇਜ਼ ਨਸ਼ਰ ਕਰਨ ਵਾਲਿਆਂ (ਜਿਨ੍ਹਾਂ ਕਾਰਨ ਸਿਆਸੀ-ਵਿਚਾਰਧਾਰਕ ਖੜੋਤ ਨੂੰ ਚਿੱਬ ਪਿਆ ਹੈ) ਦੀ ਤੁਲਨਾ 'ਜੋਕਰ' ਫਿਲਮ ਦੇ ਮੁੱਖ ਕਿਰਦਾਰ ਆਰਥਰ ਫਲੈੱਕ ਨਾਲ ਕਰਦਿਆਂ ਲਿਖਦਾ ਹੈ: 'ਅਸਾਂਜ ਨੇ ਜਿਸ ਤਰੀਕੇ ਨਾਲ ਮੌਜੂਦਾ ਗਲੋਬਲੀ ਪ੍ਰਬੰਧ ਦੇ ਏਜੰਟਾਂ ਦੁਆਰਾ ਆਪਣੇ ਤੌਰ ਤੇ ਹੀ ਘੜੇ 'ਜਮਹੂਰੀਅਤ', 'ਮਨੁੱਖੀ ਅਧਿਕਾਰਾਂ' ਵਰਗੇ ਸਨਕੀ ਤੇ ਬੇਸ਼ਰਮ ਵਿਚਾਰਾਂ ਨੂੰ ਭੰਡਿਆ ਹੈ, ਉਹ ਕਾਬਿਲੇ-ਤਾਰੀਫ ਹੈ।' ਦੂਜੀ ਟਿੱਪਣੀ ਇਸ ਫਿਲਮ ਦੇ ਰਿਵਿਊਕਾਰ ਮਾਰਕ ਫਿਸ਼ਰ (ਫਿਲਮ ਕੁਆਟਰਲੀ ਵਿਚ ਪ੍ਰਕਾਸ਼ਿਤ) ਦੁਆਰਾ ਫਿਲਮਸਾਜ਼ ਕ੍ਰਿਸਟੋਫਰ ਨੋਲਨ ਦੀ ਪਿਛਲੀ ਫਿਲਮ 'ਦਿ ਡਾਰਕ ਨਾਈਟ ਰਾਇਜ਼ਿਜ਼' ਬਾਰੇ ਹੈ ਜਿਸ ਵਿਚ ਉਹ ਲਿਖਦਾ ਹੈ ਕਿ ਇਸ ਫਿਲਮ ਰਾਹੀਂ ਗੁਰੀਲਾ ਜੰਗ ਵਾਂਗ 'ਔਕੂਪਾਈ ਵਾਲਸਟਰੀਟ' ਵਰਗੇ ਅੰਦੋਲਨਾਂ 'ਤੇ ਵਿਚਾਰਧਾਰਕ ਹਮਲਾ ਕੀਤਾ ਗਿਆ।



ਡਾ. ਕੁਲਦੀਪ ਕੌਰ
ਫੋਨ: +91-98554-04330


ਇਨ੍ਹਾਂ ਟਿਪਣੀਆਂ ਦੇ ਪ੍ਰਸੰਗ ਵਿਚ ਪਿਛਲੇ ਸਾਲ ਹੋਈਆਂ ਦੋ ਮੈਡੀਕਲ ਖੋਜਾਂ ਦਾ ਜ਼ਿਕਰ ਕਰਨਾ ਬਣਦਾ ਹੈ ਜਿਨ੍ਹਾਂ ਵਿਚ ਇਨ੍ਹਾਂ ਤੱਥਾਂ ਤੇ ਧਿਆਨ ਕੇਂਦਰਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕਿਵੇਂ ਅਸੀਂ ਸਮਾਜ ਦੇ ਤੌਰ 'ਤੇ ਬੰਦਿਆਂ ਨੂੰ ਡਿਪਰੈਸ਼ਨ, ਅਲਹਿਦਗੀ, ਬੇਗਾਨਗੀ ਅਤੇ ਇਕੱਲ ਲਈ ਦੋਸ਼ੀ ਮੰਨਦਿਆਂ ਉਨ੍ਹਾਂ ਨੂੰ ਸਿਹਤ ਕੇਂਦਰਾਂ ਜਾਂ ਕੌਂਸਲਰਾਂ ਕੋਲ 'ਇਲਾਜ' ਲਈ ਜਾਣ ਲਈ ਮਜਬੂਰ ਕਰ ਦਿੰਦੇ ਹਾਂ; ਜਦਕਿ ਅਸਲ ਸਮੱਸਿਆ ਸਾਡੇ ਸਮਾਜਿਕ ਅਤੇ ਸਿਆਸੀ ਢਾਂਚੇ ਵਿਚ ਰਚੀ-ਮਿਚੀ ਬੇਕਿਰਕ ਤੇ ਨਿਰੰਕੁਸ਼ ਹਿੰਸਾ ਹੈ।

ਪਹਿਲੀ ਮੈਡੀਕਲ ਖੋਜ ਬਰਤਾਨੀਆ ਦੇ ਸਿਹਤ ਪ੍ਰਬੰਧ ਐਨ.ਐਚ.ਐਸ. ਨੇ ਕੀਤੀ ਹੈ ਜਿਸ ਦੇ ਨਤੀਜਿਆਂ ਦਾ ਸਾਰ-ਤੱਤ ਇਹ ਹੈ ਕਿ ਡਿਪਰੈਸ਼ਨ ਅਤੇ ਇਕੱਲ ਦੇ ਸ਼ਿਕਾਰ ਲੋਕਾਂ ਦੇ ਜੁਰਮ ਕਰਨ ਦੀ ਦਰ ਵੱਧ ਹੁੰਦੀ ਹੈ ਪਰ ਇਸ ਜੁਰਮ ਦੇ ਜਰਾਸੀਮ ਗਰੀਬੀ, ਬੇਰੁਜ਼ਗਾਰੀ ਅਤੇ ਸਮਾਜਿਕ ਵਿਤਕਰੇ ਵਿਚ ਪਏ ਹੁੰਦੇ ਹਨ। ਦੂਜੀ ਮੈਡੀਕਲ ਖੋਜ ਅਨੁਸਾਰ ਸਾਡੇ ਸਭਿਆਚਾਰਕ ਮੁੱਲ, ਰਹੁ-ਰੀਤਾਂ, ਜਿਊਣ-ਪ੍ਰਬੰਧ, ਲੋਕਾਂ ਲਈ ਲਗਾਤਾਰ ਦੁਖੀ ਤੇ ਬੰਨ੍ਹੇ-ਬੰਨ੍ਹਾਏ ਰਹਿਣ ਦਾ ਸਬੱਬ ਬਣਦੇ ਹਨ। ਤਕਰੀਬਨ ਅਜਿਹਾ ਹੀ ਸਾਡੇ ਸਿਆਸੀ, ਸਮਾਜਿਕ, ਆਰਥਿਕ ਅਤੇ 'ਪਛਾਣ ਦੀ ਸਿਆਸਤ' ਬਾਰੇ ਸੱਚ ਹੈ। ਖੋਜ ਅਨੁਸਾਰ ਬੰਦਾ ਨਹੀ ਬਲਕਿ ਹਾਲਾਤ ਡਿਪਰੈਸ਼ਨ ਵਿਚ ਹਨ।





(ਐਨ ਉਪਰ) ਫਿਲਮ 'ਜੋਕਰ' ਦਾ ਇਕ ਦ੍ਰਿਸ਼ ਅਤੇ (ਹੇਠਾਂ) ਫਿਲਮ 'ਜੋਕਰ' ਦਾ ਨਿਰਦੇਸ਼ਕ ਟੌਡ ਫਿਲਿਪਸ (ਖੱਬੇ) ਅਤੇ ਨਾਇਕ ਜੋਆਕੁਇਨ ਫੀਨਿਕਸ।




ਫਿਲਮ 'ਜੋਕਰ' ਦਾ ਪੋਸਟਰ।

***ਫਿਲਮ 'ਜੋਕਰ' ਦੇ ਮੁੱਖ ਕਿਰਦਾਰ ਦੀ ਬੁਣਤੀ ਅਤੇ ਘਾੜਤ ਬਹੁਤ ਹੱਦ ਤੱਕ ਸ਼ੇਕਸਪੀਅਰ ਦੇ ਡਰਾਮੇ 'ਕਿੰਗ ਲੀਅਰ' ਨਾਲ ਮਿਲਦੀ ਹੈ। ਕਈ ਦ੍ਰਿਸ਼ਾਂ ਵਿਚ ਆਪਣੀ ਅਦਾਕਾਰੀ ਦੇ ਦਮ 'ਤੇ ਜੋਆਕੁਇਨ ਫੀਨਿਕਸ ਨੇ ਸੈਮੂਅਲ ਬੈਕੇਟ ਦੇ ਡਰਾਮੇ 'ਵੇਟਿੰਗ ਫਾਰ ਗੋਡੋ' ਦੀਆਂ ਪੀੜਾਂ ਨੂੰ ਆਪਣੇ ਰੋਣਮਈ ਹਾਸੇ ਦੇ ਅੰਦਾਜ਼ ਰਾਹੀਂ ਜ਼ਿੰਦਾ ਕਰ ਦਿੱਤਾ ਹੈ। ਫਿਲਮ 'ਚ ਜੋਕਰ ਦਾ ਰੰਗ-ਪੋਤਿਆ ਚਿਹਰਾ ਹੀ ਅੰਤ ਤੱਕ ਉਸ ਦੀ ਇਕਲੌਤੀ ਪਛਾਣ ਵਿਚ ਵਟ ਜਾਂਦਾ ਹੈ।***

ਇਨ੍ਹਾਂ ਖੋਜਾਂ ਦਾ ਵਿਸ਼ਾ-ਵਸਤੂ ਉਨ੍ਹਾਂ ਮੁਲਕਾਂ ਦੀ ਆਬਾਦੀ 'ਤੇ ਆਧਾਰਿਤ ਹੈ ਜਿਨ੍ਹਾਂ ਨੂੰ 'ਵਿਕਸਤ' ਅਤੇ 'ਖੁਸ਼ਹਾਲ' ਮੁਲਕ ਕਿਹਾ ਜਾਂਦਾ ਹੈ। ਫਿਰ ਭਾਰਤ, ਪਾਕਿਸਤਾਨ ਅਤੇ ਅਫਗਾਨਿਸਤਾਨ ਵਰਗੇ ਮੁਲਕਾਂ ਬਾਰੇ ਕੀ ਕਿਹਾ ਜਾਵੇ, ਜਿਥੇ ਅੱਧ ਤੋਂ ਵੱਧ ਆਬਾਦੀ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਸੰਘਰਸ਼ ਆਪਣੀ ਰੂਹ ਨੂੰ ਜਿਸਮ ਨਾਲ ਜੋੜੀ ਰੱਖਣਾ ਜਾਂ 'ਪਾਗਲ ਹੋਣ ਤੋਂ ਬਚਣ' ਤੱਕ ਮਹਿਦੂਦ ਹੋ ਚੁੱਕਿਆ ਹੈ?

ਸਮਾਜਿਕ ਨੀਤੀ ਦੇ ਮਾਹਿਰ ਡਾਕਟਰ ਲਿਨ ਫਰਗੂਸਨ ਦਾ ਮੰਨਣਾ ਹੈ: 'ਜਿਹੜੇ ਸਮਾਜਿਕ ਅਤੇ ਸਿਆਸੀ ਪ੍ਰਬੰਧ ਅੰਦਰ ਅਸੀਂ ਜੀਅ ਰਹੇ ਹਾਂ, ਉਸ ਵਿਚ ਮਾਨਸਿਕ ਸਿਹਤ ਸਮੱਸਿਆਵਾਂ ਦੀ ਮਹਾਂਮਾਰੀ ਫੈਲਣਾ ਸੁਭਾਵਿਕ ਹੈ। ਤੁਸੀਂ ਸਿਰਫ ਉਸ ਪ੍ਰਬੰਧ ਅਤੇ ਤੰਤਰ ਵਿਚ ਖੁਸ਼ ਤੇ ਸੰਤੁਸ਼ਟ ਰਹਿ ਸਕਦੇ ਹੋ ਜਿਹੜਾ ਬਰਾਬਰੀ-ਆਧਾਰਿਤ ਅਤੇ ਲੁੱਟ-ਖਸੁੱਟ ਤੋਂ ਮੁਕਤ ਹੋਵੇ।'

ਫਿਲਮ 'ਜੋਕਰ' ਦੇਖਦਿਆਂ ਮੱਲੋ-ਮੱਲੀ ਮਾਰਕਸਵਾਦੀ ਮਨੋਵਿਗਿਆਨਕ ਚਿੰਤਕ ਐਰਿਕ ਫਰੌਮ ਦਾ ਚੇਤਾ ਆ ਜਾਂਦਾ ਹੈ। ਉਸ ਅਨੁਸਾਰ, 'ਜਿਹੜਾ ਬੰਦਾ ਹਾਲੇ ਸਮਾਜ ਤੋਂ ਬੇਲਾਗ ਨਹੀਂ ਹੋਇਆ, ਜਿਹੜਾ ਹਾਲੇ ਤੱਕ ਸੰਵੇਦਨਸ਼ੀਲ ਹੈ, ਜਿਹੜਾ ਮਹਿਸੂਸ ਕਰਦਾ ਹੈ, ਜਿਹਦੀ ਹਾਲੇ ਤੱਕ ਮਨੁੱਖੀ ਅਣਖ ਜਿਉਂਦੀ ਹੈ, ਜਿਹੜਾ ਹਾਲੇ 'ਸੇਲ' ਉਤੇ ਲੱਗਣ ਨੂੰ ਰਾਜ਼ੀ ਨਹੀਂ, ਜਿਹੜਾ ਦੂਜਿਆਂ ਦਾ ਦਰਦ ਮਹਿਸੂਸ ਕਰਦਾ ਹੈ, ਜਿਸ ਲਈ ਹਾਲੇ ਹੋਂਦ ਦਾ ਅਰਥ 'ਹਾਸਲ ਕਰ ਲੈਣਾ' ਨਹੀਂ ਹੋ ਸਕਿਆ; ਥੋੜ੍ਹੇ ਲਫਜ਼ਾਂ ਵਿਚ ਕਹਾਂ ਤਾਂ ਉਹ ਬੰਦਾ ਹਾਲੇ ਤੱਕ 'ਬੰਦਾ' ਹੀ ਹੈ, 'ਚੀਜ਼' ਨਹੀਂ ਬਣ ਸਕਿਆ; ਉਸ ਦਾ ਇਕੱਲਾ, ਦੁਖੀ, ਪ੍ਰੇਸ਼ਾਨ, ਬੇਵੱਸ ਤੇ ਸਮਾਜੀ ਦਾਇਰਿਆਂ ਤੋਂ ਖਿਝਣਾ ਤੈਅ ਹੈ। ਉਹ ਆਪਣੇ ਆਪ ਤੇ ਸ਼ੱਕ ਕਰਦਾ ਹੈ, ਆਪਣੀਆਂ ਦਲੀਲਾਂ/ਵਿਚਾਰਾਂ/ਆਦਰਸ਼ਾਂ ਤੇ ਸ਼ੱਕ ਕਰਦਾ ਹੈ। ਉਸ ਨੂੰ ਉਹ ਸਾਰੀਆਂ ਦਿਮਾਗੀ ਅਲਾਮਤਾਂ ਚਿੰਬੜ ਸਕਦੀਆਂ ਹਨ ਜਿਹੜੀਆਂ ਦਿਮਾਗੀ ਤੌਰ ਤੇ ਤੰਦਰੁਸਤ ਤੇ ਸਮਝਦਾਰ ਬੰਦੇ ਨੂੰ 'ਮਨੋਰੋਗੀ' ਸਮਾਜ ਵਿਚ ਵਿਚਰਦਿਆਂ ਹੋ ਜਾਣ ਦਾ ਖਦਸ਼ਾ ਹੁੰਦਾ ਹੈ। ਯਾਦ ਰੱਖੋ, ਜੇ ਲੱਖਾਂ ਲੋਕਾਂ ਵਿਚ ਖਾਸ 'ਮਨੋਰੋਗ' ਦੇ ਲੱਛਣ ਦਿਖਾਈ ਦੇਣ, ਫਿਰ ਵੀ ਉਨ੍ਹਾਂ ਨੂੰ ਸਹੀ ਜਾਂ ਦਿਮਾਗੀ ਤੰਦਰੁਸਤ ਕਰਾਰ ਨਹੀਂ ਦਿੱਤਾ ਜਾ ਸਕਦਾ।'

ਐਰਿਕ ਫਰੌਮ ਇਸ ਸਬੰਧ ਵਿਚ 'ਰਾਸ਼ਟਰਵਾਦ' ਬਾਰੇ ਟਿੱਪਣੀ ਕਰਦਿਆਂ ਆਖਦਾ ਹੈ, 'ਰਾਸ਼ਟਰਵਾਦ ਇਕ ਤਰ੍ਹਾਂ ਦਾ ਨਾਜਾਇਜ਼ਪੁਣਾ ਹੈ, ਬੁੱਤਾਂ ਦੀ ਪੂਜਾ ਹੈ, ਲਾਗ ਦੀ ਬਿਮਾਰੀ ਵਰਗਾ ਮਨੋਰੋਗ ਹੈ। 'ਦੇਸ਼ਭਗਤੀ' ਸੰਸਥਾਈ ਅਤੇ ਸੰਗਠਿਤ ਕਿਸਮ ਦੀ ਪੂਜਾ ਹੈ - ਜਿਸ ਤਰ੍ਹਾਂ ਸਾਰਿਆਂ ਨੂੰ ਮਨਫੀ ਕਰਕੇ ਕਿਸੇ ਇਕ ਨਾਲ ਕੀਤਾ ਗਿਆ ਪਿਆਰ, ਪਿਆਰ ਨਾ ਹੋ ਕੇ ਹਵਸ ਦਾ ਰੂਪ ਧਾਰ ਲੈਂਦਾ ਹੈ; ਉਵੇਂ ਹੀ ਆਪਣੇ ਮੁਲਕ ਨਾਲ ਕੀਤਾ ਅਜਿਹਾ ਪਿਆਰ ਜਿਸ ਵਿਚੋਂ ਦੂਜੇ ਮੁਲਕਾਂ ਦੇ ਬਾਸ਼ਿੰਦਿਆਂ ਨਾਲ ਮਾਨਵੀ-ਪਿਆਰ ਮਨਫੀ ਹੋਵੇ, ਸਿਰਫ ਬੁੱਤਾਂ/ਮਿੱਥਾਂ ਦੀ ਅੰਨ੍ਹੀ ਪੂਜਾ ਦੀ ਰਸਮ ਬਣ ਕੇ ਰਹਿ ਜਾਂਦਾ ਹੈ।'

ਇਸ ਸਬੰਧ ਵਿਚ 'ਜੋਕਰ' ਦਾ ਮੁੱਖ ਕਿਰਦਾਰ ਖੁਦ ਨੂੰ 'ਉਤਪਾਦਕੀ ਇਕਾਈ' ਵਜੋਂ ਦੇਖਦਾ ਹੈ। ਉਸ ਦੀ ਤਰਾਸਦੀ ਦੇਖੋ ਕਿ ਇਕਾਈ ਵਜੋਂ ਦੇਖਣ ਲਈ ਉਸ ਕੋਲ ਪੈਮਾਨਾ ਵੀ ਸਿਰਫ ਤੇ ਸਿਰਫ ਆਰਥਿਕ ਬਚਿਆ ਹੈ। ਇਹੀ ਤਾਂ ਆਧੁਨਿਕ ਮਨੁੱਖ ਦੀ ਹੋਣੀ ਹੈ। ਉਸ ਦੀ ਹੋਂਦ 'ਵਿਕਣ' ਵਿਚ ਸਿਮਟ ਰਹੀ ਹੈ। ਆਦਰਸ਼ਾਂ ਦਾ ਅਰਥ ਆਪਣੇ ਗੁਣਾਂ ਦਾ ਠੀਕ-ਠਾਕ ਮੁਦਰਾਕਰਨ ਹੋਣਾ ਬਣ ਚੁੱਕਿਆ ਹੈ ਅਤੇ 'ਖੁਸ਼ੀ' ਜਾਂ 'ਸੰਤੁਸ਼ਟੀ' ਦੇ ਅਰਥ ਦੂਜਿਆਂ ਦੀ ਹੋਂਦ ਅਤੇ ਮਨਭਾਉਂਦੀਆਂ ਚੀਜ਼ਾਂ ਦੀ ਖਪਤ ਕਰਨਾ ਹੋ ਚੁੱਕੇ ਹਨ।

ਫਿਲਮ 'ਜੋਕਰ' ਵਿਚ ਜੋਕਰ ਦੇ ਕਿਰਦਾਰ ਨੂੰ ਸਮਝਣ ਤੋਂ ਵੀ ਵੱਧ ਜ਼ਰੂਰੀ 'ਗੌਥਮ ਸਿਟੀ' (ਅਮਰੀਕੀ ਕੌਮਿਕਸ ਵਿਚ ਕਲਪਨਾ ਵਾਲਾ ਸ਼ਹਿਰ) ਨੂੰ ਸਮਝਣਾ ਹੈ ਜਿਸ ਵਿਚ ਜੋਕਰ ਜੰਮਦਾ, ਪਲਦਾ, ਜਵਾਨ ਹੁੰਦਾ, ਹਿੰਸਕ ਨੌਜਵਾਨ ਵਿਚ ਵਟਦਾ, ਭੱਜਦਾ-ਟੁੱਟਦਾ ਤੇ ਖਿੰਡਦਾ ਹੈ। ਗੌਥਮ ਦੇ ਦ੍ਰਿਸ਼ਾਂ ਨੂੰ ਧਿਆਨ ਨਾਲ ਦੇਖਿਆਂ ਤੁਹਾਨੂੰ ਦੋ ਸ਼ਹਿਰੀਅਤ ਨਜ਼ਰੀ ਪੈਂਦੀਆਂ ਹਨ। ਪਹਿਲੀ ਸ਼ਹਿਰੀਅਤ 'ਪੁਰਾਣੇ ਪੂੰਜੀਤੰਤਰ ਦੇ ਹੇਰਵੇ ਨੂੰ ਪ੍ਰਨਾਈ, ਮੱਧਕਾਲੀ ਸੁਹਜ ਵਾਲੀ, ਨੈਤਿਕਤਾ ਨੂੰ ਮੱਥੇ ਉਤੇ ਚਮਕਾਈ ਫਿਰਦੀ ਸਭਿਅਤਾ ਵਾਲੀ ਹੈ। ਦੂਜੀ ਸ਼ਹਿਰੀਅਤ ਮੌਜੂਦਾ ਸਮਕਾਲੀ ਪੋਸਟ-ਮਾਡਰਨ ਯੁੱਗ ਤੋਂ ਅਗਾਂਹ ਅਮਰੀਕਨ, ਯੂਰੋਪੀਅਨ ਅਤੇ ਸਾਈਬਰ-ਸ਼ਹਿਰਾਂ ਦੇ ਵਸਨੀਕਾਂ ਦੀ ਸ਼ਹਿਰੀਅਤ ਹੈ। ਫਿਲਮਸਾਜ਼ ਕ੍ਰਿਸਟੋਫਰ ਨੋਲਨ ਆਪਣੀਆਂ ਪਹਿਲੀਆਂ ਫਿਲਮਾਂ 'ਬੈਟਮੈਨ ਬਿਗਿਨਜ਼' (2005), 'ਦਿ ਡਾਰਕ ਨਾਈਟ' (2008) ਅਤੇ 'ਦੀ ਡਾਰਕ ਨਾਈਟ ਰਾਈਜ਼ਿਜ਼' ਰਾਹੀਂ ਸੁਪਰ ਹੀਰੋ ਦੇ ਵਰਤਾਰੇ ਅਤੇ ਅਮਰੀਕਾ ਵਿਚ ਜੌੜੇ ਟਾਵਰਾਂ ਉਤੇ ਹਮਲੇ 'ਨਾਈਨ ਇਲੈਵਨ' ਨਾਲ ਜੁੜੀ ਸ਼ਹਿਰੀਅਤ ਦੀ 'ਬਰਬਾਦੀ' ਦੇ ਸੰਸਿਆਂ ਅਤੇ ਖਦਸ਼ਿਆਂ ਨੂੰ ਆਪਸ ਵਿਚ ਜੋੜਦਾ ਹੈ। ਫਿਲਮਾਂ ਵਿਚ ਖਲਨਾਇਕੀ ਕਿਰਦਾਰ ਸਿਰਫ 'ਮਾੜੇ ਜਾਂ ਬੁਰੇ' ਹੋਣ ਦੀ ਪਰਿਭਾਸ਼ਾ ਤੋਂ ਅਗਾਂਹ 'ਅਤਿਵਾਦੀ' ਹੋਣ ਤੱਕ ਦਾ ਸਫਰ ਕਰਦੇ ਨਜ਼ਰ ਆਉਂਦੇ ਹਨ।

ਇਸ ਨੂੰ ਇੰਦਾਂ ਵੀ ਸਮਝਿਆ ਜਾ ਸਕਦਾ ਹੈ ਕਿ 'ਨਾਈਨ ਇਲੈਵਨ' ਸਿਰਫ ਹਮਲਾ ਨਾ ਹੋ ਕੇ ਸਾਡੇ ਟੀ.ਵੀ. ਚੈਨਲਾਂ ਉਪਰ ਚੱਲ ਰਹੀ ਹਿੰਸਾ ਦੀ ਲਗਾਤਾਰਤਾ ਵਾਲੇ ਲੰਮੇ ਸ਼ਾਟ ਵਿਚ ਬਦਲ ਚੁੱਕਾ ਹੈ ਜਿਸ ਦੀ ਝਲਕ 'ਜੋਕਰ' ਦੇ ਕਤਲ ਕਰਨ ਦੇ ਢੰਗ-ਤਰੀਕਿਆਂ ਅਤੇ ਉਦੇਸ਼ਾਂ ਵਿਚ ਨਜ਼ਰ ਆਉਂਦੀ ਹੈ। 'ਕਤਲ ਕਰਨਾ' ਅਤੇ 'ਕਤਲ ਕਰਨ ਦਾ ਢੰਗ', ਦ੍ਰਿਸ਼ਮਈ ਸੁਆਦ ਵਿਚ ਗਲਤਾਨ ਦਰਸ਼ਕ ਲਈ ਹਿੰਸਾ ਨੂੰ 'ਜੁਰਮ' ਵਾਂਗ ਦੇਖਣ ਦੀ ਥਾਂ ਇਸ ਨੂੰ 'ਨਿਆਂ ਲਈ ਆਖਰੀ ਹਥਿਆਰ' ਵਜੋਂ ਸਮਝਣ ਦੇ ਹਨੇਰ ਵਿਚ ਧੱਕ ਦਿੰਦਾ ਹੈ। ਇਨ੍ਹਾਂ ਫਿਲਮਾਂ ਵਿਚ ਹਿੰਸਾ 'ਦੇਖਣ ਵਾਲੀ ਸੁਆਦੀ ਚੀਜ਼' ਵਿਚ ਵਟਦੀ ਵੀ ਨਜ਼ਰ ਆਉਂਦੀ ਹੈ ਅਤੇ ਹਿੰਸਾ ਵਰਗ ਵੰਡ, ਸਮਾਜਿਕ ਵਿਤਕਰਿਆਂ ਅਤੇ ਮਨੁੱਖੀ ਤਰਾਸਦੀਆਂ ਝੱਲਦੀ ਲੋਕਾਈ ਲਈ 'ਇਕਲੌਤੀ ਠਾਹਰ' ਵਜੋਂ ਵੀ ਪਰਦਾਪੇਸ਼ ਹੁੰਦੀ ਹੈ।

ਫਿਲਮ 'ਜੋਕਰ' ਦੇ ਮੁੱਖ ਕਿਰਦਾਰ ਦੀ ਬੁਣਤੀ ਅਤੇ ਘਾੜਤ ਬਹੁਤ ਹੱਦ ਤੱਕ ਸ਼ੇਕਸਪੀਅਰ ਦੇ ਡਰਾਮੇ 'ਕਿੰਗ ਲੀਅਰ' ਨਾਲ ਮਿਲਦੀ-ਜੁਲਦੀ ਹੈ। ਕਈ ਦ੍ਰਿਸ਼ਾਂ ਵਿਚ ਆਪਣੀ ਅਦਾਕਾਰੀ ਦੇ ਦਮ 'ਤੇ ਜੋਆਕੁਇਨ ਫੀਨਿਕਸ ਨੇ ਸੈਮੂਅਲ ਬੈਕੇਟ ਦੇ ਡਰਾਮੇ 'ਵੇਟਿੰਗ ਫਾਰ ਗੋਡੋ' ਦੀਆਂ ਪੀੜਾਂ ਨੂੰ ਆਪਣੇ ਰੋਣਮਈ ਹਾਸੇ ਦੇ ਅੰਦਾਜ਼ ਰਾਹੀਂ ਜ਼ਿੰਦਾ ਕਰ ਦਿੱਤਾ ਹੈ। ਸਮਾਜ ਫਿਲਮ ਦੇ ਕਿਰਦਾਰ ਆਰਥਰ ਦੀਆਂ ਉਮੀਦਾਂ ਅਤੇ ਜ਼ਿੰਦਾਦਿਲੀ ਨਾਲ ਭਰੇ ਬੰਦੇ ਵਿਚੋਂ ਆਪਣੀਆਂ ਬੇਕਿਰਕ ਨਹੁੰਦਰਾਂ ਨਾਲ 'ਜੋਕਰ' ਨੂੰ ਘੜਦਾ ਹੈ। ਫਿਲਮ ਵਿਚ ਜੋਕਰ ਦਾ ਰੰਗ-ਪੋਤਿਆ ਚਿਹਰਾ ਹੀ ਅੰਤ ਤੱਕ ਉਸ ਦੀ ਇਕਲੌਤੀ ਪਛਾਣ ਵਿਚ ਵਟ ਜਾਂਦਾ ਹੈ। ਮੁਸਕਰਾਹਟ ਆਤਮਾ ਦੀ ਕੁਰਲਾਹਟ ਵਿਚ ਤਬਦੀਲ ਹੋ ਜਾਂਦੀ ਹੈ। ਫਿਲਮ 'ਜੋਕਰ' ਦੇ ਬੇਹੱਦ ਹਸਾਉਣੇ ਦ੍ਰਿਸ਼ ਤੁਹਾਨੂੰ ਭੈਅ-ਭੀਤ ਕਰ ਦਿੰਦੇ ਹਨ। ਫਿਲਮ ਦੇ ਕਰੁਣਾਮਈ ਦ੍ਰਿਸ਼ਾਂ ਦੌਰਾਨ ਤੁਸੀਂ ਆਪਣੇ ਆਸ-ਪਾਸੇ ਝਾਕਣਾ ਸ਼ੁਰੂ ਕਰ ਦਿੰਦੇ ਹੋ। ਇਸ ਫਿਲਮ ਨੂੰ ਅਗਲੇ ਸਾਲਾਂ ਵਿਚ ਇਸ ਲਈ ਵੀ ਯਾਦ ਰੱਖਿਆ ਜਾਵੇਗਾ ਕਿ ਇਹ ਸਾਡੀ ਸਭਿਅਤਾ ਦੇ ਹੁਣ ਤੱਕ ਘੜੇ-ਪਹਿਨੇ ਰੰਗਾਂ ਅਤੇ ਮਖੌਟਿਆਂ ਦੇ ਪਿੱਛੇ ਹਰ ਪਲ ਗਲ ਰਹੀਆਂ ਆਤਮਾਵਾਂ ਨੂੰ ਸ਼ਰਧਾਂਜਲੀ ਦਿੰਦੀ ਹੈ।

# ਨਿਮਰਤ ਕੌਰ

ਅਦਾਕਾਰਾ ਨਿਮਰਤ ਕੌਰ ਆਪਣੀ ਸਿਹਤ ਦਾ ਖਾਸ ਧਿਆਨ ਰੱਖਦੀ ਹੈ ਅਤੇ ਦੋ ਘੰਟੇ ਕਸਰਤ ਦਾ ਫਾਰਮੂਲਾ ਸਦਾ ਲਾਗੂ ਰੱਖਦੀ ਹੈ। 'ਲੰਚ ਬਾਕਸ', 'ਏਅਰ ਲਿਫਟ' ਵਰਗੀਆਂ ਚਰਚਿਤ ਫਿਲਮਾਂ ਕਰਨ ਵਾਲੀ ਨਿਮਰਤ ਕੌਰ ਨੇ ਸਾਰਾ ਭਾਰਤ ਘੁੰਮਿਆ ਹੈ। ਉਹ ਪੰਜਾਬ ਵਿਚ ਵੀ ਪੜ੍ਹੀ, ਦਿੱਲੀ ਵਿਚ ਵੀ; ਅਸਾਮ, ਯੂ.ਪੀ. ਅਤੇ ਚੇਨਈ ਵੀ, ਇਸ ਲਈ ਉਸ ਨੂੰ ਬਹੁਤ ਸਾਰੀਆਂ ਭਾਸ਼ਾਵਾਂ ਆਉਂਦੀਆਂ ਹਨ। ਅਮਰੀਕੀ ਟੀ.ਵੀ. ਲੜੀ 'ਵੇਵਾਰਡ ਪਾਈਨਜ਼' ਵਿਚ ਵੀ ਉਹ ਕੰਮ ਕਰ ਚੁੱਕੀ ਹੈ। ਇਸ ਤੋਂ ਪਹਿਲਾਂ ਇਕ ਹੋਰ ਬੜੀ ਅਹਿਮ ਲੜੀ 'ਹੋਮਲੈਂਡ' ਉਹ ਕਰ ਚੁੱਕੀ ਹੈ।

ਉਸ ਨੇ ਸਾਰੇ ਕਿਰਦਾਰ ਬਹੁਤ ਕਾਮਯਾਬੀ ਨਾਲ ਅਦਾ ਕੀਤੇ ਹਨ ਅਤੇ ਇਸ ਪੱਖੋਂ ਉਸ ਦੀ ਤਾਰੀਫ ਵੀ ਬਹੁਤ ਹੋਈ ਹੈ। ਸੱਚਮੁੱਚ ਉਹ ਆਪਣਾ ਹਰ ਕਿਰਦਾਰ ਪੂਰੀ ਲਗਨ ਨਾਲ ਨਿਭਾਉਂਦੀ ਹੈ, ਇਸੇ ਕਰਕੇ ਉਸ ਲਈ ਦਰਵਾਜ਼ੇ ਅਗਾਂਹ ਤੋਂ ਅਗਾਂਹ ਖੁੱਲ੍ਹਦੇ ਜਾਂਦੇ ਹਨ।

ਨਿਮਰਤ ਕੌਰ ਬਾਰੇ ਇਕ ਹੋਰ ਤੱਥ ਵਿਲੱਖਣ ਹੈ। ਆਮ ਕਰਕੇ ਕੁੜੀਆਂ ਚੜ੍ਹਦੀ ਜਵਾਨੀ ਵਿਚ ਹੀਰੋਇਨਾਂ ਬਣਦੀਆਂ ਹਨ ਪਰ ਨਿਮਰਤ ਕੌਰ ਨੇ 30 ਸਾਲ ਦੀ ਉਮਰ ਵਿਚ ਆਪਣਾ ਕੈਰੀਅਰ ਹੀ ਸ਼ੁਰੂ ਕੀਤਾ ਅਤੇ ਦੇਖਦੇ-ਦੇਖਦੇ ਉਹ ਸਫਲ ਹੀਰੋਇਨਾਂ ਦੀ ਕਤਾਰ ਵਿਚ ਸ਼ਾਮਿਲ ਹੋ ਗਈ। ਯਾਦ ਰਹੇ, ਉਹ ਕਿਸੇ ਵੇਲੇ ਸ਼੍ਰੇਆ ਘੋਸ਼ਾਲ ਤੇ ਕੁਮਾਰ ਸ਼ਾਨੂ ਦੇ ਵੀਡੀਓ ਗੀਤਾਂ ਦੀ ਮਾਡਲ ਹੁੰਦੀ ਸੀ ਪਰ ਅੱਜ ਉਹ ਅਦਾਕਾਰੀ ਦਾ ਸਫਰ ਬਹੁਤ ਅਗਾਂਹ ਲਿਜਾ ਚੁੱਕੀ ਹੈ।

ਨਿਮਰਤ ਕੌਰ ਦਾ ਜਨਮ 13 ਮਾਰਚ 1982 ਨੂੰ ਪਿਲਾਨੀ (ਰਾਜਸਥਾਨ) ਵਿਚ ਇਕ ਸਿੱਖ ਪਰਿਵਾਰ ਵਿਚ ਹੋਇਆ। ਉਸ ਦਾ ਪਿਤਾ ਭਾਰਤੀ ਫੌਜ ਵਿਚ ਅਫਸਰ ਸੀ ਅਤੇ ਪਰਿਵਾਰ ਪਟਿਆਲਾ ਵਿਚ ਵਸਿਆ ਹੋਇਆ ਸੀ। ਉਸ ਨੇ ਸਕੂਲ ਦੀ ਸਿੱਖਿਆ ਪਟਿਆਲਾ ਦੇ ਯਾਦਵਿੰਦਰਾ ਪਬਲਿਕ ਸਕੂਲ ਤੋਂ ਹਾਸਲ ਕੀਤੀ। 1994 ਵਿਚ ਕਸ਼ਮੀਰ ਵਿਚ ਉਸ ਦੇ ਪਿਤਾ ਨੂੰ ਅਗਵਾ ਕਰਕੇ ਮਾਰ ਦਿਤਾ ਗਿਆ। ਇਸ ਤੋਂ ਬਾਅਦ ਪਰਿਵਾਰ ਨੇ ਨੋਇਡਾ ਵਿਚ ਟਿਕਾਣਾ ਬਣਾ ਲਿਆ। ਉਥੇ ਨਿਮਰਤ ਕੌਰ ਦਿੱਲੀ ਪਬਲਿਕ ਸਕੂਲ ਵਿਚ ਪੜ੍ਹੀ। ਮਗਰੋਂ ਉਸ ਨੇ ਸ੍ਰੀ ਰਾਮ ਕਾਲਜ ਆਫ ਕਾਮਰਸ ਵਿਚ ਦਾਖਲਾ ਲਿਆ ਅਤੇ ਬੀ.ਕਾਮ ਆਨਰਜ਼ ਦੀ ਡਿਗਰੀ ਹਾਸਲ ਕੀਤੀ।

ਗਰੈਜੂਏਸ਼ਨ ਤੋਂ ਬਾਅਦ ਨਿਮਰਤ ਕੌਰ ਮੁੰਬਈ ਚਲੀ ਗਈ ਅਤੇ ਉਥੇ ਥੀਏਟਰ ਲਈ ਕੰਮ ਸ਼ੁਰੂ ਕਰ ਦਿੱਤਾ। ਉਸ ਨੇ ਸੁਨੀਲ ਸ਼ਾਨਬਾਗ ਅਤੇ ਮਾਨਵ ਕੌਲ ਵਰਗੇ ਰੰਗਕਰਮੀਆਂ ਨਾਲ ਨਾਲ 'ਬਗਦਾਦ ਵੈਡਿੰਗ', 'ਆਲ ਅਬਾਊਟ ਵਿਮੈੱਨ' ਅਤੇ 'ਰੈੱਡ ਸਪੈਰੋ' ਵਰਗੇ ਨਾਟਕਾਂ ਵਿਚ ਕੰਮ ਕੀਤਾ। ਫਿਰ ਉਸ ਨੂੰ ਕੁਮਾਰ ਸ਼ਾਨੂ ਅਤੇ ਸ਼੍ਰੇਆ ਘੋਸ਼ਾਲ ਦੇ ਵੀਡੀਓਜ਼ ਵਿਚ ਕੰਮ ਕਰਨ ਦਾ ਮੌਕਾ ਮਿਲਿਆ।

ਉਸ ਦੀ ਪਹਿਲੀ ਫਿਲਮ ਅੰਗਰੇਜ਼ੀ ਫਿਲਮ 'ਵਨ ਨਾਈਟ ਵਿਦ ਦਿ ਕਿੰਗ' ਸੀ ਜੋ ਸਾਲ 2006 ਵਿਚ ਰਿਲੀਜ਼ ਹੋਈ ਸੀ। ਇਸ ਫਿਲਮ ਦੀ ਸਾਰੀ ਸ਼ੂਟਿੰਗ ਰਾਜਸਥਾਨ ਵਿਚ ਹੋਈ। ਉਸ ਦੀ ਪਹਿਲੀ ਹਿੰਦੀ ਫਿਲਮ 'ਪੈਡਲਰਜ਼' ਸੀ ਜੋ ਅਨੁਰਾਗ ਕਸ਼ਯਪ ਨੇ ਬਣਾਈ ਸੀ ਅਤੇ ਇਹ 2012 ਵਿਚ ਰਿਲੀਜ਼ ਹੋਈ ਸੀ। ਇਹ ਫਿਲਮ ਫਰਾਂਸ ਦੇ ਸੰਸਾਰ ਪ੍ਰਸਿੱਧ ਕਾਨ ਫਿਲਮ ਮੇਲੇ ਵਿਚ ਦਿਖਾਈ ਗਈ। 2013 ਵਿਚ ਜਦੋਂ ਉਸ ਦੀ ਫਿਲਮ 'ਲੰਚਬਾਕਸ' ਰਿਲੀਜ਼ ਹੋਈ ਤਾਂ ਚਾਰੇ ਪਾਸੇ ਉਸ ਦੀ ਬੱਲੇ-ਬੱਲੇ ਹੋ ਗਈ। ਹੁਣ ਉਸ ਦੀ 'ਹੋਮਲੈਂਡ' ਲੜੀ ਦਾ ਆਖਰੀ ਅਤੇ 8ਵਾਂ ਸੀਜ਼ਨ ਫਰਵਰੀ 2020 ਵਿਚ ਆ ਰਿਹਾ ਹੈ।

–ਜੈਸਮੀਨ ਕੌਰ






**BTS Truck Shop Major & Minor Work**
@ 39115 Maple Ave., Wayne, MI 48184

**Hiring Owner operator & Drivers**

Long and local route

Driver rate 45 to 55 cents per mile

Owner operator (Own truck/trailer & insurance) will be paid 92% after 8% dispatch. If company trailer used then will 80% gross.

Fuel discount: Pilot, Fly J, TA and Petro will pay 25 to 40 cents per gallon.

Direct deposit also available.

*For more information please contacts:*

Rusty Singh 734-233-8464

Dave Aujla 734-419-1408

**MEHAR INSURANCE**

**Health Insurance**

Qualified Health Plans Under Affordable Care Act

**Hurry!** Only 45 Days.

Open Enrollment From 11-01-2019 to 12-15-2019

We also have short term Medical, Dental & Vision plans.

We are licensed in Indiana, Ohio & Texas.

**Contact:**

**Ph: 317-451-5151**

**Cell: 317-441-1440**

Fax: 317- 900-5151

E-mail: health@meharinsurance.com
Office: 3905 Vincennes Road
Suite# 303
Indianapolis, IN 46268
www.meharinsurance.com



*Baljinder Singh Saini*

**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

**One of the Fastest Growing City in America and Best School System...**



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



Manjit Singh Nagra
*Realtor/Broker*

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Gurdeep (Garry) Chhokar
Realtor/Broker

**Cell: 317-750-1900**
6979 Hillsdale Court
Indianapolis, Indiana 46250

**Cell: 317-500-1247**

Star Alliance BROKERAGE



**We do all type of Home and Commercial Loan. Same day loan approval...**